ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

14-20 ਜੂਨ 2023

ਸਾਲ 14ਵਾਂ - ਅੰਕ 25
email : info@sadelok.com
Ph. : 510-706-1300
Fax : 925-373-1300

## ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਨਤਮਸਤਕ



(ਦੇਖੋ ਸਫ਼ਾ 23 'ਤੇ)

## ਅਮਰੀਕਾ 'ਚ ਨਰਿੰਦਰ ਮੋਦੀ ਦੇ ਸਵਾਗਤ ਦੀਆਂ ਤਿਆਰੀਆਂ, ਅਮਰੀਕਾ-ਭਾਰਤ ਬਾਰੇ ਹੋਣਗੇ ਇਤਿਹਾਸਕ ਸਮਝੌਤੇ



4

## ਆਕਸਫੋਰਡ ਯੂਨੀਵਰਸਿਟੀ 'ਚ ਲਗਾਇਆ ਗਿਆ ਲੰਗਰ



18

## ਵੇਵ ਗਰੁੱਪ ਦੇ ਡਾਕਟਰ ਰਜਿੰਦਰ ਸਿੰਘ ਚੱਢਾ ਵਲੋਂ ਅਫ਼ਗਾਨਿਸਤਾਨੀ ਸਿੱਖਾਂ ਦੀ ਕੀਤੀ ਮਦਦ



18

# ਸਿੱਖ ਇਤਿਹਾਸ ਸਿੱਖ ਮੁੱਦੇ 'ਤੇ ਸਿੱਖ ਗਤੀਵਿਧੀਆਂ ਲਈ ਮਨਟੀਕਾ ਕੈਲੀਫੋਰਨੀਆ ਤੋਂ ਸਿੱਖ ਪਲੇਟਫਾਰਮ ਦੀ ਸ਼ੁਰੂਆਤ















ਮਨਟੀਕਾ/ ਕੈਲੀਫੋਰਨੀਆ : ਸਿੱਖਾਂ ਦੇ ਪੰਥਕ ਮੁੱਦਿਆਂ, ਪੰਜਾਬ ਦੇ ਅਜੋਕੇ ਹਾਲਾਤਾਂ ਸਿੱਖਾਂ ਦੀਆਂ ਦਰਪੇਸ਼ ਮੁਸ਼ਕਿਲਾਂ ਬਾਰੇ 'ਸਿੱਖ ਪਲੇਟ ਫਾਰਮ' ਦੀ ਸ਼ੁਰੂਆਤ ਕੀਤੀ ਗਈ। ਇਸ ਸਬੰਧ ਵਿੱਚ ਬੀਤੇ ਸ਼ਨੀਵਾਰ ਨੂੰ 'ਸਿੱਖ ਫਲੇਟਫਾਰਮ' ਦੀ ਸ਼ੁਰੂ ਕੀਤੀ ਗਈ। ਜਿਸ ਵਿਚ ਦੂਰੋਂ-ਨੇੜਿਓਂ ਪਹੁੰਚ ਕੇ ਸੱਜਣਾ ਮਿੱਤਰਾਂ ਭਰਾਵਾਂ ਅਤੇ ਸਿੱਖ ਚਿੰਤਕਾਂ ਨੇ ਹਾਜ਼ਰੀ ਲਗਵਾਈ। ਟਰੇਸੀ ਦੇ ਪ੍ਰਸਿੱਧ ਭਾਰਤੀ ਰੈਸਟੋਰੈਂਟ Imperial Spice ਵਿਚ ਹੋਈ ਇਸ ਇਕੱਤਰਤਾ ਵਿਚ ਪਹੁੰਚੇ ਹੋਏ ਬੁਲਾਰਿਆਂ ਨੇ ਆਪਣੇ ਬਹੁਤ ਹੀ ਸੰਜੀਦਾ ਵਿਚਾਰ ਪ੍ਰਗਟ ਕੀਤੇ ਅਤੇ ਆਪੋ ਆਪਣੇ ਦਿਲੋਂ ਪੰਜਾਬ ਪ੍ਰਤੀ ਅਤੇ ਸਿੱਖ ਮੁੱਦਿਆਂ ਪ੍ਰਤੀ ਚਿੰਤਾ ਅਤੇ ਦਰਦ ਬਿਆਨ ਕੀਤਾ। ਅੱਜ ਸਿੱਖਾਂ ਦੇ ਅਨੇਕਾਂ ਹੀ ਪੰਥਕ ਮੁੱਦੇ ਹਨ ਜਿਨ੍ਹਾਂ 'ਤੇ ਸਾਨੂੰ ਬਹੁਤ ਹੀ ਸੰਜੀਦਾ ਧਿਆਨ ਦੇਣ ਦੀ ਜ਼ਰੂਰਤ ਹੈ। ਇਸ ਪ੍ਰਤੀ ਗੰਭੀਰ ਚਰਚਾ ਹੋਈ। ਪ੍ਰੋਗਰਾਮ ਦੀ ਸ਼ੁਰੂਆਤ ਅਤੇ ਸਟੇਜ ਨੂੰ ਹੋਸਟ ਸ੍ਰ.

(ਦੇਖੋ ਸਫ਼ਾ 24-25 'ਤੇ)

# ਪੰਜਾਬ 'ਚ ਕਿਸਾਨ ਨਾਲ ਜਬਰਦਸਤ ਧੱਕਾ

## *ਪੁਲਿਸ ਨੇ ਮਰਨ ਵਰਤ 'ਤੇ ਬੈਠੇ ਕਿਸਾਨ ਮੋਰਚੇ ਦੇ ਆਗੂ ਜਬਰੀ ਚੁੱਕੇ, ਲੱਥੀਆਂ ਪੱਗਾਂ*




(ਦੇਖੋ ਸਫ਼ਾ 20 'ਤੇ)

## ਗੁਰਦੁਆਰਾ ਸਾਹਿਬ ਸਟਾਕਟਨ ਦੇ ਲੰਗਰ ਹਾਲ ਦੀ ਉਸਾਰੀ ਦੇ ਵਿਵਾਦ 'ਤੇ ਮਾਣਯੋਗ ਅਦਾਲਤ ਦਾ ਫੈਸਲਾ ਸ੍ਰ. ਉਪਲ ਦੇ ਹੱਕ 'ਚ

ਸਟਾਕਟਨ/ਕੈਲੀਫੋਰਨੀਆ : ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਉਸਾਰੀ ਗਈ ਲੰਗਰ ਦੀ ਇਮਾਰਤ ਦਾ ਵਿਵਾਦ ਉਸ ਦਿਨ ਤੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਬਿਲਡਿੰਗ ਤਿਆਰ ਹੋਈ ਸੀ। ਸੰਗਤ ਦੇ ਸ਼ਰਧਾਵਾਨ ਨਿਸ਼ਕਾਮ ਸੇਵਕਾਂ ਮੁਤਾਬਕ ਇਹ ਇਮਾਰਤ ਦੋ ਮੰਜ਼ਿਲੀ ਬਣਨੀ ਸੀ ਅਤੇ ਇਸ ਉਪਰ ਤਕਰੀਬਨ ਸਵਾ




ਮਿਲੀਅਨ ਤੋਂ ਡੇਢ ਮਿਲੀਅਨ ਖਰਚੇ ਦਾ ਅਨੁਮਾਨ ਸੀ ਪਰ ਇਹ ਸਿਰਫ਼ ਇਕ ਸਿੰਗਲ ਇਮਾਰਤ ਉਪਰ ਤਕਰੀਬਨ ਦੁੱਗਣਾ ਖਰਚਾ ਹੋ ਗਿਆ ਜਿਸ ਨਾਲ ਕਮੇਟੀ ਮੈਂਬਰਾਂ ਅਤੇ ਸੰਗਤ 'ਚ ਰੋਸ ਵਧ ਗਿਆ। ਪਹਿਲਾਂ ਗੱਲੀਂ-ਬਾਤੀਂ ਫਿਰ ਲਿਖਤੀ ਅਤੇ ਅਖੀਰ 'ਚ ਇਹ ਕੇਸ ਅਦਾਲਤ 'ਚ ਪੁੱਜ ਗਿਆ। ਕਮੇਟੀ ਦੇ ਇਕ ਸਤਿਕਾਰਯੋਗ ਮੈਂਬਰ ਨੇ ਕਿਹਾ ਕਿ ਕੋਈ ਵੀ ਲੋਨ 5000 ਡਾਲਰ ਤੋਂ ਵੱਧ ਲੈਣਾ ਹੋਵੇ ਤਾਂ ਉਸਦੀ ਇਜਾਜ਼ਤ ਸੰਗਤ ਤੋਂ ਜਨਰਲ ਬਾਡੀ ਬੁਲਾਕੇ ਲੈਣੀ ਪੈਂਦੀ ਹੈ ਜੋ ਕਿ ਇਥੇ ਉਸ ਸਮੇਂ

(ਦੇਖੋ ਸਫ਼ਾ 27 'ਤੇ)

## ਅਮਰੀਕਾ ਦੇ ਅੰਤਰਰਾਸ਼ਟਰੀ ਗੀਤਕਾਰ ਸ੍ਰ. ਮੱਖਣ ਲੁਹਾਰ ਦੀ ਨਵੀਂ ਐਲਬਮ 'ਸਕੇ ਭਰਾਵਾਂ ਵਰਗਾ' Mtrack Beat ਵਲੋਂ ਰਿਲੀਜ਼,



(ਦੇਖੋ ਸਫ਼ਾ 33 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਤਕਨਾਲੋਜੀ ਭਾਰਤ-ਅਮਰੀਕਾ ਸਬੰਧਾਂ ਦੀ ਅਸਲ ਸਮਰਥਾ ਨੂੰ ਸਾਹਮਣੇ ਲਿਆਉਣ ਦਾ 'ਅਹਿਮ ਜ਼ਰੀਆ' ਹੈ: ਸੰਧੂ

ਵਾਸ਼ਿੰਗਟਨ : ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਭਾਰਤ-ਅਮਰੀਕਾ ਭਾਈਵਾਲੀ ਨੂੰ ਹੋਰ ਤੇਜ਼ੀ ਨਾਲ ਵਧਾਉਣ ਲਈ ਤਕਨਾਲੋਜੀ ਦੀ ਤਾਕਤ ਨੂੰ ਰੇਖਾਂਕਿਤ ਕੀਤਾ ਅਤੇ ਕਿਹਾ ਕਿ ਦੋਹਾਂ ਦੇਸ਼ਾਂ ਦਰਮਿਆਨ ਸਬੰਧਾਂ ਦੀ ਅਸਲ ਸਮਰਥਾ ਨੂੰ ਸਾਹਮਣੇ ਲਿਆਉਣ ਦਾ "ਸਭ ਤੋਂ ਮਹੱਤਵਪੂਰਨ ਜ਼ਰੀਆ" ਤਕਨਾਲੋਜੀ ਹੀ ਹੈ। ਸੰਧੂ ਦਾ ਇਹ ਬਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਤੋਂ ਠੀਕ ਪਹਿਲਾਂ ਆਇਆ ਹੈ। ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਫਸਟ ਲੇਡੀ ਜਿਲ ਬਾਈਡੇਨ ਦੇ ਸੱਦੇ 'ਤੇ 21 ਤੋਂ 24 ਜੂਨ ਤੱਕ ਅਮਰੀਕਾ ਦਾ ਦੌਰਾ ਕਰਨਗੇ। ਇਸ ਦੌਰਾਨ ਉਹ ਕਾਂਗਰਸ ਦੇ ਸਾਂਝੇ ਇਜਲਾਸ ਨੂੰ ਵੀ ਸੰਬੋਧਨ ਕਰਨਗੇ।

ਸੰਧੂ ਨੇ ਕਿਹਾ, 'ਜੇ ਤੁਸੀਂ ਮੈਨੂੰ ਪੁੱਛਦੇ ਹੋ ਕਿ ਮੈਂ ਸਭ ਤੋਂ ਵੱਧ ਕਿਸ ਚੀਜ਼ ਦੀ ਵਕਾਲਤ ਕਰਾਂਗਾ, ਇਸ ਰਿਸ਼ਤੇ ਲਈ ਸਭ ਤੋਂ ਵੱਧ ਲਾਭਦਾਇਕ ਕੀ ਹੈ ਅਤੇ ਅਸਲ ਵਿੱਚ ਵਿਸ਼ਵ ਹਿੱਤ ਕਿਸ ਵਿੱਚ ਹਨ ਉਹ ਤਕਨਾਲੋਜੀ ਹੈ। ਇਹ ਰਿਸ਼ਤਿਆਂ ਦੀ ਅਸਲ ਸਮਰਥਾ ਨੂੰ ਸਾਹਮਣੇ ਲਿਆਉਣ ਦਾ ਸਭ ਤੋਂ ਮਹੱਤਵਪੂਰਨ ਜ਼ਰੀਆ ਹੈ।' ਉਨ੍ਹਾਂ ਕਿਹਾ, 'ਤਕਨਾਲੋਜੀ ਸੈਕਟਰ ਵਿੱਚ ਸਾਡੇ ਵਿਚਕਾਰ ਬਹੁਤ ਤਾਲਮੇਲ ਹੈ। ਇਹ ਓਨਾ ਹੀ ਰਣਨੀਤਕ ਹੈ ਜਿੰਨਾ ਇਹ ਵਪਾਰਕ ਹੈ।'

ਸੰਧੂ ਨੇ ਇਹ ਬਿਆਨ 'ਯੂ.ਐੱਸ.-ਇੰਡੀਆ ਬਿਜ਼ਨੈੱਸ ਕੌਂਸਲ' ਦੇ ਸਾਲਾਨਾ 'ਇੰਡੀਆ ਆਈਡੀਆਜ਼ ਸਮਿਟ' ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਲਗਭਗ ਸਾਢੇ ਚਾਰ ਮਹੀਨੇ ਪਹਿਲਾਂ ਹੀ ਅਸੀਂ ਐੱਨ.ਐੱਸ.ਏ. (ਰਾਸ਼ਟਰੀ ਸੁਰੱਖਿਆ ਸਲਾਹਕਾਰ) ਅਤੇ



(ਵਣਜ) ਮੰਤਰੀ (ਜੀਨਾ) ਰਾਇਮੰਡੋ ਦੋਵਾਂ ਦੀ ਮੌਜੂਦਗੀ ਵਿੱਚ ਇਸੇ ਸਥਾਨ 'ਤੇ 'ਆਈ.ਸੀ.ਈ.ਟੀ. ਇੰਡਸਟਰੀ ਰਾਊਂਡਟੇਬਲ' ਦੀ ਸ਼ੁਰੂਆਤ ਕੀਤੀ ਸੀ। ਅੱਜ (ਅਮਰੀਕਾ) ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਦਿੱਲੀ 'ਚ ਹਨ, ਜੋ ਉਥੇ ਆਈ.ਸੀ.ਈ.ਟੀ. ਵਿਚਾਰ-ਵਟਾਂਦਰੇ ਦੇ ਪਹਿਲੇ ਦੌਰ ਦੀ ਚਰਚਾ ਨੂੰ ਅੱਗੇ ਵਧਾਉਣਗੇ।" ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਪ੍ਰਧਾਨ ਮੰਤਰੀ ਮੋਦੀ ਨੇ ਮਈ 2022 ਵਿੱਚ ਮਹੱਤਵਪੂਰਨ ਅਤੇ ਉੱਭਰਦੀ ਤਕਨਾਲੋਜੀ (ICET) ਸਬੰਧੀ ਪਹਿਲਕਦਮੀ ਦਾ ਐਲਾਨ ਕੀਤਾ ਸੀ। ਇਸਦਾ ਉਦੇਸ਼ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ, ਕਾਰੋਬਾਰਾਂ ਅਤੇ ਵਿਦਿਅਕ ਸੰਸਥਾਵਾਂ ਵਿਚਕਾਰ ਰਣਨੀਤਕ ਤਕਨਾਲੋਜੀ ਭਾਈਵਾਲੀ ਅਤੇ ਰੱਖਿਆ ਉਦਯੋਗਿਕ ਸਹਿਯੋਗ ਨੂੰ ਵਧਾਉਣਾ ਅਤੇ ਵਿਸਤਾਰਿਤ ਕਰਨਾ ਹੈ।

# ਅਮਰੀਕਾ ਦੀ 'ਸਰਕਾਰੀ ਯਾਤਰਾ' ਲਈ 6 ਮਹੀਨੇ ਪਹਿਲਾਂ ਹੀ ਤਿਆਰੀ ਸ਼ੁਰੂ ਕਰ ਦਿੰਦਾ ਹੈ ਵ੍ਹਾਈਟ ਹਾਊਸ

ਵਾਸ਼ਿੰਗਟਨ : ਅਮਰੀਕਾ ਦੀ 'ਸਰਕਾਰੀ ਯਾਤਰਾ' ਦਾ ਸਨਮਾਨ ਸਭ ਤੋਂ ਨੇੜਲੇ ਦੋਸਤਾਂ ਅਤੇ ਸਹਿਯੋਗੀਆਂ ਨੂੰ ਦਿੱਤਾ ਜਾਂਦਾ ਹੈ ਅਤੇ ਵ ?ਹਾਇਟ ਹਾਊਸ ਵੱਲੋਂ 6 ਮਹੀਨੇ ਪਹਿਲਾਂ ਹੀ ਇਸ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ।

'ਡੇਵਿਡ ਐੱਮ. ਰੁਬੇਨਸਟਾਈਨ ਨੈਸ਼ਨਲ ਸੈਂਟਰ ਫਾਰ ਵ੍ਹਾਈਟ ਹਾਊਸ ਹਿਸਟਰੀ' ਦੇ ਉਪ ਪ੍ਰਧਾਨ ਅਤੇ ਅੰਤ੍ਰਿਮ ਨਿਰਦੇਸ਼ਕ ਮੈਥਿਊ ਕੋਸਟੇਲੋ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਦੀ ਪਹਿਲੀ ਰਾਜ ਯਾਤਰਾ ਦੇ ਸੰਦਰਭ ਵਿਚ ਇਹ ਜਾਣਕਾਰੀ ਦਿੱਤੀ। ਪ੍ਰਧਾਨ ਮੰਤਰੀ ਮੋਦੀ ਅਮਰੀਕੀ ਰਾਸ਼ਟਰਪਤੀ ਜੋ ਬਾਈਡੇਨ ਅਤੇ ਪਹਿਲੀ ਮਹਿਲਾ ਜਿਲ ਬਾਈਡੇਨ ਦੇ ਸੱਦੇ 'ਤੇ 21 ਤੋਂ 24 ਜੂਨ ਤੱਕ ਅਮਰੀਕਾ ਦਾ ਦੌਰਾ ਕਰਨਗੇ। ਮੈਥਿਊ ਨੇ ਕਿਹਾ, "ਪਹਿਲਾਂ ਸੱਦਾ ਦਿੱਤਾ ਜਾਂਦਾ ਹੈ। ਵ੍ਹਾਈਟ ਹਾਊਸ ਦੇ ਪ੍ਰੋਗਰਾਮਾਂ ਦੀ ਯੋਜਨਾ 6 ਮਹੀਨੇ ਪਹਿਲਾਂ ਕੀਤੀ ਜਾਂਦੀ ਹੈ। ਸਰਕਾਰੀ ਯਾਤਰਾ ਦੇ ਦਿਨ, ਵ ?ਹਾਇਟ ਹਾਊਸ ਵਿਖੇ ਇਕ ਸਰਕਾਰੀ ਆਗਮਨ ਸਮਾਰੋਹ ਹੋਵੇਗਾ, ਜੋ ਦੱਖਣੀ ਲਾਅਨ 'ਚ ਹੁੰਦਾ ਹੈ। ਇਸ ਦੌਰਾਨ ਰਾਸ਼ਟਰਪਤੀ ਅਤੇ ਰਾਜ ਦੇ ਮੁੱਖ ਮਹਿਮਾਨ ਗੱਲਬਾਤ ਕਰਨਗੇ। ਉਨ੍ਹਾਂ ਦੱਸਿਆ ਕਿ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਗੀਤ ਵਜਾਏ ਜਾਣਗੇ। ਆਪਣੇ ਸੈਨਿਕਾਂ ਦਾ ਜਾਇਜ਼ਾ ਲੈਣਗੇ ਅਤੇ ਫਿਰ ਉਹ ਗੱਲਬਾਤ ਲਈ ਵ ?ਹਾਇਟ ਹਾਊਸ ਜਾਣਗੇ। ਇਸ ਤੋਂ ਬਾਅਦ ਡਿਨਰ ਕੀਤਾ ਜਾਵੇਗਾ ਅਤੇ ਫਿਰ ਉਹ ਰਾਸ਼ਟਰਪਤੀ ਅਤੇ ਪਹਿਲੀ ਮਹਿਲਾ ਦੇ ਮਹਿਮਾਨ ਵਜੋਂ ਰਾਸ਼ਟਰਪਤੀ ਦੇ ਸਰਕਾਰੀ ਗੈਸਟ ਹਾਊਸ 'ਬਲੇਅਰ ਹਾਊਸ' ਵਿਖੇ ਆਰਾਮ ਕਰਨਗੇ।



ਮੈਥਿਊ ਅਨੁਸਾਰ, 1874 ਵਿਚ ਹਵਾਈ ਦੇ ਰਾਜਾ ਕਾਲਾਕੌਆ ਵੱਲੋਂ ਪਹਿਲੀ ਸਰਕਾਕੀ ਯਾਤਰਾ ਕੀਤੀ ਗਈ ਸੀ। ਬਾਈਡੇਨ ਦੇ ਕਾਰਜਕਾਲ ਦੌਰਾਨ ਹੋਰ ਦੇਸ਼ਾਂ ਦੇ ਸਿਰਫ 2 ਨੇਤਾ ਸਰਕਾਰੀ ਦੌਰੇ 'ਤੇ ਆਏ ਹਨ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਨ ਅਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ ਯੇਓਲ ਸਰਕਾਰੀ ਯਾਤਰਾ 'ਤੇ ਆਏ ਹਨ।

**ਮਹਿਮਾਨ ਰਾਸ਼ਟਰ ਮੁਖੀਆਂ ਦੇ ਸੱਭਿਆਚਾਰ ਅਤੇ ਆਦਰਸ਼ਾਂ ਪ੍ਰਤੀ ਸਨਮਾਨ ਹੈ ਸਰਕਾਰੀ ਰਾਤਰੀ ਭੋਜ** : ਮੈਥਿਊ ਕੋਸਟੇਲੋ ਨੇ ਕਿਹਾ ਕਿ ਬਹੁਤ ਸਾਰੇ ਲੋਕ ਸਰਕਾਰੀ ਰਾਤਰੀ ਭੋਜ ਨੂੰ ਪਰੋਸੇ ਜਾਣ ਵਾਲੇ ਭੋਜਨ ਦੇ ਵੱਖ-ਵੱਖ ਰੂਪਾਂ ਸਬੰਧੀ ਸੋਚਦੇ ਹਨ ਪਰ ਬਹੁਤ ਕੁਝ ਅਜਿਹਾ ਵੀ ਹੈ ਜੋ ਮਹਿਮਾਨ ਦੇ ਦੇਸ਼, ਉਨ੍ਹਾਂ ਦੇ ਸੱਭਿਆਚਾਰ ਅਤੇ ਉਨ੍ਹਾਂ ਦੇ ਆਦਰਸ਼ਾਂ ਲਈ ਸਵੀਕਾਰ ਅਤੇ ਸਤਿਕਾਰ ਨੂੰ ਦਰਸਾਉਂਦਾ ਹੈ ਪਰ ਇਹ ਵੀ ਕਿ ਸਾਡੇ ਸਾਂਝੇ ਵਿਚਾਰ ਅਤੇ ਟੀਚੇ ਅਤੇ ਉਦੇਸ਼ ਕੀ ਹਨ। ਕਿ ਅਸੀਂ ਇਕ ਦੁਵੱਲੇ ਸਬੰਧ ਦੇ ਰੂਪ ਵਿਚ ਮਿਲ ਕੇ ਕੰਮ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਜੌਹਨ ਐੱਫ. ਕੈਨੇਡੀ ਦੇ ਕਾਰਜਕਾਲ ਤੋਂ ਸਰਕਾਰੀ ਰਾਤਰੀ ਭੋਜ ਦਾ ਦਾਇਰਾ ਵੱਡਾ ਹੁੰਦਾ ਗਿਆ ਗਿਆ। ਪਹਿਲਾਂ ਦੇ ਸਰਕਾਰੀ ਰਾਤਰੀ ਭੋਜ ਵਧੇਰੇ ਸਾਧਾਰਨ ਸਨ ਪਰ ਬਾਅਦ ਵਿਚ ਹਾਲਾਤਾਂ ਅਨੁਸਾਰ ਇਸ ਵਿਚ ਬਹੁਤ ਸਾਰੀਆਂ ਚੀਜ਼ਾਂ ਸ਼ਾਮਲ ਕੀਤੀਆਂ ਗਈਆਂ। ਸਟੇਟ ਡਾਇਨਿੰਗ ਰੂਮ, ਜਿਥੇ ਸਰਕਾਰੀ ਰਾਤਰੀ ਭੋਜ ਆਯੋਜਿਤ ਕੀਤੇ ਜਾਂਦੇ ਹਨ, ਬਹੁਤ ਵੱਡਾ ਨਹੀਂ ਹੈ। ਇਸ ਵਿਚ ਕਰੀਬ 120 ਤੋਂ 140 ਲੋਕਾਂ ਦੇ ਬੈਠਣ ਦਾ ਪ੍ਰਬੰਧ ਹੈ ਪਰ ਹਾਲ ਹੀ ਵਿਚ ਹੋਏ ਸਰਕਾਰੀ ਰਾਤਰੀ ਭੋਜ ਵਿਚ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਹੋਏ। ਬਾਈਡੇਨ ਨੇ ਹਾਲ ਹੀ ਵਿਚ ਇਕ ਸਰਕਾਰੀ ਰਾਤਰੀ ਭੋਜ ਦੀ ਮੇਜ਼ਬਾਨੀ ਕੀਤੀ, ਜਿਸ ਵਿਚ 300 ਤੋਂ ਵੱਧ ਲੋਕ ਸ਼ਾਮਲ ਹੋਏ। ਮੈਥਿਊ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਦੇ ਨਾਂ ਸਭ ਤੋਂ ਵੱਧ ਸਰਕਾਰੀ ਰਾਤਰੀ ਭੋਜ ਦੀ ਮੇਜ਼ਬਾਨੀ ਕਰਨ ਦਾ ਰਿਕਾਰਡ ਹੈ। ਰੀਗਨ ਨੇ ਰਾਸ਼ਟਰਪਤੀ ਵਜੋਂ ਆਪਣੇ ਦੋ ਕਾਰਜਕਾਲਾਂ ਦੌਰਾਨ 59 ਤੋਂ ਵੱਧ ਸਰਕਾਰੀ ਰਾਤਰੀ ਭੋਜ ਦੀ ਮੇਜ਼ਬਾਨੀ ਕੀਤੀ।

# 100 ਦਿਨ ਪਾਣੀ ਚ ਰਹਿ ਕੇ ਬਣਾਇਆ ਵਿਸ਼ਵ ਰਿਕਾਰਡ, ਅਮਰੀਕੀ ਪ੍ਰੋਫੈਸਰ ਦਾ ਸੁੰਗੜ ਗਿਆ ਸਰੀਰ

ਫਲੋਰੀਡਾ : ਅਮਰੀਕਾ ਦੇ ਫਲੋਰੀਡਾ ਵਿੱਚ ਇੱਕ ਪ੍ਰੋਫੈਸਰ ਨੇ ਇੱਕ ਹੈਰਾਨੀਜਨਕ ਰਿਕਾਰਡ ਬਣਾਇਆ ਹੈ। ਦਰਅਸਲ ਇਸ ਪ੍ਰੋਫੈਸਰ ਨੇ ਲਗਾਤਾਰ 100 ਦਿਨ ਪਾਣੀ ਦੇ ਹੇਠਾਂ ਰਹਿਣ ਦਾ ਵਿਸ਼ਵ ਰਿਕਾਰਡ ਬਣਾਇਆ ਹੈ। ਯੂ.ਐੱਸ ਨੇਵੀ ਦੇ ਸਾਬਕਾ ਗੋਤਾਖੋਰ ਅਤੇ ਬਾਇਓਮੈਡੀਕਲ ਇੰਜਨੀਅਰਿੰਗ ਦੇ ਮਾਹਿਰ ਜੋਸੇਫ ਡਿਟੂਰੀ ਨੇ ਇਹ ਅਜੀਬ ਰਿਕਾਰਡ ਬਣਾਇਆ।

**1 ਮਾਰਚ ਤੋਂ ਪਾਣੀ ਵਿੱਚ ਰਹਿ ਰਿਹਾ ਸੀ ਜੋਸੇਫ** : ਯੂ.ਐੱਸ ਨੇਵੀ ਦੇ ਇੱਕ ਸਾਬਕਾ ਗੋਤਾਖੋਰ ਜੋਸੇਫ ਡਿਟੂਰੀ ਨੇ 1 ਮਾਰਚ ਤੋਂ ਫਲੋਰੀਡਾ ਦੇ ਲਾਰਗੋ ਸਿਟੀ ਵਿੱਚ ਸਮੁੰਦਰ ਵਿੱਚ ਰਹਿਣ ਦਾ ਫ਼ੈਸਲਾ ਕੀਤਾ। ਸ਼ੁਰੂਆਤ ਵਿੱਚ ਡਿਟੂਰੀ ਨੇ ਫ਼ੈਸਲਾ ਕੀਤਾ ਸੀ ਕਿ ਉਹ 10 ਦਿਨ ਪਾਣੀ ਦੇ ਹੇਠਾਂ ਰਹੇਗਾ ਅਤੇ ਫਿਰ ਉਸਨੇ 100 ਦਿਨ ਰਹਿਣ ਦਾ ਫ਼ੈਸਲਾ ਲਿਆ। ਅਖੀਰ ਉਸ ਨੇ ਆਪਣੀ ਚੁਣੌਤੀ ਪੂਰੀ ਕਰ ਲਈ।

ਡਿਟੂਰੀ ਨੇ 100 ਦਿਨਾਂ ਦਾ ਆਪਣਾ ਤਜਰਬਾ ਵੀ ਲੋਕਾਂ ਨਾਲ ਸਾਂਝਾ ਕੀਤਾ। ਉਸ ਨੇ ਸੋਸ਼ਲ ਮੀਡੀਆ ਦੀ ਮਦਦ ਨਾਲ ਆਪਣੇ ਅਨੁਭਵ ਦਾ ਜ਼ਿਕਰ ਕੀਤਾ। ਇੰਸਟਾਗ੍ਰਾਮ 'ਤੇ ਡਿਟੂਰੀ ਨੇ ਲਿਖਿਆ ਕਿ '100 ਦਿਨਾਂ ਲਈ ਸਮੁੰਦਰ ਦੇ ਹੇਠਾਂ ਰਹਿਣਾ: ਹਮੇਸ਼ਾ ਕੁਝ ਨਵਾਂ ਖੋਜਣ ਲਈ ਨਿੱਜੀ ਅਤੇ ਪੇਸ਼ੇਵਰ ਖੋਜਾਂ ਦਾ ਨਤੀਜਾ ਹੁੰਦਾ ਹੈ। ਇਸ ਅਨੁਭਵ ਨੇ ਮੈਨੂੰ ਬਹੁਤ ਬਦਲ ਦਿੱਤਾ ਹੈ। ਮੈਨੂੰ ਉਮੀਦ ਹੈ ਕਿ ਮੈਂ ਖੋਜੀਆਂ ਅਤੇ ਉੱਦਮੀਆਂ ਦੀ ਇਕ ਨਵੀਂ ਪੀੜ੍ਹੀ ਨੂੰ ਸਾਰੀਆਂ ਹੱਦਾਂ ਪਾਰ ਕਰਨ ਅਤੇ ਆਪਣੇ ਲਈ ਨਵੀਨਤਾ ਕਰਨ ਲਈ ਪ੍ਰੇਰਿਤ ਕੀਤਾ ਹੈ।'

ਡਿਟੂਰੀ ਨੇ ਦੋ ਦਿਨ ਪਹਿਲਾਂ ਸੋਸ਼ਲ ਮੀਡੀਆ 'ਤੇ ਇਹ ਪੋਸਟ ਸ਼ੇਅਰ ਕੀਤੀ ਸੀ। ਪੋਸਟ ਕੀਤੇ ਜਾਣ ਤੋਂ ਬਾਅਦ ਇਸ ਨੂੰ 2500 ਤੋਂ ਵੱਧ ਵਾਰ ਲਾਈਕ ਕੀਤਾ ਜਾ ਚੁੱਕਾ ਹੈ ਅਤੇ ਕਈ ਲੋਕਾਂ ਨੇ ਪੋਸਟ 'ਤੇ ਕੁਮੈਂਟ ਵੀ ਕੀਤੇ ਹਨ। ਇੱਕ ਯੂਜ਼ਰ ਨੇ ਲਿਖਿਆ ਕਿ 'ਵਧਾਈਆਂ! ਅਧਿਐਨ ਵਿਗਿਆਨ ਲਈ ਬਹੁਤ ਸਾਰੇ ਜਵਾਬ ਅਤੇ ਹੋਰ ਬਹੁਤ ਸਾਰੇ ਸਵਾਲਾਂ ਦੇ ਨਾਲ ਆਇਆ ਹੈ!' ਇੱਕ ਹੋਰ ਯੂਜ਼ਰ ਨੇ ਲਿਖਿਆ ਕਿ 'ਤੁਹਾਨੂੰ ਅਤੇ ਪ੍ਰੋਜੈਕਟ ਵਿੱਚ ਸ਼ਾਮਲ ਹਰ ਕਿਸੇ ਨੂੰ ਵਧਾਈ। ਤੁਸੀਂ ਇੱਕ ਪ੍ਰੇਰਣਾ ਹੋ। ਇੱਥੇ ਤੁਹਾਡੇ ਲਈ ਜ਼ਮੀਨ 'ਤੇ ਜ਼ਿੰਦਗੀ ਨੂੰ ਸੁਚਾਰੂ ਢੰਗ ਨਾਲ ਅਨੁਕੂਲ ਬਣਾਉਣਾ ਹੈ।' 'ਵਾਹ!



ਤੁਸੀਂ ਕਮਾਲ ਹੋ।'

**ਤੋੜਿਆ ਸਾਲ 2014 ਦਾ ਰਿਕਾਰਡ** : ਇੰਨੇ ਦਿਨਾਂ ਤੱਕ ਪਾਣੀ ਦੇ ਹੇਠਾਂ ਰਹਿਣ ਤੋਂ ਬਾਅਦ ਜਦੋਂ ਡਿਟੂਰੀ ਦੀ ਲੰਬਾਈ ਮਾਪੀ ਗਈ ਤਾਂ ਉਹ ਸੁੰਗੜ ਗਏ ਹਨ। 55 ਸਾਲਾ ਪ੍ਰੋਫੈਸਰ ਜੋਸੇਫ ਡਿਟੂਰੀ ਨੇ 2014 ਵਿਚ 73 ਦਿਨ ਪਾਣੀ ਵਿਚ ਰਹਿਣ ਦਾ ਰਿਕਾਰਡ ਵੀ ਤੋੜ ਦਿੱਤਾ। ਉਸਨੇ 100 ਦਿਨ ਪਾਣੀ ਦੇ ਹੇਠਾਂ ਰਹਿ ਕੇ ਆਪਣੀ ਖੋਜ ਪੂਰੀ ਕੀਤੀ। ਜਦੋਂ ਉਹ 100 ਦਿਨਾਂ ਬਾਅਦ ਪਾਣੀ ਵਿੱਚੋਂ ਬਾਹਰ ਆਇਆ ਤਾਂ ਸ਼ਹਿਰ ਦੇ ਲੋਕਾਂ ਨੇ ਉਸ ਦਾ ਸਵਾਗਤ ਕੀਤਾ।

ਇਹ ਖੋਜ ਕਰ ਰਹੇ ਸਨ ਪ੍ਰੋਫ਼ੈਸਰ ਡਿਟੂਰੀ

ਯੂਨੀਵਰਸਿਟੀ ਆਫ ਸਾਊਥ ਫਲੋਰੀਡਾ ਦੇ ਪ੍ਰੋਫੈਸਰ ਡਿਟੂਰੀ ਇਹ ਸਮਝਣਾ ਚਾਹੁੰਦੇ ਸਨ ਕਿ ਪਾਣੀ ਦਾ ਲੰਬੇ ਸਮੇਂ ਤੱਕ ਸੰਪਰਕ ਮਨੁੱਖੀ ਸਰੀਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਨਾਲ ਹੀ ਉਨ੍ਹਾਂ ਨੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕੀ ਪਾਣੀ ਦੇ ਹੇਠਾਂ ਰਹਿਣ ਨਾਲ ਮਨੁੱਖ ਦੀ ਉਮਰ ਵਧਣ ਦੀ ਪ੍ਰਕਿਰਿਆ ਹੌਲੀ ਹੋ ਸਕਦੀ ਹੈ? ਇੰਨਾ ਲੰਬਾ ਸਮਾਂ ਪਾਣੀ ਹੇਠ ਰਹਿਣ ਕਾਰਨ ਪ੍ਰੋਫ਼ੈਸਰ ਡਿਟੂਰੀ ਦੀ ਲੰਬਾਈ ਅੱਧਾ ਇੰਚ ਘਟ ਗਈ। ਉਸਦਾ ਕੋਲੈਸਟਰੋਲ 72 ਪੁਆਇੰਟ ਘਟ ਗਿਆ। ਉਹ ਕਹਿੰਦਾ ਹੈ ਕਿ ਉਸ ਵੱਲੋਂ 100 ਦਿਨਾਂ ਤੋਂ ਵੱਧ ਇਕੱਠੇ ਕੀਤੇ ਡੇਟਾ ਦਾ ਅਧਿਐਨ ਕਰਨ ਵਿੱਚ ਘੱਟੋ ਘੱਟ 6 ਮਹੀਨੇ ਲੱਗਣਗੇ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ



Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

## ਅਮਰੀਕਾ ’ਚ ਵਧਿਆ ਪ੍ਰਧਾਨ ਮੰਤਰੀ ਮੋਦੀ ਦਾ ਕ੍ਰੇਜ਼, ਨਿਊਜਰਸੀ ਰੈਸਟੋਰੈਂਟ ਨੇ ਲਾਂਚ ਕੀਤੀ ਮੋਦੀ ਜੀ ਥਾਲੀ





ਨਿਊਜਰਸੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਦੀ ਆਗਾਮੀ ਸਰਕਾਰੀ ਯਾਤਰਾ ਤੋਂ ਪਹਿਲਾਂ, ਨਿਊ ਜਰਸੀ ਸਥਿਤ ਇੱਕ ਰੈਸਟੋਰੈਂਟ ਨੇ ਇੱਕ ਵਿਸ਼ੇਸ਼ ’ਮੋਦੀ ਜੀ ਥਾਲੀ’ ਤਿਆਰ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ 21 ਤੋਂ 24 ਜੂਨ ਤੱਕ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਪਹਿਲੀ ਮਹਿਲਾ ਜਿਲ ਬਾਈਡੇਨ ਦੇ ਸੱਦੇ ’ਤੇ ਅਮਰੀਕਾ ਦੀ ਆਪਣੀ ਪਹਿਲੀ ਸਰਕਾਰੀ ਯਾਤਰਾ ’ਤੇ ਜਾ ਰਹੇ ਹਨ। ਅਮਰੀਕੀ ਰਾਸ਼ਟਰਪਤੀ ਅਤੇ ਪਹਿਲੀ ਮਹਿਲਾ 22 ਜੂਨ ਨੂੰ ਰਾਤ ਦੇ ਖਾਣੇ ਵਿੱਚ ਮੋਦੀ ਦੀ ਮੇਜ਼ਬਾਨੀ ਵੀ ਕਰਨਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੂਜੀ ਵਾਰ ਅਮਰੀਕੀ ਕਾਂਗਰਸ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣ ਜਾਣਗੇ। ਪ੍ਰਧਾਨ ਮੰਤਰੀ ਮੋਦੀ ਦੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਪ੍ਰਸ਼ੰਸਕ ਹਨ ਅਤੇ ਉਹ ਜਿੱਥੇ ਵੀ ਜਾਂਦੇ ਹਨ ਉੱਥੇ ਭਾਰਤੀ ਪ੍ਰਵਾਸੀਆਂ ਵੱਲੋਂ ਪਿਆਰ ਅਤੇ ਪ੍ਰਸ਼ੰਸਾ ਮਿਲਦੀ ਹੈ।

ਸ਼ੈੱਫ ਸ਼੍ਰੀਪਦ ਕੁਲਕਰਨੀ ਵੱਲੋਂ ਤਿਆਰ ਕੀਤੀ ਗਈ ’ਮੋਦੀ ਜੀ ਥਾਲੀ’ ਵਿੱਚ ਭਾਰਤੀ ਲੈਂਡਸਕੇਪ ਵਾਂਗ ਵਿਭਿੰਨ ਪਕਵਾਨ ਸ਼ਾਮਲ ਹਨ। ਥਾਲੀ ਦੇ ਪਕਵਾਨਾਂ ਵਿੱਚ ਖਿਚੜੀ, ਰਸਗੁੱਲਾ, ਸਰ੍ਹੋਂ ਦਾ ਸਾਗ ਅਤੇ ਦਮ ਆਲੂ ਕਸ਼ਮੀਰੀ, ਇਡਲੀ, ਢੋਕਲਾ, ਲੱਸੀ ਅਤੇ ਪਾਪੜ ਸ਼ਾਮਲ ਹਨ। ਰੈਸਟੋਰੈਂਟ ਦੇ ਮਾਲਕ ਨੇ ਜਲਦੀ ਹੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਸਮਰਪਿਤ ਇੱਕ ਹੋਰ ਥਾਲੀ ਲਾਂਚ ਕਰਨ ਦੀ ਵੀ ਯੋਜਨਾ ਬਣਾਈ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕਿਸੇ ਰੈਸਟੋਰੈਂਟ ਨੇ ਪੀਐਮ ਮੋਦੀ ਨੂੰ ਥਾਲੀ ਸਮਰਪਿਤ ਕੀਤੀ ਹੋਵੇ। ਪਿਛਲੇ ਸਾਲ, 17 ਸਤੰਬਰ ਨੂੰ ਪੀ.ਐੱਮ. ਮੋਦੀ ਦੇ ਜਨਮਦਿਨ ਤੋਂ ਪਹਿਲਾਂ, ਦਿੱਲੀ ਦੇ ਇੱਕ ਰੈਸਟੋਰੈਂਟ ਨੇ 56 ਇੰਚ ਨਰਿੰਦਰ ਮੋਦੀ ਥਾਲੀ ਨਾਮ ਦੀ ਥਾਲੀ ਲਾਂਚ ਕੀਤੀ ਸੀ।

## ਅਮਰੀਕਾ ’ਚ ਨਰਿੰਦਰ ਮੋਦੀ ਦੇ ਸਵਾਗਤ ਦੀਆਂ ਤਿਆਰੀਆਂ, ਅਮਰੀਕਾ-ਭਾਰਤ ਬਾਰੇ ਹੋਣਗੇ ਇਤਿਹਾਸਕ ਸਮਝੌਤੇ



ਵਾਸ਼ਿੰਗਟਨ : ਰਾਸ਼ਟਰਪਤੀ ਜੋਅ ਬਾਈਡੇਨ ਦੇ ਸੱਦੇ ’ਤੇ 21 ਤੋਂ 24 ਜੂਨ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਯੁਕਤ ਰਾਜ ਅਮਰੀਕਾ ਦੀ ਇਤਿਹਾਸਕ ਰਾਜ ਯਾਤਰਾ ’ਤੇ ਅਮਰੀਕੀ ਭਾਰਤੀ ਉਹਨਾਂ ਦਾ ਨਿੱਘਾ ਸਵਾਗਤ ਕਰਨ ਲਈ ਤਿਆਰ ਹਨ। 2014 ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਹ ਮੋਦੀ ਦੀ ਅਮਰੀਕਾ ਦੀ ਛੇਵੀਂ ਫੇਰੀ ਹੋਵੇਗੀ। ਇੱਕ ਦੁਰਲੱਭ ਸਨਮਾਨ, ਉਨ੍ਹਾਂ ਤੋਂ ਪਹਿਲਾਂ ਸਿਰਫ ਦੋ ਭਾਰਤੀ ਨੇਤਾਵਾਂ ਨੂੰ ਦਿੱਤਾ ਗਿਆ, ਜਿਨ੍ਹਾਂ ਵਿੱਚ ਸੰਨ 1963 ਵਿੱਚ ਰਾਸ਼ਟਰਪਤੀ ਐਸ ਰਾਧਾਕ੍ਰਿਸ਼ਨਨ ਅਤੇ ਨਵੰਬਰ 2009 ਵਿੱਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਹਨ। ਪੀ.ਐੱਮ. ਮੋਦੀ ਵੀ ਇਤਿਹਾਸ ਰਚਣਗੇ ਜਦੋਂ ਉਹ 23 ਜੂਨ ਨੂੰ ਅਮਰੀਕੀ ਕਾਂਗਰਸ ਦੀ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਨਗੇ - ਸੱਤ ਸਾਲਾਂ ਵਿੱਚ ਦੂਜੀ ਵਾਰ ਵਾਸ਼ਿੰਗਟਨ ਦੁਆਰਾ ਵਿਦੇਸ਼ੀ ਪਤਵੰਤਿਆਂ ਨੂੰ ਦਿੱਤੇ ਜਾਣ ਵਾਲੇ ਸਭ ਤੋਂ ਵੱਡੇ ਸਨਮਾਨਾਂ ਵਿੱਚੋਂ ਇੱਕ।

ਸਦਨ ਦੇ ਸਪੀਕਰ ਕੇਵਿਨ ਮੈਕਕਾਰਥੀ, ਸੈਨੇਟ ਦੇ ਬਹੁਮਤ ਦੇ ਨੇਤਾ ਚੱਕ ਸ਼ੂਮਰ, ਸੈਨੇਟ ਦੇ ਰਿਪਬਲਿਕਨ ਨੇਤਾ ਮਿਚ ਮੈਕਕੋਨੇਲ ਅਤੇ ਹਾਊਸ ਡੈਮੋਕ੍ਰੇਟਿਕ ਨੇਤਾ ਹਕੀਮ ਜੈਫਰੀਜ਼ ਨੇ ਪੀ.ਐੱਮ. ਮੋਦੀ ਨੂੰ ਸੱਦਾ ਦਿੱਤਾ ਹੈ ਕਿ ਉਹ ‘ਭਾਰਤ ਦੇ ਭਵਿੱਖ ਲਈ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰਨ ਅਤੇ ਸਾਡੇ ਦੋਵਾਂ ਦੇਸ਼ਾਂ ਨੂੰ ਦਰਪੇਸ਼ ਵਿਸ਼ਵਵਿਆਪੀ ਚੁਣੌਤੀਆਂ ਬਾਰੇ ਗੱਲ ਕਰਨ’। ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਕੰਪਲੈਕਸ ਦੇ ਉੱਤਰੀ ਲਾਅਨ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਸਮਾਰੋਹ ਵਿੱਚ ਸ਼ਾਮਲ ਹੋਣ ਤੋਂ ਬਾਅਦ ਮੋਦੀ 21 ਜੂਨ ਨੂੰ ਵਾਸ਼ਿੰਗਟਨ ਲਈ ਰਵਾਨਾ ਹੋਣਗੇ। 22 ਜੂਨ ਨੂੰ ਪੀ.ਐੱਮ. ਮੋਦੀ ਲਈ ਸਰਕਾਰੀ ਰਾਤ ਦੇ ਖਾਣੇ ਦੀ ਮੇਜ਼ਬਾਨੀ ਕਰਨ ਵਾਲੇ ਬਾਈਡੇਨ ਨਾਲ ਅਧਿਕਾਰਤ ਦੌਰਾ ਸ਼ੁਰੂ ਹੋਵੇਗਾ। ਵ੍ਹਾਈਟ ਹਾਊਸ ਹਿਸਟੋਰੀਕਲ ਐਸੋਸੀਏਸ਼ਨ ਅਨੁਸਾਰ, ਇਹ 11ਵਾਂ ਰਾਜਕੀ ਡਿਨਰ ਹੋਵੇਗਾ ਜਿਸ ਦੀ ਮੇਜ਼ਬਾਨੀ ਕੋਈ ਅਮਰੀਕੀ ਰਾਸ਼ਟਰਪਤੀ ਕਿਸੇ ਭਾਰਤੀ ਨੇਤਾ ਲਈ ਕਰ ਰਿਹਾ ਹੈ, ਪਰ ਪਿਛਲੇ 75 ਸਾਲਾਂ ਵਿੱਚ ਸਿਰਫ ਰਾਧਾਕ੍ਰਿਸ਼ਨਨ ਅਤੇ ਮਨਮੋਹਨ ਸਿੰਘ ਨੂੰ ਅਧਿਕਾਰਤ ਰਾਜ ਦੌਰੇ ਦਾ ਸਨਮਾਨ ਦਿੱਤਾ ਗਿਆ ਹੈ।

22 ਜੂਨ ਦੀ ਸਵੇਰ ਨੂੰ ਵ੍ਹਾਈਟ ਹਾਊਸ ਦੇ ਦੱਖਣੀ ਲਾਅਨ ਵਿੱਚ ਇੱਕ ਸੁਆਗਤ ਸਮਾਰੋਹ ਹੋਵੇਗਾ, ਜਿਸ ਵਿੱਚ ਕਈ ਹਜ਼ਾਰ ਭਾਰਤੀ- ਅਮਰੀਕੀ ਸ਼ਾਮਲ ਹੋਣਗੇ। ਨਿਊਯਾਰਕ ਅਤੇ ਨਿਊਜਰਸੀ ਖੇਤਰਾਂ ਤੋਂ 1,500 ਤੋਂ ਵੱਧ ਭਾਰਤੀ ਅਮਰੀਕੀ ਵਾਸ਼ਿੰਗਟਨ ਆਉਣ ਦੀ ਯੋਜਨਾ ਬਣਾ ਰਹੇ ਹਨ। ਕੈਲੀਫੋਰਨੀਆ, ਇਲੀਨੋਇਸ, ਟੈਕਸਾਸ, ਜਾਰਜੀਆ ਅਤੇ ਫਲੋਰੀਡਾ ਵਰਗੇ ਰਾਜਾਂ ਤੋਂ 500 ਤੋਂ ਵੱਧ ਭਾਰਤੀ ਅਮਰੀਕੀ ਆ ਰਹੇ ਹਨ। ਸੁਆਗਤ ਸਮਾਰੋਹ ਤੋਂ ਬਾਅਦ, ਜਿਸ ਨੂੰ ਦੋਨਾਂ ਨੇਤਾਵਾਂ ਦੁਆਰਾ ਸੰਬੋਧਿਤ ਕੀਤਾ ਜਾਵੇਗਾ, ਬਾਈਡੇਨ ਅਤੇ ਮੋਦੀ ਫਿਰ ਇੱਕ-ਨਾਲ-ਇੱਕ ਗੱਲਬਾਤ ਲਈ ਓਵਲ ਦਫਤਰ ਵੱਲ ਜਾਣ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਇਸ ਤੋਂ ਬਾਅਦ ਕੈਬਨਿਟ ਮੀਟਿੰਗ ਰੂਮ ਵਿੱਚ ਇੱਕ ਵਫ਼ਦ-ਪੱਧਰੀ ਮੀਟਿੰਗ ਹੋਵੇਗੀ।

ਇਸ ਮੌਕੇ ਉਪ ਰਾਸ਼ਟਰਪਤੀ ਕਮਲਾ ਹੈਰਿਸ 23 ਜੂਨ ਨੂੰ ਵਿਦੇਸ਼ ਵਿਭਾਗ ਦੇ ਫੋਗੀ ਬਾਟਮ ਹੈੱਡਕੁਆਰਟਰ ਵਿਖੇ ਪ੍ਰਧਾਨ ਮੰਤਰੀ ਦੀ ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕਰੇਗੀ, ਜਿਸ ਦੀ ਸਹਿ ਮੇਜ਼ਬਾਨੀ ਵਿਦੇਸ਼ ਸਕੱਤਰ ਐਂਟਨੀ ਬਲਿੰਕਨ ਅਤੇ ਸੈਕਿੰਡ ਜੈਂਟਲਮੈਨ ਕਰ ਰਹੇ ਹਨ। ਦੁਪਹਿਰ ਦੇ ਖਾਣੇ ਦੌਰਾਨ ਦੋਵੇਂ ਨੇਤਾ ਟਿੱਪਣੀਆਂ ਦੇਣ ਦੀ ਸੰਭਾਵਨਾ ਹੈ। ਇਸ ਵਿਚਕਾਰ ਬਾਈਡੇਨ ਪ੍ਰਸ਼ਾਸਨ ਦੇ ਕਈ ਕੈਬਨਿਟ ਮੰਤਰੀਆਂ ਅਤੇ ਪ੍ਰਮੁੱਖ ਨੇਤਾਵਾਂ ਦੇ ਪ੍ਰਧਾਨ ਮੰਤਰੀ ਨੂੰ ਮੀਟਿੰਗਾਂ ਲਈ ਬੁਲਾਉਣ ਦੀ ਸੰਭਾਵਨਾ ਹੈ। ਡਾਇਸਪੋਰਾ ਅਤੇ ਵਪਾਰਕ ਭਾਈਚਾਰੇ ਨਾਲ ਗੱਲਬਾਤ ਪ੍ਰਧਾਨ ਮੰਤਰੀਆਂ ਦੇ ਵਿਦੇਸ਼ ਦੌਰਿਆਂ ਦੀ ਇੱਕ ਵਿਸ਼ੇਸ਼ਤਾ ਹੈ, ਜਿਸ ਵਿੱਚ 23 ਜੂਨ ਨੂੰ ਦਿਨ ਦੀ ਜ਼ਿਆਦਾਤਰ ਕਾਰਵਾਈ ਹੋਣ ਦੀ ਉਮੀਦ ਹੈ। ਮੋਦੀ ਜੌਹਨ ਐਫ ਕੈਨੇਡੀ ਸੈਂਟਰ ਵਿੱਚ ਚੋਟੀ ਦੀਆਂ ਅਮਰੀਕੀ ਕੰਪਨੀਆਂ ਦੇ ਸੀਈਓਜ਼ ਨੂੰ ਵੀ ਸੰਬੋਧਨ ਕਰਨਗੇ।



# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਅਮਰੀਕੀ ਰਾਸ਼ਟਰਪਤੀ ਬਾਈਡਨ ਨੇ ਵਿਦਿਆਰਥੀਆਂ ਦਾ ਕਰਜਾ ਮੁਆਫੀ ਵਿਰੋਧੀ ਬਿੱਲ ਨੂੰ ਕੀਤਾ ਵੀਟੋ

## *ਹੁਣ ਆਖਰੀ ਫੈਸਲਾ ਕਰੇਗੀ ਸੁਪਰੀਮ ਕੋਰਟ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕੀ ਕਾਂਗਰਸ ਦੇ ਦੋਨਾਂ ਸਦਨਾਂ ਵੱਲੋਂ ਪਾਸ ਕੀਤੇ ਉਸ ਬਿੱਲ ਨੂੰ ਰਾਸ਼ਟਰਪਤੀ ਜੋ ਬਾਈਡਨ ਨੇ ਵੀਟੋ ਕਰ ਦਿੱਤਾ ਹੈ ਜਿਸ ਦੇ ਕਾਨੂੰਨ ਬਣ ਜਾਣ ਨਾਲ ਵਿਦਿਆਰਥੀਆਂ ਦੀ ਕਰਜ਼ਾ ਮੁਆਫੀ ਦੀ ਯੋਜਨਾ ਉਪਰ ਪਾਣੀ ਫਿਰ ਜਾਣਾ ਸੀ ਜੋ ਕਰਜ਼ਾ ਮੁਆਫੀ ਦੀ ਯੋਜਨਾ ਰਾਸ਼ਟਰਪਤੀ ਦੇ ਮੁੱਖ ਚੋਣ ਵਾਅਦਿਆਂ ਵਿਚ ਸ਼ਾਮਿਲ ਹੈ। ਹੁਣ ਇਹ ਮਾਮਲਾ ਸੁਪਰੀਮ ਕੋਰਟ ਕੋਲ ਹੈ ਜੋ ਇਸ ਬਾਰੇ ਅੰਤਿਮ ਫੈਸਲਾ ਲਵੇਗੀ। ਰਾਸ਼ਟਰਪਤੀ ਬਾਈਡਨ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਉਹ ਸਖਤ ਮਿਹਨਤ ਕਰ ਰਹੇ ਲੋਕਾਂ ਦੀ ਮੱਦਦ ਕਰਨ ਤੋਂ ਪਿੱਛੇ ਨਹੀਂ ਹਟਣਗੇ। ਇਹ ਹੀ ਕਾਰਨ ਹੈ ਕਿ ਮੈ ਬਿੱਲ ਉਪਰ ਵੀਟੋ ਕਰ ਰਿਹਾ ਹਾਂ। ਰਾਸ਼ਟਰਪਤੀ ਨੇ ਵੀਡੀਓ ਵੀ ਪਾਈ ਹੈ ਜਿਸ ਵਿਚ ਉਹ ਬਿੱਲ ਰੱਦ ਕਰਨ ਦਾ ਐਲਾਨ ਕਰਦੇ ਹੋਏ ਨਜਰ ਆ ਰਹੇ ਹਨ। ਬਾਈਡਨ ਹੁਣ ਤੱਕ ਆਪਣੇ ਕਾਰਜਕਾਲ ਦੌਰਾਨ ਆਪਣੇ ਵੀਟੋ ਅਧਿਕਾਰ ਦੀ ਪੰਜਵੀਂ ਵਾਰ ਵਰਤੋਂ ਕਰ ਚੁੱਕੇ ਹਨ। ਪਰੰਤੂ ਇਸ ਵਾਰ ਦੀ ਵੀਟੋ ਇਕ ਵਿਸ਼ੇਸ਼ ਮਹੱਤਵ ਰਖਦੀ ਹੈ ਕਿਉਂਕਿ ਇਸ ਦਾ ਸਬੰਧ ਹਜਾਰਾਂ ਵਿਦਿਆਰਥੀਆਂ ਦੀ ਕਰਜ਼ਾ ਮੁਆਫੀ ਨਾਲ ਹੈ। ਬਾਈਡਨ ਕਰਜ਼ਾ ਮੁਆਫੀ ਪ੍ਰੋਗਰਾਮ ਵਿੱਚ ਅੜਿਕਾ ਪਾਉਣ ਲਈ ਰਿਪਬਲੀਕਨਾਂ ਨੂੰ ਜਿੰਮੇਵਾਰ ਠਹਿਰਾਉਂਦੇ ਆ ਰਹੇ ਹਨ ਪਰੰਤੂ ਕਰਜ਼ਾ ਮੁਆਫੀ ਵਿਰੋਧੀ ਬਿੱਲ ਡੈਮੋਕਰੈਟਿਕਾਂ ਦੇ ਨਿਯੰਤਰਣ ਵਾਲੇ ਸਦਨ ਸੈਨਟ ਵੱਲੋਂ ਵੀ ਪਾਸ ਕਰ ਦਿੱਤਾ ਗਿਆ ਹੈ। ਦੋ ਡੈਮੋਕਰੈਟਿਕ ਮੈਂਬਰਾਂ ਜੋ ਮੰਚਿਨ, ਵੈਸਟ ਵਰਜੀਨੀਆ ਤੇ ਜੋਨ ਟੈਸਟਰ, ਮੋਨਟਾਨਾ ਨੇ ਬਿੱਲ ਦੇ ਹੱਕ ਵਿਚ ਵੋਟ ਪਾਈ ਹੈ। ਇਕ ਆਜ਼ਾਦ ਸੈਨਟ ਮੈਂਬਰ ਕ੍ਰਿਸਟਨ ਸੀਨੇਮਾ ਨੇ ਵੀ ਬਿੱਲ ਦੇ ਹੱਕ ਵਿਚ ਵੋਟ ਪਾਈ ਹੈ। ਸੈਨਟ ਵੱਲੋਂ ਬਿੱਲ ਪਾਸ ਕਰਨ ਦੇ ਕੁਝ ਦੇਰ ਬਾਅਦ ਰਿਪਬਲੀਕਨ ਸੈਨਟ ਮੈਂਬਰ ਬਿੱਲ ਕੈਸਿਡੀ, ਲੋਇਸੀਆਨਾ ਜਿਸ ਨੇ ਬਾਈਡਨ ਦੀ ਯੋਜਨਾ ਖਤਮ ਕਰਨ ਦੀ ਮੁਹਿੰਮ ਦੀ ਅਗਵਾਈ ਕੀਤੀ ਨੇ ਕਿਹਾ ਕਿ ਜਿਆਦਾਤਰ ਲੋਕਾਂ ਨੇ ਵਿਦਿਆਰਥੀ ਕਰਜ਼ਾ ਨਹੀਂ ਲਿਆ ਹੈ ਤੇ ਦੂਸਰੇ ਲੋਕਾਂ ਦੀ ਦੇਣਦਾਰੀ ਦਾ ਅਸਰ ਟੈਕਸ ਦਾਤਿਆਂ ਉਪਰ ਨਹੀਂ ਪੈਣਾ ਚਾਹੀਦਾ। ਉਨਾਂ ਇਕ ਟਵੀਟ ਵਿਚ ਕਿਹਾ 87% ਅਮਰੀਕੀਆਂ ਨੇ ਵਿਦਿਆਰਥੀ ਕਰਜ਼ਾ ਨਹੀਂ ਲਿਆ ਹੈ ਤੇ ਨਾ ਹੀ ਉਹ ਦੂਸਰਿਆਂ ਦੇ ਕਰਜ਼ੇ ਦੀ ਅਦਾਇਗੀ ਲਈ ਜਿੰਮੇਵਾਰ ਹਨ। ਉਨਾਂ ਕਿਹਾ ਕਿ ਇਹ ਸਕੀਮਾਂ ਨਜਾਇਜ਼ ਤੇ ਗੈਰਜੁੰਮੇਵਾਰਨਾ ਹਨ। ਦੂਸਰੇ ਪਾਸੇ ਬਾਈਡਨ ਪੱਖੀ ਮੈਂਬਰ ਬਿੱਲ ਦੇ ਵਿਰੋਧੀਆਂ ਉਪਰ ਦੋਸ਼ ਲਾ ਰਹੇ ਹਨ ਕਿ ਇਹ ਲੋਕ ਮੱਧ ਵਰਗੀ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵਿਚ ਹਨ। ਬਾਈਡਨ ਪ੍ਰਸਾਸ਼ਨ ਨੇ ਵੀ ਇਸ ਤੱਥ ਨੂੰ ਉਭਾਰਿਆ ਹੈ ਕਿ ਕਰਜ਼ਾ ਮੁਆਫੀ ਦੀ ਰਾਹਤ ਉਨਾਂ ਲੋਕਾਂ ਨੂੰ ਮਿਲੇਗੀ ਜੋ 75000 ਡਾਲਰ ਸਲਾਨਾ ਤੋਂ ਘੱਟ ਕਮਾਉਂਦੇ ਹਨ।

# ਸਿੱਖ ਕੌਮ ਦੀ ਨਸਲਕੁਸ਼ੀ ਕਰਨ ਵਾਲੀ ਭਾਰਤੀ ਸਟੇਟ ਦੀ ਨੁਮਾਇੰਦਗੀ ਕਰਨ ਵਾਲੇ ਨੇਤਾਵਾਂ ਨੂੰ ਵਿਦੇਸ਼ੀ ਸਿੱਖਾਂ ਵੱਲੋਂ ਸਖ਼ਤ ਤਾੜਨਾ : ਪੰਥਕ ਜਥੇਬੰਦੀਆਂ

ਨਿਊਯਾਰਕ : ਅੱਜ ਇੱਥੇ Sikh Coordination Committee ( USA ) ਵੱਲੋਂ Tele conference ਕੀਤੀ ਗਈ, ਕਈ ਘੰਟੇ ਚੱਲੀ ਇਸ ਮੀਟਿੰਗ ਵਿੱਚ ਅਮਰੀਕਾ ਦੇ ਵੱਖ ਵੱਖ ਸਟੇਟਾਂ ਵੱਲੋਂ ਸਿੱਖ ਨੁਮਾਇੰਦਿਆਂ ਨੇ ਹਿੱਸਾ ਲਿਆ, ਸਾਰੇ ਸਿੱਖ ਆਗੂਆਂ ਨੇ ਸੱਭ ਤੋਂ ਪਹਿਲਾਂ ਜੂਨ 1984 ਦੇ ਤੀਜੇ ਘੱਲੂਘਾਰੇ ਬਾਰੇ, ਉਸ ਸਮੇ ਦੀ ਜਾਲਮ ਇੰਦਰਾਂ ਗਾਂਧੀ ਸਰਕਾਰ ਅਤੇ ਭਾਰਤੀ ਫ਼ੌਜਾਂ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ 37 ਹੋਰ ਗੁਰਦੁਆਰਿਆਂ ਤੇ ਕੀਤੇ ਹਮਲੇ ਨੂੰ ਯਾਦ ਕਰਦਿਆਂ ਵਿਚਾਰਾਂ ਕੀਤੀਆਂ ।

ਜੂਨ 1984 -ਨਾ-ਸਹਿਣਯੋਗ - ਨਾ-ਭੁਲਣਯੋਗ - ਨਾਬਖਸ਼ਣਯੋਗ - ਸਿੱਖ ਕਦੇ ਵੀ ਜੂਨ 1984 ਨਹੀਂ ਭੁੱਲਣਗੇ-ਸਾਡੇ ਗੁਰੂ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਅੱਗਾਂ ਲਾ ਕੇ ਸਾੜਿਆ ਗਿਆ , ਸੱਚਖੰਡ ਸ੍ਰੀ ਦਰਬਾਰ ਸਾਹਿਬ 'ਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੂੰ ਸ਼ਹਿਦ ਕੀਤਾ ਸੰਗਤਾਂ ਨੂੰ ਕਮਰਿਆਂ ਵਿੱਚ ਬੰਦ ਕਰਕੇ ਗਰਨੇਟ ਸੁੱਟੇ ਗਏ, ਬੀਬੀਆਂ ਤੋਂ ਖੋ ਖੋ ਕੇ ਛੋਟੇ-ਛੋਟੇ ਬੱਚਿਆ ਨੂੰ ਕੰਧਾਂ 'ਚ ਮਾਰਿਆ ਗਿਆ, ਲੱਤ ਤੇ ਲੱਤ ਰੱਖ ਚੀਰ ਕੇ ਸ਼ਹੀਦ ਕੀਤਾ, ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ ਤੋਪਾਂ ਦੇ ਗੋਲਿਆਂ ਨਾਲ ਢਾਹ ਦਿੱਤਾ । ਕੀਮਤੀ ਖਜਾਨੇ ਲੁੱਟੇ ਕੇ ਲੇ ਗਈ ਜਾਲਮ ਇੰਦਰਾ ਦੀ ਫੌਜ।

ਫਿਰ ਅਪ੍ਰੇਸ਼ਨ ਵੁੱਡਰੋਜ (wood rose) ਅੰਮ੍ਰਿਤਧਾਰੀ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ। ਨਵੰਬਰ 1984 ਦਿੱਲੀ ਤੇ ਦੇਸ ਦੇ ਵੱਡੇ ਸ਼ਹਿਰਾਂ ਵਿੱਚ 30000 ਤੋਂ ਵੱਧ ਸਿੱਖਾਂ ਨੂੰ ਮਾਰਿਆ, ਧੀਆਂ ਭੈਣਾਂ ਦੇ ਬਲਾਤਕਾਰ, ਗੁਰਦੁਆਰਿਆਂ ਨੂੰ ਅੱਗਾਂ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰੂਪਾਂ ਨੂੰ ਅਗਨ-ਭੇਟ ਕੀਤਾ ਗਿਆ।



ਇਹ ਸਰਕਾਰੀ ਕਤਲੇਆਮ ਸਿੱਖ ਕੌਮ ਦਾ ਖੁਰਾ ਖੋਜ ਮਿਟਾਉਣ ਦਾ ਜਾਲਮਾਨਾ ਕਹਿਰ ਸਮੇ ਦੀ ਕਾਂਗਰਸ ਸਰਕਾਰ ਵੱਲੋਂ ਕੀਤਾ ਗਿਆ। ਜਦੋ ਦੇਸ ਵਿਦੇਸ਼ ਵਿੱਚ ਸਿੱਖ ਕੌਮ ਜੂਨ 1984 ਦੇ ਇਸ ਖ਼ੂਨੀ ਘੱਲੂਘਾਰੇ ਦੀ ਯਾਦ ਵਿੱਚ ਲਹੂ ਦੇ ਅੱਥਰੂ ਰੋ ਰਹੀ ਹੈ ਉੱਥੇ ਉਸੇ ਜਾਲਮ ਪਰਿਵਾਰ ਇੰਦਰਾ ਦਾ ਪੋਤਾ ਰਾਜੀਵ ਗਾਂਧੀ ਦਾ ਪੁੱਤ ਵਿਦੇਸ਼ਾਂ ਵਿੱਚ ਕਾਂਗਰਸੀਆ ਨਾਲ ਸ਼ਰਾਬਾਂ ਪੀ ਪਾਰਟੀਆਂ ਕਰ ਸਾਡੇ ਜ਼ਖ਼ਮਾਂ 'ਤੇ ਲੂਣ ਪਾਉਣ ਦੀ ਗਿਣੀ-ਮਿਥੀ ਸਾਜ਼ਿਸ਼ ਕਰ- ਸਿੱਖ ਕੌਮ ਨੂੰ ਵੰਗਾਰਦਾ ਹੈ। ਸਿੱਖ ਕੌਮ ਭਾਰਤੀ ਸਟੇਟ ਨੂੰ ਕਦੇ ਵੀ ਮਾਫ਼ ਨਹੀਂ ਕਰੇਗੀ।

ਇੰਦਰਾ ਗਾਂਧੀ ਦੇ ਲਾਡਲੇ ਪੁੱਤ ਰਾਜਾ ਵੜਿੰਗ ਦਾ ਜੋ ਵਿਰੋਧ ਭਾਈ ਹਿੰਮਤ ਸਿੰਘ ਅਤੇ ਸਾਥੀ ਸਿੰਘ ਵੱਲੋਂ ਹੋਇਆ ਇਹ ਹੋਣਾ ਬਹੁਤ ਜ਼ਰੂਰੀ ਸੀ। ਰਾਜਾ ਇੱਕ ਗੰਦੀ ਜ਼ੁਬਾਨ ਵਾਲਾ ਬਦਦਿਮਾਗ ਬੰਦਾ ਹੈ ਤੇ ਜਿੱਥੇ ਵੀ ਇਹ ਜਾਵੇਗਾ ਵਿਰੋਧ ਕਰਾਂਗੇ। ਸਮੁੱਚੀਆਂ ਪੰਥਕ ਜਥੇਬੰਦੀਆਂ ਭਾਈ ਹਿੰਮਤ ਸਿੰਘ ਦੀ ਸਪੋਟ 'ਤੇ ਖੜ੍ਹੀਆਂ ਹਨ। ਰਾਹੁਲ ਗਾਂਧੀ ਦਾ ਵਿਰੋਧ California , New York ਵਿੱਚ ਕੀਤਾ ਤੇ ਅੱਗੋਂ ਵੀ ਕਰਾਂਗੇ।

ਭਾਰਤੀ ਸਟੇਟ ਦੀ ਨੁਮਾਇੰਦਗੀ ਕਰਨ ਵਾਲੇ ਲੋਕਾਂ ਦੇ ਹੱਥ ਨਿਰਦੋਸ਼ ਸਿੱਖਾਂ ਦੇ ਖੂਨ ਨਾਲ ਰੰਗੇ ਹੋਏ ਹਨ। ਇਨ੍ਹਾਂ ਲੋਕਾਂ ਨੇ ਸਾਡੀ ਨਸਲਕੁਸ਼ੀ ਕੀਤੀ ਹੈ। ਇਨ੍ਹਾਂ ਸਾਰਿਆਂ ਨੂੰ ਵਿਰੋਧਤਾ ਦਾ ਸਾਹਮਣਾ ਕਰਨਾ ਪਵੇਗਾ ।

ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਰਦਾਰ ਬੂਟਾ ਸਿੰਘ ਤੇ ਸਰਦਾਰ ਸੁਰਜੀਤ ਸਿੰਘ ਕਲਾਰ, ਭਾਈ ਜੋਗਾ ਸਿੰਘ - ਭਾਈ ਦਵਿੰਦਰ ਸਿੰਘ ਬੋਪਾਰਾਏ ਸਿੱਖ ਕਲਚਰਲ ਸੁਸਾਇਟੀ, ਬਾਬਾ ਬੰਦਾ ਸਿੰਘ ਬਹਾਦਰ ਐਟਰਨੈਸ਼ਨਲ ਦੇ ਭਾਈ ਰਜਿੰਦਰ ਸਿੰਘ, ਸਿੱਖ ਯੂਥ ਆਫ ਅਮਰੀਕਾ ਦੇ ਭਾਈ ਜਸਵੀਰ ਸਿੰਘ ਤੇ ਭਾਈ ਬਲਾਕਾ ਸਿੰਘ, ਸਿੱਖ ਫਾਰ ਜਸਟਿਸ, ਕੌਂਸਲ ਆਫ ਖਾਲਿਸਤਾਨ ਦੇ ਡਾ ਬਖ਼ਸ਼ੀਸ਼ ਸਿੰਘ, ਦੋਆਬਾ ਸਿੱਖ ਐਸੋਸੀਏਸ਼ਨ ਦੇ ਭਾਈ ਹਰਮੇਲ ਸਿੰਘ ਦੋਸਾਂਝ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਗੁਰਮੇਲ ਸਿੰਘ, ਸਿੱਖ ਕੋਰਡੀਨੇਸ਼ਨ USA ਦੇ ਭਾਈ ਹਿੰਮਤ ਸਿੰਘ, ਭਾਈ ਬਲਜਿੰਦਰ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਦਵਿੰਦਰ ਸਿੰਘ ਦਿਉ, ਭਾਈ ਬਲਵਿੰਦਰ ਸਿੰਘ ਚੱਠਾ ਤੇ ਭਾਈ ਗੁਰਨਿੰਦਰ ਸਿੰਘ ਧਾਲੀਵਾਲ, ਭਾਈ ਬਲਜੀਤ ਸਿੰਘ, ਹਰਮਿੰਦਰ ਸਿੰਘ ਤੇ ਹਰਵਿੰਦਰ ਸਿੰਘ ਵਿੱਕੀ ਤੇ 80 ਦੇ ਕਰੀਬ ਸਿੰਘਾ ਇਸ ਮੀਟਿੰਗ ਵਿੱਚ ਹਿੱਸਾ ਲਿਆ। ਆਉਣ ਵਾਲੇ ਸਮੇ ਵਿੱਚ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਵਾਲੀ ਭਾਰਤੀ ਸਟੇਟ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

## *ਖੁਫੀਆ ਦਸਤਾਵੇਜਾਂ ਨੂੰ ਗਾਇਬ ਕਰਨ ਦਾ ਮਾਮਲਾ*

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਵਿਰੁੱਧ ਲਾਏ ਦੋਸ਼ਾਂ ਨੂੰ ਜਨਤਿਕ ਕੀਤਾ

## *ਦੇਸ਼ ਦਾ ਕਾਨੂੰਨ ਸਭ ਲਈ ਇਕੋ ਜਿਹਾ-ਜਾਂਚਕਾਰ ਜੈਕ ਸਮਿੱਥ*



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਦਾ ਕਾਰਜਕਾਲ ਪੂਰਾ ਹੋਣ 'ਤੇ ਵਾਈਟ ਹਾਊਸ ਛੱਡਣ ਸਮੇ ਖੁਫੀਆ ਦਸਤਾਵੇਜ ਆਪਣੇ ਨਾਲ ਲੈ ਜਾਣ ਦੇ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਦਾਇਰ 44 ਸਫਿਆਂ ਦੇ ਦੋਸ਼ ਪੱਤਰ ਨੂੰ ਜਨਤਿਕ ਕਰ ਦਿੱਤਾ ਗਿਆ ਹੈ। ਮਾਰ-ਏ-ਲਾਗੋ ਰਿਜ਼ਾਰਟ ਵਿਖੇ ਕੰਮ ਕਰਦੇ ਸਾਬਕਾ ਰਾਸ਼ਟਰਪਤੀ ਦੇ ਇਕ ਨਿੱਜੀ ਮੁਲਾਜ਼ਮ ਵਾਲਟ ਵਾਟ ਨਾਊਟਾ ਨੂੰ ਵੀ ਸਾਬਕਾ ਰਾਸ਼ਟਰਪਤੀ ਦੇ ਨਾਲ ਦੋਸ਼ੀ ਬਣਾਇਆ ਗਿਆ ਹੈ। ਸਾਬਕਾ ਰਾਸ਼ਟਰਪਤੀ ਵਿਰੁੱਧ ਖੁਫੀਆ ਦਸਤਾਵੇਜਾਂ ਦੀ ਸੰਭਾਲ ਨੂੰ ਲੈ ਕੇ ਕਥਿੱਤ ਤੌਰ 'ਤੇ 8 ਸੰਘੀ ਨਿਯਮਾਂ ਦੀ ਉਲੰਘਣਾ ਕਰਨ ਲਈ ਦਰਜ਼ਨਾਂ ਦੋਸ਼ ਲਾਏ ਗਏ ਹਨ। ਉਨ੍ਹਾਂ ਵਿਰੁੱਧ 31 ਦੋਸ਼ ਲਾਏ ਗਏ ਹਨ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਬਰਾਮਦ ਦਸਤਾਵੇਜਾਂ ਵਿਚ 'ਟਾਪ ਸੀਕਰੇਟ' ਦਸਤਾਵੇਜ ਵੀ ਸ਼ਾਮਿਲ ਹਨ ਜਿਨਾਂ ਨੂੰ ਵਿਸ਼ੇਸ਼ ਤੌਰ 'ਤੇ ਸੰਭਾਲਿਆ ਜਾਂਦਾ ਹੈ।

ਜਨਤਿਕ ਕੀਤੇ ਦੋਸ਼ ਪੱਤਰ ਅਨੁਸਾਰ ਟਰੰਪ ਵਿਰੁੱਧ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਆਪਣੇ ਵਕੀਲ ਨੂੰ ਸਲਾਹ ਦਿੱਤੀ ਕਿ ਉਹ ਐਫ ਬੀ ਆਈ ਤੇ ਗਰੈਂਡ ਜਿਊਰੀ ਅੱਗੇ ਝੂਠ ਬੋਲੇ ਕਿ ਉਸ ਕੋਲ ਖੁਫੀਆ ਦਸਤਾਵੇਜ ਨਹੀਂ ਹਨ। ਟਰੰਪ ਵਿਰੁੱਧ ਇਹ ਵੀ ਦੋਸ਼ ਹੈ ਕਿ ਉਸ ਨੇ ਆਪਣੇ ਮੁਲਾਜ਼ਮ ਨਾਊਟਾ ਨੂੰ ਨਿਰਦੇਸ਼ ਦਿੱਤਾ ਕਿ ਉਹ ਖੁਫੀਆ ਦਸਤਾਵੇਜਾਂ ਵਾਲੇ ਡੱਬੇ ਲਕੋ ਦੇਵੇ ਤਾਂ ਜੋ ਵਕੀਲ, ਐਫ ਬੀ ਆਈ ਤੇ ਗਰੈਂਡ ਜਿਊਰੀ ਦੀ ਪਹੁੰਚ ਤੋਂ ਇਹ ਦਸਤਾਵੇਜ ਦੂਰ ਰਹਿਣ। ਟਰੰਪ ਉਪਰ ਇਹ ਵੀ ਦੋਸ਼ ਹੈ ਕਿ ਉਸ ਨੇ ਨਾ ਕੇਵਲ ਗੁਪਤ ਦਸਤਾਵੇਜ ਲਕੋਏ ਬਲਕਿ ਬੈਡਮਿੰਸਟਰ, ਨਿਊਜਰਸੀ ਵਿਖੇ ਸਥਿੱਤ ਟਰੰਪ ਨੈਸ਼ਨਲ ਗੋਲਫ ਕਲੱਬ ਵਿਖੇ ਆਪਣੇ ਮਹਿਮਾਨਾਂ ਨੂੰ ਵੀ ਇਹ ਦਸਤਾਵੇਜ ਵਿਖਾਏ। ਦੋਸ਼ ਪੱਤਰ ਅਨੁਸਾਰ ਇਕ ਦਸਤਾਵੇਜ "ਪਲੈਨ ਆਫ ਅਟੈਕ" ਤੇ ਇਕ ਹੋਰ ਦਸਤਵੇਜ ਫੌਜੀ ਅੱਡੇ ਦਾ ਨਕਸ਼ਾ ਹੈ। ਲਾਏ ਗਏ ਦੋਸ਼ਾਂ ਅਨੁਸਾਰ ਸਾਬਕਾ ਰਾਸ਼ਟਰਪਤੀ ਨੂੰ ਜਾਣਕਾਰੀ ਸੀ ਕਿ ਇਹ ਖੁਫੀਆ ਦਸਤਾਵੇਜ ਹਨ। ਨਿਆਂ ਵਿਭਾਗ ਦੇ ਵਿਸ਼ੇਸ਼ ਕੌਂਸਲ ਜੈਕ ਸਮਿੱਥ ਜੋ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ, ਨੇ ਕਿਹਾ ਹੈ ਕਿ ਇਸ ਦੇਸ਼ ਵਿਚ ਕਾਨੂੰਨ ਹਨ ਜੋ ਸਭ 'ਤੇ ਲਾਗੂ ਹੁੰਦੇ ਹਨ। ਉਨ੍ਹਾਂ ਕਿਹਾ "ਇਨ੍ਹਾਂ ਕਾਨੂੰਨਾਂ ਤਹਿਤ ਇਕੱਠੇ ਕੀਤੇ ਤੱਥਾਂ ਨੇ ਜਾਂਚ ਦੇ ਸਿੱਟੇ ਨਿਸ਼ਚਤ ਕੀਤੇ ਹਨ।" ਇਥੇ ਜਿਕਰਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਦੇ ਫਲੋਰਿਡਾ ਸਥਿੱਤ ਮਾਰ ਏ ਲਾਗੋ ਰਿਜ਼ਾਰਟ 'ਤੇ ਐਫ ਬੀ ਆਈ ਵੱਲੋਂ 2022 ਦੇ ਜੂਨ ਤੇ ਅਗਸਤ ਮਹੀਨੇ ਵਿਚ ਮਾਰੇ ਛਾਪਿਆਂ ਦੌਰਾਨ 300 ਤੋਂ ਵਧ ਖੁਫੀਆ ਦਸਤਾਵੇਜ਼ ਬਰਾਮਦ ਹੋਏ ਸਨ।

# ਵਰਜੀਨੀਆ ਵਿਚ ਇਕ ਹਾਈ ਸਕੂਲ ਦੇ ਬਾਹਰ ਹੋਈ ਗੋਲੀਬਾਰੀ ਵਿੱਚ 2 ਮੌਤਾਂ ਤੇ 5 ਜ਼ਖਮੀ, ਇਕ 19 ਸਾਲਾ ਨੌਜਵਾਨ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਨੌਜਵਾਨ ਵੱਲੋਂ ਰਿਚਮੌਂਡ, ਵਰਜੀਨੀਆ ਵਿਚ ਗਰੈਜੂਏਸ਼ਨ ਡਿਗਰੀ ਵੰਡ ਸਮਾਗਮ ਤੋਂ ਬਾਅਦ ਇਕ ਹਾਈ ਸਕੂਲ ਦੇ ਬਾਹਰ ਖੜੇ ਸੈਂਕੜੇ ਲੋਕਾਂ ਉਪਰ ਗੋਲੀਬਾਰੀ ਕੀਤੀ ਜਾਣ ਕਾਰਨ 2 ਵਿਅਕਤੀਆਂ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਸ਼ਹਿਰ ਦੇ ਅੰਤ੍ਰਿਮ ਪੁਲਿਸ ਮੁੱਖੀ ਰਿਕ ਐਡਵਰਡਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਿਚਮੌਂਡ ਦੇ ਮੋਨਰੋ ਪਾਰਕ ਵਿਖੇ ਖੁਸ਼ੀ ਭਰਿਆ ਵਾਤਾਵਰਣ ਉਸ ਵੇਲੇ ਦਹਿਸ਼ਤ ਵਿਚ ਬਦਲ ਗਿਆ ਜਦੋਂ ਇਕ ਵਿਅਕਤੀ ਨੇ ਗੋਲੀਆਂ ਚਲਾ ਦਿੱਤੀਆਂ। ਲੋਕਾਂ ਨੇ ਗੋਲੀਆਂ ਤੋਂ ਬਚਣ ਲਈ ਇਧਰ ਉਧਰ ਭੱਜਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ 5 ਲੋਕ ਜ਼ਖਮੀ ਹੋਏ ਹਨ ਜਿਨਾਂ ਵਿਚ 9 ਸਾਲ ਦੀ ਬੱਚੀ ਸ਼ਾਮਿਲ ਹੈ ਜਿਸ ਨੂੰ ਇਕ ਕਾਰ ਨੇ ਟੱਕਰ ਮਾਰੀ ਹੈ। ਉਨਾਂ ਕਿਹਾ ਕਿ ਪੁਲਿਸ ਨੇ ਸ਼ੁਰੂ ਵਿਚ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ ਪਰੰਤੂ ਬਾਅਦ ਵਿਚ ਇਕ ਨੂੰ ਛੱਡ ਦਿੱਤਾ ਗਿਆ। ਦੂਸਰਾ ਗ੍ਰਿਫਤਾਰ ਨੌਜਵਾਨ 19 ਸਾਲ ਦਾ ਹੈ। ਉਸ ਕੋਲੋਂ 4 ਹੈਂਡਗੰਨਾਂ ਬਰਾਮਦ ਹੋਈਆਂ ਹਨ। ਐਡਵਰਡਜ ਅਨੁਸਾਰ ਪੁਲਿਸ ਉਸ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕਰਨ ਦੀ ਸਿਫਾਰਿਸ਼ ਕਰ ਰਹੀ ਹੈ। ਮਾਰੇ ਗਏ ਵਿਅਕਤੀਆਂ ਵਿਚ ਇਕ 18 ਸਾਲ ਦਾ ਵਿਦਿਆਰਥੀ ਸ਼ਾਮਿਲ ਹੈ ਜੋ ਮੰਗਲਵਾਰ ਹੀ ਗਰੈਜੂਏਟ ਬਣਿਆ ਸੀ ਜਦ ਕਿ ਦੂਸਰਾ 36 ਸਾਲਾ ਵਿਅਕਤੀ ਹੈ ਜੋ ਡਿਗਰੀ ਵੰਡ ਸਮਾਗਮ ਵਿਚ ਸ਼ਾਮਿਲ ਹੋਇਆ ਸੀ।




ਵਰਜੀਨੀਆ ਵਿਚ ਇਕ ਹਾਈ ਸਕੂਲ ਦੇ ਬਾਹਰ ਗੋਲੀਬਾਰੀ ਉਪਰੰਤ ਪੁਲਿਸ ਵੱਲੋਂ ਕੀਤੀ ਗਈ ਨਾਕਾਬੰਦੀ

# 36 ਪ੍ਰਵਾਸੀਆਂ ਨੂੰ ਧੋਖੇ ਨਾਲ ਕੈਲੀਫੋਰਨੀਆ ਭੇਜਿਆ ਗਿਆ-ਅਧਿਕਾਰੀ

## *ਕੋਈ ਵੀ ਪੰਜਾਬੀ ਜਾਂ ਭਾਰਤੀ ਪ੍ਰਵਾਸੀਆਂ ਵਿਚ ਸ਼ਾਮਿਲ ਨਹੀਂ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਪਿਛਲੇ ਦਿਨਾਂ ਦੌਰਾਨ 2 ਚਾਰਟਡ ਉਡਾਣਾਂ ਰਾਹੀਂ ਫਲੋਰਿਡਾ ਤੋਂ ਸੈਕਰਾਮੈਂਟੋ ਪੁੱਜੇ 36 ਪ੍ਰਵਾਸੀਆਂ ਨੂੰ ਲੈ ਕੇ ਵਿਵਾਦ ਜਾਰੀ ਹੈ। ਫਲੋਰਿਡਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰਵਾਸੀ ਆਪਣੀ ਇੱਛਾ ਅਨੁਸਾਰ ਸੈਕਰਾਮੈਂਟੋ ਗਏ ਹਨ ਜਦ ਕਿ ਕੈਲੀਫੋਰਨੀਆ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਪ੍ਰਵਾਸੀ ਸ਼ਰਨ ਲੈਣਾ ਚਹੁੰਦੇ ਹਨ ਤੇ ਉਨਾਂ ਨੂੰ ਕੈਲੀਫੋਰਨੀਆ ਲਿਆਉਣ ਲਈ ਗੁੰਮਰਾਹ ਕੀਤਾ ਗਿਆ ਹੈ। ਇਹ ਪ੍ਰਵਾਸੀ ਵੈਂਜੂਏਲਾ, ਕੋਲੰਬੀਆ, ਮੈਕਸੀਕੋ ਜਾਂ ਨਿਕਾਰਾਗੁਆ ਤੋਂ ਹਨ ਤੇ ਇਨਾਂ ਵਿਚ ਕੋਈ ਵੀ ਪੰਜਾਬੀ ਜਾਂ ਭਾਰਤੀ ਸ਼ਾਮਿਲ ਨਹੀਂ ਹੈ। ਫਲੋਰਿਡਾ ਡਵੀਜਨ ਆਫ ਐਮਰਜੈਂਸੀ ਮੈਨਜਮੈਂਟ ਦੇ ਬੁਲਾਰੇ ਅਲੀਸੀਆ ਕੋਲਿਨਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ "ਜ਼ੁਬਾਨੀ ਤੇ ਲਿਖਤੀ ਸਹਿਮਤੀ ਅਨੁਸਾਰ ਇਹ ਪ੍ਰਵਾਸੀ ਆਪਣੀ ਇੱਛਾ ਅਨੁਸਾਰ ਕੈਲੀਫੋਰਨੀਆ ਜਾਣਾ ਚਹੁੰਦੇ ਸਨ। ਇਨਾਂ ਨੂੰ ਤੀਸਰੀ ਧਿਰ (ਗੈਰ ਸਰਕਾਰੀ ਸੰਗਠਨ) ਦੇ ਸਪੁਰਦ ਕੀਤੇ ਜਾਣ ਨੂੰ ਯਕੀਨੀ ਬਣਾਇਆ ਗਿਆ ਹੈ।" ਦੂਸਰੇ ਪਾਸੇ ਸੈਕਰਾਮੈਂਟੋ ਵਿਚਲੇ ਅਧਿਕਾਰੀਆਂ ਨੇ ਕਿਹਾ ਹੈ ਕਿ ਪ੍ਰਵਾਸੀ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਸ਼ਰਨ ਲੈਣਾ ਚਹੁੰਦੇ ਹਨ ਪਰੰਤੂ ਉਨਾਂ ਨਾਲ ਧੋਖਾ ਕੀਤਾ ਗਿਆ ਹੈ। ਉਨਾਂ ਨੂੰ ਕੈਲੀਫੋਰਨੀਆ ਲਿਆਉਣ ਲਈ ਗੁੰਮਰਾਹ ਕੀਤਾ ਗਿਆ ਹੈ। ਇਥੇ ਜਿਕਰਯੋਗ ਹੈ ਕਿ 16 ਪ੍ਰਵਾਸੀ ਸ਼ੁੱਕਰਵਾਰ ਨੂੰ ਇਕ ਉਡਾਣ ਰਾਹੀਂ ਸੈਕਰਾਮੈਂਟੋ ਪੁੱਜੇ ਸਨ ਤੇ 20 ਪ੍ਰਵਾਸੀ ਸੋਮਵਾਰ ਨੂੰ ਇਕ ਹੋਰ ਉਡਾਣ ਰਾਹੀਂ ਸੈਕਰਾਮੈਂਟੋ ਪੁੱਜੇ ਸਨ। ਸੈਕਰਾਮੈਂਟੋ ਏਰੀਆ ਕਾਂਗਰੇਗੇਸ਼ਨਜ ਟੂਗੈਦਰ ( ਏ ਸੀ ਟੀ) ਦੀ ਕਾਰਜਕਾਰੀ ਡਾਇਰੈਕਟਰ ਗੈਬੀ ਟਰੇਜੋ ਅਨੁਸਾਰ ਪ੍ਰਵਾਸੀਆਂ ਨੇ ਕਾਗਜ਼-ਪੱਤਰ ਤਿਆਰ ਕੀਤੇ ਹਨ। ਉਹ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਹਨ। ਉਨਾਂ ਕਿਹਾ ਕਿ ਪ੍ਰਵਾਸੀਆਂ ਦੀ ਇਮੀਗ੍ਰੇਸ਼ਨ ਅਧਿਕਾਰੀਆਂ ਕੋਲ ਸੁਣਵਾਈ ਅਜੇ ਹੋਣੀ ਹੈ।

# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**

**510-472-0608**

**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਬਾਲੇਸ਼ਵਰ ਵਿਖੇ ਹੋਏ ਰੇਲ ਹਾਦਸੇ ਦੀਆਂ ਫੋਟੋਆਂ ਵੇਖ ਕੇ ਮਨ ਬਹੁਤ ਦੁਖੀ ਹੋਇਆ

ਕੁਝ ਦਿਨ ਪਹਿਲਾਂ ਓਡੀਸ਼ਾ ਵਿਚ ਹੋਏ ਰੇਲ ਹਾਦਸੇ ਵਿਚ 280 ਦੇ ਕਰੀਬ ਲੋਕ ਅਣਿਆਈ ਮੌਤ ਮਾਰੇ ਗਏ ਤੇ ਸੈਂਕੜੇ ਹੋਰ ਜ਼ਖਮੀ ਹੋਏ ਹਨ। ਸੋਸ਼ਲ ਮੀਡੀਆ ਵਿਚ ਕੁਝ ਵਿਚਲਿਤ ਕਰਨ ਵਾਲੇ ਵੀਡੀਓ ਘੁੰਮ ਰਹੇ ਹਨ ਜਿਨ੍ਹਾਂ ਵਿਚ ਇਸ ਹਾਦਸੇ ਕਾਰਨ ਮਾਰੇ ਗਏ ਬਦਨਸੀਬਾਂ ਦੀਆਂ ਲਾਸ਼ਾਂ ਨੂੰ ਜਾਨਵਰਾਂ ਵਾਂਗ ਚੁੱਕ-ਚੁੱਕ ਕੇ ਟੈਂਪੂਆਂ ਵਿਚ ਸੁੱਟਿਆ ਜਾ ਰਿਹਾ ਹੈ। ਜਦੋਂ ਵੀ ਮੈਂ ਕਦੇ ਰੇਲ ਹਾਦਸਿਆਂ ਬਾਰੇ ਪੜ੍ਹਦਾ ਹਾਂ ਤਾਂ ਮੈਨੂੰ 26 ਨਵੰਬਰ 1998 ਵਾਲੇ ਦਿਨ ਖੰਨੇ ਦੇ ਨਜ਼ਦੀਕ ਹੋਏ ਪੰਜਾਬ ਦੇ ਸਭ ਤੋਂ ਵੱਡੇ ਕੌੜੀ ਰੇਲ ਹਾਦਸੇ ਦੇ ਦ੍ਰਿਸ਼ ਯਾਦ ਆ ਜਾਂਦੇ ਹਨ।

ਮੈਂ ਆਪਣੀ ਜ਼ਿੰਦਗੀ ਵਿਚ ਕਦੇ ਐਨੀਆਂ ਲਾਸ਼ਾਂ ਅਤੇ ਜ਼ਖ਼ਮੀ ਨਹੀਂ ਸਨ ਵੇਖੇ ਤੇ ਨਾ ਹੀ ਅਜਿਹਾ ਭਿਆਨਕ ਹਾਦਸਾ ਵੇਖਿਆ ਸੀ। ਉਸ ਸਮੇਂ ਮੈਂ ਪਾਇਲ ਸਬ ਡਵੀਜ਼ਨ ਵਿਚ ਬਤੌਰ ਡੀਐੱਸਪੀ ਤਾਇਨਾਤ ਸੀ। ਇਹ ਹਾਦਸਾ ਸਵੇਰੇ ਤਿੰਨ ਵਜੇ ਦੇ ਕਰੀਬ ਹੋਇਆ ਸੀ ਤੇ ਪੁਲਿਸ, ਜੀਆਰਪੀ, ਰੇਲਵੇ ਅਧਿਕਾਰੀ ਅਤੇ ਸਿਵਲ ਪ੍ਰਸ਼ਾਸਨ ਸਿਰਫ਼ ਅੱਧੇ-ਪੌਣੇ ਘੰਟੇ ਵਿਚ ਹੀ ਮੌਕੇ 'ਤੇ ਪਹੁੰਚ ਗਏ ਸਨ। ਉਹ ਖ਼ੌਫ਼ਨਾਕ ਮੰਜ਼ਰ ਅੱਜ 25 ਸਾਲ ਬੀਤ ਜਾਣ ਤੋਂ ਬਾਅਦ ਵੀ ਉਸੇ ਤਰ੍ਹਾਂ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਹੈ।

ਰੇਲ ਦੇ ਡੱਬੇ ਇਸ ਤਰ੍ਹਾਂ ਤਬਾਹ ਹੋਏ ਸਨ ਜਿਵੇਂ ਕਿਸੇ ਬੱਚੇ ਨੇ ਗੁੱਸੇ ਵਿਚ ਆ ਕੇ ਮਾਚਿਸ ਦੀ ਡੱਬੀ ਮਰੋੜੀ ਹੋਵੇ। ਇਕ ਟਰੇਨ ਦਾ ਇੰਜਣ ਦੂਸਰੀ ਟਰੇਨ ਦੇ ਡੱਬਿਆਂ ਨੂੰ ਤੋਪ ਦੇ ਗੋਲੇ ਵਾਂਗ ਪਾੜ ਕੇ ਵਿੱਚੋਂ ਦੀ ਲੰਘ ਗਿਆ ਸੀ। ਸੁੱਤੇ ਪਏ ਲੋਕਾਂ ਨੂੰ ਪਤਾ ਹੀ ਨਹੀਂ ਲੱਗਿਆ ਹੋਣਾ ਕਿ ਮੌਤ ਨੇ ਉਨ੍ਹਾਂ ਨੂੰ ਆਪਣੇ ਖ਼ੂਨੀ ਪੰਜਿਆਂ ਵਿਚ ਜਕੜ ਲਿਆ ਹੈ। ਇਹ ਹਾਦਸਾ ਮਨੁੱਖੀ ਗ਼ਲਤੀ ਕਾਰਨ ਸਿਆਲਦਾ ਐਕਸਪ੍ਰੈੱਸ ਦੇ ਫਰੰਟੀਅਰ ਮੇਲ ਦੇ ਲੀਹੋਂ ਲੱਥੇ ਤਿੰਨ ਡੱਬਿਆਂ ਨਾਲ ਟਕਰਾਉਣ ਕਾਰਨ ਹੋਇਆ ਸੀ। ਸਿਆਲਦਾ ਐਕਸਪ੍ਰੈੱਸ ਜੰਮੂ ਤੋਂ ਦਿੱਲੀ ਜਾ ਰਹੀ ਸੀ ਤੇ ਫਰੰਟੀਅਰ ਮੇਲ ਦਿੱਲੀ ਤੋਂ ਲੁਧਿਆਣਾ ਵੱਲ। ਖੰਨੇ ਤੋਂ ਪੰਜ ਕਿਲੋਮੀਟਰ ਦੂਰ ਕੌੜੀ ਪਿੰਡ ਦੇ ਨਜ਼ਦੀਕ ਫਰੰਟੀਅਰ ਮੇਲ ਦੇ ਤਿੰਨ ਡੱਬੇ ਠੀਕ ਤਰ੍ਹਾਂ ਨਾਲ ਨਾ ਜੋੜੇ ਹੋਣ ਕਾਰਨ ਟਰੇਨ ਤੋਂ ਵੱਖ ਹੋ ਕੇ ਸਿਆਲਦਾ ਐਕਸਪ੍ਰੈੱਸ ਵਾਲੀ ਪਟੜੀ 'ਤੇ ਜਾ ਡਿੱਗੇ ਸਨ। ਇਸ ਤੋਂ ਪਹਿਲਾਂ ਕਿ ਮੁਸਾਫਰ ਡੱਬਿਆਂ ਵਿੱਚੋਂ ਬਾਹਰ ਨਿਕਲ ਸਕਦੇ, 110 ਕਿਲੋਮੀਟਰ ਦੀ ਸਪੀਡ ਨਾਲ ਆ ਰਹੀ ਸਿਆਲਦਾ ਐਕਸਪ੍ਰੈੱਸ ਇਨ੍ਹਾਂ ਨਾਲ ਆ ਟਕਰਾਈ ਤੇ ਟਰੈਕ ਤੋਂ ਉੱਤਰ ਕੇ ਬੁਰੀ ਤਰ੍ਹਾਂ ਨਾਲ ਪਲਟੀਆਂ ਖਾ ਗਈ। ਸਿਆਲਦਾ ਦੇ ਚਾਰ ਅਤੇ ਫਰੰਟੀਅਰ ਦੇ ਤਿੰਨ ਡੱਬੇ ਪੂਰੀ ਤਰ੍ਹਾਂ ਤਬਾਹ ਹੋ ਗਏ ਸਨ। ਦੋਵਾਂ ਟਰੇਨਾਂ ਵਿਚ ਕਰੀਬ 2500 ਮੁਸਾਫ਼ਰ ਸਵਾਰ ਸਨ ਜਿਨ੍ਹਾਂ ਵਿੱਚੋਂ 212 ਮਾਰੇ ਗਏ ਤੇ ਸੈਂਕੜੇ ਜ਼ਖ਼ਮੀ ਹੋ ਗਏ ਸਨ। ਹਾਦਸਾ ਐਨਾ ਜ਼ਬਰਦਸਤ ਸੀ ਕਿ ਸਿਆਲਦਾ ਦਾ ਇੰਜਨ ਟੀਨ ਦੇ ਡੱਬੇ ਵਾਂਗ ਮਰੁੰਡਿਆ ਗਿਆ ਸੀ ਤੇ ਡਰਾਈਵਰ ਦੀ ਲਾਸ਼ ਦੇ ਟੁਕੜੇ-ਟੁਕੜੇ ਹੋ ਗਏ ਸਨ। ਇਸ ਦਰਦਨਾਕ ਹਾਦਸੇ ਦਾ ਸਭ ਤੋਂ ਵਰਣਨਯੋਗ ਪੱਖ ਇਸ ਦੁੱਖ ਦੀ ਘੜੀ ਵਿਚ ਪੰਜਾਬੀਆਂ ਵੱਲੋਂ ਵਿਖਾਈ ਗਈ ਮਿਸਾਲੀ ਤੇ ਗਾਥਾਮਈ ਸੇਵਾ ਭਾਵਨਾ ਸੀ। ਹਾਦਸੇ ਵਾਲੀ ਜਗ੍ਹਾ ਖੇਤਾਂ ਵਿਚ ਹੋਣ ਕਾਰਨ ਬਿਜਲੀ ਦਾ ਕੋਈ ਪ੍ਰਬੰਧ ਨਹੀਂ ਸੀ। ਸਾਰੇ ਪਾਸੇ ਜ਼ਖ਼ਮੀਆਂ ਦਾ ਚੀਕ-ਚਿਹਾੜਾ ਪਿਆ ਹੋਇਆ ਸੀ ਤੇ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਪਰ ਖ਼ਬਰ ਫੈਲਦੇ ਸਾਰ ਦੂਰ-ਨੇੜੇ ਦੇ ਪਿੰਡਾਂ ਅਤੇ ਖੰਨੇ ਤੋਂ ਸੈਂਕੜੇ ਲੋਕ ਫੌਰਨ ਮਦਦ ਲਈ ਪਹੁੰਚ ਗਏ। ਰੋਸ਼ਨੀ ਦਾ ਪ੍ਰਬੰਧ ਕਰਨ ਲਈ ਕਿਸਾਨਾਂ ਨੇ ਹਾਦਸੇ ਵਾਲੀ ਥਾਂ ਦੇ ਦੋਵੇਂ ਪਾਸੇ ਦਰਜਨਾਂ ਟਰੈਕਟਰ ਖੜ੍ਹੇ ਕਰ ਦਿੱਤੇ ਤੇ ਉਨ੍ਹਾਂ ਦੀਆਂ ਲਾਈਟਾਂ ਜਗਾ ਕੇ ਦਿਨ ਚੜ੍ਹਾ ਦਿੱਤਾ।

ਕਿਸੇ ਨੇ ਡੀਜ਼ਲ ਦੀ ਪਰਵਾਹ ਨਾ ਕੀਤੀ ਤੇ ਨਾ ਹੀ ਪ੍ਰਸ਼ਾਸਨ ਕੋਲੋਂ ਮੰਗਿਆ। ਦਿਨ ਚੜ੍ਹਨ ਤੋਂ ਪਹਿਲਾਂ-ਪਹਿਲਾਂ ਦਾਨਵੀਰਾਂ ਨੇ ਸੈਂਕੜੇ ਸਟਰੈਚਰ, ਮੰਜੀਆਂ, ਕੰਬਲ ਅਤੇ ਦਵਾਈਆਂ-ਪੱਟੀਆਂ ਆਦਿ ਜ਼ਰੂਰੀ ਵਸਤਾਂ ਮੌਕੇ 'ਤੇ ਪਹੁੰਚਾ ਦਿੱਤੀਆਂ ਸਨ। ਕਿਸੇ ਵੀ ਵਸਤੂ ਲਈ ਅਧਿਕਾਰੀ ਇਕ ਆਵਾਜ਼ ਮਾਰਦੇ ਤਾਂ ਸੌ ਬੰਦਾ ਹਾਜ਼ਰ ਹੋ ਜਾਂਦਾ ਸੀ। ਸੈਂਕੜੇ ਲੋਕ ਸਰਕਾਰੀ ਹਸਪਤਾਲ ਵਿਚ ਖ਼ੂਨਦਾਨ ਕਰਨ ਲਈ ਪਹੁੰਚ ਗਏ ਸਨ। ਰਾਤ ਤੋਂ ਹੀ ਚਾਹ-ਪ੍ਰਸ਼ਾਦਿਆਂ ਦਾ ਲੰਗਰ ਚਾਲੂ ਹੋ ਗਿਆ ਸੀ ਤੇ ਲੋਕਾਂ ਨੇ ਪੀੜਤਾਂ ਦੇ ਵਾਰਸਾਂ ਦੇ ਰਹਿਣ ਦਾ ਪ੍ਰਬੰਧ ਕਰਨ ਲਈ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ। ਜਦੋਂ ਦਿੱਲੀ ਤੋਂ ਰੇਲਵੇ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਲੋਕਾਂ ਵੱਲੋਂ ਕੀਤੇ ਪ੍ਰਬੰਧ ਵੇਖ ਕੇ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ। ਇਕ ਅਫ਼ਸਰ ਨੇ ਦੱਸਿਆ ਕਿ ਕਈ ਸੂਬੇ ਤਾਂ ਅਜਿਹੇ ਹਨ ਜਿੱਥੇ ਜੇ ਐਕਸੀਡੈਂਟ ਹੋ ਜਾਵੇ ਤਾਂ ਲੋਕ ਮਦਦ ਕਰਨ ਦੀ ਬਜਾਏ ਮ੍ਰਿਤਕਾਂ ਅਤੇ ਜ਼ਖ਼ਮੀਆਂ ਦਾ ਸਾਮਾਨ ਲੁੱਟਣਾ ਸ਼ੁਰੂ ਕਰ ਦੇਂਦੇ ਹਨ।

ਕਾਨੂੰਨੀ ਕਾਰਵਾਈ ਕਰਨ ਤੋਂ ਬਾਅਦ ਸਭ ਤੋਂ ਵੱਡੀ ਮੁਸ਼ਕਲ ਲਾਸ਼ਾਂ ਨੂੰ ਉਨ੍ਹਾਂ ਦੇ ਪਤੇ-ਟਿਕਾਣਿਆਂ 'ਤੇ ਪਹੁੰਚਾਉਣ ਵਿਚ ਆਈ ਸੀ। ਮ੍ਰਿਤਕਾਂ ਦੇ ਸਾਰੇ ਵਾਰਸ ਐਨੇ ਅਮੀਰ ਨਹੀਂ ਸਨ ਕਿ ਦਿੱਲੀ ਦੱਖਣ ਤਕ ਕਿਰਾਏ ਦੀਆਂ ਗੱਡੀਆਂ ਕਰ ਸਕਦੇ। ਇੱਥੇ ਫਿਰ ਪੰਜਾਬੀਆਂ ਦੀ ਭਾਈ ਘਨ੍ਹੱਈਆ ਜੀ ਵਾਲੀ ਸੇਵਾ ਭਾਵਨਾ ਸਾਹਮਣੇ ਆਈ। ਖੰਨੇ ਦੇ ਦਾਨੀਆਂ ਨੇ ਭਾਰਤ ਦੇ ਹਰ ਕੋਨੇ ਵਿਚ ਲਾਸ਼ਾਂ ਪਹੁੰਚਾਉਣ ਲਈ ਆਪਣੇ ਖ਼ਰਚੇ 'ਤੇ ਟੈਕਸੀਆਂ ਕਰ ਕੇ ਦਿੱਤੀਆਂ ਤੇ ਗ਼ਰੀਬ ਵਾਰਸਾਂ ਨੂੰ ਰਸਤੇ ਦੇ ਖ਼ਰਚੇ ਵਾਸਤੇ ਪੈਸੇ ਵੀ ਦਿੱਤੇ।

ਇਸ ਦੌਰਾਨ ਇਕ ਬੇਹੱਦ ਘਟੀਆ ਹਰਕਤ ਵੀ ਵਾਪਰੀ ਸੀ। ਜਦੋਂ ਸਾਰੇ ਲੋਕ ਨਿਰਸਵਾਰਥ ਭਾਵਨਾ ਨਾਲ ਬਚਾਅ ਕਾਰਜਾਂ ਵਿਚ ਲੱਗੇ ਹੋਏ ਸਨ ਤਾਂ ਇਕ ਸਰਕਾਰੀ ਕਰਮਚਾਰੀ ਮ੍ਰਿਤਕਾਂ ਦੇ ਗਹਿਣੇ ਅਤੇ ਪੈਸੇ ਚੋਰੀ ਕਰਦਾ ਹੋਇਆ ਰੈੱਡ ਕਰਾਸ ਵਾਲਿਆਂ ਨੇ ਰੰਗੇ ਹੱਥੀਂ ਪਕੜ ਲਿਆ। ਉਸ ਦੀ ਘਟੀਆ ਹਰਕਤ ਕਾਰਨ ਲੋਕਾਂ ਨੇ ਉਸ ਨੂੰ ਰੱਜ ਕੇ ਲਾਹਨਤਾਂ ਪਾਈਆਂ ਤੇ ਕੁੱਟਮਾਰ ਕਰ ਕੇ ਉੱਥੋਂ ਭਜਾ ਦਿੱਤਾ। ਹੁਣ ਵੀ ਜਦੋਂ ਕਿਸੇ ਰੇਲ ਹਾਦਸੇ ਦੀ ਖ਼ਬਰ ਆਉਂਦੀ ਹੈ ਤਾਂ ਮਨ ਉਦਾਸ ਹੋ ਜਾਂਦਾ ਹੈ। ਇਨਸਾਨੀ ਗ਼ਲਤੀ ਤੇ ਅਣਗਹਿਲੀ ਕਾਰਨ ਪੂਰੇ ਦੇ ਪੂਰੇ ਪਰਿਵਾਰ ਖ਼ਤਮ ਹੋ ਜਾਂਦੇ ਹਨ। ਪਰ ਵਾਰ-ਵਾਰ ਹੋ ਰਹੇ ਹਾਦਸਿਆਂ ਦੇ ਬਾਵਜੂਦ ਪਹਿਲਾਂ ਵਾਲੀਆਂ ਗ਼ਲਤੀਆਂ ਸੁਧਾਰੀਆਂ ਨਹੀਂ ਜਾ ਰਹੀਆਂ। ਹਾਦਸਿਆਂ ਤੋਂ ਬਾਅਦ ਕੀਤੀਆਂ ਪੜਤਾਲਾਂ ਵਿਚ ਭ੍ਰਿਸ਼ਟ, ਨਾਅਹਿਲ ਅਤੇ ਕੰਮਚੋਰ ਸਰਕਾਰੀ ਅਧਿਕਾਰੀਆਂ ਦੀਆਂ ਗ਼ਲਤੀਆਂ ਸਾਹਮਣੇ ਆਉਂਦੀਆਂ ਹਨ। ਪਰ ਕੀ ਫ਼ਾਇਦਾ, ਮਰਨ ਵਾਲੇ ਤਾਂ ਵਾਪਸ ਨਹੀਂ ਆਉਣੇ। ਇਸ ਲਈ ਚਾਹੀਦਾ ਹੈ ਕਿ ਹਰ ਪੱਧਰ 'ਤੇ ਰੇਲਵੇ ਸਿਸਟਮ ਵਿਚ ਸੁਧਾਰ ਲਿਆਂਦਾ ਜਾਵੇ ਤਾਂ ਜੋ ਅੱਗੇ ਤੋਂ ਅਜਿਹੇ ਹਾਦਸੇ ਨਾ ਵਾਪਰਨ। ਕਿਸੇ ਮੰਤਰੀ ਜਾਂ ਉੱਚ ਅਧਿਕਾਰੀ ਦੇ ਅਸਤੀਫ਼ਾ ਦੇਣ ਜਾਂ ਬਰਖ਼ਾਸਤ ਕਰਨ ਨਾਲ ਕੋਈ ਫ਼ਰਕ ਨਹੀਂ ਪੈਣਾ।

-ਬਲਰਾਜ ਸਿੰਘ ਸਿੱਧੂ

# ਭਾਰਤ-ਅਮਰੀਕਾ ਦੀ ਦੋਸਤੀ ਦਾ ਨਵਾਂ ਦੌਰ

-ਹਰਸ਼ .ਵੀ. ਪੰਤ



ਇਸ ਮਹੀਨੇ ਅਮਰੀਕਾ ਜਾ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੌਰੇ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚ ਖ਼ਾਸਾ ਉਤਸ਼ਾਹ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਬੀਤੇ ਦਿਨੀਂ ਜਾਪਾਨ ਵਿਚ ਜੀ-7 ਸੰਮੇਲਨ ਦੌਰਾਨ ਮੋਦੀ ਦੇ ਦੌਰੇ ਨੂੰ ਲੈ ਕੇ ਆਪਣੀ ਉਤਸੁਕਤਾ ਜ਼ਾਹਰ ਕਰ ਚੁੱਕੇ ਹਨ। ਅਮਰੀਕੀ ਦੌਰੇ 'ਤੇ ਮੋਦੀ ਕਈ ਮੁੱਖ ਪ੍ਰੋਗਰਾਮਾਂ ਵਿਚ ਸ਼ਾਮਲ ਹੋਣਗੇ ਅਤੇ ਮਹੱਤਵਪੂਰਨ ਦੁਪਾਸੜ ਸਮਝੌਤਿਆਂ ਨੂੰ ਅੰਤਿਮ ਰੂਪ ਦੇਣਗੇ।

ਇਸ ਦੌਰਾਨ ਮੋਦੀ ਅਮਰੀਕੀ ਸੰਸਦ ਅਰਥਾਤ ਕਾਂਗਰਸ ਨੂੰ ਦੋ ਵਾਰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣ ਜਾਣਗੇ। ਇਹ ਸਭ ਭਾਰਤ-ਅਮਰੀਕਾ ਰਿਸ਼ਤਿਆਂ ਵਿਚ ਨਿਰੰਤਰ ਵਧ ਰਹੇ ਨਿੱਘ ਅਤੇ ਗਰਮਜੋਸ਼ੀ ਦਾ ਸੰਕੇਤ ਹੈ। ਵਿਸ਼ਵ ਦੇ ਸਭ ਤੋਂ ਪੁਰਾਣੇ ਅਤੇ ਸਭ ਤੋਂ ਵਿਸ਼ਾਲ ਲੋਕਤੰਤਰੀ ਦੇਸ਼ਾਂ ਵਿਚਾਲੇ ਵਧਦੀ ਨਜ਼ਦੀਕੀ ਤੇਜ਼ੀ ਨਾਲ ਬਦਲ ਰਹੇ ਆਲਮੀ ਢਾਂਚੇ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਵ੍ਹਾਈਟ ਹਾਊਸ ਨੇ ਭਾਰਤੀ ਲੋਕਤੰਤਰ ਦੇ ਜੀਵਤ ਹੋਣ ਅਤੇ ਗਤੀਸ਼ੀਲਤਾ ਦੀ ਮਿਸਾਲ ਦਿੱਤੀ ਹੈ ਕਿ ਸੰਸਾਰ ਭਾਰਤ ਤੋਂ ਸਿੱਖੇ ਕਿ ਲੋਕਤੰਤਰ ਨੂੰ ਕਿਵੇਂ ਸੰਚਾਲਿਤ ਕੀਤਾ ਜਾਂਦਾ ਹੈ। ਵ੍ਹਾਈਟ ਹਾਊਸ ਦੀ ਇਹ ਟਿੱਪਣੀ ਕੁਝ ਧਿਰਾਂ ਦੁਆਰਾ ਭਾਰਤੀ ਲੋਕਤੰਤਰ ਨੂੰ ਬਦਨਾਮ ਕਰਨ ਵਾਲਿਆਂ ਅਤੇ ਅਮਰੀਕਾ ਵਿਚ ਉਸ ਨੂੰ ਗ਼ਲਤ ਸਰੂਪ ਵਿਚ ਪੇਸ਼ ਕਰਨ ਵਾਲੇ ਅਨਸਰਾਂ ਨੂੰ ਸ਼ੀਸ਼ਾ ਦਿਖਾਉਣ ਵਾਲੀ ਹੈ। ਅਤੀਤ ਵਿਚ ਦੋਵਾਂ ਦੇਸ਼ਾਂ ਵਿਚਾਲੇ ਰਿਸ਼ਤਿਆਂ ਵਿਚ ਅੜਿੱਕਾ ਬਣਨ ਵਾਲੀ ਝਿਜਕ ਵੀ ਹੁਣ ਬੀਤੇ ਦੀ ਗੱਲ ਹੋ ਗਈ ਹੈ। ਓਥੇ ਹੀ ਪਾਕਿਸਤਾਨ ਵਰਗੇ ਪਹਿਲੂਆਂ ਨੇ ਵੀ ਭਾਰਤ-ਅਮਰੀਕੀ ਰਿਸ਼ਤਿਆਂ ਦੀ ਪ੍ਰਕਿਰਤੀ ਨੂੰ ਪ੍ਰਭਾਵਿਤ ਕਰਨਾ ਬੰਦ ਕਰ ਦਿੱਤਾ ਹੈ ਕਿਉਂਕਿ ਵਰਤਮਾਨ ਸਥਿਤੀ ਵਿਚ ਪਾਕਿਸਤਾਨ ਖ਼ੁਦ ਆਪਣੀ ਹੋਂਦ ਬਚਾਉਣ ਲਈ ਜੂਝ ਰਿਹਾ ਹੈ ਅਤੇ ਉਹ ਵਾਸ਼ਿੰਗਟਨ ਵਿਚ ਬੈਠੇ ਅਮਰੀਕੀ ਨੀਤੀ ਘਾੜਿਆਂ ਨਾਲ ਕਿਸੇ ਵੀ ਤਰ੍ਹਾਂ ਦੀ ਸੌਦੇਬਾਜ਼ੀ ਕਰਨ ਦੀ ਹਾਲਤ ਵਿਚ ਨਹੀਂ ਹੈ। ਓਥੇ ਹੀ ਚੀਨ ਦੀ ਉੱਭਰਦੀ ਤਾਕਤ ਦੇ ਜਵਾਬ ਵਿਚ ਅਮਰੀਕਾ ਨੂੰ ਵੀ ਭਾਰਤ ਵਰਗੇ ਜੋਟੀਦਾਰ ਦੀ ਕਿਤੇ ਜ਼ਿਆਦਾ ਜ਼ਰੂਰਤ ਹੈ। ਅਮਰੀਕਾ ਸ਼ੁਰੂ ਤੋਂ ਹੀ ਚੀਨ ਦੀ ਵਿਸਥਾਰਵਾਦੀ ਨੀਤੀ ਦੇ ਉਲਟ ਰਿਹਾ ਹੈ। ਚੀਨ ਨੇ ਪਾਕਿਸਤਾਨ ਤੋਂ ਇਲਾਵਾ ਆਪਣੇ ਨਾਲ ਲੱਗਦੇ ਕੁਝ ਦੇਸ਼ਾਂ ਸਮੇਤ ਹੋਰ ਵੀ ਕਈ ਮੁਲਕਾਂ ਨੂੰ ਭਾਰੀ ਕਰਜ਼ੇ ਦੇ ਕੇ ਆਪਣੇ 'ਆਰਥਿਕ ਗ਼ੁਲਾਮ' ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ-ਅਮਰੀਕਾ ਦੀ ਨੇੜਤਾ ਚੀਨ ਦੇ ਵਧਦੇ ਗਲਬੇ ਨੂੰ ਰੋਕਣ ਵਿਚ ਸਹਾਈ ਸਿੱਧ ਹੋ ਸਕਦੀ ਹੈ। ਇਹੀ ਕਾਰਨ ਹੈ ਕਿ ਅਮਰੀਕੀ ਸੰਸਦ ਨੇ ਇਕ ਸੰਕਲਪ ਪਾਸ ਕਰ ਕੇ ਭਾਰਤ ਨੂੰ 'ਨਾਟੋ ਪਲੱਸ' ਦਾ ਮੈਂਬਰ ਬਣਾਉਣ ਦੀ ਪੇਸ਼ਕਸ਼ ਕੀਤੀ ਹੈ।

ਅਮਰੀਕਾ ਚਾਹੁੰਦਾ ਹੈ ਕਿ ਉਹ ਹਰ ਹਾਲਤ ਵਿਚ ਚੀਨ ਦੇ ਵਧਦੇ ਕਦਮਾਂ ਨੂੰ ਰੋਕੇ। ਚੀਨ ਦਾ ਵਿਸਥਾਰਵਾਦੀ ਰੁਖ਼ ਤੇ ਤੇਜ਼ੀ ਨਾਲ ਆਰਥਿਕ ਪੱਖੋਂ ਵੱਡੀ ਤਾਕਤ ਬਣਨ ਵੱਲ ਉਸ ਦੇ ਵਧ ਰਹੇ ਕਦਮ ਅਮਰੀਕਾ ਦੀ ਸਿਰਦਰਦੀ ਵਧਾ ਰਹੇ ਹਨ। ਚੀਨ ਦੀਆਂ ਫ਼ੌਜੀ ਸਰਗਰਮੀਆਂ ਤੋਂ ਅਮਰੀਕਾ ਦੇ ਮਿੱਤਰ ਮੁਲਕ ਜਿਵੇਂ ਕਿ ਜਾਪਾਨ, ਦੱਖਣੀ ਕੋਰੀਆ, ਤਾਇਵਾਨ ਤੇ ਆਸਟ ?ਰੇਲੀਆ ਡਾਹਢੇ ਪਰੇਸ਼ਾਨ ਹਨ। ਦੂਜੇ ਪਾਸੇ ਭਾਰਤ ਵੀ ਸਰਹੱਦ 'ਤੇ ਚੀਨ ਦੇ ਹਮਲਾਵਰ ਰੌਂਅ ਦਾ ਸੇਕ ਝੱਲ ਰਿਹਾ ਹੈ। ਅਜਿਹੇ ਵਿਚ ਅਮਰੀਕਾ ਲਈ ਭਾਰਤ ਇਕ ਭਰੋਸੇਯੋਗ ਤੇ ਮਜ਼ਬੂਤ ਸਹਿਯੋਗੀ ਸਿੱਧ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਅਮਰੀਕਾ ਭਾਰਤ ਨਾਲ ਆਪਣੇ ਰਿਸ਼ਤੇ ਹੋਰ ਮਜ਼ਬੂਤ ਬਣਾਉਣੇ ਚਾਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਵਿਚ ਅਮਰੀਕਾ ਨਾਲ ਭਾਰਤ ਦੇ ਸਬੰਧ ਇਕ ਨਵੇਂ ਦੌਰ ਵਿਚ ਦਾਖ਼ਲ ਹੋਏ। ਇਸ ਵਿਚ ਮੋਦੀ ਦੀ ਨਿੱਜੀ ਸਰਗਰਮੀ ਅਤੇ ਸੋਝੀ ਨੇ ਮਹੱਤਵਪੂਰਨ ਭੂਮਿਕਾ ਨਿਭਾ ਕੇ ਭਾਰਤ ਦੇ ਫ਼ੌਜੀ, ਕੂਟਨੀਤਕ ਅਤੇ ਵਪਾਰਕ ਹਿੱਤਾਂ ਨੂੰ ਪੋਸ਼ਿਤ ਕੀਤਾ ਹੈ। ਉਨ੍ਹਾਂ ਨੇ ਦੁਵੱਲੇ ਰਿਸ਼ਤਿਆਂ ਵਿਚ ਭਰੋਸੇ ਦੀ ਅਜਿਹੀ ਢਾਲ ਬਣਾਈ ਜਿਸ ਨੇ ਯੂਕਰੇਨ ਜੰਗ ਦੀ ਤਪਸ਼ ਵਿਚ ਵੀ ਭਾਰਤ ਦੇ ਹਿੱਤਾਂ ਨੂੰ ਸੇਕ ਨਹੀਂ ਲੱਗਣ ਦਿੱਤਾ। ਯੂਕਰੇਨ ਜੰਗ ਨੂੰ ਲੈ ਕੇ ਪੱਛਮ ਖ਼ਾਸ ਤੌਰ 'ਤੇ ਅਮਰੀਕਾ ਦਾ ਕਾਫ਼ੀ ਕੁਝ ਦਾਅ 'ਤੇ ਲੱਗਾ ਹੋਇਆ ਹੈ ਪਰ ਉਸ ਦੇ ਬਾਵਜੂਦ ਰੂਸ ਦੇ ਮਾਮਲੇ ਵਿਚ ਭਾਰਤ ਵਾਸ਼ਿੰਗਟਨ ਤੋਂ ਜ਼ਰੂਰੀ ਢਿੱਲ ਹਾਸਲ ਕਰਨ ਵਿਚ ਕਾਮਯਾਬ ਰਿਹਾ। ਆਲਮੀ ਢਾਂਚੇ ਨੂੰ ਹਿਲਾ ਦੇਣ ਅਤੇ ਸੰਸਾਰ ਨੂੰ ਧਰੁਵੀਕ੍ਰਿਤ ਕਰ ਦੇਣ ਵਾਲੀ ਇਸ ਜੰਗ ਵਿਚ ਭਾਰਤ ਸਾਰੇ ਖੇਮਿਆਂ ਨਾਲ ਸਹਿਜ ਰਿਹਾ ਹੈ।

ਇਸ ਲਈ ਵਿਵਹਾਰਕਤਾ ਦੀ ਕਸੌਟੀ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਗੂੜ੍ਹਾ ਬਣਾ ਰਹੀ ਹੈ। ਦੋਵੇਂ ਇਕ-ਦੂਜੇ ਨੂੰ ਮਹੱਤਵਪੂਰਨ ਮੰਨ ਰਹੇ ਹਨ। ਜਿੱਥੇ ਚੀਨ ਦੇ ਵਧ ਰਹੇ ਹਮਲਾਵਰ ਰੁਖ਼ ਅਤੇ ਜਲਦ ਤੋਂ ਜਲਦ ਮਹਾ-ਸ਼ਕਤੀ ਬਣਨ ਦੀ ਖ਼ਾਹਿਸ਼ ਅਮਰੀਕਾ ਦੀ ਚਿੰਤਾ ਵਧਾ ਰਹੀ ਹੈ ਅਤੇ ਉਸ ਚਿੰਤਾ ਦੇ ਹੱਲ ਵਿਚ ਉਸ ਨੂੰ ਭਾਰਤ ਇਕ ਅਹਿਮ ਭਾਈਵਾਲ ਦਿਸ ਰਿਹਾ ਹੈ, ਓਥੇ ਹੀ ਭਾਰਤ ਵੀ ਆਤਮ-ਨਿਰਭਰ ਬਣਨ ਲਈ ਅਮਰੀਕੀ ਮਦਦ ਵੱਲ ਉਮੀਦ ਲਗਾਈ ਬੈਠਾ ਹੈ।

ਰੱਖਿਆ ਸਹਿਯੋਗ ਅਤੇ ਆਰਥਿਕ ਤਰੱਕੀ ਦਾ ਆਧਾਰ ਭਾਰਤ-ਅਮਰੀਕਾ ਸਬੰਧਾਂ ਦੀ ਦਿਸ਼ਾ ਨਿਰਧਾਰਤ ਕਰਨ ਵਿਚ ਫ਼ੈਸਲਾਕੁੰਨ ਪਹਿਲੂਆਂ ਦੀ ਭੂਮਿਕਾ ਨਿਭਾ ਰਹੇ ਹਨ। ਅਮਰੀਕੀ ਰੱਖਿਆ ਮੰਤਰੀ ਲਾਇਡ ਆਸਟਿਨ ਦਾ ਹਾਲੀਆ ਭਾਰਤ ਦੌਰਾ ਇਸ ਨੂੰ ਮੁੜ ਰੇਖਾਂਕਿਤ ਕਰਨ ਵਾਲਾ ਰਿਹਾ। ਆਸਟਿਨ ਦਾ ਇਹ ਦੌਰਾ ਇਕ ਤਰ੍ਹਾਂ ਨਾਲ ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੌਰੇ ਦਾ ਮੁੱਢ ਬੰਨ੍ਹਣ ਵਾਲਾ ਸਿੱਧ ਹੋਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਲਮੀ ਵਿਨਿਰਮਾਣ ਮਹਾ-ਸ਼ਕਤੀ ਬਣਨ ਅਤੇ 'ਮੇਕ ਇਨ ਇੰਡੀਆ' ਵਰਗੀ ਆਪਣੀ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਭਾਰਤ ਨੂੰ ਅਮਰੀਕੀ ਆਰਥਿਕ ਅਤੇ ਤਕਨੀਕੀ ਸਹਿਯੋਗ ਦੀ ਜ਼ਰੂਰਤ ਹੈ। ਆਤਮ-ਨਿਰਭਰ ਭਾਰਤ ਦੀ ਧਾਰਨਾ ਨੂੰ ਸਾਕਾਰ ਰੂਪ ਦੇਣ ਲਈ ਵੀ ਅਮਰੀਕੀ ਸਹਿਯੋਗ ਮਹੱਤਵਪੂਰਨ ਹੈ। ਆਰਥਿਕ ਮੁਹਾਜ਼ ਤੋਂ ਇਲਾਵਾ ਰੱਖਿਆ ਖੇਤਰ ਵਿਚ ਵੀ ਅਮਰੀਕਾ ਦਾ ਸਾਥ ਭਾਰਤ ਲਈ ਓਨਾ ਹੀ ਜ਼ਰੂਰੀ ਹੈ।

ਨਾ ਸਿਰਫ਼ ਘਰੇਲੂ ਰੱਖਿਆ ਉਤਪਾਦਨ ਬਲਕਿ ਹਿੰਦ-ਪ੍ਰਸ਼ਾਂਤ ਖੇਤਰ ਤੋਂ ਲੈ ਕੇ ਹਿਮਾਲਿਅਨ ਮੁਹਾਜ਼ 'ਤੇ ਚੀਨੀ ਹਮਲਾਵਰ ਰੁਖ਼ ਨਾਲ ਸਿੱਝਣ ਲਈ ਭਾਰਤ ਨੂੰ ਅਮਰੀਕਾ ਦੀ ਜ਼ਰੂਰਤ ਹੈ ਤਾਂ ਚੀਨ ਦੀ ਕਾਟ ਲਈ ਅਮਰੀਕਾ ਨੂੰ ਭਾਰਤ ਦੀ। ਚੀਨ ਦੇ ਆਕੀਪੁਣੇ ਦੇ ਸ਼ਿਕਾਰ ਜਾਪਾਨ, ਤਾਇਵਾਨ ਅਤੇ ਆਸਟਰੇਲੀਆ ਵਰਗੇ ਆਪਣੇ ਰਣਨੀਤਕ ਸਹਿਯੋਗੀਆਂ ਵਿਚਾਲੇ ਆਪਣੀ ਸਾਖ਼ ਨੂੰ ਬਰਕਰਾਰ ਰੱਖਣ ਲਈ ਅਮਰੀਕਾ ਵਾਸਤੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਚੀਨ ਵਿਰੁੱਧ ਇਕ ਭਰੋਸੇਯੋਗ ਸਾਥੀ ਦੇ ਰੂਪ ਵਿਚ ਦਿਸੇ। ਇਸ ਵਿਚ ਡੋਕਲਾਮ ਤੋਂ ਲੈ ਕੇ ਲੱਦਾਖ ਵਿਚ ਚੀਨ ਦੇ ਸਾਹਮਣੇ ਮਜ਼ਬੂਤੀ ਨਾਲ ਅੜਿਆ ਰਿਹਾ ਭਾਰਤ ਉਸ ਵਾਸਤੇ ਬਹੁਤ ਲਾਹੇਵੰਦ ਸਿੱਧ ਹੋ ਸਕਦਾ ਹੈ। ਭਾਰਤ ਤੇ ਅਮਰੀਕਾ ਦੀ ਸਾਂਝੇਦਾਰੀ ਅਤੇ ਚੀਨ ਵਿਰੁੱਧ ਮੋਰਚਾਬੰਦੀ ਹੁਣ ਦੁਵੱਲੇ ਘੇਰੇ ਤੋਂ ਬਾਹਰ ਨਿਕਲ ਕੇ ਬਹੁ-ਪੱਖੀ ਪੱਧਰ 'ਤੇ ਵੀ ਅਸਰ ਦਿਖਾ ਰਹੀ ਹੈ। ਕਵਾਡ ਤੋਂ ਲੈ ਕੇ ਆਈਟੂ-ਯੂਟੂ ਵਰਗੇ ਮੰਚ ਇਸ ਦੇ ਪ੍ਰਤੱਖ ਪ੍ਰਮਾਣ ਹਨ। ਇਨ੍ਹਾਂ ਕੂਟਨੀਤਕ ਮੰਚਾਂ ਤੋਂ ਅਮਰੀਕਾ ਭਾਰਤ ਦੀਆਂ ਰੱਖਿਆ ਜ਼ਰੂਰਤਾਂ ਦੀ ਸੰਵੇਦਨਸ਼ੀਲਤਾ ਨੂੰ ਵੀ ਬਾਖ਼ੂਬੀ ਸਮਝ ਰਿਹਾ ਹੈ। ਉਹ ਇਸ ਤੋਂ ਅਣਭਿੱਜ ਨਹੀਂ ਹੋ ਸਕਦਾ ਕਿ ਆਪਣੀ ਰੱਖਿਆ ਸਪਲਾਈ ਲਈ ਰੂਸ 'ਤੇ ਨਿਰਭਰਤਾ ਨੇ ਯੂਕਰੇਨ ਜੰਗ ਨੂੰ ਲੈ ਕੇ ਭਾਰਤ ਦੇ ਰੁਖ਼ ਨੂੰ ਪ੍ਰਭਾਵਿਤ ਕੀਤਾ।

ਓਥੇ ਹੀ ਭਾਰਤ ਵੀ ਇਸ ਦੀ ਅਣਦੇਖੀ ਨਹੀਂ ਕਰ ਸਕਦਾ ਕਿ ਰੂਸੀ ਤਕਨੀਕ ਸਮੇਂ ਦੀ ਕਸੌਟੀ 'ਤੇ ਸਵਾਲਾਂ ਦੇ ਘੇਰੇ ਵਿਚ ਹੈ। ਇਸੇ ਲਈ ਉਹ ਵੀ ਅਮਰੀਕਾ, ਫਰਾਂਸ ਅਤੇ ਇਜ਼ਰਾਈਲ ਵਰਗੇ ਫ਼ੌਜੀ ਜੋਟੀਦਾਰਾਂ ਨਾਲ ਸੰਭਾਵਨਾਵਾਂ ਤਲਾਸ਼ ਰਿਹਾ ਹੈ। ਇਸੇ ਸਾਲ ਜਨਵਰੀ ਵਿਚ ਅਮਰੀਕਾ ਨੇ ਮਹੱਤਵਪੂਰਨ (ਕ੍ਰਿਟੀਕਲ) ਅਤੇ ਉੱਭਰਦੀਆਂ ਹੋਈਆਂ ਤਕਨੀਕਾਂ ਦੇ ਮੁਹਾਜ਼ 'ਤੇ ਭਾਰਤ ਨਾਲ ਸਹਿਯੋਗ ਵਧਾਉਣ 'ਤੇ ਸਹਿਮਤੀ ਪ੍ਰਗਟਾਈ। ਇਸ ਦੇ ਨਾਲ ਹੀ ਦੋਵੇਂ ਦੇਸ਼ ਰੱਖਿਆ ਸਹਿਯੋਗ ਵਿਚ ਸਾਂਝਾ-ਵਿਕਾਸ ਅਤੇ ਸਾਂਝਾ ਉਤਪਾਦਨ ਦੀ ਦਿਸ਼ਾ ਵਿਚ ਵੀ ਅੱਗੇ ਵਧ ਰਹੇ ਹਨ। ਇਸ ਦੀ ਪੁਸ਼ਟੀ ਆਸਟਿਨ ਦੇ ਦੌਰੇ ਤੋਂ ਵੀ ਹੋਈ ਜਿਸ ਦੌਰਾਨ ਭਵਿੱਖ ਵਿਚ ਰੱਖਿਆ ਉਤਪਾਦਨ ਦੀ ਅਤਿ-ਆਧੁਨਿਕ ਤਕਨੀਕ ਦੇ ਜਲਦ ਤਬਾਦਲੇ ਦੇ ਨਾਲ ਹੀ ਸੁਰੱਖਿਆ ਬਲਾਂ ਦੀ ਜ਼ਰੂਰਤ ਅਨੁਸਾਰ ਹਥਿਆਰਾਂ ਦੇ ਨਿਰਮਾਣ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਗਿਆ।

ਮੰਨਿਆ ਜਾ ਰਿਹਾ ਹੈ ਕਿ ਇਸੇ ਸਿਲਸਿਲੇ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕੀ ਦੌਰੇ 'ਤੇ ਜੰਗੀ ਜਹਾਜ਼ਾਂ ਵਿਚ ਇਸਤੇਮਾਲ ਹੋਣ ਵਾਲੇ ਇੰਜਨਾਂ ਦੇ ਭਾਰਤ ਵਿਚ ਨਿਰਮਾਣ ਲਈ ਅਮਰੀਕੀ ਕੰਪਨੀ ਜਨਰਲ ਇਲੈਕਟ੍ਰਿਕ ਅਤੇ ਦੇਸੀ ਦਿੱਗਜ ਹਿੰਦੁਸਤਾਨ ਏਅਰੋਨੌਟਿਕਸ ਲਿਮਟਿਡ ਵਿਚਾਲੇ ਸਮਝੌਤੇ ਨੂੰ ਹਰੀ ਝੰਡੀ ਦਿਖਾਈ ਜਾ ਸਕਦੀ ਹੈ। ਆਸਟਿਨ ਦਾ ਇਹ ਬਿਆਨ ਕਿ ਭਾਰਤ ਨਾਲ ਰੱਖਿਆ ਸਹਿਯੋਗ ਵਿਚ ਕਈ ਚੁਣੌਤੀਆਂ ਹਨ ਪਰ ਉਸ ਤੋਂ ਕਿਤੇ ਜ਼ਿਆਦਾ ਮੌਕੇ ਹਨ, ਵੀ ਕਾਫ਼ੀ ਕੁਝ ਕਹਿੰਦਾ ਹੈ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**




### ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਨਵਜੀਵਨ ਹੋਂਦ ਵਿਚ ਆ ਕੇ ਵਿਗਸਦਾ ਵੱਧਦਾ ਜਵਾਨੀ ਦੇ ਦੌਰ ਵਿੱਚ ਦਾਖਲ ਹੋਇਆ। ਸ਼ੁਰੂ ਤੋਂ ਲੈਕੇ ਜਵਾਨੀ ਵਿੱਚ ਦਾਖਲ ਹੁੰਦਿਆਂ ਤੱਕ ਬਹੁਤ ਸਾਰੀਆਂ ਦੁਸ਼ਵਾਰੀਆਂ ਬਹੁਤ ਸਾਰੀਆਂ ਬਿਮਾਰੀਆਂ ਦਾ ਇਸ ਨੇ ਸਾਹਮਣਾ ਕੀਤਾ ਹੈ।
ਜਵਾਨੀ ਵਿੱਚ ਦਾਖਲ ਹੋਣ ਸਮੇਂ ਅਸਾਂ ਇਸ ਗੱਲ ਨੂੰ ਯਕੀਨੀ ਮੰਨ ਲਿਆ ਸੀ ਕਿ ਹੁਣ ਮਰਦ ਸਰੀਰ ਦਾ ਜੀਵਨ ਮਰਦ ਦਾ ਹੀ ਜੀਵਨ ਹੈ ਤੇ ਔਰਤ ਸਰੀਰ ਦਾ ਜੀਵਨ ਔਰਤ ਦਾ ਹੀ ਜੀਵਨ ਹੈ ਕਿਉਂਕਿ ਇਸ ਤੋਂ ਬਹੁਤ ਪਹਿਲਾਂ ਬਹੁਤ ਸਾਰੀਆਂ ਤਬਦੀਲੀਆਂ ਤੇ ਬਦਲਾਵ ਦੋਹਾਂ ਹੀ ਸਰੀਰਾਂ ਯਾਨੀ ਆਦਮੀ ਤੇ ਔਰਤ ਦੇ ਸਰੀਰਾਂ ਵਿੱਚ ਅਤੇ ਦੋਹਾਂ ਹੀ ਸਰੀਰਾਂ ਦੀ ਮਾਨਸਿਕਤਾ ਵਿਚ ਅਸਾਂ ਹੁੰਦੇ ਵੇਖੇ ਹਨ। ਪਰ ਜੀਵਨ ਹਰ ਹਾਲਾਤ ਦਾ ਸਾਹਮਣਾ ਕਰਦਾ ਆਇਆ ਹੈ ਤੇ ਹੁਣ ਤੱਕ ਇਕ ਸਥਿਰਤਾ ਵਿੱਚ ਆਕੇ ਜੀਵਨ ਅੱਗੇ ਤੁਰਨ ਲੱਗਿਆ ਸੀ ਪਰ ਇਸ ਹਾਲਾਤ ਵਿੱਚ ਜੀਵਨ ਨੂੰ ਅਸਾਂ ਰਲਗਡ ਨਹੀਂ ਇਕ ਵੱਖਰੇ ਤੌਰ 'ਤੇ ਪਛਾਣ ਵਾਲਾ ਜੀਵਨ ਮੰਨ ਕੇ ਚੱਲਣ ਲੱਗੇ ਸਾਂ ਤੇ ਇਹ ਉਹ ਮੋੜ ਸੀ ਜੀਵਨ ਦਾ ਜਿਸ ਵਿੱਚ ਦੁਸ਼ਵਾਰੀਆਂ ਤੇ ਬਿਮਾਰੀਆਂ ਮਰਦ ਤੇ ਔਰਤ ਸਰੀਰ ਦੀਆਂ ਵੱਖ-ਵੱਖ ਹੋ ਗਈਆਂ ਸਨ। ਭਾਵ ਮਰਦ ਸਰੀਰ ਨੂੰ ਦਰਪੇਸ਼ ਬਿਮਾਰੀਆਂ ਤੇ ਬਣਤਰ ਦੀਆਂ ਕਮੀਆਂ ਪੇਸ਼ੀਆਂ ਔਰਤ ਸਰੀਰ ਨਾਲੋਂ ਵੱਖ-ਵੱਖ ਹੋ ਗਈਆ ਸਨ। ਹੁਣ ਤੱਕ ਅਸੀਂ ਔਰਤ ਜੀਵਨ ਨਾਲੋਂ ਵੱਖਰੀਆਂ ਮਰਦ ਜੀਵਨ ਦੀਆਂ ਬਣਤਰ ਦੀਆਂ ਕਮੀਆਂ ਪੇਸੀਆਂ ਤੇ ਮਰਦ ਜੀਵਨ ਨਾਲੋਂ ਵੱਖਰੀਆਂ ਔਰਤ ਜੀਵਨ ਦੀਆਂ ਬਿਮਾਰੀਆਂ ਦੀ ਚਰਚਾ ਕਰਦੇ ਆਏ ਹਾਂ। ਜਿਸਦਾ ਆਖਰੀ ਅਧਿਆਏ ਅਸੀਂ ਅੱਜ ਖਤਮ ਕਰਕੇ ਅਗਲੇ ਪਝੰਤਰਵੇਂ ਲੈਕਚਰ ਤੋਂ ਔਰਤ ਦੇ ਵੱਖਰੀ ਪਛਾਣ ਵਾਲੇ ਸਰੀਰ ਦੀਆਂ ਬਿਮਾਰੀਆਂ ਤੇ ਬਣਤਰ ਦੀਆਂ ਕਮੀਆਂ ਪੇਸ਼ੀਆਂ ਵਿਚਾਰਨੀਆਂ ਸ਼ੁਰੂ ਕਰਾਂਗੇ।
ਸੋ ਹੁਣ ਮਰਦ ਜੀਵਨ ਦੇ ਇਸ ਅਧਿਆਏ ਦੀ ਆਖਰੀ ਬਿਮਾਰੀ ਯਾਨੀ ਕਾਮ ਉਤੇਜਨਾ ਤੇ ਕਾਮ ਉਨਮਾਦਿਕਤਾ ਯਾਨੀ ਬੇਕਾਬੂ ਉਤੇਜਨਾ ਦੇ ਇਲਾਜ ਬਾਰੇ ਵਿਚਾਰ ਕਰਾਂਗੇ। ਪਰ ਇਸ ਦਾ ਇਹ ਮਤਲਬ ਨਹੀਂ ਕਿ ਮਰਦ ਜੀਵਨ ਵਿਚ ਹੋਰ ਕੋਈ ਬਿਮਾਰੀਆਂ ਹੀ ਨਹੀਂ ਹੁੰਦੀਆਂ ਬਲਕਿ ਬਹੁਤ ਸਾਰੀਆਂ ਬਿਮਾਰੀਆਂ ਹੁੰਦੀਆਂ ਹਨ ਜਿਹਨਾਂ ਦਾ ਵਿਸਥਾਰ ਅਸੀਂ ਸਾਂਝੇ ਤੌਰ 'ਤੇ ਜੀਵਨ ਦੇ ਸਰੀਰ ਨਾਲ ਸੰਬੰਧਿਤ ਹਰ ਸਿਸਟਮ ਦੀ ਵਿਆਖਿਆ ਜਦ ਕਰਾਂਗੇ ਉਸ ਵਕਤ ਸੈਕਸੂਅਲ ਤੇ ਹੋਰ ਮਰਦ ਜੀਵਨ ਦੀਆਂ ਬਿਮਾਰੀਆਂ ਦੀ ਚਰਚਾ ਵੀ ਕਰਾਂਗੇ।
**ਕਾਮ ਉਨਮਾਦਿਕਤਾ** - ਜਿਵੇਂਕਿ ਅਸਾਂ ਪਹਿਲੇ ਲੈਕਚਰਾਂ ਵਿੱਚ ਵਿਚਾਰਿਆ ਸੀ ਕਿ ਨਿਮਫੋਮਾਨੀਆ ਉਨਮਾਦੀ ਸੈਕਸ ਉਤੇਜਨਾ ਇਕ ਤਰ੍ਹਾਂ ਦੀ ਮਾਨਸਿਕ ਬਿਮਾਰੀ ਹੈ। ਜਿਹੜੀ ਆਪਣੇ ਆਪ ਤੋਂ ਕੰਟਰੋਲ ਨਹੀਂ ਹੁੰਦੀ। ਇਕੱਲੇ ਕਾਮ ਉਤੇਜਨਾ ਦੀਆਂ ਕਾਰਵਾਈਆਂ ਹੀ ਨਹੀਂ ਬਲਕਿ ਬਾਕੀ ਬਹੁਤ ਸਾਰੀਆਂ ਜ਼ਰੂਰੀ ਜੀਵਨ ਦੀਆਂ ਕਾਰਵਾਈਆਂ ਵਿੱਚ ਸਹੀ ਹੋਣ ਤੋ ਉਲਟ ਛਿਥਿਲਤਾ ਆ ਜਾਂਦੀ ਹੈ। ਜਿਵੇਂ ਜ਼ਰੂਰਤ ਤੋ ਵੱਧ ਕਾਮ ਉਤੇਜਨਾ ਹਾਲਾਤ ਤੇ ਸਮੇਂ ਨੂੰ ਨਾ ਵਿਚਾਰਨ ਵਾਲੀ ਬੇਕਾਬੂ ਕਾਮ ਉਤੇਜਨਾ ਮਨ ਕਰਕੇ ਵੀ ਅਤੇ ਸਰੀਰ ਕਰਕੇ ਵੀ ਬਹੁਤ ਨੁਕਸਾਨਦੇਹ ਹਾਲਾਤ ਪੈਦਾ ਕਰ ਸਕਦੀ ਹੈ। ਕਈ ਵੇਰ ਇਸਦੇ ਸਿਟੇ ਏਨੇ ਭਿਆਨਕ ਤੇ ਜਾਨ ਲੇਵਾ ਵੀ ਹੋ ਸਕਦੇ ਹਨ ਕਿ ਆਤਮ ਹੱਤਿਆ ਜਾਂ ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਤੱਕ ਪਹੁੰਚ ਜਾਂਦੇ ਹਨ। ਉਨਮਾਦੀ ਕਾਮ ਉਤੇਜਨਾ ਦੀ ਅਪੂਰਤੀ ਮਨੁੱਖ ਨੂੰ ਕਿਸੇ ਹੱਦ ਤੱਕ ਵੀ ਲੈਜਾ ਸਕਦੀ ਹੈ।
ਕਾਮ ਉਨਮਾਦਿਕਤਾ ਯਾਨੀ ਲੋੜ ਤੋ ਵੱਧ ਬੇਕਾਬੂ ਉਤੇਜਨਾ ਦਾ ਲਫਜ਼ ਜ਼ਿਆਦਾਤਰ ਔਰਤਾਂ ਨਾਲ ਜੁੜਿਆ ਹੋਇਆ ਹੈ ਪਰ ਐਸਾ ਨਹੀਂ ਕਿ ਇਹ ਮਰਦ ਸਰੀਰ ਵਿੱਚ ਨਹੀਂ ਵਾਪਰਦਾ ਪਰਵਾਰਿਕ ਗਲਤ ਸੰਬੰਧ ਜਾਂ ਸੁਸਾਇਟੀ ਵੱਲੋਂ ਪਰੋਸੀਆ ਕਾਮ ਉਤੇਜਕ ਕਾਰਵਾਈਆਂ ਜ਼ਿਆਦਾਤਰ ਇਸ ਦੀਆਂ ਜ਼ੁੰਮੇਵਾਰ ਹੁੰਦੀਆਂ ਹਨ ਪਰਿਵਾਰਿਕ ਹਿਸਟਰੀ ਦਾ ਬਹੁਤ ਵੱਡਾ ਯੋਗਦਾਨ ਇਸ ਵਿਚ ਹੁੰਦਾ ਹੈ। ਚੜ੍ਹਦੀ ਜਵਾਨੀ ਵਿੱਚ ਜਦੋਂਕਿ ਸੈਕੰਡਰੀ ਸੈਕਸ ਕਰੈਕਟਰ ਕਿਸੇ ਵੀ ਮਰਦ ਜਾ ਔਰਤ ਵਿੱਚ ਵਿਕਸਤ ਹੋਣ ਲੱਗਦੇ ਹਨ ਉਸ ਵਕਤ ਉਨਮਾਦਿਕਤਾ ਕਿਸੇ ਵੀ ਸਰੀਰ ਵਿੱਚ ਕੰਟਰੋਲ ਤੋਂ ਬਾਹਰ ਹੋ ਸਕਦੀ ਹੈ। ਇਸੇ ਉਮਰ ਵਿੱਚ ਗਲਤ ਸੋਸਾਇਟੀ ਮਰਦਾ ਵਿੱਚ ਕਾਮ ਪੂਰਤੀ ਲਈ ਹੋਮੋਲੈਕਸੂਅਲ ਸੰਬੰਧਾਂ ਦਾ ਵਧਣਾ ਕਾਮ ਉਨਮਾਦਿਕਤਾ ਨੂੰ ਵਧਾ ਸਕਦੇ ਹਨ।
ਬੇਸ਼ੱਕ ਦੂਸਰੇ ਮਾਨਸਿਕ ਰੋਗਾਂ ਵਾਂਗ ਇਸਦਾ ਇਲਾਜ ਵੀ ਮਾਨਸਿਕ ਤਰੰਗਾਂ ਨੂੰ ਕੰਟਰੋਲ ਕਰਨ ਵਾਲੀਆਂ ਦਵਾਈਆਂ ਨਾਲ ਕੀਤਾ ਜਾਂਦਾ ਹੈ। ਐਗਜਾਈਟੀ ਮਾਨਸਿਕ ਪ੍ਰੇਸ਼ਾਨੀ ਵਰਗੇ ਹਾਲਾਤ ਨੂੰ ਜਿਵੇਂ ਕੰਟਰੋਲ ਕੀਤਾ ਜਾਂਦਾ ਹੈ ਠੀਕ ਉਸੇ ਤਰ੍ਹਾਂ ਹੀ ਇਸ ਕਾਮਉਕਸਾਊ ਉਤੇਜਨਾ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਰ ਯਕੀਨਨ ਹੁਣ ਤੱਕ ਦੀਆਂ ਇਲਾਜ ਪ੍ਰਕਿਰਿਆਵਾਂ ਕੇਵਲ ਪ੍ਰਬੰਧਿਕ ਦਰਜਾ ਹੀ ਹਾਸਲ ਕਰਦੀਆਂ ਹਨ ਇਲਾਜ ਦਾ ਪੁਖਤਾ ਪ੍ਰਬੰਧ ਨਹੀਂ ਕਰਦੀਆਂ। ਜ਼ਿਆਦਾਤਰ ਇਲਾਜ ਪ੍ਰਬੰਧ ਜਿਹੜੇ ਕਾਮਯਾਬੀ ਦੇ ਨੇੜੇ ਪਹੁੰਚਦੇ ਹਨ ਉਹ ਬਹੁਪੱਖੀ ਹਨ। ਜਿਵੇਂ ਉਨਮਾਦੀ ਉਤੇਜਨਾ ਦੇ ਕਾਰਨ ਬਹੁਪੱਖੀ ਹਨ ਇਸੇ ਤਰ੍ਹਾਂ ਇਲਾਜ ਪ੍ਰਕ੍ਰਿਆ ਵੀ ਬਹੁਪੱਖੀ ਹੀ ਕਾਮਯਾਬੀ ਦੇ ਨੇੜੇ ਪਹੁੰਚਦੀ ਹੈ।
ਮੁਢਲੇ ਤੌਰ 'ਤੇ ਜਦੋਂ ਹੀ ਬੱਚਾ ਜਵਾਨੀ ਵਿੱਚ ਪੈਰ ਰੱਖ ਰਿਹਾ ਹੁੰਦਾ ਹੈ ਉਸੇ ਸਮੇਂ ਤੋਂ ਹੀ ਉਹਦੇ ਨਾਲ ਦੋਸਤਾਨਾ ਸੰਬੰਧ ਸਥਾਪਤ ਕਰਕੇ ਉਸਨੂੰ ਬਾਹਰੀ ਕਿਸੇ ਵੀ ਗਲਤ ਸੁਸਾਇਟੀ ਦੇ ਚੁੰਗਲ ਵਿੱਚ ਫਸਣ ਤੋਂ ਬਚਾਇਆ ਜਾ ਸਕਦਾ ਹੈ।
ਦੂਸਰਾ ਕਦਮ ਉਹਦੀ ਬਾਹਰੀ ਸੁਸਾਇਟੀ ਤੇ ਨਜ਼ਰ ਜ਼ਰੂਰ ਰੱਖੀ ਜਾਵੇ ਤਾਂਕਿ ਸੁਸਾਇਟੀ ਦੀ ਗਲਤ ਭਿਣਕ ਪੈਂਦਿਆਂ ਹੀ ਬੱਚੇ ਨੂੰ ਉਸ ਸੁਸਾਇਟੀ ਤੋਂ ਵਰਜਿਆ ਜਾਵੇ। ਇਸ ਕੰਮ ਵਿੱਚ ਉਹਦੇ ਅਧਿਆਪਕਾਂ ਦਾ ਸਹਿਯੋਗ ਵੀ ਲਿਆ ਜਾ ਸਕਦਾ ਹੈ। ਕੋ-ਐਜੂਕੇਸ਼ਨ ਵਿੱਚ ਜਿਥੇ ਕੰਟਰੋਲ ਉਲਟ ਸਿਟੇ ਪੈਦਾ ਕਰਦਾ ਹੈ ਉੱਥੇ ਮਰਦਾ ਔਰਤਾਂ ਦੇ ਵੱਖਰੇ ਸਕੂਲ ਵੀ ਇਸ ਵਬਾ ਤੋਂ ਬੱਚੇ ਹੋਏ ਨਹੀਂ ਹਨ ਜਿਥੇ ਹੋਮੋਸੈਕਸੂਅਲ ਤੇ ਲਿਸਬੀਅਨ ਵਰਗੀਆਂ ਅਲਾਮਤਾ ਫੈਲਦੀਆਂ ਹਨ। ਜੋ ਵਧਦੀਆਂ ਵਧਦੀਆਂ ਉਨਮਾਦਿਕਤਾ ਯਾਨੀ ਨਿਫੋਮੈਨਿਕਸਟੇਜ ਤੱਕ ਪਹੁੰਚ ਜਾਂਦੀਆਂ ਹਨ।
ਇਹ ਇਕ ਸਧਾਰਨ ਸਰੀਰਕ ਕਿਰਿਆ ਹੈ ਤੇ ਕਿਸੇ ਵੀ ਤਰ੍ਹਾਂ ਦੀ ਮਾਨਸਿਕਤਾ ਕਿਸੇ ਵੀ ਤਰ੍ਹਾਂ ਦੀ ਮਾਨਸਿਕ ਖੁੱਲ ਤੇ ਸਰੀਰਕ ਅੰਗਾਂ ਦਾ ਉਸ ਖੁੱਲ ਵਿੱਚ ਇਸਤੇਮਾਲ ਸਧਾਰਨ ਤੋਂ ਉਨਮਾਦੀ ਹਾਲਾਤ ਨੂੰ ਪਹੁੰਚ ਜਾਂਦੇ ਹਨ। ਇਸ ਲਈ ਕੰਟਰੋਲ ਨਾਲੋ ਹਾਲਤ ਦਾ ਬਦਲਾਅ ਜ਼ਿਆਦਾ ਕਾਰਗਰ ਸਾਬਤ ਹੁੰਦਾ ਹੈ।
ਜ਼ਿੰਦਗੀ ਵਿੱਚ ਉਤਸ਼ਾਹਜਨਕ ਰੁਝੇਵਿਆਂ ਨੂੰ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ। ਖਾਸਕਰ ਬਿਨਾਂ ਇਹ ਸਾਬਤ ਕੀਤਿਆਂ ਕਿ ਇਸ ਨਾਲ ਉਹਦੀ ਕਿਸੇ ਬਿਮਾਰੀ ਜਾਂ ਮਾੜੀ ਆਦਤ ਦਾ ਇਲਾਜ ਕੀਤਾ ਜਾ ਰਿਹਾ ਹੈ ਬਲਕਿ ਰੁਝੇਵੇਂ ਉਹਦੇ ਮਨਭਾਉਦੇ ਸੰਸਾਰਕ ਕਾਰ ਵਿਹਾਰ ਦੇ ਹੋਣੇ ਚਾਹੀਦੇ ਹਨ ਤੇ ਬਦਲਵੇਂ ਰੂਪ ਵਿੱਚ ਹੋਣੇ ਚਾਹੀਦੇ ਹਨ ਜੇਰ ਨਿਗਰਾਨੀ ਹੋਣੇ ਚਾਹੀਦੇ ਹਨ।
ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਮਨ ਅਕਾਊ ਰੁਝੇਵੇਂ ਬੇਸ਼ੱਕ ਉਹਨਾ ਨੂੰ ਜ਼ਿੰਦਗੀ ਦੀ ਬਿਹਤਰੀ ਲਈ ਉਹਦੇ ਵਾਸਤੇ ਚੁਣਿਆ ਗਿਆ।

(ਚੱਲਦਾ)


**HOMEOPATHIC NATURAL MEDICINES**
When Tired of All Treatments, For any Disease, At any Age
Try Alternative Treatment
Safe and Effective Medicines without any Side Effects



Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_577 STATE OF CA

# CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
**(IRP) Plates-48 States-Same Day**
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

**ਸਾਨੂੰ 16 ਸਾਲਾਂ ਦਾ ਤਰਜਬਾ ਹੈ।**

**Same Day Plates Same Day Plates Same Day Plates**

**PH : 530-669-5780 Fax : 530-669-5775,**
**Cell : 530-908-9386 Cell : 530-405-6020**

Tax Returns- Corporations, LLC, Non-Profits, Small Business and Individuals

**ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।**
825 East Street, Suite 110 Woodland, CA 95776
440 N Palora Ave, Suite c Yuba City Ca. 95991

**TRUCKING SERVICES AVAILABLE**
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

**CALIFORNIA DMV LIV. # 40524**

# ਪ੍ਰਧਾਨ ਮੰਤਰੀ ਮੋਦੀ ਨੇ ਸਿੱਖਾਂ ਦੀਆਂ ਮੰਗਾਂ ਨੂੰ ਪੂਰਾ ਕਰਨ 'ਚ ਨਿਭਾਈ ਅਹਿਮ ਭੂਮਿਕਾ : ਅਮਰੀਕੀ ਸਿੱਖ ਆਗੂ ਜੱਸੀ ਸਿੰਘ





ਵਾਸ਼ਿੰਗਟਨ : ਅਮਰੀਕਾ ਦੇ ਇਕ ਪ੍ਰਭਾਵਸ਼ਾਲੀ ਸਿੱਖ ਨੇਤਾ ਜੱਸੀ ਸਿੰਘ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੇ ਸਿੱਖ ਭਾਈਚਾਰੇ ਦੀਆਂ ਮੰਗਾਂ ਅਤੇ ਇੱਛਾਵਾਂ ਨੂੰ ਪੂਰਾ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਭਾਈਚਾਰੇ ਬਾਰੇ ਜਾਗਰੂਕਤਾ ਵਧਾਉਣ ਲਈ ਸਥਾਪਿਤ 'ਸਿੱਖਸ ਆਫ ਅਮੇਰਿਕਾ' ਸੰਗਠਨ ਦੇ ਪ੍ਰਧਾਨ ਜੱਸੀ ਸਿੰਘ ਨੇ ਕਿਹਾ ਕਿ ਇਸ ਮਹੀਨੇ ਦੇ ਅੰਤ ਵਿਚ ਪ੍ਰਧਾਨ ਮੰਤਰੀ ਮੋਦੀ ਦਾ ਅਮਰੀਕਾ ਦਾ ਸਰਕਾਰੀ ਦੌਰਾ ਭਾਰਤ ਲਈ ਇਕ 'ਇਤਿਹਾਸਕ ਪਲ' ਹੋਵੇਗਾ। ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਅਤੇ ਪਹਿਲੀ ਮਹਿਲਾ ਜਿਲ ਬਿਡੇਨ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਮੋਦੀ 21 ਤੋਂ 24 ਜੂਨ ਤੱਕ ਅਮਰੀਕਾ ਦਾ ਦੌਰਾ ਕਰਨਗੇ। ਇਸ ਦੌਰਾਨ ਉਹ ਕਾਂਗਰਸ ਦੇ ਸਾਂਝੇ ਇਜਲਾਸ ਨੂੰ ਵੀ ਸੰਬੋਧਨ ਕਰਨਗੇ, ਜਿਸ ਨੂੰ ਵੱਡਾ ਮੌਕਾ ਮੰਨਿਆ ਜਾ ਰਿਹਾ ਹੈ।

ਸਿੰਘ ਨੇ ਕਿਹਾ, "ਪ੍ਰਧਾਨ ਮੰਤਰੀ ਦੀ ਆਮਦ ਭਾਰਤ ਲਈ ਇਕ ਵੱਡਾ ਇਤਿਹਾਸਕ ਪਲ ਹੈ।" ਸਿੰਘ ਨੇ ਉਨ੍ਹਾਂ ਸਾਰੇ ਸਿੱਖ ਵਫ਼ਦਾਂ ਦਾ ਹਿੱਸਾ ਰਹੇ ਹਨ, ਜਿਸ ਨਾਲ 2015 ਤੋਂ ਬਾਅਦ ਪ੍ਰਧਾਨ ਮੰਤਰੀ ਨੇ ਆਪਣੇ ਅਮਰੀਕਾ ਦੇ ਦੌਰੇ ਦੌਰਾਨ ਮੁਲਾਕਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਵਫ਼ਦਾਂ ਨੇ ਹਮੇਸ਼ਾ ਮੋਦੀ ਨੂੰ ਮੰਗ ਪੱਤਰ ਸੌਂਪਿਆ ਹੈ ਅਤੇ ਉਨ੍ਹਾਂ ਦੀਆਂ ਲੱਗਭਗ ਸਾਰੀਆਂ ਇੱਛਾਵਾਂ ਪ੍ਰਧਾਨ ਮੰਤਰੀ ਵੱਲੋਂ ਪੂਰੀਆਂ ਕੀਤੀਆਂ ਗਈਆਂ ਹਨ। ਸਿੰਘ ਨੇ ਕਿਹਾ ਕਿ ਇਸ ਵਾਰ ਫਿਰ ਤੋਂ ਸਿੱਖ ਭਾਈਚਾਰੇ ਦਾ ਇਕ ਵਫ਼ਦ ਪ੍ਰਧਾਨ ਮੰਤਰੀ ਨੂੰ ਦੁਬਾਰਾ ਮਿਲਣ ਦੀ ਯੋਜਨਾ ਬਣਾ ਰਿਹਾ ਹੈ, ਤਾਂ ਕਿ ਭਾਈਚਾਰੇ ਲਈ ਉਨ੍ਹਾਂ ਦੇ ਯੋਗਦਾਨ ਲਈ ਧੰਨਵਾਦ ਕੀਤਾ ਜਾ ਸਕੇ। ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ 2014 'ਚ ਅਸੀਂ ਪਹਿਲੀ ਵਾਰ ਪ੍ਰਧਾਨ ਮੰਤਰੀ ਮੋਦੀ ਨੂੰ ਮਿਲੇ ਸੀ। ਕਾਫ਼ੀ ਲੰਬੇ ਸਮੇਂ ਬਾਅਦ ਕਿਸੇ ਸਿੱਖ ਵਫ਼ਦ ਨੇ ਭਾਰਤੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਸੀ। ਪ੍ਰਧਾਨ ਮੰਤਰੀ ਮੋਦੀ ਦਾ ਸਾਡੇ ਪ੍ਰਤੀ ਬਹੁਤ ਸਾਕਾਰਾਤਮਕ ਰਵੱਈਆ ਸੀ।"

ਸਿੰਘ ਨੇ ਕਿਹਾ, "ਉਹ (ਮੋਦੀ) ਸਿੱਖਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ। ਉਹ ਦੱਖਣ ਏਸ਼ੀਆਈ ਭਾਈਚਾਰੇ ਲਈ ਦਿਲੋਂ ਮਹਿਸੂਸ ਕਰਦੇ ਹਨ। ਇਹ ਉਨ੍ਹਾਂ ਦੇ ਸਿੱਖ ਭਾਈਚਾਰੇ ਦੇ ਲੋਕਾਂ ਨਾਲ ਮਿਲਣ ਤੇ ਉਨ੍ਹਾਂ ਨਾਲ ਗੱਲਬਾਤ ਕਰਨ ਦੌਰਾਨ ਮਹਿਸੂਸ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਸਿੱਖ ਭਾਈਚਾਰੇ ਦੀਆਂ ਮੰਗਾਂ ਤੇ ਇੱਛਾਵਾਂ ਨੂੰ ਪੂਰਾ ਕਰਨ 'ਚ ਪ੍ਰਧਾਨ ਮੰਤਰੀ ਮੋਦੀ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਸਿੰਘ ਨੇ ਕਿਹਾ ਕਿ ਹਾਲ ਹੀ ਦੇ ਸਮੇਂ ਦੀ ਗੱਲ ਕਰੀਏ ਤਾਂ ਕਿਸੇ ਹੋਰ ਪ੍ਰਧਾਨ ਮੰਤਰੀ ਨੇ ਸਿੱਖ ਭਾਈਚਾਰੇ ਲਈ ਇੰਨਾ ਨਹੀਂ ਕੀਤਾ, ਜਿੰਨਾ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਹੈ।

# ਜੇਸਨ ਓਵੇਂਸ ਨਵੇਂ ਯੂ.ਐੱਸ. ਬਾਰਡਰ ਪੈਟਰੋਲ ਦਾ ਚੀਫ ਮੁਖੀ ਨਿਯੁਕਤ




ਟੈਕਸਾਸ : ਜੇਸਨ ਓਵੇਂਸ, ਜੋ ਦੱਖਣੀ ਟੈਕਸਾਸ ਸੂਬੇ ਵਿੱਚ ਬਾਰਡਰ ਪੈਟਰੋਲ ਦੇ ਡੇਲ ਰੀਓ ਸੈਕਟਰ ਦੀ ਅਗਵਾਈ ਕਰ ਰਹੇ ਸਨ, ਨੂੰ ਨਵਾਂ ਯੂ.ਐੱਸ. ਬਾਰਡਰ ਪੈਟਰੋਲ ਦਾ ਚੀਫ਼ ਨਿਯੁਕਤ ਕੀਤਾ ਗਿਆ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਬੀਤੇ ਦਿਨ ਸ਼ੁੱਕਰਵਾਰ ਨੂੰ ਜਾਣਕਾਰੀ ਸਾਂਝੀ ਕੀਤੀ। ਵੈਬ ਕਾਉਂਟੀ ਸ਼ੈਰਿਫ ਦਾ ਸਹਾਇਕ ਮੁਖੀ ਐੱਫ.ਬੀ.ਆਈ. ਦੇ ਛਾਪੇ ਤੋਂ ਬਾਅਦ ਅਚਾਨਕ ਰਿਟਾਇਰ ਹੋ ਗਿਆ। ਓਵੇਂਸ ਨੇ ਬਾਰਡਰ ਪੈਟਰੋਲ ਦੇ ਚੀਫ ਰਾਉਲ ਔਰਟੀਜ਼ ਦੀ ਥਾਂ ਲੈ ਲਈ ਹੈ ਜੋ ਪਿਛਲੇ ਮਹੀਨੇ ਆਪਣੀ ਸੇਵਾਮੁਕਤੀ ਦਾ ਐਲਾਨ ਕਰਨ ਤੋਂ ਪਹਿਲਾਂ 22 ਮਹੀਨਿਆਂ ਲਈ ਵਿਭਾਗ ਦੀ ਅਗਵਾਈ ਕਰਦਾ ਸੀ।

ਓਵੇਂਸ ਨੂੰ ਕਾਨੂੰਨ ਲਾਗੂ ਕਰਨ ਵਾਲੇ 27 ਸਾਲ ਦਾ ਅਨੁਭਵੀ ਤਜਰਬਾ ਹੈ, ਜਿਸਨੇ ਆਪਣੇ ਲਿੰਕਡਇਨ ਖਾਤੇ ਅਨੁਸਾਰ ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅਧਿਕਾਰੀ ਵਜੋਂ ਲਗਭਗ 20 ਸਾਲ ਸੇਵਾ ਨਿਭਾਈ। ਉਸਨੇ CBP ਦੇ ਅੰਦਰ ਕਈ ਅਹਿਮ ਅਹੁਦਿਆਂ 'ਤੇ ਕੰਮ ਕੀਤਾ ਹੈ ਅਤੇ ਲੰਘੇ ਨਵੰਬਰ 2021 ਤੋਂ ਡੇਲ ਰੀਓ ਸੈਕਟਰ ਦੀ ਅਗਵਾਈ ਵੀ ਕੀਤੀ ਹੈ। ਉਹ ਆਰਟੇਸੀਆ, ਨਿਊ ਮੈਕਸੀਕੋ ਵਿੱਚ ਯੂ.ਐੱਸ. ਬਾਰਡਰ ਪੈਟਰੋਲ ਅਕੈਡਮੀ ਦੇ ਇੰਚਾਰਜ ਅਤੇ ਮੁੱਖ ਗਸ਼ਤੀ ਵੀ ਰਹੇ ਹਨ, ਜਿੱਥੇ ਸਿਖਲਾਈ ਦਿੱਤੀ ਜਾਂਦੀ ਹੈ।

ਉਸ ਨੇ ਮੈਕਐਲਨ ਸਮੇਤ ਕਈ ਸਰਹੱਦੀ ਸਥਾਨਾਂ ਵਿੱਚ ਕੰਮ ਕੀਤਾ ਹੈ, ਜਿੰਨਾਂ ਵਿੱਚ ਏਲ ਪਾਸੋ; ਲਾਰੇਡੋ, ਟੈਕਸਾਸ; ਕੈਲੇਕਸੀਕੋ, ਕੈਲੀਫੋਰਨੀਆ, ਅਤੇ ਉੱਤਰੀ ਡਕੋਟਾ ਸ਼ਾਮਿਲ ਹੈ। ਸੰਯੁਕਤ ਰਾਜ ਬਾਰਡਰ ਪੈਟਰੋਲ ਦੇ 26ਵੇਂ ਮੁਖੀ ਵਜੋਂ ਬਾਰਡਰ ਪੈਟਰੋਲ ਸੈਕਟਰ ਦੇ ਮੁਖੀ ਜੇਸਨ ਓਵੇਂਸ ਦਾ ਭਰਵਾਂ ਸਵਾਗਤ ਕੀਤਾ ਗਿਆ। ਚੀਫ ਓਵੇਂਸ ਇੱਕ ਪ੍ਰਤਿਭਾਸ਼ਾਲੀ, ਨਿਰਸਵਾਰਥ ਅਤੇ ਪ੍ਰੇਰਨਾਦਾਇਕ ਅਧਿਕਾਰੀ ਹੈ ਜੋ ਬਾਰਡਰ ਪੈਟਰੋਲ ਦੇ ਕਾਨੂੰਨ ਲਾਗੂ ਕਰਨ ਵਾਲੇ ਮਿਸ਼ਨ ਨੂੰ ਨਿਭਾਉਣਗੇ।

# ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਫਰੀ ਮੈਡੀਕਲ ਕੈਂਪ



ਸਿਨਸਿਨਾਟੀ : ਬੀਤੇ ਦਿਨ ਅਮਰੀਕਾ ਦੇ ਓਹਾਈਓ ਸੂਬੇ ਦੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਕ੍ਰਾਈਸਟ ਹਸਪਤਾਲ ਦੀ ਸਾਊਥ ਏਸ਼ੀਅਨ ਕਾਰਡੀਓਵੈਸਕੁਲਰ ਕਲੀਨਿਕ ਦੇ ਸਹਿਯੋਗ ਦੇ ਨਾਲ "ਦਿਲ ਦੇ ਰੋਗਾਂ ਦੀ ਜਾਂਚ"ਨਾਲ ਸਬੰਧਿਤ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਡਾਕਟਰ ਸਤਿੰਦਰ ਸਿੰਘ ਭਾਰਜ ਨੇ ਦੱਸਿਆ ਕਿ ਇਸ ਕੈਂਪ ਵਿੱਚ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਸੰਤੋਸ਼ ਮੈਨਨ, ਡਾ. ਸ਼ਾਦ ਹਸਨ, ਨਰਸਾਂ ਦੀ ਟੀਮ ਜਿਸ ਵਿੱਚ ਵਰਿੰਦਰ ਕੌਰ ਸਿੱਧੂ ਤੇ ਮਿਪਨਦੀਪ ਕੌਰ ਸਹੋਤਾ ਅਤੇ ਫਾਰਮਾਸਿਸਟ ਡਾ. ਕਿਰਨਪਾਲ ਸਿੰਘ ਸੰਘਾ ਵੀ ਸ਼ਾਮਲ ਸਨ, ਨੇ ਤਕਰੀਬਨ 80 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਹਰੇਕ ਨੂੰ ਜਾਂਚ ਰਿਪੋਰਟ ਵੀ ਦਿੱਤੀ ਗਈ।

ਭਾਰਜ ਅਨੁਸਾਰ ਮੁੱਢਲੀ ਜਾਂਚ ਤੋਂ ਬਾਦ 60 ਮਰੀਜ਼ਾਂ ਦੀ ਈਕੇਜੀ ਅਤੇ ਉਸ ਤੋਂ ਬਾਅਦ ਹੋਰ ਵਧੇਰੇ ਜਾਂਚ ਲਈ ਤਕਰੀਬਨ 45 ਲੋਕਾਂ ਦੀ ਈਕੋਕਾਰਡੀਓਗ੍ਰਾਫੀ ਕੀਤੀ ਗਈ। ਗੁਰਦੁਆਰਾ ਸਾਹਿਬ ਵਿਖੇ ਕ੍ਰਾਈਸਟ ਹਸਪਤਾਲ ਦੇ ਸਹਿਯੋਗ ਨਾਲ ਹਰ ਸਾਲ ਦੋ ਵਾਰ ਦਿਲ ਦੀ ਜਾਂਚ ਅਤੇ ਦੋ ਵਾਰ ਵਿਸਾਖੀ ਤੇ ਗੁਰੂ ਨਾਨਕ ਸਾਹਿਬ ਜੀ ਦੇ ਗੁਰਪੂਰਬ ਮੌਕੇ ਫਰੀ ਮੈਡੀਕਲ ਕੈਂਪ ਲਾਏ ਜਾਂਦੇ ਹਨ। ਸੰਗਤ ਅਤੇ ਮੈਂਬਰਾਂ ਨੇ ਹਰ ਸਾਲ ਕੀਤੇ ਜਾਂਦੇ ਇਸ ਉਪਰਾਲੇ ਲਈ ਪ੍ਰਬੰਧਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਸਾਲ ਵਿੱਚ ਦੋ ਵਾਰ ਮੁਫ਼ਤ ਆਪਣੇ ਦਿਲ ਅਤੇ ਹੋਰ ਸਰੀਰਕ ਜਾਂਚ ਕਰਾਉਣ ਦਾ ਮੌਕਾ ਮਿਲਦਾ ਹੈ ਤਾਂ ਜੋ ਕਿਸੇ ਤਰਾਂ ਦੀ ਵੀ ਬੀਮਾਰੀ ਦਾ ਪਹਿਲਾਂ ਹੀ ਪਤਾ ਲਾਇਆ ਜਾ ਸਕੇ।

# ਭਾਰਤੀਆਂ ਨੇ ਅਮਰੀਕਾ ਵੱਲ ਘੱਤੀਆਂ ਵਹੀਰਾਂ, ਵਿਦਿਆਰਥੀਆਂ ਨੂੰ ਦਿਲ ਖੋਲ੍ਹ ਕੇ ਮਿਲੇ ਵੀਜ਼ੇ



ਨਿਊਯਾਰਕ : ਭਾਰਤ 'ਚ ਅਮਰੀਕਾ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਕਿਹਾ ਕਿ 2022 'ਚ ਹਰ 5 ਅਮਰੀਕੀ ਵਿਦਿਆਰਥੀ ਵੀਜ਼ਾ 'ਚੋਂ 1 ਭਾਰਤ ਨੂੰ ਜਾਰੀ ਕੀਤਾ ਗਿਆ ਸੀ, ਜੋ ਕਿ ਵਿਸ਼ਵ 'ਚ ਭਾਰਤੀ ਜਨਸੰਖਿਆ ਦੇ ਅਨੁਪਾਤ ਤੋਂ ਵੱਧ ਹੈ। ਅਮਰੀਕੀ ਦੂਤਘਰ ਨੇ ਬੁੱਧਵਾਰ ਨੂੰ ਦੇਸ਼ ਭਰ 'ਚ ਸਾਲਾਨਾ ਵਿਦਿਆਰਥੀ ਵੀਜ਼ਾ ਦਿਵਸ ਮਨਾਇਆ, ਜਿਸ ਦੌਰਾਨ 3500 ਭਾਰਤੀ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਦੀ ਦਿੱਲੀ, ਚੇਨਈ, ਹੈਦਰਾਬਾਦ, ਕੋਲਕਾਤਾ ਅਤੇ ਮੁੰਬਈ ਸਥਿਤ ਕੌਂਸਲੇਟਾਂ 'ਚ ਇੰਟਰਵਿਊ ਲਈ ਗਈ।

ਗਾਰਸੇਟੀ ਨੇ ਕਿਹਾ ਕਿ ਦੁਨੀਆ ਦੇ ਕਿਸੇ ਵੀ ਦੇਸ਼ ਨਾਲੋਂ ਜ਼ਿਆਦਾ ਭਾਰਤੀ ਅਮਰੀਕਾ ਆਉਂਦੇ ਹਨ। ਭਾਰਤੀਆਂ ਨੇ ਨਾ ਸਿਰਫ਼ ਅਮਰੀਕਾ 'ਚ ਪੜ੍ਹਾਈ ਕੀਤੀ ਹੈ, ਸਗੋਂ ਦਹਾਕਿਆਂ ਤੋਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਵੀ ਕੀਤਾ ਹੈ। ਅਮਰੀਕੀ ਪ੍ਰਸ਼ਾਸਨ ਇਸ ਸਾਲ ਵਿਦਿਆਰਥੀਆਂ ਲਈ ਪਹਿਲਾਂ ਨਾਲੋਂ ਜ਼ਿਆਦਾ ਵੀਜ਼ਾ ਪ੍ਰੋਗਰਾਮ ਪੇਸ਼ ਕਰੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਹਫ਼ਤਿਆਂ 'ਚ ਅਸੀਂ ਜੁਲਾਈ ਅਤੇ ਅਗਸਤ ਲਈ ਹਜ਼ਾਰਾਂ ਵੀਜ਼ਾ ਅਰਜ਼ੀਆਂ ਲਈ ਇਕ ਸ਼ਡਿਊਲ ਜਾਰੀ ਕਰਾਂਗੇ।

ਭਾਰਤ 'ਚ ਅਮਰੀਕੀ ਦੂਤਘਰ ਨੇ 1,25,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਹਨ, ਜੋ ਕਿ ਇਕ ਰਿਕਾਰਡਤੋੜ ਅੰਕੜਾ ਹੈ। ਦੂਤਘਰ ਵਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ 2022 'ਚ ਭਾਰਤੀਆਂ ਨੂੰ ਦੁਨੀਆ 'ਚ ਸਭ ਤੋਂ ਵੱਧ ਐੱਚ. ਐਂਡ. ਐੱਲ. ਰੋਜ਼ਗਾਰ ਵੀਜ਼ੇ (65 ਫੀਸਦੀ) ਅਤੇ ਐੱਫ-1 ਵਿਦਿਆਰਥੀ ਵੀਜ਼ਾ (17.5 ਫੀਸਦੀ) ਜਾਰੀ ਕੀਤੇ ਗਏ।

# ਰਾਹੁਲ ਗਾਂਧੀ ਨੇ ਅਮਰੀਕਾ 'ਚ ਕੀਤੀ ਟਰੱਕ ਦੀ ਸਵਾਰੀ, ਲਵਾਇਆ ਮੂਸੇਵਾਲਾ ਦਾ 295 ਗਾਣਾ




ਨਵੀਂ ਦਿੱਲੀ : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਭਾਰਤ ਦੇ ਨਾਲ-ਨਾਲ ਵਿਦੇਸ਼ਾਂ ਦੇ ਲੋਕਾਂ ਨਾਲ ਨੇੜਿਓਂ ਰੂ-ਬ-ਰੂ ਹੋਣ ਦੀ ਆਪਣੀ ਯਾਤਰਾ ਨੂੰ ਜਾਰੀ ਰੱਖਦੇ ਹੋਏ ਹਾਲ ਹੀ ਵਿਚ ਅਮਰੀਕਾ ਦੌਰੇ ਦੌਰਾਨ ਟਰੱਕ ਦੀ ਸਵਾਰੀ ਕੀਤੀ। ਉਨ੍ਹਾਂ ਨੇ ਅਮਰੀਕਾ ਵਿੱਚ ਭਾਰਤੀ ਮੂਲ ਦੇ ਟਰੱਕ ਡਰਾਈਵਰਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਨੇੜਿਓਂ ਦੇਖਣ ਅਤੇ ਸਮਝਣ ਲਈ ਟਰੱਕ ਦੀ ਸਵਾਰੀ ਕੀਤੀ।

ਜਿਸ ਟਰੱਕ ਵਿੱਚ ਰਾਹੁਲ ਗਾਂਧੀ ਬੈਠੇ ਸਨ, ਉਸ ਨੂੰ ਭਾਰਤੀ ਮੂਲ ਦਾ ਤੇਜਿੰਦਰ ਗਿੱਲ ਚਲਾ ਰਿਹਾ ਸੀ। ਇਸ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਅਮਰੀਕਾ ਦਾ ਟਰੱਕ ਕਾਫੀ ਆਧੁਨਿਕ ਹੈ ਅਤੇ ਇਸ ਦੀ ਡਰਾਈਵਰ ਸੀਟ ਨੂੰ ਲਗਜ਼ਰੀ ਕਾਰਾਂ ਵਾਂਗ ਐਡਜਸਟ ਕੀਤਾ ਜਾ ਸਕਦਾ ਹੈ। ਇਸ ਨੂੰ ਦੇਖਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਇੱਥੇ ਟਰੱਕ ਡਰਾਈਵਰਾਂ ਦੀ ਸਹੂਲਤ ਮੁਤਾਬਕ ਬਣਾਏ ਗਏ ਹਨ, ਪਰ ਭਾਰਤ ਵਿੱਚ ਅਜਿਹਾ ਨਹੀਂ ਹੁੰਦਾ। ਉਨ੍ਹਾਂ ਨੂੰ ਡਰਾਈਵਰਾਂ ਦੀ ਸਹੂਲਤ ਨਾਲ ਕੋਈ ਲੈਣ-ਦੇਣਾ ਨਹੀਂ ਹੈ। ਇਸ ਦੌਰਾਨ ਤੇਜਿੰਦਰ ਗਿੱਲ ਨੇ ਦੱਸਿਆ ਕਿ ਇੱਥੇ ਟਰੱਕ ਵਿੱਚ ਸੁਰੱਖਿਆ ਬਹੁਤ ਜ਼ਿਆਦਾ ਹੈ। ਇੱਥੇ ਕੋਈ ਪੁਲਸ ਮੁਲਾਜ਼ਮ ਤੰਗ ਨਹੀਂ ਕਰਦਾ। ਚੋਰੀ ਦਾ ਡਰ ਨਹੀਂ ਹੈ। ਓਵਰਸਪੈਂਡਿੰਗ ਵਿੱਚ ਚਾਲਾਨ ਜ਼ਰੂਰ ਕੱਟਿਆ ਜਾਂਦਾ ਹੈ। ਹਰ ਸਟੇਟ ਅਤੇ ਏਰੀਏ ਦੇ ਹਿਸਾਬ ਨਾਲ ਸਪੀਡ ਦੀ ਲਿਮਟ ਬਦਲਦੀ ਰਹਿੰਦੀ ਹੈ। ਗੱਡੀ ਉਸੇ ਹਿਸਾਬ ਨਾਲ ਚਲਾਉਣੀ ਹੁੰਦੀ ਹੈ।

ਇਸ ਦੌਰਾਨ ਰਾਹੁਲ ਨੇ ਟਰੱਕ ਡਰਾਈਵਰ ਨੂੰ ਪੁੱਛਿਆ ਕਿ ਤੁਸੀਂ ਟਰੱਕ ਚਲਾ ਕੇ ਕਿੰਨਾ ਕਮਾ ਲੈਂਦੇ ਹੋ? ਇਸ 'ਤੇ ਡਰਾਈਵਰ ਦਾ ਜਵਾਬ ਸੀ, 'ਜੇਕਰ ਤੁਸੀਂ ਦੂਜੇ ਦਾ ਟਰੱਕ ਚਲਾਉਂਦੇ ਹੋ ਤਾਂ ਤੁਸੀਂ 4 ਤੋਂ 5 ਲੱਖ ਰੁਪਏ ਕਮਾ ਲੈਂਦੇ ਹੋ ਅਤੇ ਜੇਕਰ ਟਰੱਕ ਤੁਹਾਡਾ ਆਪਣਾ ਹੈ ਤਾਂ ਤੁਸੀਂ ਮਹੀਨੇ ਦੇ ਕਰੀਬ 8 ਲੱਖ ਰੁਪਏ ਕਮਾ ਲੈਂਦੇ ਹੋ।' ਇਹ ਜਵਾਬ ਸੁਣ ਕੇ ਰਾਹੁਲ ਗਾਂਧੀ ਵੀ ਹੈਰਾਨ ਰਹਿ ਗਏ। ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਵਿੱਚ ਇਹ ਫਰਕ ਹੈ ਕਿ ਭਾਰਤ ਵਿੱਚ ਜ਼ਿਆਦਾਤਰ ਡਰਾਈਵਰ ਦੂਜੇ ਦੇ ਟਰੱਕ ਚਲਾਉਂਦੇ ਹਨ। ਇਸ ਦੌਰਾਨ ਟਰੱਕ ਡਰਾਈਵਰ ਨੇ ਰਾਹੁਲ ਨੂੰ ਪੁੱਛਿਆ ਕੀ ਤੁਸੀਂ ਗਾਣਾ ਸੁਣੋਗੇ? ਇਸ 'ਤੇ ਰਾਹੁਲ ਕਹਿੰਦੇ ਹਨ, ਹਾਂ ਲਗਾਓ। ਟਰੱਕ ਡਰਾਈਵਰ ਕਹਿੰਦਾ ਹੈ ਕਿ ਸਾਡੀ ਬੇਨਤੀ ਹੈ ਰਾਹੁਲ ਜੀ। ਸਿੱਧੂ ਮੂਸੇਵਾਲਾ ਸਾਡਾ ਕਾਂਗਰਸੀ ਵਰਕਰ ਸੀ, ਉਸ ਨੂੰ ਇਨਸਾਫ ਨਹੀਂ ਮਿਲਿਆ। ਰਾਹੁਲ ਕਹਿੰਦੇ ਹਨ- ਹਾਂ ਬਿਲਕੁੱਲ। ਉਸਦਾ ਗਾਣਾ ਚਲਾਓ 295... ਮੈਂ ਉਸਨੂੰ ਕਾਫੀ ਪਸੰਦ ਕਰਦਾ ਹਾਂ।



ਕੈਪਟਨ ਅਮਰਜੀਤ ਸਿੰਘ ਕਾਲੇਕਾ

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖ਼ਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ

# 5 ਅਗਸਤ 2012 ਦੀ ਘਟਨਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਹ ਘਟਨਾ ਤਕਰੀਬਨ ਸਵੇਰੇ 10.30 ਵਜੇ ਦੀ ਹੈ। ਪਾਰਕਿੰਗ ਲਾਟ ਵਿਚ ਹੀ ਉਸ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਦੋ ਭਰਾ ਰਣਜੀਤ ਸਿੰਘ ਅਤੇ ਸੀਤਾ ਸਿੰਘ ਜੋ ਕਿ ਗੁਰਦੁਆਰਾ ਸਾਹਿਬ ਕੀਰਤਨ ਦੀ ਸੇਵਾ ਕਰਦੇ ਸਨ, ਜੋ ਕਿ ਅਜੇ ਪੱਕੇ ਵੀ ਨਹੀਂ ਹੋਏ ਸਨ, ਨੂੰ ਮਾਈਕਲ ਪੇਜ ਨੇ ਪਾਰਕਿੰਗ ਲਾਟ ਵਿਚ ਹੀ ਗੋਲੀਆਂ ਮਾਰ ਦਿੱਤੀਆਂ। ਇਹ ਦੋਵੇਂ ਭਰਾ ਉਥੇ ਹੀ ਦਮ ਤੋੜ ਗਏ।

ਕੁਝ ਬੱਚਿਆਂ ਨੇ ਗੁਰਦੁਆਰਾ ਸਾਹਿਬ ਵਿਚ ਰੌਲਾ ਪਾ ਦਿੱਤਾ ਕਿ ਇਕ ਗੋਰਾ ਸੰਗਤ ਨੂੰ ਮਾਰ ਰਿਹਾ ਹੈ। ਸਤਵੰਤ ਸਿੰਘ ਨੇ ਸੰਗਤ ਨੂੰ ਸਾਵਧਾਨ ਹੋਣ ਲਈ ਕਿਹਾ। ਗੁਰਦੁਆਰਾ ਸਾਹਿਬ ਵਿਚ ਕੰਮ ਕਰ ਰਹੀਆਂ ਬੀਬੀਆਂ ਨੂੰ ਲੁਕਣ ਲਈ ਕਿਹਾ। ਉਸ ਨੇ ਸੰਗਤ ਨੂੰ ਬਾਬਾ ਜੀ ਦੇ ਕਮਰੇ ਵਿਚ ਜਾ ਕੇ ਸ਼ਸ਼ਤਰਧਾਰੀ ਹੋਣ ਲਈ ਕਿਹਾ। ਨਾਲ ਹੀ 911 ਨੰਬਰ 'ਤੇ ਪੁਲਿਸ ਨੂੰ ਕਾਲ ਕੀਤਾ ਅਤੇ ਸਾਰੀ ਗੱਲ ਦੱਸੀ। ਉਸ ਦੇ ਕਹਿਣ ਤੇ ਹੀ ਲੈਫਟੀਨੈਂਟ ਮਰਫੀ ਅਤੇ ਸੈਮਲੈਂਡਾ ਗੁਰਦੁਆਰਾ ਸਾਹਿਬ ਆਏ ਸਨ। ਇੰਨੇ ਵਿਚ ਮਾਈਕਲ ਪੇਜ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਵਿਚ ਆ ਗਿਆ। ਗੁਰੂ ਗ੍ਰੰਥ ਸਾਹਿਬ ਵਾਲੇ ਹਾਲ ਵਿਚੋਂ ਦੋ ਬੀਬੀਆਂ ਸਰਦਾਰਨੀ ਪਰਮਜੀਤ ਕੌਰ ਅਤੇ ਸਰਦਾਰਨੀ ਅਮਰਜੀਤ ਕੌਰ ਆ ਰਹੀਆਂ ਸਨ। ਅਮਰਜੀਤ ਕੌਰ ਦੀ ਬਾਂਹ ਤੇ ਗੋਲੀ ਵੱਜੀ ਅਤੇ ਉਹ ਗੁਰੂ ਘਰ ਦੀ ਰਸੋਈ ਵੱਲ ਦੌੜ ਪਈ। ਪਰਮਜੀਤ ਕੌਰ ਨੂੰ ਮਾਈਕਲ ਪੇਜ ਨੇ ਗੁਰੂ ਘਰ ਦੇ ਦਰਬਾਰ ਹਾਲ ਵਿਚ ਹੀ ਗੋਲੀਆਂ ਨਾਲ ਮਾਰ ਦਿੱਤਾ। ਇੰਨੇ ਵਿਚ ਮਾਈਕਲ ਪੇਜ ਗੁਰਦੁਆਰਾ ਹਾਲ ਤੋਂ ਬਾਹਰ ਆ ਰਿਹਾ ਸੀ ਕਿ ਦਫ਼ਤਰ ਵਿਚੋਂ ਬਾਹਰ ਨਿਕਲੇ ਸ. ਸੁਬੇਗ ਸਿੰਘ ਖੱਟੜਾ ਨੂੰ ਗੋਲੀਆਂ ਨਾਲ ਮਾਰ ਦਿੱਤਾ ਗਿਆ। ਇਸ ਤੋਂ ਬਾਅਦ ਉਹ ਗੁਰਦੁਆਰੇ ਦੇ ਰਿਹਾਇਸ਼ੀ ਕਮਰਿਆਂ ਵੱਲ ਚਲਾ ਗਿਆ। ਇਕ ਰਿਹਾਇਸ਼ੀ ਕਮਰੇ ਵਿਚ ਸਤਵੰਤ ਅਤੇ ਸ. ਪ੍ਰਕਾਸ਼ ਸਿੰਘ ਬੈਠੇ ਸਨ। ਸ. ਪ੍ਰਕਾਸ਼ ਸਿੰਘ ਵੀ ਗੁਰੂ ਘਰ ਦੀ ਸੇਵਾ ਕਰਦੇ ਸਨ। ਸ. ਪ੍ਰਕਾਸ਼ ਸਿੰਘ ਨੂੰ ਗੋਲੀਆਂ ਮਾਰ ਕੇ ਢੇਰ ਕਰ ਦਿੱਤਾ ਗਿਆ। ਇੰਨੇ ਵਿਚ ਮਾਈਕਲ ਪੇਜ ਦੇ ਮੈਗਜੀਨ ਦੀਆਂ ਗੋਲੀਆਂ ਖ਼ਤਮ ਹੋ ਗਈਆਂ ਅਤੇ ਉਹ ਮੈਗਜ਼ੀਨ ਬਦਲਣ ਲੱਗਾ, ਉਸ ਦੌਰਾਨ ਸਤਵੰਤ ਨੇ ਇਕ ਚਾਕੂ ਨਾਲ ਮਾਈਕਲ ਪੇਜ 'ਤੇ ਹਮਲਾ ਕੀਤਾ ਅਤੇ ਉਸ ਦੀ ਛਾਤੀ ਅਤੇ ਗਰਦਨ ਵਿਚ ਚਾਕੂ ਨਾਲ ਤਿੰਨ ਵਾਰ ਕੀਤੇ। ਜਦੋਂ ਮਾਈਕਲ ਪੇਜ ਨੇ ਮੈਗਜ਼ੀਨ ਬਦਲ ਲਿਆ ਤਾਂ ਸਤਵੰਤ ਸਿੰਘ ਨੇ ਮਾਈਕਲ ਨੂੰ ਪਿੱਛੋਂ ਦੀ ਜੱਫ਼ਾ ਪਾ ਲਿਆ। ਮਾਈਕਲ ਪੇਜ ਨੇ ਜੱਫ਼ਾ ਪਏ ਪੁਆਏ ਹੀ ਸਾਈਡ ਤੋਂ ਪੰਜ ਗੋਲੀਆਂ ਮਾਰ ਕੇ




ਸਤਵੰਤ ਨੂੰ ਛਲਣੀ-ਛਲਣੀ ਕਰ ਦਿੱਤਾ। ਉਸ ਤੋਂ ਬਾਅਦ ਮਾਈਕਲ ਪੇਜ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਤੋਂ ਬਾਹਰ ਚਲਾ ਗਿਆ।

ਉਹ ਪਾਰਕਿੰਗ ਲਾਟ ਦਾਖ਼ਲ ਹੋ ਹੀ ਰਿਹਾ ਸੀ ਕਿ ਲੈਫਟੀਨੈਂਟ ਮਰਫੀ ਜੋ ਓਕ ਕਰੀਕ ਪੁਲਿਸ ਵਿਭਾਗ ਦਾ ਅਫ਼ਸਰ ਸੀ ਨੇ ਮਾਈਕਲ ਪੇਜ ਤੇ ਗੋਲੀ ਚਲਾਈ। ਮਾਈਕਲ ਪੇਜ ਨੇ ਮਰਫੀ ਦੇ 9 ਗੋਲੀਆਂ ਮਾਰੀਆਂ। ਮਰਫੀ ਗੋਲੀਆਂ ਲੱਗਣ ਕਰਕੇ ਜ਼ਖ਼ਮੀ ਹੋ ਗਿਆ ਅਤੇ ਡਿੱਗ ਪਿਆ। ਇੰਨੇ ਵਿਚ ਇਕ ਪੁਲਿਸ ਅਫ਼ਸਰ, ਸੈਮ ਲੈਂਡਾ ਨੇ ਪਾਰਕਿੰਗ ਲਾਟ ਵਿਚ ਖੜ੍ਹ ਕੇ ਰਾਈਫਲ ਨਾਲ ਗੋਲੀਆਂ ਚਲਾਈਆਂ ਅਤੇ ਮਾਈਕਲ ਪੇਜ ਨੂੰ ਢੇਰ ਕਰ ਦਿੱਤਾ। ਲੈਫਟੀਨੈਂਟ ਮਰਫੀ ਹਸਪਤਾਲ ਵਿਚ ਦਾਖ਼ਲ ਹੋਇਆ ਅਤੇ ਠੀਕ ਹੋ ਗਿਆ। ਸਿੱਖ ਸੰਗਤਾਂ ਨੇ ਸਾਰੇ ਅਮਰੀਕਾ ਤੋਂ ਲੈਫਟੀਨੈਂਟ ਮਰਫੀ ਨੂੰ ਦੋ ਲੱਖ ਡਾਲਰ ਉਸ ਦੀ ਸਹਾਇਤਾ ਵਜੋਂ ਭੇਟਾ ਕੀਤੇ। ਮਰਫੀ ਨੌਕਰੀ ਤੋਂ ਰਿਟਾਇਰ ਹੋ ਗਿਆ ਅਤੇ ਅੱਜ-ਕੱਲ੍ਹ ਗੁਰਦੁਆਰੇ ਆਉਂਦਾ ਹੈ।

ਦਸੰਬਰ 2012 ਵਿਚ ਸਤਵੰਤ ਸਿੰਘ ਕਾਲੇਕਾ ਨੂੰ ਅਕਾਲ ਤਖ਼ਤ ਸ਼੍ਰੀ ਹਰਿਮੰਦਰ ਸਾਹਿਬ ਵੱਲੋਂ ਸੋਨੇ ਦੇ ਮੈਡਲ ਨਾਲ ਨਿਵਾਜਿਆ ਗਿਆ। ਇਸ ਮੌਕੇ 'ਤੇ ਸਤਵੰਤ ਦੀ ਸੁਪਤਨੀ ਸਤਪਾਲ ਕੌਰ ਅਤੇ ਦੋਵੇਂ ਸਪੁੱਤਰ ਪਰਦੀਪ ਸਿੰਘ ਅਤੇ ਅਮਰਦੀਪ ਸਿੰਘ ਹਾਜ਼ਰ ਰਹੇ। ਸਤਵੰਤ ਦੀ ਵੱਡੀ ਭੈਣ ਜਸਵਿੰਦਰ ਕੌਰ ਅਤੇ ਭਰਾ ਸ. ਅਮਰਜੀਤ ਸਿੰਘ ਕਾਲੇਕਾ ਅਤੇ ਭਰਜਾਈ ਸਰਦਾਰਨੀ ਜਸਮਿੰਦਰ ਕੌਰ ਵੀ ਹਾਜ਼ਰ ਰਹੇ। ਸਤਵੰਤ ਦੇ ਚਾਚਾ ਜੀ ਸ. ਗੁਰਬਖਸ਼ ਸਿੰਘ, ਪਿੰਡ ਤੋਂ ਭਰਾ ਸ. ਹਰਬੰਸ ਸਿੰਘ ਅਤੇ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਵੀ ਸ਼ਾਮਲ ਸਨ। ਮੇਰੇ ਛੋਟੇ ਲੜਕੇ ਦੇ ਸੱਸ ਸਹੁਰਾ ਡਾ. ਰਣਬੀਰ ਸਿੰਘ ਪੰਨੂ ਅਤੇ ਡਾ. ਕੁਲਵੰਤ ਕੌਰ ਪੰਨੂ ਵੀ ਇਸ ਅਵਸਰ ਵਿਚ ਸ਼ਾਮਿਲ ਹੋਏ। ਇਸ ਮੌਕੇ ਤੇ ਗੋਲਡ ਮੈਡਲ ਬੀਬਾ ਸਤਪਾਲ ਕੌਰ ਨੂੰ ਦਿੱਤਾ ਗਿਆ ਅਤੇ ਸਾਰੇ ਰਿਸ਼ਤੇਦਾਰਾਂ ਨੂੰ ਅਕਾਲ ਤਖ਼ਤ ਵੱਲੋਂ ਸਰੋਪਿਆਂ ਨਾਲ ਸਨਮਾਨਿਆ ਗਿਆ। ਇਹ ਸਾਰਾ ਪ੍ਰੋਗਰਾਮ ਪੀ.ਟੀ.ਸੀ. ਨਿਊਜ਼ ਅਤੇ ਹੋਰ ਮੀਡੀਆ ਦੇ ਚੈਨਲਾਂ ਨੇ ਕਵਰ ਕੀਤਾ। ਇਸ ਸਮਾਗਮ ਦੀ ਕਈ ਦਿਨਾਂ ਤੱਕ ਚੈਨਲਾਂ ਉਤੇ ਖ਼ਬਰਾਂ ਆਉਂਦੀਆਂ ਰਹੀਆਂ। ਲਫਟੈਣ ਮਰਫੀ ਦਾ ਗੋਲਡ ਮੈਡਲ ਉਸ ਨੂੰ ਪੋਸਟ ਰਾਹੀਂ ਭੇਜਿਆ ਗਿਆ।

2016 ਵਿਚ ਸਤਵੰਤ ਦੇ ਦੁਗਾਲ ਪਿੰਡ ਦੇ ਸਕੂਲ ਦਾ ਨਾਂ ਬਦਲ ਕੇ ਸ਼ਹੀਦ ਸਤਵੰਤ ਸਿੰਘ ਕਾਲੇਕਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦੁਗਾਲ ਰੱਖਿਆ ਗਿਆ।

16 ਨਵੰਬਰ 2017 ਨੂੰ ਅਜਾਇਬ ਘਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਸਤਵੰਤ ਸਿੰਘ ਦਾ ਚਿੱਤਰ ਇਤਿਹਾਸਿਕ ਸ਼ਹੀਦਾਂ ਨਾਲ ਲਗਾਇਆ ਗਿਆ।

ਪੰਜਾਬ ਸਰਕਾਰ ਵੱਲੋਂ ਵਾਅਦੇ ਅਨੁਸਾਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਦਿੱਤੇ ਗਏ।

(ਚਲਦਾ)






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**ਜ਼ਿਲ੍ਹਾ ਮਿੰਟਗੁਮਰੀ**

70. ਸ੍ਰ. ਸਤਵੰਤ ਸਿੰਘ ਜੀ
71. ਸ੍ਰ. ਮੱਲ ਸਿੰਘ ਜੀ
72.ਸ੍ਰ. ਸ਼ੇਰ ਸਿੰਘ ਜੀ

**ਜ਼ਿਲ੍ਹਾ ਲਾਇਲਪੁਰ**

73. ਸ੍ਰ. ਪਸ਼ੌਰਾ ਸਿੰਘ ਜੀ
74. ਸ੍ਰ. ਗੁਪਾਲ ਸਿੰਘ ਜੀ
75. ਸ੍ਰ. ਦੀਦਾਰ ਸਿੰਘ ਜੀ
76. ਸ੍ਰ. ਉਜਾਗਰ ਸਿੰਘ ਜੀ
77. ਸ੍ਰ. ਜਵਾਲਾ ਸਿੰਘ ਜੀ
78. ਸ੍ਰ. ਤਾਰਾ ਸਿੰਘ ਜੀ
79. ਸ੍ਰ. ਦਲਜੀਤ ਸਿੰਘ ਜੀ

**ਜ਼ਿਲ੍ਹਾ ਮੁਜ਼ੱਫ਼ਰਗੜ੍ਹ ਤੇ ਡੇਰਾ ਇਸਮਾਈਲ ਖਾਂ**

80. ਸ੍ਰ. ਅਜਾਇਬ ਸਿੰਘ ਜੀ

**ਹੈਡ ਮਨਿਸਟਰਸ**

81. ਭਾਈ ਸਾਹਿਬ ਕਰਤਾਰ ਸਿੰਘ ਜੀ, ਸ੍ਰ. ਦਰਬਾਰ ਸਾਹਿਬ
82. ਭਾਈ ਮੋਹਣ ਸਿੰਘ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
83. ਜਥੇਦਾਰ ਪ੍ਰਤਾਪ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

**ਰਿਆਸਤ ਪਟਿਆਲਾ**

84. ਸ੍ਰ. ਆਤਮਾ ਸਿੰਘ ਜੀ

ਨਾਮਜ਼ਦ ਮੈਂਬਰ

85. ਸ੍ਰ. ਅਮਰ ਸਿੰਘ ਜੀ
86. ਸ੍ਰ. ਤਾਰਾ ਸਿੰਘ ਜੀ
87. ਸ੍ਰ. ਪ੍ਰਤਾਪ ਸਿੰਘ ਜੀ
88. ਪ੍ਰੋ. ਗੰਗਾ ਸਿੰਘ ਜੀ
89. ਸ੍ਰ. ਨਰੈਣ ਸਿੰਘ ਜੀ
90. ਭਾਈ ਪਿਆਰਾ ਸਿੰਘ ਜੀ
91. ਸ੍ਰ. ਅਮਰ ਸਿੰਘ ਜੀ

**(ਅ) ਹੋਰ ਜਥਿਆਂ ਵਲੋਂ ਸ਼ਾਮਲ ਹੋਏ ਪ੍ਰਤੀਨਿਧ**

**ਖਾਲਸਾ ਦੀਵਾਨ ਬਾਰ**

92. ਭਾ. ਰਣਜੀਤ ਸਿੰਘ ਜੀ
93. ਭਾ. ਇੰਦਰ ਸਿੰਘ ਜੀ
94. ਸ੍ਰ. ਸਰਦੂਲ ਸਿੰਘ ਜੀ

**ਗੜਗੱਜ ਅਕਾਲੀ ਦੀਵਾਨ**

95. ਭਾਈ ਤੇਜਾ ਸਿੰਘ ਜੀ
96. ਭਾਈ ਲਾਭ ਸਿੰਘ ਜੀ
97. ਭਾਈ ਲਛਮਣ ਸਿੰਘ ਜੀ
98. ਭਾਈ ਮੇਹਰ ਸਿੰਘ ਜੀ

**ਸੈਂਟਰਲ ਮਾਝਾ ਦੀਵਾਨ**

99. ਸ੍ਰ. ਤ੍ਰਲੋਚਨ ਸਿੰਘ ਜੀ
100. ਸ੍ਰ. ਕ੍ਰਿਪਾਲ ਸਿੰਘ ਜੀ

**ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ**

101. ਸ੍ਰ. ਨਰੈਣ ਸਿੰਘ ਜੀ

ਖਾਲਸਾ ਕਾਲਜ ਅੰਮ੍ਰਿਤਸਰ

102. ਸ੍ਰ. ਗੰਡਾ ਸਿੰਘ ਜੀ ਕੇਵਲ
103. ਪ੍ਰੋ. ਤੇਜਾ ਸਿੰਘ ਜੀ

**ਉਦਾਸੀਨ ਮਹਾਂਮੰਡਲ**

104. ਸਵਾਮੀ ਰਾਜ ਕੁਮਾਰ ਤੀਰਥ ਐਡੀਟਰ 'ਮਹਾਤਮਾ ਸਮਾਚਾਰ' ਅੰਮ੍ਰਿਤਸਰ

ਖਾਲਸਾ ਬਰਾਦਰੀ ਅੰਮ੍ਰਿਤਸਰ

105. ਸ੍ਰ. ਲੱਖਾ ਸਿੰਘ ਜੀ

**ਸ਼੍ਰੋਮਣੀ ਖਾਲਸਾ ਮਾਲਵਾ ਦੀਵਾਨ**

106. ਭਾਈ ਮਹਿੰਦਰ ਸਿੰਘ ਜੀ
107. ਭਾਈ ਜਗਜੀਤ ਸਿੰਘ ਜੀ
108. ਭਾਈ ਬਚਿਤ੍ਰ ਸਿੰਘ ਜੀ

**ਖਾਲਸਾ ਯੂਥ ਲੀਗ**

109. ਸ੍ਰ. ਜਗਜੀਤ ਸਿੰਘ ਜੀ ਫਿਰੋਜ਼ਪੁਰ

ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ

110 ਗਿ. ਹਰਚਰਨ ਸਿੰਘ ਜੀ
111. ਗਿ. ਭਗਤ ਸਿੰਘ

(ੲ) ਹੋਰ ਪ੍ਰਤਿਸ਼ਠਤ ਸੱਜਣ

112. ਗਿ. ਸਾਹਿਬ ਜੀ ਧਮਧਾਨ
113. ਸ੍ਰ. ਉਜਾਗਰ ਸਿੰਘ ਜੀ




114. ਸ੍ਰ. ਜਗਤ ਸਿੰਘ ਜੀ ਮੋਗਾ
115. ਭਾਈ ਅਮਰੀਕ ਸਿੰਘ ਜੀ ਚੂਨੇ ਵਾਲਾ, ਗੁਜਰਾਂਵਾਲਾ
116. ਭਾਈ ਅਮਰ ਸਿੰਘ ਜੀ 'ਖਾਲਸਾ'
117. ਸ੍ਰ. ਸਾਹਿਬ ਜੀ ਖਾ. ਕਾਲਜ
118. ਪ੍ਰੋ. ਸ਼ਮਸ਼ੇਰ ਸਿੰਘ ਜੀ ਪਸਰੂਰ

(ਸ) ਰਹੁ-ਰੀਤ ਕਮੇਟੀ ਦੇ ਮੈਂਬਰ

119. ਗਿ. ਠਾਕਰ ਸਿੰਘ ਜੀ ਅੰਮ੍ਰਿਤਸਰ
120. ਭਾਈ ਕਾਹਨ ਸਿੰਘ ਜੀ ਨਾਭਾ
121. ਭਾਈ ਸਾਹਿਬ ਲਾਭ ਸਿੰਘ ਜੀ ਗ੍ਰੰਥੀ ਦਰਬਾਰ ਸਾਹਿਬ
122. ਬਾਵਾ ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ, ਗੁ. ਨਾ. ਖਾ. ਕਾ. ਗੁਜਰਾਂਵਾਲਾ
123. ਪ੍ਰੋ. ਜੋਧ ਸਿੰਘ ਜੀ ਐਮ.ਏ.
124. ਸ੍ਰ. ਵਸਾਵਾ ਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ
125. ਗਿ. ਨਾਹਰ ਸਿੰਘ ਜੀ ਐਡੀਟਰ ਸਿੱਖ ਸੇਵਕ
126. ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ
127. ਸ੍ਰ. ਧਰਮਾਨੰਤ ਸਿੰਘ ਜੀ ਪ੍ਰਿੰਸੀਪਲ ਸ਼ਹੀਦ ਸਿ. ਮਿਸ਼ਨਰੀ ਕਾਲਜ ਅੰਮ੍ਰਿਤਸਰ
128. ਮਾਸਟਰ ਮਹਿਤਾਬ ਸਿੰਘ ਜੀ

(ਹ) ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ

129. ਜਥੇਦਾਰ ਊਧਮ ਸਿੰਘ ਜੀ
130. ਸ੍ਰ. ਸਾਧੂ ਸਿੰਘ ਜੀ ਚੱਕ 30 ਲਾਇਲਪੁਰ
131. ਗਿ. ਕਰਤਾਰ ਸਿੰਘ ਜੀ ਲਾਇਲਪੁਰੀ
132. ਗਿ. ਗੁਰਮੁਖ ਸਿੰਘ ਜੀ 'ਮੁਸਾਫ਼ਰ'
133. ਸ੍ਰ. ਮੋਤਾ ਸਿੰਘ ਜੀ
134. ਸ੍ਰ. ਸੋਹਣ ਸਿੰਘ ਜੀ ਜਲਾਲ ਉਸਮਾਂ
135. ਸ੍ਰ. ਭਗਵਾਨ ਸਿੰਘ ਜੀ ਦੋਸਾਂਝ ਕਲਾਂ
136. ਸ੍ਰ. ਸਰਦੂਲ ਸਿੰਘ ਜੀ
137. ਸ੍ਰ. ਜਾਤਾ ਸਿੰਘ ਜੀ ਅੰਬਾਲਾ
138. ਸ੍ਰ. ਸੁੰਦਰ ਸਿੰਘ ਜੀ ਮੁਰੀਦ ਕੇ (ਗੁਰਦਾਸਪੁਰ)
139. ਸ੍ਰ. ਗੁਲਬਦਨ ਸਿੰਘ ਜੀ ਲੁਧਿਆਣਾ
140. ਸ੍ਰ. ਲਛਮਨ ਸਿੰਘ ਜੀ ਕਪੂਰਥਲਾ
141. ਸ੍ਰ. ਗਰਜਾ ਸਿੰਘ ਜੀ ਸਿਆਲਕੋਟ
142. ਸ੍ਰ. ਭਗਤ ਸਿੰਘ ਜੀ ਜਾਮਕੇ
143. ਸ੍ਰ. ਦਰਸ਼ਨ ਸਿੰਘ ਜੀ ਫੇਰੂਮਾਨ
144. ਸ੍ਰ. ਪ੍ਰੀਤਮ ਸਿੰਘ ਜੀ ਸਰਗੋਧਾ

(ਚਲਦਾ)

# ਚਮਤਕਾਰ ! ਜਹਾਜ਼ ਹਾਦਸੇ 'ਚ ਲਾਪਤਾ ਹੋਏ ਬੱਚੇ 40 ਦਿਨਾਂ ਬਾਅਦ ਜੰਗਲ 'ਚੋਂ ਮਿਲੇ ਸੁਰੱਖਿਅਤ, ਇਕ ਦੀ ਉਮਰ 4 ਸਾਲ

ਬੋਗੋਟਾ : ਕੋਲੰਬੀਆ ਵਿਚ 40 ਦਿਨ ਪਹਿਲਾਂ ਇਕ ਜਹਾਜ਼ ਹਾਦਸੇ ਵਿਚ ਲਾਪਤਾ ਹੋਏ 4 ਬੱਚੇ ਐਮਾਜ਼ਾਨ ਦੇ ਜੰਗਲਾਂ ਵਿਚ ਸੁਰੱਖਿਅਤ ਮਿਲੇ ਹਨ। ਰਾਸ਼ਟਰਪੀ ਗਸਤਾਨੋ ਪੈਟਰੋ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਕਿਊਬਾ ਤੋਂ ਬੋਗੋਟਾ ਪਰਤਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੈਟਰੋ ਨੇ ਕਿਹਾ ਕਿ ਲਾਪਤਾ ਬੱਚਿਆਂ ਦੀ ਖੋਜ ਲਈ ਵੱਡੇ ਪੈਮਾਨੇ 'ਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਬਚਾਅ ਕਰਮੀਆਂ ਨੇ 40 ਦਿਨ ਦੀ ਸਖ਼ਤ ਮਿਹਨਤ ਦੇ ਬਾਅਦ ਬੱਚਿਆਂ ਨੂੰ ਲੱਭਣ ਵਿਚ ਕਾਮਯਾਬੀ ਹਾਸਲ ਕੀਤੀ ਅਤੇ ਹੁਣ ਇਹ ਬੱਚੇ ਡਾਕਟਰੀ ਨਿਗਰਾਨੀ ਵਿਚ ਹਨ। ਪੈਟਰੋ ਵਿਦਰੋਹੀ ਗੁੱਟ ਨੈਸ਼ਨਲ ਲਿਬਰੇਸ਼ਨ ਆਰਮੀ ਦੀ ਨੁਮਾਇੰਦਿਆਂ ਨਾਲ ਜੰਗਬੰਦੀ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਕਿਊਬਾ ਗਏ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਬੱਚਿਆਂ ਦਾ ਅਜਿਹੇ ਗੰਭੀਰ ਹਾਲਾਤਾਂ ਵਿਚ ਵੀ 40 ਦਿਨਾਂ ਤੱਕ ਜਿਊਂਦਾ ਰਹਿਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ ਅਤੇ ਇਨ੍ਹਾਂ ਦੀ ਕਹਾਣੀ ਇਤਿਹਾਸ ਦੇ ਪੰਨਿਆਂ ਵਿਚ ਦਰਜ ਹੋਵੇਗੀ। ਇਹ 4 ਬੱਚੇ ਸੇਸਨਾ ਦੇ ਉਸ ਸਿੰਗਲ ਇੰਜਣ ਵਾਲੇ ਜਹਾਜ਼ ਵਿਚ ਸਵਾਰ 6 ਯਾਤਰੀਆਂ ਵਿਚ



ਸਨ, ਜੋ ਇਕ ਮਈ ਨੂੰ ਇੰਜਣ ਵਿਚ ਖ਼ਰਾਬੀ ਕਰਨਾ ਹਾਦਸਾਗ੍ਰਸਤ ਹੋ ਗਿਆ ਸੀ। ਇਸ ਹਾਦਸੇ ਦੇ ਬਾਅਦ ਜਹਾਜ਼ ਦਾ ਰਾਡਾਰ ਨਾਲੋਂ ਸੰਪਰਕ ਟੁੱਟ ਗਿਆ ਸੀ ਅਤੇ ਸਰਕਾਰ ਨੇ ਯਾਤਰੀਆਂ ਨੂੰ ਬਚਾਉਣ ਲਈ ਵੱਡੇ ਪੈਮਾਨੇ 'ਤੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ। ਤਲਾਸ਼ੀ ਮੁਹਿੰਮ ਦੌਰਾਨ ਬਚਾਅ ਕਰਮੀਆਂ ਨੂੰ 16 ਮਈ ਨੂੰ ਐਮਾਜ਼ਾਨ ਦੇ ਸੰਘਣੇ ਜੰਗਲਾਂ ਵਿਚ ਜਹਾਜ਼ ਦਾ ਮਲਬਾ ਮਿਲਿਆ ਸੀ। ਮਲਬੇ ਵਿਚੋਂ ਜਹਾਜ਼ ਵਿਚ ਸਵਾਰ ਪਾਇਲਟ ਅਤੇ 2 ਹੋਰ ਬਾਲਗਾਂ ਦੀਆਂ ਲਾਸ਼ਾਂ ਵੀ ਬਰਾਮਦ ਹੋਈਆਂ ਸਨ ਪਰ ਇਸ ਵਿਚ ਸਵਾਰ 4 ਬੱਚਿਆਂ ਦਾ ਪਤਾ ਨਹੀਂ ਲਗਾਇਆ ਜਾ ਸਕਿਆ ਸੀ। ਇਸ ਤੋਂ ਬਾਅਦ, ਕੋਲੰਬੀਆ ਦੀ ਫੌਜ ਨੇ 4, 9, 11 ਅਤੇ 13 ਸਾਲ ਦੇ ਬੱਚਿਆਂ ਦੀ ਭਾਲ ਲਈ 150 ਸੈਨਿਕਾਂ ਨੂੰ ਖੋਜੀ ਕੁੱਤਿਆਂ ਨਾਲ ਜੰਗਲ ਵਿੱਚ ਭੇਜਿਆ। ਕਬਾਇਲੀ ਭਾਈਚਾਰਿਆਂ ਦੇ ਦਰਜਨਾਂ ਮੈਂਬਰਾਂ ਨੇ ਵੀ ਤਲਾਸ਼ੀ ਮੁਹਿੰਮ ਵਿੱਚ ਸਹਿਯੋਗ ਦਿੱਤਾ। ਸ਼ੁੱਕਰਵਾਰ ਨੂੰ ਫੌਜ ਨੇ ਟਵਿੱਟਰ 'ਤੇ ਕੁਝ ਤਸਵੀਰਾਂ ਸ਼ੇਅਰ ਕੀਤੀਆਂ, ਜਿਸ 'ਚ ਕੰਬਲ ਲੈ ਕੇ ਬੈਠੇ ਇਹ ਬੱਚੇ ਫੌਜੀਆਂ ਅਤੇ ਕਬਾਇਲੀ ਵਲੰਟੀਅਰਾਂ ਨਾਲ ਨਜ਼ਰ ਆ ਰਹੇ ਹਨ। ਇੱਕ ਤਸਵੀਰ ਵਿੱਚ ਇੱਕ ਸਿਪਾਹੀ ਇਨ੍ਹਾਂ ਵਿੱਚੋਂ ਸਭ ਤੋਂ ਛੋਟੇ ਬੱਚੇ ਨੂੰ ਬੋਤਲ ਨਾਲ ਦੁੱਧ ਪਿਲਾਉਂਦਾ ਨਜ਼ਰ ਆ ਰਿਹਾ ਹੈ।

ਬਾਅਦ ਵਿੱਚ, ਹਵਾਈ ਸੈਨਾ ਨੇ ਇੱਕ ਵੀਡੀਓ ਟਵੀਟ ਕੀਤੀ ਜਿਸ ਵਿੱਚ ਸੈਨਿਕ ਬੱਚਿਆਂ ਨੂੰ ਹੈਲੀਕਾਪਟਰ ਵਿੱਚ ਚੜ੍ਹਾਉਂਦੇ ਹੋਏ ਦਿਖਾਈ ਦੇ ਰਹੇ ਹਨ। ਇਸ 'ਚ ਲਿਖਿਆ ਕਿ ਹੈਲੀਕਾਪਟਰ ਬੱਚਿਆਂ ਨੂੰ ਲੈ ਕੇ ਸੈਨ ਜੋਸ ਡੇਲ ਗੁਆਵੀਆਰ ਲਈ ਰਵਾਨਾ ਹੋਇਆ। ਸਰਚ ਆਪਰੇਸ਼ਨ ਦੌਰਾਨ ਫੌਜ ਨੇ ਇਸ ਉਮੀਦ ਵਿੱਚ ਜੰਗਲਾਂ ਵਿੱਚ ਵੱਖ-ਵੱਖ ਥਾਵਾਂ 'ਤੇ ਖਾਣੇ ਦੇ ਪੈਕੇਟ ਸੁੱਟੇ ਸਨ ਕਿ ਇਹ ਬੱਚੇ ਭੋਜਨ ਕਰ ਸਕਣਗੇ ਅਤੇ ਇਨ੍ਹਾਂ ਨੂੰ ਜਿਊਂਦੇ ਰਹਿਣ ਵਿਚ ਮਦਦ ਮਿਲੇਗੀ। ਇੰਨਾ ਹੀ ਨਹੀਂ, ਫ਼ੌਜੀਆਂ ਨੇ 4 ਬੱਚਿਆਂ ਦੀ ਦਾਦੀ ਵੱਲੋਂ ਰਿਕਾਰਡ ਕੀਤਾ ਸੰਦੇਸ਼ ਚਲਾਉਂਦੇ ਸਨ, ਜਿਸ ਵਿੱਚ ਉਨ੍ਹਾਂ ਨੇ ਉਨ੍ਹਾਂ ਨੂੰ ਇਕੱਠੇ ਰਹਿਣ ਅਤੇ ਹਿੰਮਤ ਨਾ ਹਾਰਨ ਲਈ ਕਿਹਾ ਸੀ। ਤਲਾਸ਼ੀ ਮੁਹਿੰਮ ਦੌਰਾਨ, ਬਚਾਅ ਕਰਮੀਆਂ ਨੂੰ ਜੰਗਲ ਵਿੱਚ ਛੋਟੇ-ਛੋਟੇ ਸੁਰਾਗ, ਜਿਵੇਂ ਕਿ ਬੱਚਿਆਂ ਦੇ ਪੈਰਾਂ ਦੇ ਨਿਸ਼ਾਨ, ਦੁੱਧ ਦੀ ਇੱਕ ਬੋਤਲ, ਡਾਇਪਰ ਅਤੇ ਫਲਾਂ ਦੇ ਟੁਕੜੇ ਮਿਲੇ, ਜਿਸ ਕਾਰਨ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਬੱਚੇ ਅਜੇ ਵੀ ਜ਼ਿੰਦਾ ਹਨ। ਪੈਟਰੋ ਨੇ ਕਿਹਾ, "ਜੰਗਲ ਨੇ ਉਨ੍ਹਾਂ (ਬੱਚਿਆਂ) ਨੂੰ ਬਚਾਇਆ। ਉਹ ਜੰਗਲ ਦੇ ਬੱਚੇ ਹਨ ਅਤੇ ਹੁਣ ਉਹ ਸਾਰੇ ਕੋਲੰਬੀਆ ਦੇ ਵੀ ਬੱਚੇ ਹਨ।'

"ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਹੈ, ਅਜੇ ਤਕ ਉਹ ਸਾਡੇ ਹਥਿਆਰ ਜਿਉਂਦੇ ..
ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ ਤੇ ਸਿੰਘ ਅਜੇ ਵੀ ਲਖ ਹਜ਼ਾਰ ਜਿਉਂਦੇ।"

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# Gurdwara Sahib Stockton

1930 South Sikh Temple St, Stockton, CA 95206 (A Historical Land Mark of CA)

# 18, ਜੂਨ ਘੱਲੂਘਾਰਾ ਦਿਵਸ








ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ



ਸ਼ਹੀਦ ਭਾਈ ਜਨਰਲ ਸੁਬੇਗ ਸਿੰਘ



ਸ਼ਹੀਦ ਭਾਈ ਅਮਰੀਕ ਸਿੰਘ

## ਕੌਮ ਦੀ ਅਣਖ, ਆਬਰੂ ਅਤੇ ਅਜ਼ਾਦੀ ਲਈ ਜੂਝਦੇ ਹੋਏ ਸ਼ਾਨਾਮੱਤੀ ਸ਼ਹਾਦਤ ਦਾ ਜਾਮ ਪੀਣ ਵਾਲੇ ਇਨ੍ਹਾਂ ਮਹਾਨ ਯੋਧਿਆਂ ਸ਼ਹੀਦਾਂ ਦੀ ਨਿੱਘੀ ਯਾਦ ਵਿਚ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋਵੇਗਾ



ਜਥੇਦਾਰ ਜਸਪ੍ਰੀਤ ਸਿੰਘ ਲਵਲਾ ਅਤੇ ਉਨ੍ਹਾਂ ਦੇ ਜਥੇ ਵਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਜੌਹਰ ਦਿਖਾਏ ਜਾਣਗੇ।

**ਅਰੰਭ ਸ਼੍ਰੀ ਅਖੰਡਪਾਠ ਸਾਹਿਬ : 16, ਜੂਨ ਦਿਨ ਸ਼ੁਕਰਵਾਰ ਸਵੇਰੇ 10:00 ਵਜੇ**

**ਭੋਗ ਸ਼੍ਰੀ ਅਖੰਡਪਾਠ ਸਾਹਿਬ : 18, ਜੂਨ ਦਿਨ ਐਤਵਾਰ ਸਵੇਰੇ 10:00 ਵਜੇ**

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮਨਜੀਤ ਸਿੰਘ ਉਪਲ - 209-269-0733, ਮਲਕੀਤ ਸਿੰਘ ਬੋਪਾਰਾਏ - 916-396-1665, ਕੁਲਜੀਤ ਸਿੰਘ ਨਿੱਜਰ - 209-715-7756, ਹਰਮਿੰਦਰ ਸਿੰਘ ਸਮਾਣਾ - 209481-7750, ਅਮਰਜੀਤ ਸਿੰਘ ਤੁੰਗ -209-954-2881, ਜਗਜੀਤ ਸਿੰਘ ਰੱਕੜ - 209-483-9700, ਗੁਲਵਿੰਦਰ ਸਿੰਘ ਗਾਖਲ - 209-487-3699, ਹਰਨੇਕ ਸਿੰਘ ਅਟਵਾਲ - 209-351-5965, ਬਲਦੇਵ ਸਿੰਘ - 209-351-0786,

Pad Advertisement

# ਸਾਬਕਾ ਡਾਇਰੈਕਟਰ ਤਰਸੇਮ ਸਿੰਘ ਬੈਂਸ ਦਾ ਅੰਤਿਮ ਸੰਸਕਾਰ 14 ਨੂੰ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ) : ਪਿੰਡ ਬੈਂਸਾ ਜਿਲਾ ਨਵਾਂਸ਼ਹਿਰ ਦੇ ਪਿਛੋਕੜ ਨਾਲ ਸਬੰਧਤ ਲੰਬੜਦਾਰ ਤਰਸੇਮ ਸਿੰਘ ਬੈਂਸ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਉਹਨਾਂ ਦਾ ਅੰਤਿਮ ਸੰਸਕਾਰ ਮਿਤੀ 06/14/23 ਨੂੰ ਦੁਪਹਿਰ 1:00 ਵਜੇ ਚੈਰੋਕੀ ਫਿਊਨਰਲ ਹੋਮ ਵਿਖੇ 14615 ਐਨ ਬੇਕਮੈਨ ਆਰਡੀ ਲੋਡੀ, CA l5250 ਵਿਖੇ ਹੋਵੇਗਾ ਅਤੇ ਉਸਤੋਂ ਬਾਅਦ ਅੰਤਿਮ ਅਰਦਾਸ ਦੇਸ਼ਮੇਸ਼ ਦਰਬਾਰ ਗੁਰਦੁਆਰਾ ਲੋਡਾਈ ਵਿਖੇ ਹੋਵੇਗੀ। 16 ਅਗਸਤ 1932 ਨੂੰ ਪੰਜਾਬ ਵਿੱਚ ਪਿਤਾ ਹਰੀਚੰਦ ਦੇ ਘਰ ਜਨਮੇ ਲੰਬੜਦਾਰ ਤਰਸੇਮ ਸਿੰਘ ਬੈਂਸ ਨੇ ਆਪਣਾ ਜੀਵਨ ਲੋਕ ਸੇਵਾ ਅਤੇ ਗਰੀਬ ਲੋਕਾਂ ਦੀ ਮਦਦ ਲਈ ਸਮਰਪਿਤ ਕੀਤਾ। ਇਸੇ ਦੌਰਾਨ ਸਿਰਫ 26 ਸਾਲ ਦੀ ਉਮਰ ਵਿੱਚ 30 ਸਾਲਾਂ ਲਈ ਪਿੰਡ ਬੈਂਸਾ ਦਾ ਸਰਪੰਚ ਬਣਿਆ। ਉਹ 1980 ਤੋਂ 1990 ਤੱਕ ਉਹ ਨਵਾਂਸ਼ਹਿਰ ਜ਼ਿਲ੍ਹੇ ਵਿੱਚ ਸਾਰੇ ਕਾਰਪੋਰੇਟ ਬੈਂਕਾਂ ਲਈ ਬੈਂਕਿੰਗ ਡਾਇਰੈਕਟਰ ਰਹੇ ਤੇ ਬਾਅਦ ਵਿਚ 1991 ਵਿਚ ਅਮਰੀਕਾ ਆਏ, ਇਥੇ ਉਨਾਂ ਨੇ ਸ਼ਾਂਤੀਪੂਰਨ ਅਤੇ ਇਮਾਨਦਾਰ ਜੀਵਨ ਬਤੀਤ ਕੀਤਾ। ਦੱਸਣਯੋਗ ਹੈ ਕਿ ਉਹ ਆਪਣੇ ਪਿੱਛੇ ਪਤਨੀ ਗੁਰਮੀਤ



ਕੌਰ ਬੈਂਸ , ਭਰਾ ਗੁਰਦਿਆਲ ਸਿੰਘ ਬੈਂਸ; ਭੈਣ ਹਰਭਜਨ ਕੌਰ, ਪੁੱਤਰ ਜਸਵਿੰਦਰ ਸਿੰਘ, ਬਹਾਦਰ ਸਿੰਘ, ਅਮਰੀਕ ਸਿੰਘ; ਪੋਤੀ ਪਰਵੀਨ ਕੌਰ, ਪੋਤੇ ਰਣਜੋਤ ਸਿੰਘ; ਜੋਰਾਵਰ ਸਿੰਘ, ਤਰਨਜੀਤ ਸਿੰਘ, ਨੂੰ ਛੱਡ ਗਏ ਹਨ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਤੁਸੀ ਉਹਨੇ ਦੇ ਪੁੱਤਰ ਜਸਵਿੰਦਰ ਸਿੰਘ ਬੈਂਸ 209-609-9344 ਅਤੇ ਪੁੱਤਰ ਅਮਰੀਕ ਸਿੰਘ ਬੈਂਸ 209-366-4848 ਦੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ।

# ਕੈਲੀਫੋਰਨੀਆ ਸੂਬੇ ਦੇ ਸ਼ਹਿਰ ਵਿਸਾਲੀਆ ਵਿਖੇਂ ਸ਼ਰਾਬ ਦੇ ਸਟੋਰ ਤੇ ਡਕੈਤੀ ਨੂੰ ਲੈ ਕੇ 20 ਸਾਲਾ ਕੰਮ ਕਰਦਾ ਮਾਲਿਕ ਅਤੇ ਹਥਿਆਰਬੰਦ ਡਕੈਤੀ ਦੇ ਸ਼ੱਕੀ ਦੀ ਮੌਤ

ਵਿਸਾਲੀਆ/ ਕੈਲੀਫੋਰਨੀਆ (ਸਾਡੇ ਲੋਕ) ਬੀਤੀਂ ਰਾਤ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਵਿਸਾਲੀਆ ਵਿਖੇਂ ਇਕ ਸ਼ਰਾਬ ਦੀ ਦੁਕਾਨ 'ਤੇ ਲੁੱਟ ਦੀ ਨੀਯਤ ਨੂੰ ਲੈ ਕੇ ਹੋਈ ਗੋਲੀਬਾਰੀ 'ਚ ਆਪਣੇ ਹੀ ਸਰਾਬ ਦੇ ਸਟੋਰ ਤੇ ਰਾਤ ਨੂੰ ਕੰਮ ਕਰਦੇ ਭਾਰਤ ਤੋ ਹਰਿਆਣਾ ਨਾਲ ਪਿਛੋਕੜ ਰੱਖਣ ਵਾਲੇ ਪਰਿਵਾਰ ਦਾ 20 ਸਾਲ ਦੀ ਉਮਰ ਦੇ ਨੌਜਵਾਨ ਅਤੇ 16 ਸਾਲਾ ਹਥਿਆਰਬੰਦ ਡਕੈਤੀ ਦੇ ਸ਼ੱਕੀ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ 16 ਸਾਲਾ ਨੌਜਵਾਨ ਨੇ ਸਟੋਰ ਲੁੱਟਣ ਦੀ ਕੋਸ਼ਿਸ਼ ਕੀਤੀ। ਉਸ ਨੇ ਅਤੇ ਆਪਣੇ ਸਟੋਰ ਤੇ ਕਲਰਕ ਵਜੋ ਕੰਮ ਕਰਦੇ ਦੋਵਾਂ ਨੇ ਇੱਕ ਦੂਜੇ 'ਤੇ ਕਈ ਵਾਰ ਗੋਲੀਆਂ ਚਲਾਈਆਂ। ਕੈਲੀਫੋਰਨੀਆ ਸੂਬੇ ਦੇ ਸ਼ਹਿਰ ਵਿਸਾਲੀਆ ਪੁਲਿਸ ਦਾ ਕਹਿਣਾ ਹੈ ਕਿ ਇੱਕ 20 ਸਾਲਾ ਸ਼ਰਾਬ ਸਟੋਰ ਦੇ ਮਾਲਿਕ ਅਤੇ ਇੱਕ 16 ਸਾਲਾ ਸ਼ੱਕੀ ਵਿਅਕਤੀ ਦੀ ਹਥਿਆਰਬੰਦ ਲੁੱਟ ਦੌਰਾਨ ਦੋਵਾਂ ਵਿਚਕਾਰ ਗੋਲੀਬਾਰੀ ਦੇ ਬਾਅਦ ਮੌਤ ਹੋ ਗਈ ਹੈ। ਵਿਸਾਲੀਆ, ਕੈਲੀਫੋਰਨੀਆ ਪੁਲਿਸ ਦਾ ਕਹਿਣਾ ਹੈ ਕਿ ਇੱਕ 20 ਸਾਲਾ ਸ਼ਰਾਬ ਸਟੋਰ ਕਲਰਕ ਅਤੇ ਇੱਕ 16 ਸਾਲਾ ਸ਼ੱਕੀ ਵਿਅਕਤੀ ਦੀ ਹਥਿਆਰਬੰਦ ਡਕੈਤੀ ਦੌਰਾਨ ਦੋਵਾਂ ਵਿਚਕਾਰ ਗੋਲੀਬਾਰੀ ਹੋਈ ਅਤੇ



ਥੋੜੇ ਸਮੇਂ ਬਾਅਦ ਵਿੱਚ ਉਹਨਾਂ ਦੀ ਮੌਤ ਹੋ ਗਈ ਹੈ। ਇਹ ਘਟਨਾ ਬੀਤੇਂ ਐਤਵਾਰ ਰਾਤ ਕਰੀਬ 11:00 ਵਜੇ ਦੇ ਕਰੀਬ ਵਾਲਨਟ ਐਵੇਨਿਊ ਅਤੇ ਗਿਡਿੰਗ ਸਟਰੀਟ 'ਤੇ ਈਜ਼ੈੱਡ ਮਾਰਟ ਨਾਮ ਦੇ ਲਿਕਰ ਸਟੋਰ 'ਤੇ ਵਾਪਰੀ, ਅਧਿਕਾਰੀਆਂ ਦਾ ਕਹਿਣਾ ਹੈ ਕਿ 16 ਸਾਲਾ ਨੌਜਵਾਨ ਨੇ ਸਟੋਰ ਲੁੱਟਣ ਦੀ ਕੋਸ਼ਿਸ਼ ਕੀਤੀ ਸੀ ਅਤੇ ਸਟੋਰ ਦੇ ਅੰਦਰੋਂ ਨਿਗਰਾਨੀ ਵੀਡੀਓ ਨੇ ਲੁਟੇਰੇ ਵਲੋਂ ਕਲਰਕ ਨੂੰ ਫੜ ਲਿਆ, ਜਿਸ ਦੀ ਪਛਾਣ ਉਸ ਦੇ ਪਰਿਵਾਰ ਨੇ ਕ੍ਰਿਸ਼ਨ ਸਿੰਘ ਵਜੋਂ ਕੀਤੀ, ਅਤੇ ਕਾਊਂਟਰ ਦੇ ਪਿੱਛੇ ਖੜ੍ਹੇ ਉਸ ਦੇ ਸਹਿ-ਕਰਮਚਾਰੀ ਨੂੰ ਵੀ , ਸ਼ੱਕੀ ਵਿਅਕਤੀ ਨੂੰ ਨਿਗਰਾਨੀ ਵੀਡੀਓ ਰਾਹੀਂ ਸਟੋਰ ਵਿੱਚ ਜਾਂਦੇ ਹੋਏ ਦੇਖਿਆ ਅਤੇ ਕਲਰਕਾਂ ਵੱਲ ਹਥਿਆਰ ਦਾ ਇਸ਼ਾਰਾ ਕਰਦੇ ਦੇਖਿਆ ਜਾ ਸਕਦਾ ਹੈ। ਕ੍ਰਿਸਨ ਸਿੰਘ ਕ੍ਰਿਸ ਸਟੋਰ ਕਲਰਕ ਨੇ ਬੰਦੂਕ ਫੜ ਲਈ ਅਤੇ ਕੁਝ ਸਕਿੰਟਾਂ ਬਾਅਦ ਉਹ ਅਤੇ ਸ਼ੱਕੀ ਦੋਵਾਂ ਨੇ ਗੋਲੀ ਚਲਾ ਦਿੱਤੀ। ਪੁਲਿਸ ਨੇ 16 ਸਾਲਾ ਸ਼ੱਕੀ ਲੁਟੇਰੇ ਨੌਜਵਾਨ ਨੂੰ ਪਾਰਕਿੰਗ ਵਿੱਚ ਪਾਇਆ, ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਕ੍ਰਿਸ਼ਨ ਸਿੰਘ ਕ੍ਰਿਸ਼ ਸਟੋਰ ਦੇ ਅੰਦਰ ਮ੍ਰਿਤਕ ਪਾਇਆ ਗਿਆ। ਨੌਜਵਾਨ ਕ੍ਰਿਸ਼ਨ ਸਿੰਘ ਕ੍ਰਿਸ਼ ਸ਼ਰਾਬ ਦੀ ਦੁਕਾਨ ਦੇ ਮਾਲਕ ਪ੍ਰਤਾਪ ਸਿੰਘ ਦਾ ਪੁੱਤਰ ਸੀ। ਮ੍ਰਿਤਕ ਆਪਣੇ ਮਾਂ ਪਿਉ ਦਾ ਇਕਲੌਤਾ ਪੁੱਤਰ ਸੀ। ਮ੍ਰਿਤਕ ਪੁੱਤਰ ਦੇ ਪਿਤਾ ਪ੍ਰਤਾਪ ਸਿੰਘ ਨੇ ਕਿਹਾ, 'ਮੇਰੀ ਪਤਨੀ ਘਰ ਵਿੱਚ ਮਰ ਰਹੀ ਹੈ। ਜੇਕਰ ਮੈਨੂੰ ਇੱਕ-ਦੋ ਦਿਨਾਂ ਵਿੱਚ ਕ੍ਰਿਸ਼ਨ ਸਿੰਘ (ਕ੍ਰਿਸ਼ ਦੀ) ਲਾਸ਼ ਨਾ ਮਿਲੀ, ਤਾਂ ਉਹ ਵੀ ਦੁਨੀਆ ਤੋ ਚਲੀ ਜਾਵੇਗੀ। ਪਿਤਾ ਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਇਸ ਸਮੇਂ ਉਹ ਸਿਰਫ ਆਪਣੇ ਪੁੱਤਰ ਦੀ ਦੇਹ ਨੂੰ ਉਨ੍ਹਾਂ ਦੇ ਜੱਦੀ ਦੇਸ਼ ਉਸ ਦੀ ਜਨਮ ਭੂਮੀ ਤੇ ਲੈ ਜਾਣਾ ਚਾਹੁੰਦਾ ਹੈ ਜਿਥੇ ਉਸ ਦਾ ਅੰਤਿਮ ਸੰਸਕਾਰ ਹੋ ਸਕੇ।

# ਮੈਰਾਥਨ ਦੌੜਾਕ ਤੇ ਕੌਂਸਲਰ ਜਗਜੀਤ ਸਿੰਘ 'ਸਿੱਖ ਐਥਲੈਟਿਕ ਸ਼ਖਸੀਅਤ ਆਫ ਦਿ ਈਅਰ' ਐਵਾਰਡ ਨਾਲ ਸਨਮਾਨਿਤ

ਲੰਡਨ : ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਦੇ ਸਹਿਯੋਗੀ ਸਿੱਖ ਫੋਰਮ ਇੰਟਰਨੈਸ਼ਨਲ ਨੇ ਕਿੰਗ ਚਾਰਲਸ 999 ਦੀ ਤਾਜਪੋਸ਼ੀ ਲਿੰਕਨਜ਼ ਇਨ ਲੰਡਨ ਦੇ ਓਲਡ ਹਾਲ ਵਿੱਚ ਵਿੱਚ ਮਨਾਈ ਗਈ। ਇਸ ਮੌਕੇ ਵੱਖ-ਵੱਖ ਸਿੱਖ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਰਾਥਨ ਸਿੱਖ ਦੌੜਾਕ ਤੇ ਕੌਂਸਲਰ ਜਗਜੀਤ ਸਿੰਘ ਨੂੰ ਸਿੱਖ ਐਥਲੈਟਿਕ ਸ਼ਖਸੀਅਤ ਆਫ ਦਿ ਈਅਰ ਦਾ ਸਨਮਾਨ ਦਿੱਤਾ ਗਿਆ। ਸਿੱਖ ਦੌੜਾਕ ਨੂੰ ਇਹ ਸਨਮਾਨ ਸਤਿਕਾਰਯੋਗ ਲਾਰਡ ਜੌਹਨ ਸਟੀਵਨਜ਼ QPM, ਭਾਰਤ ਦੇ ਹਾਈ ਕਮਿਸ਼ਨਰ ਸ਼੍ਰੀ ਵਿਕਰਮ ਦੋਰਾਇਸਵਾਮੀ ਅਤੇ ਸਿੱਖ ਫੋਰਮ ਇੰਟਰਨੈਸ਼ਨਲ ਦੇ ਪ੍ਰਧਾਨ ਰਣਜੀਤ ਸਿੰਘ ਓਬੀਈ ਨੇ ਦਿੱਤਾ।

ਇਸ ਸਮਾਗਮ ਵਿਚ ਯੂਕੇ ਪਾਰਲੀਮੈਂਟ ਅਤੇ ਪ੍ਰਸ਼ਾਸਨ ਦੇ ਸੀਨੀਅਰ ਪਤਵੰਤਿਆਂ ਦੇ ਨਾਲ-ਨਾਲ ਬ੍ਰਿਟੇਨ ਅਤੇ ਵਿਦੇਸ਼ਾਂ ਤੋਂ ਪ੍ਰਭਾਵਸ਼ਾਲੀ ਸਿੱਖ ਸ਼ਖਸੀਅਤਾ ਨੇ ਵੀ ਸ਼ਿਰਕਤ ਕੀਤੀ। ਇਹ ਪੁਰਸਕਾਰ ਸਿੱਖ ਫੋਰਮ ਇੰਟਰਨੈਸ਼ਨਲ -



ਇੱਕ ਸੱਭਿਆਚਾਰਕ ਅਤੇ ਚੈਰੀਟੇਬਲ ਸੰਸਥਾ ਦੁਆਰਾ ਪ੍ਰਦਾਨ ਕੀਤਾ ਗਿਆ, ਜਿਸਦਾ ਉਦੇਸ਼ ਸਿੱਖ ਧਰਮ ਦੀ ਸੱਭਿਆਚਾਰਕ ਵਿਰਾਸਤ ਨੂੰ ਉਤਸ਼ਾਹਿਤ ਕਰਨਾ ਅਤੇ ਸ਼ਾਂਤੀ, ੧ਓ ਅਤੇ ਵਿਸ਼ਵ-ਵਿਆਪੀ ਭਾਈਚਾਰੇ ਦੇ ਸੰਦੇਸ਼ ਨੂੰ ਫੈਲਾਉਣਾ ਹੈ। 'ਦਿ ਸਿੱਖ ਫੋਰਮ ਇੰਟਰਨੈਸ਼ਨਲ ਦੇ ਗਲੋਬਲ ਪ੍ਰਧਾਨ ਰਣਜੀਤ ਸਿੰਘ ਓ.ਬੀ.ਈ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।

# ਗੁਪਤ ਦਸਤਾਵੇਜ਼ ਮਾਮਲੇ 'ਚ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਗ੍ਰਿਫ਼ਤਾਰ

ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਗੁਪਤ ਦਸਤਾਵੇਜ਼ ਰੱਖਣ ਦੇ ਮਾਮਲੇ 'ਚ ਪੇਸ਼ ਹੋਣ ਲਈ ਮਿਆਮੀ ਦੀ ਸੰਘੀ ਅਦਾਲਤ 'ਚ ਪਹੁੰਚੇ, ਜਿੱਥੋਂ ਉਨ੍ਹਾਂ ਨੂੰ ਡਿਪਟੀ ਯੂਐੱਸ ਮਾਰਸ਼ਲ ਨੇ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ, ਸੁਣਵਾਈ ਤੋਂ ਬਾਅਦ ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਅਮਰੀਕੀ ਮੀਡੀਆ ਦੇ ਅਨੁਸਾਰ ਟਰੰਪ ਨੇ ਇਸ ਮਾਮਲੇ ਵਿੱਚ ਸੰਘੀ ਦੋਸ਼ਾਂ ਲਈ ਦੋਸ਼ੀ ਨਾ ਹੋਣ ਦੀ ਦਲੀਲ ਦਿੱਤੀ ਹੈ।

ਦਰਅਸਲ, ਮੀਡੀਆ ਰਿਪੋਰਟ ਤੋਂ ਮਿਲੀ ਜਾਣਕਾਰੀ ਮੁਤਾਬਕ ਅਦਾਲਤ 'ਚ ਸੁਣਵਾਈ ਦੌਰਾਨ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਗੁਪਤ ਦਸਤਾਵੇਜ਼ਾਂ ਦੇ ਮਾਮਲੇ 'ਚ ਬੇਕਸੂਰ ਹਨ। ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ



ਮਿਆਮੀ ਪਹੁੰਚੇ, ਜਿੱਥੇ ਉਨ੍ਹਾਂ ਨੇ ਅਦਾਲਤ 'ਚ ਆਤਮ ਸਮਰਪਣ ਕਰ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਦੱਸ ਦੇਈਏ ਕਿ ਟਰੰਪ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਹਨ, ਜੋ ਕਿਸੇ ਅਪਰਾਧਿਕ ਮਾਮਲੇ ਵਿੱਚ ਸੰਘੀ ਜੱਜ ਦੇ ਸਾਹਮਣੇ ਪੇਸ਼ ਹੋਏ ਹਨ।

ਰਿਪੋਰਟ ਮੁਤਾਬਕ ਇਸ ਤੋਂ ਪਹਿਲਾਂ ਅਪ੍ਰੈਲ ਮਹੀਨੇ 'ਚ ਡੋਨਾਲਡ ਟਰੰਪ ਨਿਊਯਾਰਕ ਦੀ ਅਦਾਲਤ 'ਚ ਪੇਸ਼ ਹੋਏ ਸਨ। ਉਨ੍ਹਾਂ 'ਤੇ ਇਕ ਪੋਰਨ ਸਟਾਰ ਨਾਲ ਆਪਣੇ ਰਿਸ਼ਤੇ ਨੂੰ ਲੁਕਾਉਣ ਲਈ ਪੈਸੇ ਦੇਣ ਦਾ ਦੋਸ਼ ਸੀ। ਇਸ ਮਾਮਲੇ 'ਚ ਵੀ ਸਾਬਕਾ ਰਾਸ਼ਟਰਪਤੀ ਟਰੰਪ ਨੇ ਖੁਦ ਨੂੰ ਬੇਕਸੂਰ ਦੱਸਿਆ ਸੀ।

ਮੀਡੀਆ ਰਿਪੋਰਟਾਂ ਮੁਤਾਬਕ ਟਰੰਪ ਦੀ ਪੇਸ਼ੀ ਦੌਰਾਨ ਮਿਆਮੀ ਕੋਰਟ ਕੰਪਲੈਕਸ ਦੇ ਬਾਹਰ ਉਨ੍ਹਾਂ ਦੇ ਸਮਰਥਕਾਂ ਨੇ ਨਾਅਰੇਬਾਜ਼ੀ ਕੀਤੀ। ਕੁਝ ਸਮਰਥਕਾਂ ਨੇ ਬੇਸਬਾਲ ਕੈਪਸ ਵੀ ਪਹਿਨੀਆਂ ਸਨ, ਜਿਨ੍ਹਾਂ 'ਤੇ 'ਮੇਕ ਅਮਰੀਕਾ ਗ੍ਰੇਟ ਅਗੇਨ' ਲਿਖਿਆ ਹੋਇਆ ਸੀ। ਇਸ ਦੌਰਾਨ ਰਾਸ਼ਟਰਪਤੀ ਜੋਅ ਬਾਈਡੇਨ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ ਗਈ।

# ਅਮਰੀਕਾ ਯੂਕ੍ਰੇਨ ਨੂੰ ਦੇਵੇਗਾ 2.1 ਅਰਬ ਡਾਲਰ ਦੀ ਫੌਜੀ ਸਹਾਇਤਾ

ਵਾਸ਼ਿੰਗਟਨ : ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫਤਰ ਪੈਂਟਾਗਨ ਨੇ ਸ਼ੁੱਕਰਵਾਰ ਨੂੰ ਯੂਕ੍ਰੇਨ ਨੂੰ ਲੰਬੇ ਸਮੇਂ ਲਈ ਹਥਿਆਰਾਂ ਦੀ ਸਹਾਇਤਾ ਦੇ ਰੂਪ ਵਿਚ 2.1 ਬਿਲੀਅਨ ਡਾਲਰ ਦੀ ਵਾਧੂ ਸਹਾਇਤਾ ਦਾ ਐਲਾਨ ਕੀਤਾ। ਇਸ ਨਵੇਂ ਸਹਾਇਤਾ ਪੈਕੇਜ ਵਿੱਚ ਪੈਟਰੋਅਟ ਮਿਜ਼ਾਈਲਾਂ, ਹਾਕ ਏਅਰ ਡਿਫੈਂਸ ਸਿਸਟਮ ਅਤੇ ਮਿਜ਼ਾਈਲਾਂ ਅਤੇ ਛੋਟੇ ਪੁਮਾ ਡਰੋਨ ਲਈ ਫੰਡਿੰਗ ਸ਼ਾਮਲ ਹੈ। ਅਜਿਹੇ ਸੰਕੇਤ ਮਿਲੇ ਹਨ ਕਿ ਰੂਸ ਵੱਲੋਂ ਕਬਜ਼ੇ ਵਿਚ ਲਏ ਗਏ ਆਪਣੇ ਭੂ-ਭਾਗ 'ਤੇ ਮੁੜ ਕੰਟਰੋਲ ਹਾਸਲ ਕਰਨ ਦੀ ਕੋਸ਼ਿਸ਼ ਤਹਿਤ ਯੂਕ੍ਰੇਨ ਬਹੁਤ ਜ਼ਿਆਦਾ ਉਡੀਕੀ ਗਈ ਜਵਾਬੀ ਕਾਰਵਾਈ ਸ਼ੁਰੂ ਕਰਨ ਵਾਲਾ ਹੈ।



ਪੈਂਟਾਗਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਪੈਕੇਜ ਯੂਕ੍ਰੇਨ ਦੇ ਭੂ-ਭਾਗ ਦੀ ਰੱਖਿਆ ਕਰਨ ਵਿਚ ਯੂਕ੍ਰੇਨੀ ਹਥਿਆਰਬੰਦ ਬਲਾਂ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਅਤੇ ਲੰਬੇ ਸਮੇਂ ਤੱਕ ਰੂਸੀ ਹਮਲੇ ਦਾ ਵਿਰੋਧ ਕਰਨ ਵਿਚ ਅਮਰੀਕਾ ਦੀ ਜਾਰੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਹਾਇਤਾ ਵਿੱਚ ਲੇਜ਼ਰ-ਗਾਈਡਡ ਮਿਜ਼ਾਈਲ ਲਈ ਸਮੁੰਦਰੀ ਸਮੱਗਰੀ, ਅਣਜਾਣ ਗਿਣਤੀ ਵਿਚ ਤੋਪਾਂ ਦੇ ਗੋਲੇ ਅਤੇ ਸਿਖਲਾਈ ਅਤੇ ਰੱਖ-ਰਖਾਅ ਸਹਾਇਤਾ ਲਈ ਫੰਡਿੰਗ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਫਰਵਰੀ 2022 'ਚ ਯੂਕ੍ਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਅਮਰੀਕਾ ਨੇ ਕੀਵ ਨੂੰ 37.6 ਅਰਬ ਡਾਲਰ ਦੀ ਮਦਦ ਦਿੱਤੀ ਹੈ।

# ਰੂਸ ਵੱਲੋਂ ਜ਼ੈਲੇਂਸਕੀ ਦੇ ਸ਼ਹਿਰ 'ਤੇ ਮਿਜ਼ਾਈਲ ਹਮਲੇ; 11 ਹਲਾਕ

## *ਦਰਜਨਾਂ ਵਿਅਕਤੀ ਜ਼ਖ਼ਮੀ; ਯੂਕਰੇਨੀ ਸੈਨਾ ਵੱਲੋਂ ਬਚਾਅ ਕਾਰਜ ਜਾਰੀ*

ਕੀਵ : ਯੂਕਰੇਨ ਦੇ ਕੇਂਦਰੀ ਸ਼ਹਿਰ 'ਤੇ ਲੰਘੀ ਸਾਰੀ ਰਾਤ ਕੀਤੇ ਗਏ ਰੂਸੀ ਮਿਜ਼ਾਈਲ ਹਮਲੇ 'ਚ ਹੁਣ ਤੱਕ ਘੱਟੋ ਘੱਟ 11 ਜਣਿਆਂ ਦੀ ਮੌਤ ਹੋ ਗਈ ਹੈ ਤੇ ਅੱਜ ਵੀ ਬਚਾਅ ਕਰਮੀ ਇਮਾਰਤਾਂ ਦੇ ਮਲਬੇ ਹੇਠ ਦਬੇ ਲੋਕਾਂ ਦੀ ਭਾਲ ਕਰਦੇ ਰਹੇ।

ਕ੍ਰਿਵਯੀ ਰੀਹ ਦੇ ਮੇਅਰ ਓਲੈਕਸੈਂਡਰ ਵਿਲਕੁਲ ਨੇ ਦੱਸਿਆ ਕਿ ਮ੍ਰਿਤਕਾਂ ਦੀ ਗਿਣਤੀ ਵਧ ਕੇ 10 ਹੋ ਗਈ ਹੈ। ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਅਜੇ ਵੀ ਮਲਬੇ ਹੇਠ ਫਸਿਆ ਹੋਇਆ ਤੇ ਇਸ ਹਮਲੇ 'ਚ 28 ਵਿਅਕਤੀ ਜ਼ਖ਼ਮੀ ਹੋਏ ਹਨ। ਦਿਪ੍ਰੋਪੇਤ੍ਰੋਵਸ ਦੇ ਗਵਰਨਰ ਸੇਰਹੀਯ ਲਿਸਾਕ ਨੇ ਸੋਸ਼ਲ ਮੀਡੀਆ ਮੰਚ ਟੈਲੀਗ੍ਰਾਮ 'ਤੇ ਦੱਸਿਆ ਕਿ ਪੰਜ ਮੰਜ਼ਿਲਾ ਰਿਹਾਇਸ਼ੀ ਇਮਾਰਤ 'ਤੇ ਅੱਜ ਤੜਕੇ ਹਮਲਾ ਹੋਇਆ ਅਤੇ ਇਲਾਕੇ 'ਚ ਅੱਗ ਲੱਗ ਗਈ। ਮੁੱਢਲੀਆਂ ਰਿਪੋਰਟਾਂ 'ਚ ਤਿੰਨ ਜਣਿਆਂ ਦੇ ਮਾਰੇ ਜਾਣ ਦੀ ਖ਼ਬਰ ਸੀ ਪਰ ਬਾਅਦ ਵਿਚ ਮ੍ਰਿਤਕਾਂ ਦੀ ਗਿਣਤੀ ਵਧ ਕੇ 10 ਹੋ ਗਈ। ਰਾਸ਼ਟਰਪਤੀ ਵਲੋਦੀਮੀਰ ਜ਼ੈਲੇਂਸਕੀ ਦੇ ਸ਼ਹਿਰ 'ਚ ਰੂਸ ਦੇ ਹਮਲੇ ਦੀ ਇਹ ਤਾਜ਼ਾ ਘਟਨਾ ਹੈ। ਜ਼ੈਲੇਂਸਕੀ ਨੇ ਸੋਸ਼ਲ ਮੀਡੀਆ ਮੰਚ ਟੈਲੀਗ੍ਰਾਮ 'ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ ਜਿਨ੍ਹਾਂ 'ਚ ਫਾਇਰ ਬ੍ਰਿਗੇਡ ਦੇ



ਮੁਲਾਜ਼ਮ ਅੱਗ ਬੁਝਾਉਂਦੇ ਨਜ਼ਰ ਆ ਰਹੇ ਹਨ। ਜ਼ੈਲੇਂਸਕੀ ਨੇ ਲਿਖਿਆ, 'ਅਤਿਵਾਦੀਆਂ ਦੀਆਂ ਹੋਰ ਮਿਜ਼ਾਈਲਾਂ। ਰੂਸੀ ਕਾਤਲ ਰਿਹਾਇਸ਼ੀ ਇਮਾਰਤਾਂ, ਸ਼ਹਿਰਾਂ ਤੇ ਆਮ ਲੋਕਾਂ ਖ਼ਿਲਾਫ਼ ਜੰਗ ਜਾਰੀ ਰੱਖ ਰਹੇ ਹਨ।' ਇਸੇ ਦੌਰਾਨ ਯੂਕਰੇਨ ਦੀ ਥਲ ਸੈਨਾ ਦੇ ਕਮਾਂਡਰ ਨੇ ਕਿਹਾ ਕਿ ਯੂਕਰੇਨੀ ਸੈਨਾ ਬਖਮੁਤ ਤੋਂ ਬਾਹਰ ਅੱਗੇ ਵਧ ਰਹੀ ਹੈ। ਸਥਾਨਕ ਗਵਰਨਰ ਓਲੇਹੀ ਸਾਇਨੀਹੁਬੋਵ ਨੇ ਟੈਲੀਗ੍ਰਾਮ 'ਤੇ ਦੱਸਿਆ ਕਿ ਯੂਕਰੇਨ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਖਾਰਕੀਵ 'ਤੇ ਇਰਾਨ 'ਚ ਬਣੇ ਸ਼ਾਹਿਦ ਡਰੋਨਾਂ ਨਾਲ ਹਮਲਾ ਕੀਤਾ ਤੇ ਨੇੜਲੇ ਇਲਾਕਿਆਂ 'ਚ ਗੋਲੇ ਦਾਗੇ ਗਏ।

# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## ACCOUNTING SERVICES:

- Bookkeeping
- Payroll Service
- Monthly Sales Tax reports



## TRUCK DISPATCH SERVICES:

- We Find Loads • Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇੰਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇੰਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਓਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇੰਮੀਗਰੇਸ਼ਨ ਸਬੰਧੀ ਸੇਵਾਵਾਂ

intuit quickbooks

CTEC California Tax Education Council Registered Tax Preparer

AUTHORIZED IRS e-file PROVIDER

COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@TOTALIRP.com



# ਅਰਦਾਸ

ਪੰਥ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਅਰਦਾਸ ਸ਼ਬਦ ਦੇ ਮੂਲ ਨੂੰ ਸੰਸਕ੍ਰਿਤ ਅਤੇ ਫਾਰਸੀ ਦੋਹਾਂ ਭਾਸ਼ਾਵਾਂ ਵਿਚੋਂ ਆਇਆ ਮੰਨਿਆ ਹੈ। ਸੰਸਕ੍ਰਿਤ ਅਨੁਸਾਰ ਇਹ ਅਰ+ਦੰ+ਆਸ ਸ਼ਬਦ ਤੋਂ ਬਣਿਆ ਹੈ, ਜਿਸ ਅਨੁਸਾਰ ਅਰ+ਦੰ ਸ਼ਬਦ ਦਾ ਅਰਥ ਹੈ। ਮੰਗਣਾ ਅਤੇ ਆਸ ਸ਼ਬਦ ਦਾ ਅਰਥ ਹੈ ਮੁਰਾਦ। ਫ਼ਾਰਸੀ ਵਿਚ ਇਸ ਦਾ ਮੂਲ 'ਅਰਜ਼ਦਾਸ਼ਤ' ਸ਼ਬਦ ਨੂੰ ਮੰਨਿਆ ਗਿਆ ਹੈ। ਅਰਜ਼ ਦੇ ਅਰਥ ਬੇਨਤੀ ਅਤੇ ਦਾਸ਼ਤ ਦੇ ਅਰਥ ਹਨ : ਰੱਖਣੀ ਅਥਵਾ ਪੇਸ਼ ਕਰਨੀ। ਇਨਸਾਈਕਲੋਪੀਡੀਆ ਆਫ਼ ਅਮੈਰਿਕਾਨਾ ਵਿਚ ਦਰਜ ਹੈ ਕਿ : "ਅਰਦਾਸ ਇਕ ਐਸਾ ਪਦ ਹੈ, ਜਿਸ ਵਿਚ ਪ੍ਰਮਾਤਮਾ ਨੂੰ ਸੰਬੋਧਨ ਕਰਨ ਦੀ ਕਿਰਿਆ ਅਤੇ ਇਸ ਵਿਚ ਵਰਤੇ ਜਾਂਦੇ ਸ਼ਬਦ ਸ਼ਾਮਲ ਹਨ' ਇਨਸਾਨੀਕਲੋਪੀਡੀਆ ਆਫ਼ ਰਿਲੀਜੀਅਨ ਐਂਡ ਐਥਿਕਸ ਅਨੁਸਾਰ, 'ਅਰਦਾਸ ਸਾਧਾਰਨ ਅਤੇ ਬਹੁਤ ਪ੍ਰਾਚੀਨ ਰੂਪ ਵਿਚ, ਕਿਸੇ ਇੱਛਾ ਦਾ ਪ੍ਰਗਟਾ ਹੈ, ਜੋ ਕਿਸੇ ਅਪ੍ਰਾਕਿਰਤਕ ਸ਼ਕਤੀ ਜਾਂ ਸੱਤ ਨੂੰ ਪ੍ਰਭਾਵਿਤ ਕਰਨ ਲਈ ਅਰਜ਼ ਦੇ ਰੂਪ ਵਿਚ ਢਾਲੀ ਹੁੰਦੀ ਹੈ। ਇਨਸਾਨੀਕਲੋਪੀਡੀਆ ਆਫ਼ ਬ੍ਰਿਟੈਨਿਕਾ ਵਿਚ ਲਿਖਿਆ ਹੈ ਕਿ, "ਅਰਦਾਸ ਸਬਦ ਆਮ ਤੌਰ 'ਤੇ ਨਿਮਨ ਭਾਵ ਵਾਲੀ ਬੇਨਤੀ ਅਥਵਾ ਯਾਚਨਾ ਲਈ ਵਰਤਿਆ ਜਾਂਦਾ ਹੈ। ਧਰਮ ਦੇ ਖੇਤਰ ਵਿਚ ਇਹ ਸ਼ਬਦ ਕਿਸੇ ਦੈਵੀ ਜਾਂ ਪਵਿੱਤਰ ਹਸਤੀ ਨੂੰ ਸੰਬੋਧਨ ਕਰਨ ਦੀ ਰਸਮ ਨਾਲ ਸਬੰਧਿਤ ਹੈ, ਜਿਸ ਵਿਚ ਸ਼ਰਧਾਮਈ ਤਰਲੇ ਵਾਲੀ ਮਨੋਦਸ਼ਾ ਅਤੇ ਧਾਰਨਾ ਹਾਵੀ ਰਹਿੰਦੀ ਹੈ।'

ਦਰਅਸਲ ਅਰਦਾਸ ਅਧਿਆਤਮਕ ਸਾਧਨਾ ਦਾ ਕੇਂਦਰਬਿੰਦੂ ਹੈ। ਸਭ ਧਰਮਾਂ ਦਾ ਮੂਲ ਹੈ, ਆਧਾਰ ਹੈ। ਇਹ ਮਨੁੱਖੀ ਰੂਹ ਦੀ ਰੱਬੀ ਦਰਗਾਹ ਤੱਕ ਦੀ ਯਾਤਰਾ ਹੈ। ਮਨੁੱਖ ਦੇ ਅਬੋਲ ਬੋਲਾਂ ਦੀ ਪਰਵਾਜ਼ ਹੈ। ਨੰਗੀ ਰੂਹ ਦੀ ਬਿਹਬਲਤਾ ਹੈ। ਇਹ ਸੁਜੱਗ ਆਤਮਾਵਾਂ ਦੀ ਬਿਹਬਲਤਾ ਹੈ। ਮਨੁੱਖ ਦੀ ਅੰਤਰ-ਚੇਤਨਾ ਦਾ ਪ੍ਰਗਾਸ ਹੈ। ਇਸ ਨੂੰ ਵਿਸ਼ਵਾਸ ਦਾ ਸਿਖਰ ਕਿਹਾ ਜਾ ਸਕਦਾ ਹੈ। ਇਹ ਅਦਿੱਖ ਅਤੇ ਅਗੰਮ ਪੁਰਖ਼ ਦੀ ਹਜ਼ੂਰੀ ਵਿਚ ਪੂਰਨ ਸਮਰਪਣ ਹੈ। ਅਰਦਾਸ ਦਾ ਸਿਖ਼ਰ ਕਿਹਾ ਜਾ ਸਕਦਾ ਹੈ। ਇਹ ਅਦਿੱਖ ਅਤੇ ਅਗੰਮ ਪੁਰਖ਼ ਦੀ ਹਜ਼ੂਰੀ ਵਿਚ ਪੂਰਨ ਸਮਰਪਣ ਹੈ। ਅਰਦਾਸ ਬਹੁਤ ਡੂੰਘੇ ਸਨੇਹ ਅਤੇ ਵਿਸ਼ਵਾਸ ਵਿਚੋਂ ਨਿਕਲੀ ਹੋਈ ਕੂਕ ਹੁੰਦੀ ਹੈ। ਮਨੁੱਖ ਦੇ ਤਨ ਮਨ ਦੀਆਂ ਜਿਹੜੀਆਂ ਗਹਿਰਾਈਆਂ ਤੱਕ ਅਰਦਾਸ ਦੇ ਬੋਲ ਉਤਰ ਜਾਂਦੇ ਹਨ ਕੋਈ ਵੀ ਜਪ, ਤਪ ਅਥਵਾ ਅਧਿਆਤਮਕ ਕਿਰਿਆ ਸ਼ਾਇਦ ਉਥੇ ਤੱਕ ਨਹੀਂ ਪਹੁੰਚ ਸਕਦੀ। ਕਿਉਂਕਿ ਜਪ, ਤਪ ਅਤੇ ਧਾਰਮਿਕ ਕ੍ਰਿਆਵਾਂ ਲਈ ਤਾਂ ਬਹੁਤ ਵਾਰੀ ਸਿੱਖਿਆ ਲੈਣੀ ਪੈਂਦੀ ਹੈ, ਪਰ ਅਰਦਾਸ ਤਾਂ ਆਤਮਾ ਦਾ ਵੇਗ ਹੈ, ਜੋ ਰੱਬ ਦੀ ਹਸਤੀ ਨਾਲ ਜੁੜਿਆ ਨਿਰਮਲ ਚਸ਼ਮੇ ਦੀ ਤਰ੍ਹਾਂ ਫੁੱਟ ਪੈਂਦੀ ਹੈ। ਜ਼ਰੂਰੀ ਨਹੀਂ ਕਿ ਬਹੁਤ ਸੋਹਣੇ ਘੜੇ ਹੋਏ ਕਲਾਕਾਰੀ ਬੋਲ ਜਾਂ ਤਰਤੀਬ ਨਾਲ ਕਹੇ ਹੋਏ ਸ਼ਬਦ ਦੀ ਅਰਦਾਸ ਹੋਣ। ਇਹ ਬਿਨ ਬੋਲਿਆਂ ਵੀ ਹੋ ਸਕਦੀ ਹੈ। ਇਹ ਰੂਹ ਦੀ ਬੋਲੀ ਹੁੰਦੀ ਹੈ। ਮਾਸੂਮੀਅਤ ਦੀ ਭਾਸ਼ਾ ਹੈ। ਜਿਵੇਂ ਨਿਰਛਲ ਅਤੇ ਮਾਸੂਮ ਬੱਚੇ ਦੀ ਹਰ ਤਰੰਗ, ਮਾਂ ਦੇ ਹਿਰਦੇ ਤੱਕ ਅਵੱਸ਼ ਪਹੁੰਚਦੀ ਹੈ। ਬੱਸ ਭਰੋਸਾ ਚਾਹੀਦਾ ਹੈ ਕਿ ਸਾਡਾ ਪਿਤਾ ਸੁਣਨ ਵਾਲਾ ਹੈ, ਸੁਣਕੇ ਉਸ ਨੂੰ ਪੂਰਿਆਂ ਕਰਨ ਵਾਲਾ ਹੈ। ਅਰਦਾਸ ਇਕ ਅਗੰਮੀ ਸ਼ਕਤੀ ਹੈ, ਜੋ ਮਨੁੱਖ ਨੂੰ ਜੀਵਨ ਸੰਘਰਸ਼ ਨਾਲ ਹੌਸਲੇ ਅਤੇ ਨਿਡਰਤਾ ਦੁਆਰਾ ਜੂਝਣ ਦਾ ਬਲ ਬਖਸ਼ਦੀ ਹੈ। ਇਨਸਾਨੀ ਜ਼ਿੰਦਗੀ ਦੀ ਰੂਹਾਨੀ ਅਤੇ ਮਾਨਸਿਕ ਪ੍ਰਫੁੱਲਤਾ ਲਈ ਅਰਦਾਸ ਸਦਾ ਹੀ ਆਧਾਰ ਬਣਦੀ ਹੈ। ਇਹ ਸਿਆਣਪਤਤਾ ਜਾਂ ਅਮੀਰੀ ਦਾ ਅਡੰਬਰੀ ਕਰਮ ਨਹੀਂ ਅਤੇ ਨਾ ਹੀ ਇਹ ਕਿਸੇ ਦੁਨਿਆਵੀ ਬਲ ਅਥਵਾ ਜ਼ੋਰ ਦੀ ਪ੍ਰਾਪਤੀ ਹੀ ਕਹੀ ਜਾ ਸਕਦੀ ਹੈ। ਇਹ ਤਾਂ ਰੱਬਪ੍ਰਸਤੀ ਅਤੇ ਨਿਰਛਲਤਾ ਦੀਆਂ ਲਹਿਰਾਂ ਹਨ। ਰੱਬੀ ਰਹਿਮਤਾਂ ਦੇ ਸ਼ੁਕਰ ਵਿਚ ਅਰਦਾਸ ਰਾਹੀਂ ਹੀ ਜੁੜਿਆ ਜਾਂਦਾ ਹੈ।

ਜਿਵੇਂ ਕਿ ਉਪਰ ਦੱਸਿਆ ਹੈ ਕਿ ਅਰਦਾਸ ਲਗਭਗ ਹਰ ਧਰਮ ਦਾ ਹੀ ਅੰਗ ਹੈ, ਪਰ ਸਿੱਖ ਧਰਮ ਵਿਚ ਇਸ ਨੂੰ ਸੰਸਥਾ ਦਾ ਦਰਜਾ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਨੂੰ ਅਰਦਾਸ ਰੂਪ ਵਿਚ ਪਰਵਾਨਿਆ ਜਾ ਸਕਦਾ ਹੈ। ਜ਼ਿੰਦਗੀ ਦੀ ਹਰ ਅਉਖੀ ਘੜੀ ਵਿਚ ਗੁਰਸਿੱਖ ਨੂੰ ਅਕਾਲ ਪੁਰਖ਼ ਦਾ ਓਟ ਆਸਰਾ ਲੈਣ ਦਾ ਹੁਕਮ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ, 'ਜੋ ਮੇਰੇ ਸਿੱਖ ਨਿਮਰ ਹੋਇ ਕੇ ਅਰਦਾਸ ਕਰਨਗੇ ਤਿਨ੍ਹਾਂ ਦੇ ਕਾਰਜ ਰਾਸ ਹੋਵਣਗੇ।' ਭਾਈ ਚੌਂਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਦਰਜ ਹੈ, 'ਗੁਰੂ ਕਾ ਸਿਖ ਕਿਤੇ ਕਾਰਜ ਜਾਏ-ਦੇਸ ਅਥਵਾ ਪਰਦੇਸ ਆਪਣੇ ਗੁਰੂ ਕੀ ਅਰਦਾਸ ਕਰਕੇ ਟੁਰੇ।' ਭਾਈ ਕਾਨ੍ਹ ਸਿੰਘ ਨਾਭਾ ਗੁਰਮਤ ਮਾਰਤੰਡ ਵਿਚ ਲਿਖਿਆ ਹਨ ਕਿ 'ਸ਼ੁੱਧ ਮਨੋਰਥਾਂ ਦੀ ਸਫ਼ਲਤਾ, ਭੁੱਲਾਂ ਅਪਰਾਧਾਂ ਦੀ ਮੁਆਫ਼ੀ, ਕਰਣੀ ਦਾ ਅਭਿਮਾਨ ਤਯਾਗ ਕੇ ਬਖਸ਼ਿਸ਼ ਦੀ ਮੰਗ ਅਤੇ ਕਰਤਾਰ ਦੀ ਰਜ਼ਾ ਅੰਦਰ ਰਹਿ ਕੇ ਆਤਮ ਸਮਰਪਣ ਲਈ ਸਤਿਗੁਰੂ ਨੇ ਅਰਦਾਸ ਵਿਧਾਨ ਕੀਤੀ ਹੈ।'

ਗੁਰਮਤਿ ਵਿਚ ਵਿਅਕਤੀਗਤ ਅਰਦਾਸ ਦੀ ਬਹੁਤ ਮਹੱਤਤਾ ਹੈ। ਸਤਿਗੁਰੂ ਦਾ ਉਪਦੇਸ਼ ਹੈ ਕਿ 'ਜਨ' ਬਣਕੇ ਹਰ ਘੜੀ ਪ੍ਰਮਾਤਮਾ ਦੇ ਸ਼ੁਕਰ, ਸਿਦਕ ਅਤੇ ਉਸ ਦੀ ਰਜ਼ਾ ਵਿਚ ਲੀਨ ਰਹਿਣਾ ਹੈ। ਪ੍ਰੰਤੂ ਸੰਗਤੀ ਅਰਦਾਸ ਦਾ ਗੁਰਮਤਿ ਵਿਚ ਵਿਸ਼ੇਸ਼ ਸਥਾਨ ਹੈ, ਕਿਉਂਕਿ ਸੰਗਤ ਦਾ ਮਹੱਤਵ ਗੁਰਮਤਿ ਵਿਚ ਸਭ ਤੋਂ ਉਚੇਰਾ ਹੈ। ਹਰ ਗੁਰਸਿੰਘ, ਖਾਲਸਾ-ਸੰਗਤ ਦਾ ਅਨਿਖੜਵਾਂ ਅੰਗ ਹੈ। ਉਹ ਖਾਲਸਾ ਰੂਪੀ ਸਰੀਰ ਦਾ ਹਿੱਸਾ ਹੈ, ਜਿਸ ਦੀ ਵੱਖਰੀ ਵਿਅਕਤੀਗਤ ਹੋਂਦ ਨਹੀਂ ਹੈ। ਇਸ ਲਈ ਇਕੱਲਾ ਸਿੱਖ ਭੀ ਜਦੋਂ ਅਰਦਾਸ ਕਰਦਾ ਹੈ ਤਾਂ ਉਹ ਸਰਬੱਤ ਖਾਲਸਾ ਜੀ ਦੀ ਅਰਦਾਸ ਹੀ ਹੁੰਦੀ ਹੈ। ਉਹ 'ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ' ਮੰਗਦਾ ਹੈ। ਸਿੱਖ ਪੰਥ ਵਾਸਤੇ ਅਰਦਾਸ ਲਈ ਜੋ ਪਾਠ ਪਰਵਾਨ ਕੀਤਾ ਗਿਆ ਹੈ, ਉਸ ਦੀ ਵਿਸ਼ੇਸ਼ਤਾ ਇਹੀ ਹੈ ਕਿ ਇਹ ਸੰਗਤੀ ਅਰਦਾਸ ਅਤੇ ਇਸ ਦਾ ਵਿਸ਼ੇਸ਼ ਸਬੰਧ-ਖਾਲਸਾ-ਸਾਧਸੰਗਤ ਨਾਲ ਹੈ।

ਜਿਵੇਂ ਕਿ ਹਰ ਧਰਮ ਦੇ ਧਰਮ-ਸ਼ਾਸਤਰੀਆਂ ਦਾ ਫਰਜ਼ ਹੁੰਦਾ ਹੈ ਕਿ ਸਮੇਂ ਦੀ ਗਤੀ ਦੇ ਨਾਲ ਨਾਲ ਉਸ ਧਰਮ ਦੀ ਗਤੀਸ਼ੀਲਤਾ ਨੂੰ ਬਣਾਈ ਰੱਖਣ। ਇਵੇਂ ਸਿੱਖ ਧਰਮ-ਸ਼ਾਸਤਰੀਆਂ ਵਲੋਂ ਵੀ ਸਿੱਖ ਅਰਦਾਸ ਦੇ ਸਰੂਪ ਨੂੰ ਕੌਮ ਦੇ ਸਦਾ ਜੀਵੰਤ ਜੀਵਨਦੇ ਹਾਣ ਦਾ ਬਣਾਈ ਰੱਖਣ ਲਈ, ਕੌਮੀ ਚੇਤਨਾ ਦੇ ਵਿਗਾਸ ਦੇ ਨਾਲ ਨਾਲ ਤੋਰੀ ਰੱਖਿਆ ਹੈ। ਅਰਦਾਸ ਨੂੰ ਸਿੱਖ ਧਰਮ ਸ਼ਾਸਤਰ ਦਾ ਨਿਚੋੜ ਵੀ ਕਿਹਾ ਜਾ ਸਕਦਾ ਹੈ। ਡਾ. ਤਾਰਨ ਸਿੰਘ ਆਪਣੀ ਪੁਸਤਕ ਨੇਮ ਅਤੇ ਪ੍ਰੇਮ ਵਿਚ ਲਿਖਦੇ ਹਨ ਕਿ, "ਅਰਦਾਸ, ਸਰਬੱਤ ਖਾਲਸਾ ਜੀ ਦਾ ਜ਼ਫ਼ਰਨਾਮਾ ਹੈ। ਇਹ ਐਸਾ ਜ਼ਫਰਨਾਮਾ ਹੈ ਜਿਸ ਦਾ ਇਕ ਇਕ ਅੱਖਰ ਪਹਿਲਾਂ ਜੀਵਿਆ ਗਿਆ ਹੈ ਅਤੇ ਜਿਸ ਦੀ ਇਕ ਇਕ ਸੱਤਰ ਲਈ ਕਈ ਵਾਰੀ ਇਕ ਇਕ ਸਦੀ ਕਠਿਨ ਤਪੱਸਿਆ ਅਤੇ ਘੋਰ ਘਾਲਣਾ ਘਾਲਣੀ ਪਈ ਹੈ।... ਅਸਚਰਜ ਦੀ ਗੱਲ ਇਹ ਹੈ ਕਿ ਸ਼ਾਇਦ ਹੀ ਵਾਰਤਕ ਦਾ ਇਤਨਾ ਜ਼ੋਰਦਾਰ ਕੋਈ ਹੋਰ ਟੂਕੜਾ ਸੰਸਾਰ ਸਾਹਿਤ ਵਿਚ ਆਇਆ ਹੋਵੇ, ਜਿਤਨਾ ਸਾਡੇ ਸਾਹਿਤ ਦਾ ਇਹ ਟੂਕੜਾ ਹੈ। ਸ਼ਾਇਦ ਹੀ ਕਿਸੇ ਇਤਿਹਾਸਕਾਰ ਨੇ ਆਪਣੀ ਕੌਮ ਦਾ ਇਤਿਹਾਸ ਚਿਤਰਨ ਤੇ ਇਤਨੀ ਥੋੜ੍ਹੀ ਥਾਂ ਲਗਾਈ ਹੋਵੇ, ਜਿਤਨੀ ਸਮੂਹ ਖਾਲਸਾ ਜੀ ਨੇ ਇਹ ਇਤਿਹਾਸ ਚਿਤਰਨ 'ਤੇ ਲਗਾਈ ਹੈ।...ਇਹ ਸ੍ਰੀ ਗੁਰੂ ਗੋਬਿੰਦ ਸਿੰਘ, ਭਾਈ ਮਨੀ ਸਿੰਘ ਅਤੇ ਪੰਥ ਖ਼ਾਲਸਾ ਜੀ ਦੀ ਸਾਂਝੀ ਰਚਨਾ ਹੈ, ਜਿਸ ਰਚਨਾ ਨੂੰ ਸੰਪੂਰਨ ਹੋ ਗਿਆ ਕਦੇ ਨਹੀਂ ਕਿਹਾ ਜਾਏਗਾ, ਕਿਉਂਕਿ ਜਿਉਂ ਜਿਉਂ ਖਾਲਸਾ ਜੀ ਦਾ ਇਤਿਹਾਸ ਅੱਗੇ ਤੁਰਦਾ ਜਾਏਗਾ, ਉਤਨੇ ਚਿੰਨ੍ਹ ਇਥੇ ਅਤਿ ਸੂਖਮ ਸੰਕੇਤਾਂ ਵਿਚ ਸਦਾ ਦਰਸਾਏ ਜਾਂਦੇ ਰਹਿਣਗੇ...ਇਹ ਕੌਮ ਦਾ ਤੁਰਦਾ ਜੀਵਨ ਹੈ। ਇਸ ਰਚਨਾ ਦੀ ਆਖਰੀ ਸੱਤਰ ਵਿਚ ਪੰਥ ਅਤੇ ਨਾਨਕ ਇਕਮਿਕ ਹਨ, ਕਿਉਂਕਿ ਪੰਥ ਨੇ ਨਾਨਕ ਨਾਂ ਦੀ ਮੋਹਰ ਵਰਤੀ ਹੈ ਅਤੇ ਪੰਥ ਨੂੰ ਇਹ ਹੱਕ ਸਦਾ ਪ੍ਰਾਪਤ ਹੈ।"

ਵਿਦਵਾਨਾਂ ਅਨੁਸਾਰ ਅਰਦਾਸ ਦੀ ਪ੍ਰਥਾ ਸਤਿਗੁਰੂ ਨਾਨਕ ਸਾਹਿਬ ਦੇ ਸਮੇਂ ਹੀ ਅਰੰਭ ਹੋ ਗਈ ਸੀ। ਸਤਿਗੁਰੂ ਸਾਹਿਬਾਨ ਵਲੋਂ ਸਿੱਖ ਅਰਦਾਸ ਦੇ ਸਿਧਾਂਤਕ ਰੂਪ ਨੂੰ ਗੁਰਬਾਣੀ ਵਿਚ ਦਰਸਾਇਆ ਗਿਆ ਹੈ। ਇਸ ਦੇ ਵਿਵਹਾਰਿਕ ਰੂਪ ਦੇ ਦਰਸ਼ਨ ਜਨਮ ਸਾਖੀਆਂ, ਭਾਈ ਗੁਰਦਾਸ ਜੀ ਦੀ ਬਾਣੀ, ਸਿੱਖ ਇਤਿਹਾਸ ਦੀ ਸਥਾਪਤੀ ਹੁੰਦੀ ਗਈ, ਤਿਵੇਂ ਤਿਵੇਂ ਅਰਦਾਸ ਦਾ ਸਰੂਪ ਵੀ ਨਿਸ਼ਚਿਤ ਹੁੰਦਾ ਗਿਆ। ਗਿਆਨੀ ਹਰਬੰਸ ਸਿੰਘ ਜੀ ਨੇ ਪੁਰਾਤਨ ਹੱਥ ਲਿਖਤ ਗੁਟਕਿਆਂ ਵਿਚੋਂ ਪੁਰਾਤਨ ਅਰਦਾਸ ਦੇ ਕੁਝ ਨਮੂਨੇ, ਆਪਣੇ ਇਕ ਲੇਖ ਵਿਚ ਦਿੱਤੇ ਹਨ, ਜੋ ਕਿ ਨਾਨਕ ਪ੍ਰਕਾਸ਼ ਪਤ੍ਰਿਕਾ ਦੇ ਅਰਦਾਸ ਵਿਸ਼ੇਸ਼ ਅੰਕ, ਜਿਸ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਛਾਪਿਆ ਗਿਆ ਹੈ, ਵਿਚ ਅੰਕਿਤ ਹੈ।

ਸੋ ਸਿੱਖ ਅਰਦਾਸ ਦਾ ਹੁਣ ਵਾਲਾ ਸਰੂਪ ਸਹਿਜੇ ਸਹਿਜੇ ਆਪਣੇ ਵਿਰਸੇ ਅਤੇ ਪ੍ਰੰਪਰਾ ਨੂੰ ਸੰਭਾਲਦਾ ਹੋਇਆ ਇਥੋਂ ਤੱਕ ਪਹੁੰਚਿਆ ਹੈ। ਇਸ ਦਾ ਪੂਰਾ ਪਾਠ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਛਾਪੇ ਸਿੱਖ ਰਹਿਤ ਮਰਿਯਾਦਾ ਦੇ ਕਿਤਾਬਚੇ ਵਿਚ ਮੌਜੂਦ ਹੈ, ਜਿਸ ਨੂੰ ਸਮੁੱਚੇ ਪੰਥ ਦੀਆਂ ਪ੍ਰਤੀਨਿਧ ਸਸਥਾਵਾਂ ਨੇ ਬਹੁਤ ਲੰਬਾ ਸਮਾਂ, ਆਪਣੀਆਂ ਇਕੱਤ੍ਰਾਵਾਂ ਵਿਚ ਵਿਚਾਰਿਆ ਅਤੇ ਗੁਰਮਤਿਆਂ ਰਾਹੀਂ ਪ੍ਰਵਾਨ ਕਰਕੇ ਹੁਣ ਵਾਲਾ ਅੰਤਿਮ ਸਰੂਪ ਬਖਸ਼ਿਆ ਹੈ।

ਸਿੱਖ ਧਰਮ ਦੀ ਅਰਦਾਸ ਦਾ, ਪੰਥ ਵਲੋਂ ਪ੍ਰਵਾਨਿਤ ਇਹ ਸਰੂਪ ਸਮੂਹ ਸਿੱਖਾਂ ਲਈ ਸਾਂਝਾ ਤੇ ਜ਼ਰੂਰੀ ਹੈ। ਸਮੁੱਚੇ ਪੰਥ ਦੀ ਪ੍ਰਵਾਨਗੀ ਤੋਂ ਬਿਨਾਂ ਇਸ ਵਿਚ ਕੋਈ ਬਦਲਾਅ ਨਹੀਂ ਕੀਤਾ ਜਾ ਸਕਦਾ। ਇਸ ਦਾ ਹਰ ਸ਼ਬਦ, ਸੰਗਤੀ-ਅਰਦਾਸ ਵਿਚ ਪੜ੍ਹਿਆ ਜਾਣਾ ਜ਼ਰੂਰੀ ਹੈ। ਇਸ ਵਿਚ ਸਮੁੱਚਾ ਸਿੱਖ ਸਿਧਾਂਤ, ਦਰਸ਼ਨ ਅਤੇ ਇਤਿਹਾਸ, ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਸੁਰੱਖਿਅਤ ਹੈ। ਡਾ. ਤਾਰਨ ਸਿੰਘ ਲਿਖਦੇ ਹਨ ਕਿ "ਅਰਦਾਸ, ਪੰਥ ਖਾਲਸਾ ਜੀ ਦੀ ਰਚੀ ਹੋਈ ਮਹਾਨ ਬਾਣੀ ਹੈ, ਜਿਸ ਨੂੰ ਹਰ ਸਾਧਾਰਨ ਤੇ ਵਿਸ਼ੇਸ਼, ਰਸਮੀ ਅਤੇ ਗੈਰ ਰਸਮੀ ਸਿੱਖ ਸਮਾਗਮ ਵਿਚ ਪੂਰੇ ਸਤਿਕਾਰ ਸਹਿਤ ਖੜ੍ਹੇ ਹੋ ਕੇ ਪੂਰੀ ਗੰਭੀਰਤਾ ਅਤੇ ਸੰਜੀਦਗੀ ਨਾਲ ਦੁਹਰਾਇਆ ਜਾਂਦਾ ਹੈ। ਇਸ ਦੇ ਨਾਇਕਾਂ ਨੂੰ ਰੋਜ਼ ਪਰਨਾਮ ਕੀਤਾ ਜਾਂਦਾ ਹੈ। ਰੋਜ਼, ਪੰਥ ਦੇ ਅੰਤਰ-ਰਾਸ਼ਟਰੀ ਕਰਤੱਵ ਦਾ ਪ੍ਰਣ ਲਿਆ ਜਾਂਦਾ ਹੈ। ਇਹ ਸਾਡਾ ਰਾਸ਼ਟਰੀ ਗੀਤ ਹੈ। ਇਹ ਸਾਡੇ ਅੰਤਰ ਰਾਸ਼ਟਰੀ ਜੀਵਨ ਆਦਰਸ਼ਾਂ ਦਾ ਐਲਾਨਨਾਮਾ ਹੈ।"

ਅਰਦਾਸ ਦਾ ਆਰੰਭ ੧ਓ ਦੀ ਸਿਮਰਤੀ ਅਤੇ ਵਾਹਿਗੁਰੂ ਜੀ ਕੀ ਫਤਹਿ ਨਾਲ ਹੁੰਦਾ ਹੈ। ੧ਓ ਸਿੱਖ ਧਰਮ ਦੇ ਮੁਢਲੇ ਸਿਧਾਂਤ 'ਇੱਕਈਸ਼ਵਰਵਾਦ' ਨੂੰ ਦ੍ਰਿੜ ਕਰਵਾਉਂਦਾ ਹੈ। ਹਰ ਬੰਦ ਮਗਰੋਂ, ਅਰਦਾਸ ਵਿਚ ਜੁੜੀ ਹੋਈ ਸਮੂਹ ਸੰਗਤ ਨੂੰ 'ਵਾਹਿਗੁਰੂ' ਬੋਲਣ ਦਾ ਆਦੇਸ਼ ਵੀ ਹੁੰਦਾ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ 'ਪਰਮ-ਮਨੁੱਖ' ਬਣਨ ਵਿਚ ਵਾਹਿਗੁਰੂ ਜੀ ਦੇ ਧਿਆਨ ਨੇ ਸਾਡੇ ਲਈ ਸਹਾਈ ਹੋਣਾ ਹੈ। ਇਸ ਵਿਚਲਾ ਸ਼ਬਦ 'ਗੁਰੂ', ਰੱਬੀ-ਗਿਆਨ ਦਾ ਸੂਚਕ ਹੈ ਅਤੇ 'ਵਾਹਿ' ਸਾਨੂੰ ਅਨੰਤ ਦੇ ਪਸਾਰੇ ਨਾਲ ਓਤ-ਪ੍ਰੋਤ ਕਰਦਾ ਹੈ। ਵਾਹਿਗੁਰੂ ਸ਼ਬਦ ਸਾਨੂੰ ਪ੍ਰੇਰਣਾ ਬਖਸ਼ਦਾ ਹੈ ਕਿ ਪ੍ਰਮਾਤਮ-ਗਿਆਨ ਨੇ ਹੀ ਸਾਨੂੰ ਵਿਸਮਾਦੀ-ਅਨੰਦ ਨਾਲ ਜੋੜਕੇ, ਸਾਡੇ ਲੋਕ ਪਰਲੋਕ ਨੂੰ ਸੁਹੇਲਾ ਬਣਾਉਣਾ ਹੈ। ਇਹ ਸਾਨੂੰ ਦ੍ਰਿੜ ਕਰਾਉਂਦਾ ਹੈ ਕਿ ਸੰਸਾਰ ਵਿਚ ਅੰਤਿਮ ਫਤਹਿ, ਸਦਾ ਰੱਬੀ-ਗਿਆਨ ਦੀ ਹੀ ਹੋਣੀ ਹੈ। ਅੰਤ ਨੂੰ ਸਤ-ਧਮਰ ਦੀ ਹੀ ਜੈ ਜੈ ਕਾਰ ਹੋਏਗੀ। ਇਸ ਤੋਂ ਬਾਅਦ ਦਸ ਗੁਰੂ ਸਾਹਿਬ, ਸ਼ਬਦ ਗੁਰੂ ਅਤੇ ਸਿੱਖੀ ਦੇ ਸਮੁੱਚੇ ਗੌਰਵਮਈ ਵਿਰਸੇ ਦਾ ਚਿੰਤਨ ਹੈ। ਅਰਦਾਸ ਰਾਹੀਂ, ਸਿੱਖ ਸਿਧਾਂਤਾਂ ਦੀ ਦ੍ਰਿੜਤਾ, ਬਿਬੇਕ, ਅਕਾਲ ਪੁਰਖ ਦੇ ਹੁਕਮ ਦਾ ਅਨੁਸਾਰੀ ਹੋਣ ਦੀ ਯਾਚਨਾ ਹੈ। ਸਿੱਖ ਧਰਮ ਅਸਥਾਨਾਂ ਦੇ ਦੀਦਾਰ ਦੀ ਲੋਚਾ ਅਤੇ ਧਰਮ ਦੇ ਜੈਕਾਰ ਦੀ ਕਾਮਨਾ ਕੀਤੀ ਗਈ ਹੈ। ਸਿੱਖਾਂ ਲਈ ਉਚਤਮ ਬੁੱਧੀ ਦੀ ਮੰਗ ਕੀਤੀ ਜਾਂਦੀ ਹੈ। ਚੜ੍ਹਦੀਕਲਾ ਅਤੇ ਸਾਰੀ ਮਨੁੱਖਤਾ ਦੀ ਭਲਾਈ ਨਾਲ ਜੁੜਦਿਆਂ ਸਰਬੱਤ ਦੇ ਭਲੇ ਨਾਲ, ਅਰਦਾਸ ਦੀ ਸਮਾਪਤੀ ਕੀਤੀ ਜਾਂਦੀ ਹੈ।

ਸੋ ਸਿੱਖ-ਅਰਦਾਸ, ਇਹ ਸਥਾਪਨਾ ਕਰਦੀ ਹੈ ਕਿ ਕਿਵੇਂ ਗੁਰਸਿੱਖਾਂ ਨੇ ਸੰਤ-ਸਿਪਾਹੀ ਖਾਲਸਾ ਬਣਕੇ, 'ਗੋਬਿੰਦ ਮਿਲਣ' ਦੇ ਆਦਰਸ਼ ਨੂੰ ਪ੍ਰਾਪਤ ਹੋਣਾ ਹੈ। ਇਹ ਗੁਰਮਤਿ ਦੇ 'ਗਾਡੀ-ਰਾਹ' ਦੇ ਵਿਵੇਕਸ਼ੀਲ ਵਿਆਖਿਆ ਹੈ। ਇਹ ਗੁਰੂ ਖਾਲਸਾ ਪੰਥ ਦੀ ਰੰਗ ਰੱਤੜੀਆਂ ਰੂਹਾਂ ਦੀ ਮਹਾਂ-ਬਾਣੀ ਹੈ।' ਸਿੱਖ ਅਰਦਾਸ ਨੂੰ ਸਿੱਖ ਜੀਵਨ-ਜਾਚ, ਅਥਵਾ ਸਿੱਖ ਆਚਰਣ ਲਈ, ਪ੍ਰੇਰਣਾ ਸਰੋਤ ਪਰਵਾਨਿਆ ਜਾ ਸਕਦਾ ਹੈ। ਸਾਰਾ ਸਿੱਖ ਇਤਿਹਾਸ, ਅਜਿਹੀਆਂ ਮਿਸਾਲਾਂ ਨਾਲ ਭਰਪੂਰ ਹੈ ਜਦੋਂ ਸਿਦਕਵਾਨ ਗੁਰਸਿੱਖਾਂ ਨੇ ਅਰਦਾਸ ਕਰਕੇ, ਸਿੱਖੀ ਸਿਦਕ ਨੂੰ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਹੋਏ, ਆਪਣੇ ਪ੍ਰਾਣਾਂ ਨੂੰ ਉਸ ਤੋਂ ਨਿਛਾਵਰ ਕਰ ਦਿੱਤਾ। ਅੱਜ ਤੱਕ ਇਹ ਸਿਲਸਿਲਾ ਨਿਰੰਤਰ ਚਲਿਆ ਆ ਰਿਹਾ ਹੈ ਅਤੇ ਅੱਗੋਂ ਵੀ ਚਲਦਾ ਰਹੇਗਾ।

**ਸਿੱਖ ਅਰਦਾਸ ਸੰਬੰਧੀ ਕੁਝ ਯਾਦ ਰੱਖਣਯੋਗ ਸੰਕੇਤ**

੧. ਅਰਦਾਸ ਦਾ ਜਿਹੜਾ ਪਾਠ ਪੰਥ ਵਲੋਂ ਪਰਵਾਨਿਤ ਕੀਤਾ ਗਿਆ ਹੈ, ਉਸੇ ਅਨੁਸਾਰ ਅਰਦਾਸ ਕਰਨੀ ਚਾਹੀਦੀ ਹੈ, ਤਾਂ ਕਿ ਪੰਥ ਵਿਚ ਏਕਤਾ ਅਤੇ ਇਕਸਾਰਤਾ ਬਣੀ ਰਹੇ। ਆਪਣੇ ਕੋਲੋਂ ਕੋਈ ਵੀ ਵਾਧਾ ਘਾਟਾ ਨਹੀਂ ਕਰਨਾ ਚਾਹੀਦਾ। ਇਸ ਨਾਲ ਪੰਥਕ ਜਥੇਬੰਦੀ ਨੂੰ ਢਾਹ ਲੱਗਦੀ ਹੈ ਅਤੇ ਸੰਗਤਾਂ ਵਿਚ ਦੁਬਿਧਾ ਪੈਦਾ ਹੁੰਦੀ ਹੈ।

੨. ਗੁਰਬਾਣੀ ਅਨੁਸਾਰ ਅਰਦਾਸ ਸਿਰਫ਼ ਇਕ ਅਕਾਲ ਪੁਰਖ ਅੱਗੇ ਹੀ ਕਰਨ ਦਾ ਵਿਧਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖੜ੍ਹੇ ਹੋ ਕੇ, ਬੜੇ ਅਦਬ ਅਤੇ ਨਿਮਰਤਾ ਸਹਿਤ ਹੱਥ ਜੋੜ ਕੇ, ਸਿਰ ਢੱਕ ਕੇ ਅਤੇ ਜੋੜੇ ਉਤਾਰਕੇ ਅਰਦਾਸ ਕਰਨੀ ਚਾਹੀਦੀ ਹੈ :

ਆਪੇ ਜਾਣੈ ਕਰੇ ਆਪਿ, ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ, ਖਲਿਇ ਕੀਚੈ ਅਰਦਾਸਿ॥

ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੈ, ਤਾਂ ਅਰਦਾਸ ਕਰਨ ਵੇਲੇ ਕਿਸੇ ਖਾਸ ਦਿਸ਼ਾ, ਮੂਰਤੀ ਜਾਂ ਫੋਟੋ ਆਦਿਕ ਵੱਲ ਮੁੱਖ ਕਰਕੇ ਖੜ੍ਹੇ ਨਹੀਂ ਹੋਣਾ ਚਾਹੀਦਾ। ਕਿਸੇ ਬਿਮਾਰੀ ਜਾਂ ਕਮਜ਼ੋਰੀ ਦੀ ਹਾਲਤ ਵਿਚ ਬੈਠੇ ਹੋਏ ਲੇਟਕੇ ਵੀ ਅਰਦਾਸ ਕੀਤੀ ਜਾ ਸਕਦੀ ਹੈ।

੩. ਅਰਦਾਸ ਵਿਚ ਪੂਜਾ ਪਾਠ ਚੜ੍ਹਾਉਣ ਵਾਲੇ, ਕਿਸੇ ਪ੍ਰਧਾਨ ਸਕੱਤਰ ਆਦਿਕ ਜਾਂ ਹੋਰ ਵਿਅਕਤੀ ਵਿਸ਼ੇਸ਼ ਦੇ, ਮਿਰਾਸੀਆਂ ਵਾਂਗ ਸੋਹਿਲੇ ਨਹੀਂ ਗਾਉਣੇ ਚਾਹੀਦੇ। ਕਿਸੇ ਦੇਹਧਾਰੀ ਗੁਰੂ ਜਾਂ ਸੰਤ ਆਦਿਕ ਦਾ ਨਾਂ ਲੈਣ ਤੋਂ ਹਰਗਿਜ਼ ਪਰਹੇਜ਼ ਕਰਨਾ ਚਾਹੀਦਾ ਹੈ। ਸੰਗਤੀ ਅਰਦਾਸ ਵਿਚ ਇਕੱਲੇ-ਇਕੱਲੇ ਵਿਅਕਤੀ ਦਾ ਨਾਂ ਲੈ ਕੇ ਜਾਂ ਲੋਕਾਂ ਦੀਆਂ ਜਾਤਾਂ-ਪਾਤਾਂ ਦਾ ਨਾਮ ਲੈ ਕੇ ਅਰਦਾਸ ਕਰਨੀ ਗੁਰਮਤਿ ਸਿਧਾਂਤਾਂ ਤੋਂ ਉਲਟ ਹੈ, ਅਜਿਹਾ ਨਹੀਂ ਕਰਨਾ ਚਾਹੀਦਾ।

੪. ਅਰਦਾਸ ਕਰਦੇ ਸਮੇਂ, ਅਰਦਾਸੀਏ ਸਿੰਘ ਨੂੰ ਮੁੱਠੀ ਵਿਚ ਅਰਦਾਸ ਭੇਟਾ ਫੜਾਉਣੀ ਜਾਂ ਚਿਟਾਂ ਆਦਿਕ ਲਿਖ ਕੇ ਦੇਣੀਆਂ ਸ਼ੋਭਾ ਨਹੀਂ ਦਿੰਦਾ, ਅਜਿਹਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

੫. ਸੰਗਤੀ ਅਰਦਾਸ ਕਰਨ ਤੋਂ ਪਿਛੋਂ, ਆਗਿਆ ਭਈ ਅਕਾਲ ਕੀ ਦਾ ਦੋਹਿਰਾ ਪੜ੍ਹਨਾ ਚਾਹੀਦਾ ਹੈ ਅਤੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦਾ ਜੈਕਾਰਾ ਵੀ ਛੱਡਣਾ ਚਾਹੀਦਾ ਹੈ। ਦੋਹਿਰੇ ਵਿਚ ਸਿਧਾਂਤਕ ਤੌਰ 'ਤੇ ਗਲਤ ਪੰਕਤੀ ਸ਼ਾਮਲ ਹੋ ਗਈ ਹੈ:

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਯੋਂ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ॥

ਉਪਰੋਕਤ ਪੰਕਤੀਆਂ ਦੀ ਥਾਂ ਭਾਈ ਪ੍ਰਹਿਲਾਦ ਸਿੰਘ ਜੀ ਵਾਲੇ ਰਹਿਤਨਾਮੇ ਵਿਚ ਇਹ ਪੰਕਤੀ ਇਸ ਤਰ੍ਹਾਂ ਦਰਜ ਹੈ :

**ਗੁਰੂ ਖਾਲਸਾ ਮਾਨੀਅਹਿੰ, ਪਰਗਟ ਗੁਰੂ ਕੀ ਦੇਹ॥**
**ਜੋ ਸਿਖ ਮੋ ਮਿਲਬੋ ਚਹਿਹ, ਖੋਜ ਇਨਹੁੰ ਮਹਿੰ ਲੇਹ॥**

ਜੇ ਹੋ ਸਕੇ ਤਾਂ ਸੰਗਤ ਨਾਲ ਗੁਰਮਤਾ ਕਰਕੇ ਗੁਰਦੁਆਰਿਆਂ ਵਿਚ ਇਸ ਪੰਕਤੀ ਨੂੰ ਸੁਧਾਰ ਲੈਣਾ ਚਾਹੀਦਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਗੁਰੂ ਹਨ, ਦੇਹਧਾਰੀ ਗੁਰੂ ਨਹੀਂ। ਇਸ ਨਾਲ ਸਿੱਖੀ ਸਿਧਾਂਤ ਦੇ ਸ਼ਬਦ ਗੁਰੂ ਵਾਲੇ ਸਿਧਾਂਤ ਨੂੰ ਖੋਰਾ ਲਗਦਾ ਹੈ। ਸਰੀਰ ਦੇ ਤੌਰ 'ਤੇ ਗੁਰੂ ਖਾਲਸਾ ਪੰਥ ਹੀ ਸਤਿਗੁਰੂ ਦਾ ਸਰੂਪ ਹੈ ਅਤੇ ਖਾਲਸਾ ਪੰਥ ਨੂੰ ਸਤਿਗੁਰੂ ਨੇ ਗੁਰਿਆਈ ਬਖਸ਼ੀ ਹੈ।

੬. ਹਰ ਗੁਰਸਿੱਖ ਨੂੰ ਆਪ ਅਰਦਾਸ ਕੰਠ ਕਰਨੀ ਚਾਹੀਦੀ ਹੈ ਅਤੇ ਘਰਾਂ ਵਿਚ ਨਿਤਨੇਮ ਉਪਰੰਤ ਜਾਂ ਹੋਰ ਸਮਾਗਮਾਂ ਸਮੇਂ ਖੁਦ ਅਰਦਾਸ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਹਰ ਸਮੇਂ ਸਾਨੂੰ ਗ੍ਰੰਥੀ ਸਿੰਘਾਂ 'ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ।

੭. ਅਰਦਾਸ ਵਿਚ ਸੁੱਖਾਂ ਸੁਖਣੀਆਂ ਜਾਂ ਹੋਰ ਸ਼ਰਤਾਂ ਲਾ ਕੇ ਅਰਦਾਸ ਨਹੀਂ ਕਰਨੀ ਚਾਹੀਦੀ। ਨਿਮਰਤਾ ਸਹਿਤ ਮਨ ਦੀ ਜੋਦੜੀ ਕਰਨੀ ਚਾਹੀਦੀ ਹੈ, ਪੂਰੀ ਹੋਵੇ ਤਾਂ ਸਤਿਗੁਰੂ ਦੀ ਬਖਸ਼ਿਸ਼ ਹੈ, ਨਾ ਪੂਰੀ ਹੋਵੇ ਤਾਂ ਵੀ ਸਤਿਗੁਰੂ ਦਾ ਸ਼ੁਕਰ ਮਨਾਉਣਾ ਚਾਹੀਦਾ ਹੈ, ਕਿਉਂਕਿ ਉਸ ਵਿਚ ਵੀ ਸਾਡਾ ਭਲਾ ਹੀ ਹੁੰਦਾ ਹੈ ਜੋ ਕਈ ਵਾਰੀ ਸਮਾਂ ਪਾ ਕੇ ਸਮਝ ਆਉਂਦਾ ਹੈ।

੮. ਬਹੁਤ ਸਾਰੇ ਗੁਰਦੁਆਰਾ ਸਾਹਿਬ ਵਿਚ ਅਰਦਾਸ ਦੇ ਵਿਚਕਾਰ ਹੀ ਕੜਾਹ ਪ੍ਰਸ਼ਾਦ ਨੂੰ ਕਿਰਪਾਨ ਭੇਟ ਕਰਨ ਦੀ ਰੀਤ ਚਲਾ ਲਈ ਜਾਂਦੀ ਹੈ ਜੋ ਕਿ ਗੁਰਮਤਿ ਤੋਂ ਉਲਟ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਆਪਣੇ ਪੱਤਰ ਨੰਬਰ ੩੯੬੧੩/੯ ਮਿਤੀ ੨੩-੪-੧੯੭੪ ਵਿਚ ਵਿਸਥਾਰ ਸਹਿਤ ਸਪਸ਼ਟੀਕਰਨ ਦਿੱਤਾ ਹੋਇਆ ਹੈ ਕਿ ਅਰਦਾਸ ਦੀ ਸਮਾਪਤੀ ਅਤੇ ਹੁਕਮਨਾਮੇ ਤੋਂ ਬਾਅਦ, ਪ੍ਰਸ਼ਾਦ ਵਰਤਾਉਣ ਵੇਲੇ ਹੀ ਕਿਰਪਾਨ ਭੇਟ ਕਰਨੀ ਚਾਹੀਦੀ ਹੈ।


ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ।

- ਸਤਨਾਮ ਸਿੰਘ ਖਾਲਸਾ

# 'ਧਰਮ ਸਿੰਘ ਜੀ ਪੜ੍ਹੇ ਲਿਖੇ ਹੋ ਕੇ ਗਵਾਰਾਂ ਦੀ ਮੰਨ ਦੇ ਹੋ। ਠੀਕ ਹੈ ਮੈਂ ਨਹੀਂ ਆਖਾਂਗਾ'

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਦੋਂ ਮੈਂ ਇਹ ਸੁਣਿਆ, ਮੈਂ ਇਕਦਮ ਬਦਲ ਗਿਆ, ਡਰ ਜਾ ਚੁੱਕਾ ਸੀ ਅਤੇ ਟੀਚਾ ਮੇਰੇ ਸਾਹਮਣੇ ਆ ਗਿਆ। ਮੈਂ ਪ੍ਰਿੰਟਰਾਂ ਨੂੰ ਮਿਲਿਆ ਅਤੇ ਸੱਦਾ ਲਿਖਿਆ, ਹੁਣ ਮੈਂ ਕਾਰਡ ਪ੍ਰਿੰਟ ਕਰਵਾ ਲਏ ਸਨ।

ਪਾਪਾ ਜੀ ਨੇ ਬਾਵਾ ਸਿੰਘ ਨੂੰ ਘਰ ਬੁਲਾਇਆ ਅਤੇ ਕਿਹਾ ਕਿ ਉਹ ਸਵਾਗਤੀ ਭਾਸ਼ਣ ਦੇਵੇਗਾ। ਉਸ ਦੀਆਂ ਅੱਖਾਂ ਇਸ ਤਰ੍ਹਾਂ ਹੋ ਗਈਆਂ ਜਿਵੇਂ ਸੌਕਿਟ ਬਾਹਰ ਆ ਰਹੇ ਹੋਣ।

ਉਹ ਬਹੁਤ ਹੈਰਾਨ ਹੋਇਆ ਅਤੇ ਪਾਪਾ ਜੀ ਨੂੰ ਕਿਹਾ, 'ਧਰਮ ਸਿੰਘ ਜੀ ਐਡਾ ਵੱਡਾ ਮਾਣ, ਔਰ ਉਹ ਵੀ ਮੈਨੂੰ।'

ਪਾਪਾ ਜੀ ਉਸਨੂੰ ਕੁਝ ਹੋਰ ਵੀ ਕਹਿਣਾ ਚਾਹੁੰਦੇ ਸਨ, ਪਰ ਉਨ੍ਹਾਂ ਨੇ ਉਸਨੂੰ ਜੋ ਕਿਹਾ ਸੀ ਪਹਿਲਾਂ ਉਹ ਉਸਦੇ ਪਚਣ ਦਾ ਇੰਤਜ਼ਾਰ ਕੀਤਾ, ਇੰਨੇ ਵਿੱਚ ਉਸਨੇ ਆਪਣੀ ਚਾਹ ਖਤਮ ਕਰ ਲਈ। ਉਹ ਹਮੇਸ਼ਾਂ ਆਪਣੀ ਚਾਹ ਨੂੰ ਪਲੇਟ ਵਿੱਚ ਪਾ ਕੇ ਪੀਂਦਾ ਸੀ। ਪਲੇਟ ਵਿੱਚੋਂ ਫਿਰ ਉਹ ਇਸਨੂੰ ਵੱਡਾ ਸਾਰਾ ਸੜ੍ਹਕਾ ਮਾਰ ਕੇ ਪੀਂਦਾ ਸੀ। ਜਦੋਂਕਿ ਪਾਪਾ ਜੀ ਬਹੁਤ ਹੀ ਸਲੀਕੇ ਵਾਲੇ ਵਿਅਕਤੀ ਸਨ, ਉਹ ਸਭ ਕੁਝ ਢੁਕਵੇਂ ਤਰੀਕੇ ਨਾਲ ਕਰਦੇ ਸਨ ਅਤੇ ਬਾਵਾ ਸਿੰਘ ਦੀ ਇਹ ਆਦਤ ਕਿਸੇ ਚਾਕਬੋਰਡ ਨੂੰ ਖੁਰਚਣ ਵਾਲੀ ਸੀ।

ਪਾਪਾ ਜੀ ਹਮੇਸ਼ਾਂ ਸਾਡੇ ਕੋਲ ਉਸਦੀ ਇਸ ਆਦਤ ਸਬੰਧੀ ਕਹਿੰਦੇ, 'ਪਤਾ ਨਹੀਂ ਐਨੀ ਤਹਿਜ਼ੀਬ ਹੈ ਬਾਵਾ ਸਿੰਘ ਵਿੱਚ ਪਰ ਇਹ ਬੜੀ ਬੁਰੀ ਆਦਤ ਹੈ, ਭੁੱਲ ਕੇ ਵੀ ਉਸਦੀ ਇਹ ਆਦਤ ਨਹੀਂ ਅਪਣਾਉਣੀ।'

ਬਾਵਾ ਸਿੰਘ ਅਤੇ ਪਲੇਟ ਇੱਕ ਹੀ ਬਣ ਜਾਂਦੇ ਸਨ। ਇਹ ਉਸ ਅਤੇ ਪਲੇਟ ਦਰਮਿਆਨ ਖਾਸ ਪਿਆਰ ਸੀ। ਬੀਜੀ ਰਸੋਈ ਵਿੱਚ ਜਾਂ ਫਿਰ ਗਾਰਡਨ ਵਿੱਚ ਉਨ੍ਹਾਂ ਦੀ ਇਸ ਆਦਤ ਕਾਰਨ ਹੱਸਣ ਜਾਂਦੇ। ਉਨ੍ਹਾਂ ਲਈ ਇਹ ਬਹੁਤ ਮਜ਼ਾਕੀਆ ਗੱਲ ਹੁੰਦੀ ਸੀ, ਪਰ ਉਹ ਇਹ ਵੀ ਜਾਣਦੇ ਸਨ ਕਿ ਪਾਪਾ ਜੀ ਨੂੰ ਇਹ ਕਿੰਨਾ ਬੁਰਾ ਲੱਗਦਾ ਹੈ, ਪਰ ਉਹ ਚੁੱਪ ਚਾਪ ਬੈਠ ਜਾਂਦੇ। ਜਦੋਂ ਕਦੇ ਉਨ੍ਹਾਂ ਵਿੱਚ ਲੜਾਈ ਹੋ ਜਾਣੀ ਤਾਂ ਬੀਜੀ ਨੇ ਕਹਿਣਾ, 'ਬਾਵਾ ਸਿੰਘ ਨੂੰ ਚਾਹ ਲਈ ਬਲਾਉਂਦੀ ਹਾਂ।'

ਜਦੋਂ ਬਾਵਾ ਸਿੰਘ ਚਾਹ ਖਤਮ ਕਰਨ ਵਾਲਾ ਸੀ ਅਤੇ ਆਖਰੀ ਘੁੱਟ ਭਰਨ ਲਈ ਤਿਆਰ ਸੀ ਤਾਂ ਪਾਪਾ ਜੀ ਨੇ ਉਸਨੂੰ ਉਹ ਮਹਾਨ ਧੁਨ ਕੱਢਣ ਤੋਂ ਪਹਿਲਾਂ ਹੀ ਰੋਕ ਦਿੱਤਾ ਅਤੇ ਕਿਹਾ, 'ਬਾਵਾ ਸਿੰਘ ਇੱਕ ਹੋਰ ਗੱਲ ਵੀ ਹੈ, ਤੁਸੀਂ ਮਿਹਰਬਾਨੀ ਕਰਕੇ ਉਸ ਦਿਨ ਕਿਸੇ ਹਿੰਸੇ ਬਾਅਦ 'ਓਨਲੀ' ਨਹੀਂ ਆਖਣਾ।' ਬਾਵਾ ਸਿੰਘ ਨੇ ਜਿਵੇਂ ਹੀ ਇਹ ਸੁਣਿਆ, ਉਸਦੇ ਬੁੱਲ੍ਹ ਪਲੇਟ ਨਾਲ ਚਿਪਕੇ ਹੀ ਰਹਿ ਗਏ। ਉਸਦਾ ਸਿਰ ਪਲੇਟ ਵਿੱਚ ਹੀ ਝੁਕ ਗਿਆ। ਮੈਨੂੰ ਲੱਗਿਆ ਜਿਵੇਂ ਉਹ ਪਲੇਟ ਦੇ ਵਿੱਚ ਹੀ ਵੜ ਗਿਆ ਹੋਵੇ। ਬੀਜੀ ਰਸੋਈ ਦੇ ਦਰਵਾਜ਼ੇ ਵਿੱਚ ਮੁਸਕਰਾਉਂਦੇ ਹੋਏ ਖੜ੍ਹੇ ਸਨ। ਪਾਪਾ ਜੀ ਅਤੇ ਮੈਂ ਦੇਖ ਰਹੇ ਸੀ ਕਿ ਹੁਣ ਬਾਵਾ ਸਿੰਘ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ।

ਚੰਗਾ ਹੋਇਆ ਕਿ ਉਸਨੇ ਪਲੇਟ ਨੂੰ ਆਪਣੇ ਮੂੰਹ ਦੇ ਅੰਦਰ ਨਹੀਂ ਖਿੱਚਿਆ ਅਤੇ ਨਾ ਹੀ ਉਸਨੂੰ ਤੋੜਿਆ। ਉਸਨੇ ਜਲਦੀ ਨਾਲ ਪਲੇਟ ਨੂੰ ਆਪਣੇ ਮੂੰਹ ਵਿੱਚੋਂ ਬਾਹਰ ਕੱਢਿਆ ਅਤੇ ਇਸਨੂੰ ਮੇਜ਼ 'ਤੇ ਰੱਖ ਕੇ ਕੁਰਸੀ 'ਤੇ ਆ ਕੇ ਬੈਠ ਗਿਆ। ਉਸਨੇ ਆਪਣੇ ਹੱਥ ਜੋੜੇ ਅਤੇ ਪਾਪਾ ਜੀ ਵੱਲ ਦੇਖਦਿਆਂ ਕਿਹਾ, 'ਧਰਮ ਸਿੰਘ ਜੀ ਪੜ੍ਹੇ ਲਿਖੇ ਹੋ ਕੇ ਗਵਾਰਾਂ ਦੀ ਮੰਨ ਦੇ ਹੋ। ਠੀਕ ਹੈ ਮੈਂ ਨਹੀਂ ਆਖਾਂਗਾ।'

ਉਹ ਇੱਕ ਕਿਸਾਨ ਦੇ ਰੂਪ ਵਿੱਚ ਬਾਬਾ ਜੀ ਦਾ ਜ਼ਿਕਰ ਕਰ ਰਹੇ ਸਨ। ਭਾਵੇਂ ਕਿ ਪਾਪਾ ਜੀ ਨੇ ਬਾਵਾ ਸਿੰਘ ਦੇ ਸਹਿਮਤ ਹੋਣ ਨਾਲ ਰਾਹਤ ਮਹਿਸੂਸ ਕੀਤੀ ਸੀ, ਪਰ ਉਨ੍ਹਾਂ ਨੂੰ ਯਕੀਨ ਨਹੀਂ ਸੀ ਕਿ ਭਾਸ਼ਣ ਦੌਰਾਨ ਉਹ ਆਪਣਾ ਮਨ ਬਦਲ ਲੈਣਗੇ। ਉਨ੍ਹਾਂ ਲਈ ਇਸ ਸਮੇਂ ਪਾਪਾ ਜੀ ਨੂੰ ਬਚਨ ਦੇਣਾ ਕਾਫ਼ੀ ਸੀ ਤਾਂ ਕਿ ਉਹ ਅਗਲੀ ਗੱਲ ਵੱਲ ਵਧ ਸਕਣ।

ਪਾਪਾ ਜੀ ਅਤੇ ਖਾਲਸਾ ਉਸ ਸਮੇਂ ਦੇ ਮੇਅਰ ਅਡਰਮੈਨ ਰੌਗਰਜ਼ ਨੂੰ ਗੁਰਦੁਆਰੇ ਦਾ ਉਦਘਾਟਨ ਦਾ ਸੱਦਾ ਦੇਣ ਲਈ ਸਿਟੀ ਹਾਲ ਜਾਂ ਕੌਂਸਲ ਹਾਊਸ ਗਏ (ਜਿਵੇਂ ਕਿ ਯੂ.ਕੇ. ਵਿੱਚ ਕਿਹਾ ਜਾਂਦਾ ਹੈ)।

ਪਾਪਾ ਜੀ ਅਤੇ ਖਾਲਸਾ ਨੇ ਮੇਅਰ ਨੂੰ ਉਨ੍ਹਾਂ ਦੀ ਸਮੁੱਚੀ ਕੌਂਸਲ ਨੂੰ ਉਦਘਾਟਨ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਪੱਤਰ ਦਿੱਤਾ। ਪਾਪਾ ਜੀ ਨੇ ਦੱਸਿਆ ਕਿ ਮੇਅਰ ਇਸ ਨਾਲ ਹੈਰਾਨ ਹੋ ਗਿਆ ਅਤੇ ਉਸਨੂੰ ਇਹ ਪਤਾ ਨਹੀ ਚੱਲਿਆ ਕਿ ਉਹ ਕੀ ਪ੍ਰਤੀਕਿਰਿਆ ਦੇਵੇ। ਉਸਨੇ ਇਸ ਸੱਦਾ ਪੱਤਰ ਨੂੰ ਪ੍ਰਵਾਨ ਕਰ ਲਿਆ ਅਤੇ ਖਾਲਸਾ ਨੇ ਉਨ੍ਹਾਂ ਨੂੰ ਪ੍ਰੋਟੋਕੌਲ ਸਮਝਾਇਆ।

ਪਾਪਾ ਜੀ ਨੇ ਦੱਸਿਆ ਕਿ ਖਾਲਸਾ ਨੇ ਬਹੁਤ ਚੰਗੀ ਤਰ੍ਹਾਂ ਹਰ ਪ੍ਰੋਟੋਕੌਲ ਨੂੰ ਸਮਝਾਇਆ। ਉਸਨੇ ਮੇਅਰ ਨੂੰ ਕਿਹਾ ਕਿ ਤੁਹਾਨੂੰ ਗੁਰਦੁਆਰੇ ਜਾਣ ਲਈ ਆਪਣੇ ਜੁੱਤੇ ਉਤਾਰਨੇ ਹੋਣਗੇ, ਉੱਥੇ ਅਸੀਂ ਨੰਗੇ ਅਤੇ ਸਾਫ਼ ਪੈਰਾਂ ਨਾਲ ਚੱਲਦੇ ਹਾਂ। ਤੁਹਾਡਾ ਸਿਰ ਵੀ ਢਕਿਆ ਹੋਣਾ ਚਾਹੀਦਾ ਹੈ, ਜੇਕਰ ਤੁਹਾਡੇ ਕੋਲ ਇਸ ਨੂੰ ਢਕਣ ਲਈ ਕੁਝ ਨਹੀਂ ਹੈ ਤਾਂ ਅਸੀਂ ਤੁਹਾਨੂੰ ਸਿਰ ਢਕਣ ਲਈ ਕੱਪੜਾ ਮੁਹੱਈਆ ਕਰਵਾਂਗੇ। ਅਸੀਂ ਵੱਡਿਆਂ ਦੇ ਸਤਿਕਾਰ ਵਜੋਂ ਆਪਣੇ ਸਿਰ ਨੂੰ ਢਕਦੇ ਹਾਂ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਸਿਗਰਟਨੋਸ਼ੀ ਕਰਦਾ ਹੈ ਤਾਂ ਉਸਨੂੰ ਇਸਨੂੰ ਆਪਣੇ ਘਰ ਹੀ ਛੱਡ ਕੇ ਆਉਣਾ ਹੋਵੇਗਾ ਕਿਉਂਕਿ ਸਿੱਖ ਧਰਮ ਤੰਬਾਕੂ ਦੀ ਵਰਤੋਂ ਦੇ ਸਖ਼ਤ ਖਿਲਾਫ਼ ਹੈ। ਉਸਨੇ ਦੱਸਿਆ ਕਿ ਉਹ ਤੁਹਾਡੀ ਮਦਦ ਕਰਨ ਲਈ ਉੱਥੇ ਹੋਵੇਗਾ ਕਿਉਂਕਿ ਮੇਰੀ ਤੁਹਾਡੇ ਨਾਲ ਡਿਊਟੀ ਲਗਾਈ ਗਈ ਹੈ।

ਮੇਅਰ ਨੂੰ ਕਾਰਡ ਦੇਣ ਤੋਂ ਬਾਅਦ ਉਹ ਅਗਲੀ ਜਗ੍ਹਾ ਕੋਵੈਂਟਰੀ ਕੈਥੇਡਰਲ ਗਏ ਜਿੱਥੇ ਰੈਵਰਨਡ ਪੀਟਰ ਬੇਰੀ ਅਤੇ ਕੋਵੈਂਟਰੀ ਦੇ ਬਿਸ਼ਪ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ। ਕੋਵੈਂਟਰੀ ਕੈਥੇਡਰਲ ਦੂਜੇ ਵਿਸ਼ਵ ਯੁੱਧ ਦੌਰਾਨ ਤਬਾਹ ਹੋ ਗਈ ਸੀ ਅਤੇ ਪੁਰਾਣੀ ਇਮਾਰਤ ਦੇ ਨਾਲ ਹੀ ਨਵੀਂ ਇਮਾਰਤ ਉਸਾਰੀ ਗਈ। ਕੁਇਨ ਨੇ 1962 ਵਿੱਚ ਨਵੀਂ ਕੈਥੇਡਰਲ ਦਾ ਉਦਘਾਟਨ ਕੀਤਾ ਸੀ। ਇਹ ਅਤਿ ਆਧੁਨਿਕ ਆਰਕੀਟੈਕਚਰ ਦਾ ਨਮੂਨਾ ਹੈ। ਰੈਵਰਨਡ ਪੀਟਰ ਬੇਰੀ ਸਿੱਖ ਭਾਈਚਾਰੇ ਦੇ ਨਜ਼ਦੀਕ ਸੀ। ਉਸਨੂੰ ਸਾਰੇ ਪਿਆਰ ਕਰਦੇ ਸਨ, ਉਹ ਇੱਕ ਚੰਗੀ ਆਤਮਾ ਸੀ ਜਿਹੜੀ ਹਰ ਇੱਕ ਨੂੰ ਮੁਸਕਰਾਹਟ ਨਾਲ ਮਿਲਦੀ ਸੀ। ਉਹ ਕਈ ਵਾਰ ਸਾਨੂੰ ਸੇਵਾਵਾਂ ਦੇਣ ਲਈ ਆਏ ਅਤੇ ਹਮੇਸ਼ਾਂ ਸਾਡੇ ਨਾਲ ਗੱਲ ਕਰਦੇ। ਉਸਨੂੰ ਹਮੇਸ਼ਾਂ ਸਿੱਖ ਗ੍ਰੰਥੀ ਦੀ ਤਰ੍ਹਾਂ ਸਤਿਕਾਰ ਮਿਲਦਾ ਸੀ।

ਉਸਨੇ ਬਿਸ਼ਪ ਅੱਗੇ ਪਾਪਾ ਜੀ ਦੀ ਜਾਣ ਪਛਾਣ ਸਿੱਖ ਗੁਰਦੁਆਰੇ ਦੇ ਬਾਨੀ ਅਤੇ ਮੇਰੇ ਪਿਤਾ ਵਜੋਂ ਕਰਾਈ, ਕਿਉਂਕਿ ਉਹ ਮੈਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਮੈਂ ਕਈ ਪ੍ਰਾਜੈਕਟਾਂ ਸਬੰਧੀ ਪੀਟਰ ਬੇਰੀ ਨੂੰ ਮਿਲਦਾ ਰਹਿੰਦਾ ਸੀ। ਪੀਟਰ ਬੇਰੀ ਨੇ ਖਾਲਸਾ ਦੀ ਵੀ ਬਿਸ਼ਪ ਨਾਲ ਜਾਣ ਪਛਾਣ ਕਰਾਈ। ਪਾਪਾ ਜੀ ਨੇ ਦੱਸਿਆ ਕਿ ਖਾਲਸਾ ਇਸ ਵਾਰ ਵੀ ਪਿੱਛੇ ਨਹੀਂ ਰਿਹਾ, ਇਹ ਵੀ ਉਸ ਦੀ ਪ੍ਰੀਖਿਆ ਸੀ।

ਉਸਨੇ ਬਿਸ਼ਪ ਨੂੰ ਕਿਹਾ, 'ਪਿਆਰੇ ਬਿਸ਼ਪ, ਮੈਂ ਤੁਹਾਨੂੰ ਸਿੱਖਾਂ ਦੇ ਪ੍ਰੋਟੋਕੌਲ ਬਾਰੇ ਦੱਸਾਂਗਾ, ਪਰ ਮੈਨੂੰ ਲੱਗਦਾ ਹੈ ਕਿ ਤੁਸੀਂ ਇਹ ਸਭ ਪਹਿਲਾਂ ਤੋਂ ਹੀ ਜਾਣਦੇ ਹੋ।'

(ਚਲਦਾ)




# ਆਕਸਫ਼ੋਰਡ ਯੂਨੀਵਰਸਿਟੀ ’ਚ ਲਗਾਇਆ ਗਿਆ ਲੰਗਰ





ਹਾਲ ਹੀ ਵਿੱਚ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੇ ਪਹਿਲੀ ਵਾਰ ਲੰਗਰ ਦਾ ਪ੍ਰਬੰਧ ਕੀਤਾ ਤੇ ਸੇਵਾ ਨਿਭਾਈ। ਇਸ ਵਿੱਚ ਲਗਭਗ 100 ਲੋਕਾਂ ਨੇ ਹਿੱਸਾ ਲਿਆ।

ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਮਾਈਕਲ-ਅਕੋਲੇਡ ਅਯੋਦੇਜੀ ਨੇ ਕਿਹਾ ਕਿ ਲੰਗਰ ’ਚ ਸੇਵਾ ਕਰਨਾ ਵਾਕਈ ਇੱਕ ‘ਅਦਭੁਤ ਅਨੁਭਵ’ ਸੀ।

ਸਮਾਗਮ ਵਿੱਚ ਹਰ ਮਹਿਮਾਨ ਨੂੰ ਸਿਰ ਢਕਣ ਲਈ ਖਾਸ ਰੁਮਾਲੇ ਦਿੱਤੇ ਗਏ, ਜਿਨ੍ਹਾਂ ’ਤੇ ਉਨ੍ਹਾਂ ਦੇ ਨਾਮ ਵੀ ਲਿਖੇ ਹੋਏ ਸਨ।

ਇਸ ਦੌਰਾਨ ਰੋਡਸ ਸਕਾਲਰ ਅਤੇ ਆਕਸਫੋਰਡ ਸਿੱਖ ਸੁਸਾਇਟੀ ਦੇ ਗ੍ਰੈਜੂਏਟ ਪ੍ਰਧਾਨ ਸੇਰੇਨ ਸਿੰਘ ਨੇ ਸਿੱਖ ਕਦਰਾਂ-ਕੀਮਤਾਂ ਬਾਰੇ ਇੱਕ ਪ੍ਰੈਜ਼ੈਂਟੇਸ਼ਨ ਵੀ ਦਿੱਤੀ। ਉਨ੍ਹਾਂ ਕਿਹਾ, ‘ਮੈਨੂੰ ਉਮੀਦ ਹੈ ਕਿ ਇਹ ਲੰਗਰ ਨਾ ਸਿਰਫ਼ ਯੂਨੀਵਰਸਿਟੀ ਦੇ ਹਾਜ਼ਰੀਨਾਂ ਲਈ, ਸਗੋਂ ਹੋਰ ਲੋਕਾਂ ਲਈ ਵੀ ਇੱਕ ਸਾਲਾਨਾ ਪਰੰਪਰਾ ਬਣੇਗਾ, ਖਾਸ ਕਰਕੇ ਉਨ੍ਹਾਂ ਲਈ ਜੋ ਇਸ ਸਮੇਂ ਆਕਸਫੋਰਡ ਵਿੱਚ ਬੇਘਰ ਹਨ ਜਾਂ ਭੁੱਖੇ ਹਨ।’

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਆਉਂਦੇ ਸਮੇਂ ਵਿੱਚ ਕਮਜ਼ੋਰ ਲੋਕਾਂ ਲਈ ਹੋਰ ਮੁਫਤ ਲੰਗਰਾਂ ਦੀ ਸ਼ੁਰੂਆਤ ਹੋਵੇਗੀ।

ਉਨ੍ਹਾਂ ਦੇ ਸੰਬੋਧਨ ਮਗਰੋਂ, ਰਵਾਇਤੀ ਭਾਰਤੀ ਸ਼ਾਸਤਰੀ ਸਾਜ਼ਾਂ ਦੇ ਨਾਲ ਸਿੱਖ ਕੀਰਤਨ ਕੀਤਾ ਗਿਆ ਅਤੇ ਅੰਤ ਵਿੱਚ ਸਭ ਨੇ ਮਿਲ ਕੇ ਪੰਗਤ ’ਚ ਬੈਠ ਕੇ ਲੰਗਰ ਛਕਿਆ।



## ਵੇਵ ਗਰੁੱਪ ਦੇ ਡਾਕਟਰ ਰਜਿੰਦਰ ਸਿੰਘ ਚੱਢਾ ਵਲੋਂ ਅਫ਼ਗਾਨਿਸਤਾਨੀ ਸਿੱਖਾਂ ਦੀ ਕੀਤੀ ਮਦਦ



ਵੇਵ ਗਰੁੱਪ ਦੇ ਡਾਕਟਰ ਰਜਿੰਦਰ ਸਿੰਘ ਚੱਢਾ ਵੱਲੋਂ ਕੀਤੀ ਆਰਥਿਕ ਸੇਵਾ ਕਰਕੇ ਅੱਜ ਅਫ਼ਗਾਨਿਸਤਾਨ ਦੇ ਕਾਬੁਲ ਤੋਂ 5 ਸਿੱਖ ਦਿੱਲੀ ਆ ਗਏ ਹਨ। ਇਨ੍ਹਾਂ ਵਿੱਚ 34 ਸਾਲ ਦਾ ਸ਼ੇਰਨਜੀਤ ਸਿੰਘ ਵੀ ਸ਼ਾਮਲ ਹੈ, ਜਿਸ ਨੇ ਆਪਣੇ ਮਾਂ-ਪਿਓ ਨੂੰ ਇੱਕ ਦਹਾਕੇ ਪਹਿਲਾਂ ਗੁਆ ਦਿੱਤਾ ਸੀ। ਜਲਾਲਾਬਾਦ ਵਿਖੇ ਇਕੱਲਾ ਰਹਿ ਰਿਹਾ ਸ਼ੇਰਨਜੀਤ ਸਿੰਘ ਇਸ ਵੇਲੇ ਗੰਭੀਰ ਸਿਹਤ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ।

## ਲੁਧਿਆਣਾ ’ਚ 8.49 ਕਰੋੜ ਰੁਪਏ ਦੀ ਲੁੱਟ ਮਾਮਲੇ ’ਚ 5 ਗ੍ਰਿਫ਼ਤਾਰ: ਡੀਜੀਪੀ

ਲੁਧਿਆਣਾ : ਲੁਧਿਆਣਾ ਦੇ ਰਾਜਗੁਰੂ ਨਗਰ ਨੇੜੇ ਸੀਐੱਮਐੱਸ ਇਨਫੋ ਸਿਸਟਮਜ਼ ਲਿਮਟਿਡ ਦੇ ਦਫ਼ਤਰ ਵਿੱਚ 10 ਜੂਨ ਨੂੰ ਹੋਈ 8.49 ਕਰੋੜ ਰੁਪਏ ਦੀ ਲੁੱਟ ਨਾਲ ਸਬੰਧਤ ਮਾਮਲੇ ਵਿੱਚ ਡੀਜੀਪੀ ਗੌਰਵ ਯਾਦਵ ਨੇ ਟਵੀਟ ਕੀਤਾ ਕਿ ਕਾਊਂਟਰ ਇੰਟੈਲੀਜੈਂਸ ਦੇ ਸਹਿਯੋਗ ਨਾਲ ਲੁਧਿਆਣਾ ਪੁਲੀਸ ਨੇ 60 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਲੁੱਟ ਦੀ ਵਾਰਦਾਤ ਨੂੰ ਸੁਲਝਾ ਲਿਆ ਹੈ। ਉਨ੍ਹਾਂ ਦੱਸਿਆ ਕਿ ਸਾਜ਼ਿਸ਼ ਵਿੱਚ ਸ਼ਾਮਲ 10 ਮੁਲਜ਼ਮਾਂ ਵਿੱਚੋਂ ਪੰਜ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਬਰਾਮਦਗੀ ਕੀਤੀ ਗਈ ਹੈ। ਸ਼ਨਿਚਰਵਾਰ ਤੜਕੇ ਕਰੀਬ 10 ਹਥਿਆਰਬੰਦ ਲੁਟੇਰੇ ਕੰਪਨੀ ਦੇ ਦਫਤਰ ਵਿੱਚ ਦਾਖਲ ਹੋ ਕੇ ਪੰਜ ਮੁਲਾਜ਼ਮਾਂ ਨੂੰ ਬੰਦੀ ਬਣਾ ਕੇ ਕੰਪਨੀ ਦੇ ਦਫ਼ਤਰ ਵਿੱਚੋਂ 8.49 ਕਰੋੜ ਰੁਪਏ ਲੁੱਟ ਕੇ ਕੈਸ਼ ਵੈਨ ਵਿੱਚ ਫਰਾਰ ਹੋ ਗਏ ਸਨ। ਬਾਅਦ ਵਿੱਚ ਮੁੱਲਾਂਪੁਰ ਨੇੜੇ ਵੈਨ ਨੂੰ ਛੱਡ ਦਿੱਤਾ। ਪੁਲੀਸ ਨੇ ਵੈਨ ਵਿੱਚੋਂ ਤਿੰਨ ਹਥਿਆਰ ਬਰਾਮਦ ਕੀਤੇ ਸਨ, ਜੋ ਕੰਪਨੀ ਦੇ ਸਨ।



*‘ਦਿ ਕੇਰਲ ਸਟੋਰੀ’ ਤੋਂ ਬਾਅਦ ਹੁਣ ‘ਅਜਮੇਰ-92’ ’ਤੇ ਵਿਵਾਦ*

## ਕੀ ਹੈ 31 ਸਾਲ ਪਹਿਲਾਂ ਸੈਂਕੜੇ ਕੁੜੀਆਂ ਨਾਲ ਹੋਈ ਹੈਵਾਨੀਅਤ ਦਾ ਸੱਚ ?

ਅਜਮੇਰ : ‘ਦਿ ਕੇਰਲ ਸਟੋਰੀ’ ਤੋਂ ਬਾਅਦ ਹੁਣ ਫਿਲਮ ‘ਅਜਮੇਰ-92’ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਮੁਸਲਿਮ ਸੰਗਠਨਾਂ ਤੇ ਦਰਗਾਹ ਕਮੇਟੀ ਨੇ ਇਸ ਦਾ ਵਿਰੋਧ ਕੀਤਾ ਹੈ। ਦੋਸ਼ ਹੈ ਕਿ ਫਿਲਮ ਰਾਹੀਂ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਆਓ ਤੁਹਾਨੂੰ ਦੱਸਦੇ ਹਾਂ ਕਿ ਇਸ ਫਿਲਮ ਨੂੰ ਲੈ ਕੇ ਵਿਵਾਦ ਕਿਉਂ ਹੈ।

**ਸੈਂਕੜੇ ਕੁੜੀਆਂ ਨਾਲ ਹੋਈ ਸੀ ਹੈਵਾਨੀਅਤ :** ਸਾਲ 1992, ਸਥਾਨ- ਰਾਜਸਥਾਨ ਦਾ ਅਜਮੇਰ ਜ਼ਿਲ੍ਹਾ... ਇਹ ਦੇਸ਼ ਦੇ ਸਭ ਤੋਂ ਵੱਡੇ ਸਕੈਂਡਲ ਦੀ ਕਹਾਣੀ ਹੈ। ਇਹ ਉਸ ਬੇਰਹਿਮੀ ਦੀ ਕਹਾਣੀ ਹੈ ਜੋ ਸੈਂਕੜੇ ਵਿਦਿਆਰਥਣਾਂ ਨਾਲ ਵਾਪਰੀ। ਇਕ ਅਜਿਹੀ ਕਹਾਣੀ ਜਿਸ ਨੂੰ ਪੜ੍ਹ ਕੇ ਅੱਜ ਵੀ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ।

ਅਪ੍ਰੈਲ ਮਹੀਨੇ ਦੀ ਇਕ ਸਵੇਰ ਅਜਮੇਰ ਦੇ ਇਕ ਮਸ਼ਹੂਰ ਕਾਲਜ ਦੀਆਂ ਕੁੜੀਆਂ ਦੀਆਂ ਇਤਰਾਜ਼ਯੋਗ ਤਸਵੀਰਾਂ ਅਚਾਨਕ ਸਰਕੂਲੇਟ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਿਨ੍ਹਾਂ ਕੁੜੀਆਂ ਦੀਆਂ ਤਸਵੀਰਾਂ ਸਰਕੂਲੇਟ ਹੋਈਆਂ, ਉਹ ਰਸੂਖਦਾਰ ਪਰਿਵਾਰਾਂ ਦੀਆਂ ਸਨ। ਪਤਾ ਲੱਗਿਆ ਕਿ ਇਨ੍ਹਾਂ ਲੜਕੀਆਂ ਨਾਲ ਜਬਰ ਜਨਾਹ ਕੀਤਾ ਗਿਆ ਸੀ। ਕੁਝ ਲੜਕੀਆਂ ਨਾਲ ਸਮੂਹਕ ਜਬਰ ਜਨਾਹ ਹੋਇਆ ਸੀ। ਅਜਮੇਰ ਦੇ ਛੋਟੇ ਜਿਹੇ ਕਸਬੇ ਵਿਚ ਇਹ ਗੱਲ ਫੈਲਣ ’ਚ ਦੇਰ ਨਹੀਂ ਲੱਗੀ। ਹਰੇਕ ਸ਼ਖ਼ਸ ਦੀ ਜ਼ੁਬਾਨ ’ਤੇ ਵਿਦਿਆਰਥਣਾਂ ਨਾਲ ਹੋਈ ਦਰਿੰਦਗੀ ਦਾ ਕਿੱਸਾ ਸੀ।

**ਅਖਬਾਰ ਦੇ ਪਹਿਲੇ ਪੰਨੇ ’ਤੇ ਛਪੀਆਂ ਸਨ ਤਸਵੀਰਾਂ :** ਇਕ ਸਥਾਨਕ ਅਖਬਾਰ ਵਿਚ ਪੀੜਤ ਵਿਦਿਆਰਥਣਾਂ ਦੀਆਂ ਤਸਵੀਰਾਂ ਨੂੰ ਧੁੰਦਲਾ ਕਰ ਕੇ ਫਰੰਟ ਪੇਜ ’ਤੇ ਛਾਪਿਆ ਗਿਆ। ਇਸ ਤੋਂ ਬਾਅਦ ਹਲਚਲ ਮਚ ਗਈ। ਅਜਮੇਰ ਦੀ ਤਾਂ ਕੀ, ਪੂਰੇ ਦੇਸ਼ ਵਿਚ ਇਸ ਦੀ ਚਰਚਾ ਹੋਣ ਲੱਗੀ। ਅਖਬਾਰ ਨੇ ਕੁਝ ਪੀੜਤਾਂ ਦੇ ਬਿਆਨ ਵੀ ਛਾਪੇ ਸਨ। ਵਿਦਿਆਰਥਣਾਂ ਨੇ ਬਿਆਨ ’ਚ ਜੋ ਖੁਲਾਸਾ ਕੀਤਾ, ਉਹ ਜਾਣ ਕੇ ਹਰ ਕੋਈ ਦੰਗ ਰਹਿ ਗਿਆ।




**ਇਕ-ਇਕ ਕਰ ਕੇ ਕਈ ਕੁੜੀਆਂ ਹੋਈਆਂ ਸ਼ਿਕਾਰ :** ਬਿਆਨ ਵਿਚ ਕਿਹਾ ਗਿਆ ਹੈ ਕਿ ਸ਼ਹਿਰ ਦੇ ਰਸੂਖਦਾਰ ਪਰਿਵਾਰਾਂ ਦੇ ਕੁਝ ਲੜਕਿਆਂ ਨੇ ਉਨ੍ਹਾਂ ਨਾਲ ਜਬਰ ਜਨਾਹ ਕੀਤਾ। ਇਕ ਲੜਕੀ ਤੋਂ ਸ਼ੁਰੂ ਹੋਇਆ ਇਹ ਘਿਨਾਉਣਾ ਸਿਲਸਿਲਾ 100 ਤੋਂ ਵੱਧ ਲੜਕੀਆਂ ਤਕ ਪਹੁੰਚ ਚੁੱਕਾ ਸੀ। ਦਰਅਸਲ, ਜਬਰ ਜਨਾਹ ਦੌਰਾਨ ਵਿਦਿਆਰਥਣਾਂ ਦੀਆਂ ਇਤਰਾਜ਼ਯੋਗ ਤਸਵੀਰਾਂ ਖਿੱਚੀਆਂ ਜਾਂਦੀਆਂ ਸਨ ਤੇ ਫਿਰ ਉਨ੍ਹਾਂ ਨੂੰ ਪੂਰੇ ਸ਼ਹਿਰ ਵਿਚ ਫੈਲਾਉਣ ਦੀ ਧਮਕੀ ਦਿੱਤੀ ਜਾਂਦੀ ਸੀ। ਪੀੜਤ ਵਿਦਿਆਰਥਣਾਂ ਨੂੰ ਫੋਟੋ ਡਿਲੀਟ ਕਰਨ ਦਾ ਵਾਅਦਾ ਕਰ ਕੇ ਆਪਣੀ ਦੂਜੇ ਸਹੇਲੀ ਲਿਆਉਣ ਲਈ ਕਿਹਾ ਜਾਂਦਾ ਸੀ। ਫਿਰ ਉਨ੍ਹਾਂ ਨੂੰ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ 100 ਤੋਂ ਵੱਧ ਵਿਦਿਆਰਥਣਾਂ ਉਨ੍ਹਾਂ ਦਰਿੰਦਿਆਂ ਦੇ ਚੁੰਗਲ ’ਚ ਫਸ ਗਈਆਂ। ਅਖਬਾਰ ’ਚ ਰਿਪੋਰਟ ਪ੍ਰਕਾਸ਼ਿਤ ਹੋਣ ਤੋਂ ਬਾਅਦ ਪੁਲਿਸ ਨੇ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ’ਚ ਸਾਹਮਣੇ ਆਇਆ ਕਿ ਮੁਲਜ਼ਮ ਕੈਮਰੇ ਵਾਲੀਆਂ ਦੁਕਾਨਾਂ ’ਤੇ ਪੀੜਤ ਲੜਕੀਆਂ ਦੀਆਂ ਤਸਵੀਰਾਂ ਧਵਾਉਂਦੇ ਸਨ। ਇਸ ਤਰ੍ਹਾਂ ਇਹ ਤਸਵੀਰਾਂ ਦੁਕਾਨਦਾਰਾਂ ਦੇ ਹੱਥ ਲੱਗ ਗਈਆਂ। ਉਨ੍ਹਾਂ ਨੇ ਵੀ ਲੜਕੀਆਂ ਨੂੰ ਬਲੈਕਮੇਲ ਕਰ ਕੇ ਉਨ੍ਹਾਂ ਨਾਲ ਜਬਰ ਜਨਾਹ ਕਰਨਾ ਸ਼ੁਰੂ ਕਰ ਦਿੱਤਾ। ਸ਼ਹਿਰ ’ਚ ਬਦਨਾਮੀ ਹੁੰਦੀ ਦੇਖ ਕੁੜੀਆਂ ਤਣਾਅ ’ਚ ਆ ਗਈਆਂ। ਕਈ ਪੀੜਤਾਂ ਨੇ ਤਾਂ ਖੁਦਕੁਸ਼ੀ ਕਰ ਲਈ।

ਜਾਂਚ ਦਾ ਇਕ ਹੋਰ ਵੀ ਹੈਰਾਨ ਕਰਨ ਵਾਲਾ ਪਹਿਲੂ ਸੀ। ਅਸਲ ਵਿਚ ਇਸ ਘਿਨਾਉਣੇ ਅਪਰਾਧ ਨੂੰ ਅੰਜਾਮ ਦੇਣ ਵਾਲੇ ਮੁਲਜ਼ਮ ਸਨ, ਉਹ ਇਕ ਰਸੂਖਦਾਰ ਪਰਿਵਾਰ ਨਾਲ ਸਬੰਧਤ ਸਨ। ਮਾਮਲੇ ਦੇ ਮੁੱਖ ਮੁਲਜ਼ਮ ਫਾਰੂਕ ਚਿਸ਼ਤੀ, ਨਫੀਸ ਚਿਸ਼ਤੀ, ਅਨਵਰ ਚਿਸ਼ਤੀ ਸਨ। ਤਿੰਨੋਂ ਯੂਥ ਕਾਂਗਰਸ ਵਿਚ ਵੀ ਅਹਿਮ ਅਹੁਦਿਆਂ ’ਤੇ ਸਨ। ਇਸ ਤੋਂ ਇਲਾਵਾ ਉਹ ਅਜਮੇਰ ਦੇ ਮਸ਼ਹੂਰ ਚਿਸ਼ਤੀ ਘਰਾਣੇ ਨਾਲ ਵੀ ਸਬੰਧਤ ਸਨ।

**ਅੱਠ ਮੁਲਜ਼ਮਾਂ ਨੂੰ ਉਮਰ ਕੈਦ, ਅੱਠ ਅਜੇ ਵੀ ਫਰਾਰ :** ਪੁਲਿਸ ਜਾਂਚ ਤੋਂ ਬਾਅਦ ਮਾਮਲਾ ਅਦਾਲਤ ਤਕ ਪਹੁੰਚ ਗਿਆ। ਕਈ ਸੁਣਵਾਈਆਂ ਤੋਂ ਬਾਅਦ 18 ਮੁਲਜ਼ਮਾਂ ਖਿਲਾਫ ਕੇਸ ਦਰਜ ਕੀਤਾ ਗਿਆ। ਅੱਠ ਦਰਿੰਦਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਕੁਝ ਮੁਲਜ਼ਮ ਅਜੇ ਵੀ ਫਰਾਰ ਹਨ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਪੰਜਾਬ 'ਚ ਕਿਸਾਨ ਨਾਲ ਜਬਰਦਸਤ ਧੱਕਾ

## ਪੁਲਿਸ ਨੇ ਮਰਨ ਵਰਤ 'ਤੇ ਬੈਠੇ ਕਿਸਾਨ ਮੋਰਚੇ ਦੇ ਆਗੂ ਜਬਰੀ ਚੁੱਕੇ, ਲੱਥੀਆਂ ਪੱਗਾਂ





ਪਟਿਆਲਾ : ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਮੁੱਖ ਦਫ਼ਤਰ ਸਾਹਮਣੇ ਛੇ ਦਿਨਾਂ ਤੋਂ ਧਰਨੇ 'ਤੇ ਬੈਠੇ ਸੰਯੁਕਤ ਕਿਸਾਨ ਮੋਰਚੇ (ਗੈਰ-ਰਾਜਨੀਤਕ) ਦੀਆਂ 16 ਜਥੇਬੰਦੀਆਂ ਨੂੰ ਅੱਜ ਪੁਲੀਸ ਨੇ ਸਵੇਰੇ ਤੜਕੇ ਹੀ ਖਦੇੜ ਦਿੱਤਾ। ਪੁਲੀਸ ਨੇ ਇਹ ਕਾਰਵਾਈ 2 ਵਜੇ ਦੇ ਕਰੀਬ ਸ਼ੁਰੂ ਕੀਤੀ ਤੇ ਕਿਸਾਨਾਂ ਤੇ ਬੀਬੀਆਂ ਨੂੰ ਬੱਸਾਂ ਵਿੱਚ ਜਬਰੀ ਬਿਠਾ ਕੇ ਪਟਿਆਲਾ ਤੋਂ ਦੂਰ ਛੱਡ ਦਿੱਤਾ। ਕੁਝ ਕਿਸਾਨਾਂ ਨੂੰ ਪਟਿਆਲੇ ਦੇ ਵੱਖ ਵੱਖ ਥਾਣਿਆਂ ਵਿੱਚ ਰੱਖਿਆ ਗਿਆ। ਬਾਅਦ ਵਿੱਚ ਮਰਨ ਵਰਤ 'ਤੇ ਬੈਠੇ ਪੰਜ ਕਿਸਾਨਾਂ ਜਗਜੀਤ ਸਿੰਘ ਡੱਲੇਵਾਲ, ਸੁਖਦੇਵ ਸਿੰਘ ਭੋਜਰਾਜ, ਕੁਲਵਿੰਦਰ ਸਿੰਘ ਪੰਜੋਲਾ, ਤਰਸੇਮ ਸਿੰਘ ਗਿੱਲ, ਸੁਖਜੀਤ ਸਿੰਘ ਹਰਦੋ ਝੰਡੇ ਨੂੰ ਮਾਤਾ ਕੁਸ਼ੱਲਿਆ ਹਸਪਤਾਲ ਭਰਤੀ ਕਰਵਾਇਆ ਗਿਆ। ਪੁਲੀਸ ਨੇ ਦਾਅਵਾ ਕੀਤਾ ਕਿ ਕਿਸਾਨਾਂ ਦਾ ਮਰਨ ਵਰਤ ਤੁੜਵਾ ਦਿੱਤਾ ਗਿਆ ਹੈ। ਇਸ ਦੌਰਾਨ ਆਈਜੀ ਮੁਖਵਿੰਦਰ ਸਿੰਘ ਛੀਨਾ ਨੇ ਕਿਹਾ ਕਿ ਜਿਸ ਦਿਨ ਕਿਸਾਨਾਂ ਨੇ ਪਾਵਰਕੌਮ ਮੁਲਾਜ਼ਮਾਂ ਨੂੰ ਅੰਦਰ ਬੰਦ ਕੀਤਾ ਸੀ, ਉਸ ਦਿਨ ਹੀ ਉਨ੍ਹਾਂ 'ਤੇ ਕੇਸ ਦਰਜ ਕਰ ਲਿਆ ਗਿਆ ਸੀ। ਇਸ ਤੋਂ ਪਹਿਲਾਂ ਧਰਨੇ 'ਤੇ ਸ਼ਾਂਤਮਈ ਢੰਗ ਨਾਲ ਬੈਠੇ ਸੰਯੁਕਤ ਕਿਸਾਨ ਮੋਰਚੇ ਦੇ ਕਾਰਕੁਨਾਂ ਨੂੰ ਅੱਜ ਸਵੇਰੇ ਤੜਕਸਾਰ ਹੀ ਵੱਡੀ ਗਿਣਤੀ ਪੁਲੀਸ ਫੋਰਸ ਨੇ ਘੇਰ ਲਿਆ। ਪੁਲੀਸ ਨੇ ਸਭ ਤੋਂ ਪਹਿਲਾਂ ਮਿੱਟੀ ਢੋਹਣ ਵਾਲੇ ਟਿੱਪਰਾਂ ਨੂੰ ਸੜਕਾਂ 'ਤੇ ਇਸ ਤਰੀਕੇ ਨਾਲ ਖੜ੍ਹਾਇਆ ਕਿ ਸੜਕਾਂ ਬੰਦ ਹੋ ਗਈਆਂ। ਇਸ ਤੋਂ ਬਾਅਦ ਸ਼ੇਰਾਂਵਾਲਾ ਗੇਟ ਡਾਕਖ਼ਾਨੇ ਕੋਲ ਪਾਵਰਕੌਮ ਦੇ ਦਫ਼ਤਰ ਵਾਲੇ ਗੇਟ 'ਤੇ ਬੈਠੇ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਕੇ ਗੇਟ ਖੁੱਲ੍ਹਵਾ ਦਿੱਤਾ ਗਿਆ, ਜਿਸ ਤੋਂ ਬਾਅਦ ਪੁਲੀਸ ਨੇ ਦੂਜੇ ਦੋ ਗੇਟ ਵੀ ਖੁੱਲ੍ਹਵਾ ਦਿੱਤੇ ਤੇ ਕਿਸਾਨਾਂ ਨੂੰ ਜਬਰੀ ਖਦੇੜਨਾ ਸ਼ੁਰੂ ਕਰ ਦਿੱਤਾ। ਇਸ ਮੌਕੇ ਕਿਸਾਨ ਦੇ ਵਿਰੋਧ ਦੇ ਬਾਵਜੂਦ ਪੁਲੀਸ ਮੁਲਾਜ਼ਮਾਂ ਨੇ ਕਿਸਾਨਾਂ ਨੂੰ ਜਬਰੀ ਬੱਸਾਂ ਵਿੱਚ ਡੱਕ ਦਿੱਤਾ। ਇਸ ਤੋਂ ਬਾਅਦ ਪੁਲੀਸ ਨੇ ਮਰਨ ਵਰਤ 'ਤੇ ਬੈਠੇ ਆਗੂਆਂ ਨੂੰ ਜਬਰੀ ਚੁੱਕ ਲਿਆ। ਸੰਯੁਕਤ ਕਿਸਾਨ ਮੋਰਚੇ ਨੇ ਦੋਸ਼ ਲਾਏ ਕਿ ਇਸ ਵੇਲੇ ਪੁਲੀਸ ਨੇ ਅੰਮ੍ਰਿਤਧਾਰੀ ਸੰਘਰਸ਼ਕਾਰੀਆਂ ਦੀਆਂ ਪੱਗਾਂ ਉਤਾਰੀਆਂ ਤੇ ਬੀਬੀਆਂ ਦੀਆਂ ਚੁੰਨੀਆਂ ਵੀ ਉਤਾਰੀਆਂ ਗਈਆਂ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਬਿਜਲੀ ਬੋਰਡ ਦਫ਼ਤਰ ਦੇ ਬਾਹਰ ਆਪਣੀਆਂ ਮੰਗਾਂ ਦੇ ਹੱਕ 'ਚ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ਼ਾਰੇ 'ਤੇ ਪੁਲੀਸ ਕੋਲੋਂ ਜਬਰੀ ਚੁਕਵਾਉਣ ਦੀ ਤਿੱਖੀ ਨਿਖੇਧੀ ਕੀਤੀ ਹੈ। ਉਨ੍ਹਾਂ ਮਾਤਾ ਕੁਸ਼ੱਲਿਆ ਹਸਪਤਾਲ ਵਿੱਚ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਤੇ ਹੋਰ ਕਿਸਾਨਾਂ ਨਾਲ ਮੁਲਾਕਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇਸ਼ ਵਿੱਚ ਲੋਕਤੰਤਰ ਦੀ ਕੀਤੀ ਜਾ ਰਹੀ ਹੱਤਿਆ ਨੂੰ ਲੈ ਕੇ ਵੱਡੇ ਸਵਾਲ ਖੜ੍ਹੇ ਕਰਦੇ ਹਨ, ਪਰ ਸੱਤਾ ਦੇ ਨਸ਼ੇ ਵਿੱਚ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਵਾਲਿਆਂ ਨੂੰ ਜਬਰੀ ਚੁਕਵਾ ਕੇ ਲੋਕਤੰਤਰ ਦਾ ਜਨਾਜ਼ਾ ਵੀ ਕੱਢ ਰਹੇ ਹਨ। ਅਜਿਹੇ ਹਾਲਾਤ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਲੈਣਾ ਚਾਹੀਦਾ ਹੈ।

### ਅਸੀਂ ਵਰਤ ਨਹੀਂ ਤੋੜਿਆ: ਡੱਲੇਵਾਲ

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਮਾਤਾ ਕੁਸ਼ੱਲਿਆ ਹਸਪਤਾਲ ਵਿੱਚ ਦੱਸਿਆ ਕਿ ਉਹ ਪੰਜ ਕਿਸਾਨ ਮਰਨ ਵਰਤ 'ਤੇ ਹਾਲੇ ਵੀ ਬੈਠੇ ਹਨ। ਉਨ੍ਹਾਂ ਸਰਕਾਰ ਦੀਆਂ ਮੈਡੀਕਲ ਸਹੂਲਤਾਂ ਤੇ ਹੋਰ ਸਾਰੀਆਂ ਸਹੂਲਤਾਂ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਜੇਲ੍ਹ ਵਿੱਚ ਮਰਨ ਵਰਤ ਜਾਰੀ ਰੱਖਣ ਦਾ ਐਲਾਨ ਕੀਤਾ। ਇਸ ਤੋਂ ਬਾਅਦ ਦੋ ਹੋਰ ਕਿਸਾਨ ਹਰਭਗਵਾਨ ਸਿੰਘ ਤੇ ਬੇਅੰਤ ਸਿੰਘ ਮਰਨ ਵਰਤ 'ਤੇ ਬੈਠ ਗਏ।

***ਜਾਅਲੀ ਐਸਸੀ ਸਰਟੀਫਿਕੇਟ ਮਾਮਲਾ***

## ਹਰਪਾਲ ਚੀਮਾ ਵੱਲੋਂ 93 ਸ਼ਿਕਾਇਤਾਂ ਦਾ ਨਿਬੇੜਾ 15 ਦਿਨਾਂ 'ਚ ਕਰਨ ਦੇ ਹੁਕਮ

ਐਸ.ਏ.ਐਸ. ਨਗਰ (ਮੁਹਾਲੀ) : ਪੰਜਾਬ ਦੀਆਂ ਵੱਖ-ਵੱਖ ਦਲਿਤ ਜਥੇਬੰਦੀਆਂ ਵੱਲੋਂ ਜਾਅਲੀ ਐੱਸਸੀ ਸਰਟੀਫਿਕੇਟਾਂ ਦੀ ਉੱਚ ਪੱਧਰੀ ਜਾਂਚ ਦੀ ਮੰਗ ਲਈ ਪ੍ਰੋ. ਹਰਨੇਕ ਸਿੰਘ ਦੀ ਅਗਵਾਈ ਹੇਠ ਇੱਥੋਂ ਦੇ ਫੇਜ਼-1 ਸਥਿਤ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀਆਂ ਭਲਾਈ ਵਿਭਾਗ ਦੇ ਡਾਇਰੈਕਟਰ ਦਫ਼ਤਰ ਦੇ ਬਾਹਰ ਪੱਕਾ ਮੋਰਚਾ ਜਾਰੀ ਹੈ। ਉਧਰ, ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਨੂੰ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟਾਂ ਦੇ ਆਧਾਰ 'ਤੇ ਸਰਕਾਰੀ ਨੌਕਰੀ ਹਾਸਲ ਕਰਨ ਵਾਲੇ ਵਿਅਕਤੀਆਂ ਵਿਰੁੱਧ ਪ੍ਰਾਪਤ 93 ਸ਼ਿਕਾਇਤਾਂ ਦਾ ਨਿਪਟਾਰਾ 15 ਦਿਨਾਂ 'ਚ ਕਰਨ ਦੇ ਆਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ ਵੱਖ-ਵੱਖ ਦਲਿਤ ਜਥੇਬੰਦੀਆਂ ਨੇ ਸੋਮਵਾਰ ਨੂੰ 'ਪੰਜਾਬ ਬੰਦ' ਦਾ ਸੱਦਾ ਦਿੱਤਾ ਸੀ, ਪਰ ਐਤਵਾਰ ਨੂੰ ਵਿੱਤ ਮੰਤਰੀ ਨੇ ਪੱਕੇ ਮੋਰਚੇ ਦੇ ਆਗੂਆਂ ਨਾਲ ਮੀਟਿੰਗ ਕਰ ਕੇ ਬਣਦੀ ਕਾਰਵਾਈ ਦਾ ਭਰੋਸਾ ਦਿੱਤਾ ਸੀ, ਜਿਸ ਕਾਰਨ ਧਰਨਾਕਾਰੀਆਂ ਨੇ ਹੜਤਾਲ ਕੁੱਝ ਸਮੇਂ ਲਈ ਮੁਲਤਵੀ ਕਰ ਦਿੱਤੀ ਸੀ। ਇਸੇ ਸਿਲਸਿਲੇ ਵਿੱਚ ਅੱਜ ਪੰਜਾਬ ਭਵਨ 'ਚ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ 'ਰਿਜ਼ਰਵੇਸ਼ਨ ਚੋਰ ਫੜੋ ਮੋਰਚਾ' ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਵਿਭਾਗ ਨੂੰ ਬਣਦੀ ਕਾਰਵਾਈ ਲਈ ਕਿਹਾ। ਇਸ ਤੋਂ ਇਲਾਵਾ ਜੋ



ਮਾਮਲੇ ਅਦਾਲਤ ਵਿੱਚ ਵਿਚਾਰ ਅਧੀਨ ਹਨ, ਉਨ੍ਹਾਂ ਬਾਰੇ ਐਡਵੋਕੇਟ ਜਨਰਲ ਨਾਲ ਤਾਲਮੇਲ ਕਰ ਕੇ ਠੋਸ ਕਾਰਵਾਈ ਯਕੀਨੀ ਬਣਾਉਣ ਲਈ ਕਿਹਾ ਗਿਆ। ਇਸ ਮੌਕੇ ਕੈਬਨਿਟ ਸਬ-ਕਮੇਟੀ ਅੱਗੇ ਸੱਤ ਮੰਗਾਂ ਰੱਖੀਆਂ ਗਈਆਂ।

**ਸਾਰੇ ਮਾਮਲੇ ਇੱਕ ਮਹੀਨੇ ਵਿੱਚ ਹੱਲ ਕੀਤੇ ਜਾਣਗੇ:** **ਵਧੀਕ ਮੁੱਖ ਸਕੱਤਰ** : ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਰਮੇਸ਼ ਕੁਮਾਰ ਗੰਟਾ ਨੇ ਦੱਸਿਆ ਕਿ ਵਿਭਾਗ ਨੂੰ ਹੁਣ ਤੱਕ 93 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਅਤੇ 26 ਕੇਸ ਸੁਣਵਾਈ ਮਗਰੋਂ ਪੜਤਾਲ ਕਮੇਟੀ ਨੂੰ ਭੇਜੇ ਗਏ ਹਨ ਜਿਨ੍ਹਾਂ 'ਚੋਂ 23 ਮਾਮਲਿਆਂ ਵਿੱਚ ਜਾਤੀ ਸਰਟੀਫਿਕੇਟ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਵਿਭਾਗ ਦੇ ਡਾਇਰੈਕਟਰ ਜਸਪ੍ਰੀਤ ਸਿੰਘ ਨੇ ਮੰਤਰੀਆਂ ਨੂੰ ਦੱਸਿਆ ਕਿ ਬਾਕੀ 67 ਕੇਸਾਂ ਦੀ ਜਲਦੀ ਸੁਣਵਾਈ ਕੀਤੀ ਜਾਵੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਇਹ ਸਾਰੇ ਮਾਮਲੇ ਇੱਕ ਮਹੀਨੇ ਤੱਕ ਹੱਲ ਕਰ ਲਏ ਜਾਣਗੇ।

## ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ ਵਲੋਂ ਕਿਲ੍ਹਾ ਲੋਹਗੜ੍ਹ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ

ਸ੍ਰੀ ਅਨੰਦਪੁਰ ਸਾਹਿਬ : ਗੁਰਦੁਆਰਾ ਯਾਦਗਾਰ ਬਾਬਾ ਬੰਦਾ ਸਿੰਘ ਬਹਾਦਰ ਕਿਲ੍ਹਾ ਲੋਹਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਗੁਰਮਤਿ ਸਮਾਗਮ ਕਰਕੇ ਪੂਰਨ ਸਿੱਖੀ ਰਹੁ ਰੀਤਾਂ ਤੇ ਸਿੱਖ ਪਰੰਪਰਾਵਾਂ ਅਨੁਸਾਰ ਚੜ੍ਹਦੀਕਲਾ 'ਚ ਮਨਾਇਆ ਗਿਆ।

ਬੁੱਢਾ ਦਲ ਦੇ ਨਿਹੰਗ ਸਿੰਘਾਂ ਦੀ ਛਾਉਣੀ ਗੁਰਦੁਆਰਾ ਗੁਰੂ ਕਾ ਬਾਗ਼ ਤੋਂ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਲਿਖਤੀ ਪ੍ਰੈਸਨੋਟ ਵਿਚ ਦੱਸਿਆ ਗਿਆ ਹੈ ਕਿ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਵਿੱਚ ਦਲ ਪੰਥ ਬੁੱਢਾ ਦਲ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਦੁਤੀ ਇਲਾਹੀ ਬਾਣੀ ਦੇ ਅਖੰਡ ਪਾਠ ਦੇ ਭੋਗ ਦੀ ਅਰਦਾਸ ਭਾਈ ਸੁਖਵਿੰਦਰ ਸਿੰਘ ਮੋਰ ਮੁੱਖ ਪ੍ਰਚਾਰਕ ਬੁੱਢਾ ਦਲ ਨੇ ਕੀਤੀ। ਉਪਰੰਤ ਗੁਰਬਾਣੀ ਦਾ ਮਨੋਹਰ ਕੀਤਰਨ ਨਿਹੰਗ ਸਿੰਘਾਂ ਦੇ ਵੱਖ-ਵੱਖ ਜਥਿਆਂ ਵੱਲੋਂ ਕੀਤਾ ਗਿਆ। ਪੰਥ ਦੇ ਪ੍ਰਸਿੱਧ ਢਾਡੀ ਜਥੇਦਾਰ ਭਾਈ ਲਖਵਿੰਦਰ ਸਿੰਘ ਪਾਰਸ ਨੇ ਗੁਰ ਇਤਿਹਾਸ ਗੁਰਬਾਣੀ ਵਿਖਿਆਨ ਰਾਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਨਮੱਤੇ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ।

ਇਸ ਸਮੇਂ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕਿਹਾ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹੰਦ ਅਤੇ ਸਢੌਰੇ ਨੂੰ ਜਿਤਣ ਉਪਰੰਤ ਸ਼ਿਵਾਲਿਕ ਪਹਾੜੀਆਂ ਦੇ ਪੈਰਾ ਵਿਚ ਉਚੀ ਥਾਂ ਉਤੇ ਉਸਾਰਿਆ ਇਹ ਕਿਲ੍ਹਾ ਮੁਖ਼ਲਿਸ ਗੜ੍ਹ (ਲੋਹਗੜ੍ਹ) ਨੂੰ ਆਪਣੀ ਪਹਿਲੀ ਰਾਜਧਾਨੀ ਬਣਾਇਆ। ਉਨ੍ਹਾਂ ਕਿਹਾ ਇਸ ਕਿਲ੍ਹੇ ਨੂੰ 16 ਹਜ਼ਾਰ ਘੋੜਚੜ੍ਹੇ ਅਤੇ



ਪੈਦਲ ਸੈਨਿਕਾ ਨੇ ਕਈ ਮਹੀਨੇ ਘੇਰੀ ਰੱਖਿਆ ਪਰ ਕਿਲ੍ਹੇ ਤੇ ਕਬਜਾ ਨਾ ਹੋ ਸਕਿਆ। ਏਸੇ ਕਾਰਨ ਇਸ ਦਾ ਨਾਂ ਮੁਖਲਿਸਗੜ੍ਹ ਤੋਂ ਬਦਲ ਕੇ ਕਿਲ੍ਹਾ ਲੋਹਗੜ੍ਹ ਰਖਿਆ ਗਿਆ। ਪਹਿਲਾਂ ਇਹ ਕਿਲ੍ਹਾ ਸ਼ਾਹਜਹਾਨ ਬਾਦਸ਼ਾਹ ਦੇ ਆਦੇਸ਼ ਨਾਲ ਮੁਖਲਿਸਖਾਨ ਨੇ ਬਣਾਇਆ ਸੀ। ਅੱਜ ਇਹ ਬੁੱਢਾ ਦਲ ਨਿਹੰਗ ਸਿੰਘਾਂ ਦੀ ਛਾਵਨੀ ਹੈ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਲਾਸਾਨੀ ਤੇ ਅਦਭੁਤ ਹੈ ਇਸ ਦੀ ਮਿਸਾਲ ਕਿਸੇ ਹੋਰ ਇਤਿਹਾਸ ਵਿਚ ਨਹੀ ਮਿਲਦੀ ਹੈ। ਜਿਸ ਨਿਰਭੈਤਾ ਅਤੇ ਦਾਰਸ਼ਨਿਕ ਸੋਚ ਅਨੁਸਾਰ ਬੰਦਾ ਸਿੰਘ ਨੇ ਆਪਣੀ ਤੇ ਆਪਣੇ ਪੁੱਤਰ ਦੀ ਸ਼ਹਾਦਤ ਦਿਤੀ ਉਹ ਬੇਮਿਸਾਲ ਹੈ। ਸਮੁੱਚੀ ਕੌਮ ਉਨ੍ਹਾਂ ਵੱਲੋਂ ਕੀਤੇ ਸਾਨਮੱਤੇ ਕਾਰਜਾਂ ਤੇ ਮਾਣ ਅਭਿਨੰਦਨ ਦੇਂਦੀ ਹੈ। ਇਸ ਉਪਰੰਤ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਆਪਣੇ ਜਥੇ ਸਮੇਤ ਗੁਰਦੁਆਰਾ ਤੰਬੂ ਸਾਹਿਬ ਪਾਤਸ਼ਾਹੀ ਪਹਿਲੀ ਕੋਪਾਲਮੋਚਨ ਅਤੇ ਗੁਰਦੁਆਰਾ ਅੰਗੀਠਾ ਸ਼ਹੀਦ ਬਾਬਾ ਤਪਾ ਸਿੰਘ ਜੀ ਛਛਰੌਲੀ ਵਿਖੇ ਵੀ ਉਚੇਚੇ ਤੌਰ ਤੇ ਪੁਜੇ ਅਤੇ ਛਾਵਨੀਆਂ ਦਾ ਨਿਰੀਖਣ ਕੀਤਾ। ਇਸ ਸਮੇਂ ਬਾਬਾ ਮਲੂਕ ਸਿੰਘ ਲਾਡੀ ਅਨੰਦਪੁਰ ਸਾਹਿਬ, ਬਾਬਾ ਸੁਖਵਿੰਦਰ ਸਿੰਘ ਮੋਰ ਦਮਦਮਾ ਸਾਹਿਬ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਲਛਮਣ ਸਿੰਘ, ਬਾਬਾ ਚਰਨ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ ਕਰਮ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਰਣਜੋਧ ਸਿੰਘ, ਬਾਬਾ ਸਰਬਜੀਤ ਸਿੰਘ ਡੀ.ਸੀ, ਬਾਬਾ ਕੁਲਦੀਪ ਸਿੰਘ, ਬਾਬਾ ਗੁਰਪਾਲ ਸਿੰਘ, ਬਾਬਾ ਦਲੀਪ ਸਿੰਘ ਮਹੰਤ ਛਛਰੌਲੀ, ਬਾਬਾ ਗੋਰਾ ਸਿੰਘ ਕੋਪਾਲਮੋਚਨ ਸਮੇਤ ਅਨੇਕਾਂ ਨਿਹੰਗ ਸਿੰਘ ਸ਼ਾਮਲ ਸਨ।

# ਅੰਡੇਮਾਨ-ਨਿਕੋਬਾਰ ਦੀ ਸੈਲੂਲਰ ਜੇਲ੍ਹ ਦਾ ਦੌਰਾ ਕਰੇਗਾ ਸ਼੍ਰੋਮਣੀ ਕਮੇਟੀ ਦਾ ਵਫ਼ਦ



ਅੰਮ੍ਰਿਤਸਰ : ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਅੰਡੇਮਾਨ-ਨਿਕੋਬਾਰ ਦੀ ਕਾਲੇਪਾਣੀ ਦੇ ਨਾਂ ਵਾਲੀ ਸੈਲੂਲਰ ਜੇਲ੍ਹ ਵਿੱਚ ਬੰਦ ਰਹੇ ਪੰਜਾਬੀਆਂ ਅਤੇ ਸਿੱਖਾਂ ਦੇ ਯੋਗਦਾਨ ਨੂੰ ਉਭਾਰਨ ਵਾਸਤੇ ਸ਼੍ਰੋਮਣੀ ਕਮੇਟੀ ਦਾ ਇਕ ਵਫ਼ਦ ਜਲਦੀ ਉੱਥੇ ਜਾ ਕੇ ਪੋਰਟ ਬਲੇਅਰ ਦੇ ਅਧਿਕਾਰੀਆਂ ਨੂੰ ਮਿਲੇਗਾ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਹੋਰਨਾਂ ਨੇ ਸੈਲੂਲਰ ਜੇਲ੍ਹ ਵਿੱਚ ਸਜ਼ਾ ਕੱਟਣ ਵਾਲੇ ਪੰਜਾਬੀ ਆਜ਼ਾਦੀ ਘੁਲਾਟੀਆਂ ਸਬੰਧੀ ਸੂਚੀ ਵਾਲੀ ਇੱਕ ਪੁਸਤਕ ਕੱਲ੍ਹ ਜਾਰੀ ਕੀਤੀ ਹੈ। ਇਸ ਪੁਸਤਕ ਨੂੰ ਪੱਤਰਕਾਰ ਜਗਤਾਰ ਸਿੰਘ ਅਤੇ ਖੋਜਕਾਰ ਗੁਰਦਰਸ਼ਨ ਸਿੰਘ ਬਾਹੀਆ ਨੇ ਲਿਖਿਆ ਹੈ। ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਗਰੇਵਾਲ ਨੇ ਆਖਿਆ ਕਿ ਹੁਣ ਸ਼ ?ਰੋਮਣੀ ਕਮੇਟੀ ਕੋਲ ਇਸ ਪੁਸਤਕ ਵਜੋਂ ਇੱਕ ਪ੍ਰਮਾਣਿਕ ਖੋਜ ਦਸਤਾਵੇਜ਼ ਹੈ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਕਮੇਟੀ ਵੱਲੋਂ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬੀਆਂ ਅਤੇ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਲਈ ਇਹ ਮਾਮਲਾ ਕੌਮੀ ਪੱਧਰ 'ਤੇ ਉਠਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਇਕ ਵਫ਼ਦ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਜਲਦੀ ਪੋਰਟ ਬਲੇਅਰ ਜਾਵੇਗਾ ਅਤੇ ਅਧਿਕਾਰੀਆਂ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਅੰਡੇਮਾਨ-ਨਿਕੋਬਾਰ ਵਿਖੇ ਭਾਈ ਮਹਾਰਾਜ ਸਿੰਘ, ਡਾ. ਦੀਵਾਨ ਸਿੰਘ ਕਾਲੇਪਾਣੀ, ਮਾਸਟਰ ਚਤਰ ਸਿੰਘ, ਬਾਬਾ ਸੋਹਣ ਸਿੰਘ ਭਕਨਾ ਦੇ ਨਾਂ 'ਤੇ ਯਾਦਗਾਰ ਸਥਾਪਤ ਕਰਨ ਲਈ ਯਤਨ ਕੀਤੇ ਜਾਣਗੇ। ਇੱਥੇ ਦੱਸਣਯੋਗ ਹੈ ਕਿ ਕਾਲੇਪਾਣੀ ਦੀ ਸਜ਼ਾ ਕੱਟਣ ਵਾਲੇ ਪੰਜਾਬੀਆਂ ਦੇ ਯੋਗਦਾਨ ਨੂੰ ਅਣਗੌਲਿਆਂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

# ਸ਼੍ਰੋਮਣੀ ਕਮੇਟੀ ਨੇ ਧਾਰਮਿਕ ਪ੍ਰੀਖਿਆ ਦਾ ਨਤੀਜਾ ਐਲਾਨਿਆ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਫਰਵਰੀ 2023 ਵਿਚ ਲਈ ਗਈ ਧਾਰਮਿਕ ਪ੍ਰੀਖਿਆ ਦਾ ਨਤੀਜਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਾਰੀ ਕੀਤਾ। ਸ਼੍ਰੋਮਣੀ ਕਮੇਟੀ ਵਲੋਂ ਐਲਾਨੇ ਗਏ ਨਤੀਜੇ ਅਨੁਸਾਰ 1552 ਵਿਦਿਆਰਥੀਆਂ ਨੂੰ 32 ਲੱਖ 25 ਹਜ਼ਾਰ ਰੁਪਏ ਵਜੀਫਾ ਰਾਸ਼ੀ ਵਜੋਂ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸਨਮਾਨ ਚਿੰਨ੍ਹ ਤੇ ਪ੍ਰਮਾਣ ਪੱਤਰ ਦਿਤਾ ਜਾਵੇਗਾ। ਨਤੀਜਾ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਸਾਲ ਫ਼ਰਵਰੀ 2023 ਵਿਚ ਲਈ ਗਈ ਧਾਰਮਿਕ ਪ੍ਰੀਖਿਆ ਵਿਚ ਚਾਰ ਦਰਜਿਆਂ ਹੇਠ 40774 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ 1552 ਵਿਦਿਆਰਥੀ ਨੇ ਵਜ਼ੀਫਾ ਹਾਸਲ ਕੀਤਾ ਹੈ। ਇਸ ਪ੍ਰੀਖਿਆ ਦੇ ਹਰ ਦਰਜੇ ਵਿੱਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਵੀ ਵਿਸ਼ੇਸ਼ ਰਾਸ਼ੀ ਦਿੱਤੀ ਜਾਵੇਗੀ। ਉਨ੍ਹਾਂ ਸਕੂਲ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਹਰ ਵਿਦਿਆਰਥੀ ਨੂੰ ਇਸ ਧਾਰਮਿਕ ਪ੍ਰੀਖਿਆ ਦਾ ਹਿੱਸਾ ਬਣਾਉਣ, ਤਾਂ ਜੋ ਵੱਧ ਤੋਂ ਵੱਧ ਬੱਚੇ ਅਤੇ ਨੌਜੁਆਨ ਆਪਣੇ ਇਤਿਹਾਸ ਅਤੇ ਵਿਰਸੇ ਤੋਂ ਜਾਣੂ ਹੋ ਸਕਣ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਅੰਤ੍ਰਿੰਗ ਕਮੇਟੀ ਮੈਂਬਰ ਗੁਰਨਾਮ ਸਿੰਘ ਜੱਸਲ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ, ਭਾਈ ਰਾਮ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਅਮਰਜੀਤ ਸਿੰਘ ਭਲਾਈਪੁਰ, ਅਮਰੀਕ ਸਿੰਘ ਵਿਛੋਆ, ਬਲਵਿੰਦਰ ਸਿੰਘ ਵੇਈਂਪੂਈਂ, ਹਰਪਾਲ ਸਿੰਘ ਜੱਲਾ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਬਲਵਿੰਦਰ ਸਿੰਘ ਕਾਹਲਵਾਂ ਆਦਿ ਹਾਜ਼ਰ ਸਨ।

**ਪੁਸਤਕ 'ਕੌਮੀ ਪ੍ਰਵਾਨੇ' ਰਿਲੀਜ਼**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੱਜ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਲਤਾਨਵਿੰਡ ਨਾਲ ਸਬੰਧਤ ਸ਼ਹੀਦਾਂ ਬਾਰੇ ਲਿਖੀ ਗਈ ਪੁਸਤਕ 'ਕੌਮੀ ਪ੍ਰਵਾਨੇ' ਰਿਲੀਜ਼ ਕੀਤੀ ਗਈ ਹੈ। ਇਹ ਪੁਸਤਕ ਦਲੇਰ ਸਿੰਘ ਨੇ ਲਿਖੀ ਹੈ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਜਾਪ ਸਿੰਘ ਸੁਲਤਾਨਵਿੰਡ ਅਤੇ ਉਨ੍ਹਾਂ ਦੇ ਭਰਾ ਮਿਲਾਪ ਸਿੰਘ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਪਿੰਡ ਸੁਲਤਾਨਵਿੰਡ ਦੇ ਇੱਕੋ ਪਰਿਵਾਰ ਨਾਲ ਸਬੰਧਤ ਕਈ ਸਿੰਘ ਸ਼ਹੀਦ ਹੋਏ ਹਨ, ਜਿਨ੍ਹਾਂ ਦੇ ਜੀਵਨ ਤੋਂ ਅਗਲੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਉਣ ਲਈ ਇਤਿਹਾਸਕਾਰ ਦਲੇਰ ਸਿੰਘ ਖਿਆਲਾ ਨੇ 'ਕੌਮੀ ਪ੍ਰਵਾਨੇ' ਪੁਸਤਕ ਲਿਖ ਕੇ ਸ਼ਲਾਘਾਯੋਗ ਉਪਰਾਲਾ ਕੀਤਾ ਹੈ।

# ਰਾਜਪਾਲ ਤੇ ਮੁੱਖ ਮੰਤਰੀ ਵਿਚਾਲੇ ਤਕਰਾਰ ਵਧੀ

*ਮੁੱਖ ਮੰਤਰੀ ਨੇ ਚਿੱਠੀਆਂ ਦਾ ਜਵਾਬ ਨਾ ਦੇ ਕੇ ਸੰਵਿਧਾਨ ਵਿਰੁੱਧ ਕੰਮ ਕੀਤਾ: ਪੁਰੋਹਿਤ*

## ਭਗਵੰਤ ਮਾਨ ਨੇ ਰਾਜਪਾਲ 'ਤੇ ਬੇਬੁਨਿਆਦ ਤੇ ਗੁਮਰਾਹਕੁੰਨ ਬਿਆਨਬਾਜ਼ੀ ਕਰਨ ਦਾ ਦੋਸ਼ ਲਾਇਆ



ਚੰਡੀਗੜ੍ਹ-ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਕਾਰ ਤਕਰਾਰ ਵਧਦਾ ਜਾ ਰਿਹਾ ਹੈ। ਅੱਜ ਰਾਜਪਾਲ ਪੁਰੋਹਿਤ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਨੂੰ 10 ਚਿੱਠੀਆਂ ਲਿਖੀਆਂ ਹਨ, ਜਿਸ ਵਿਚੋਂ ਮੁੱਖ ਮੰਤਰੀ ਨੇ ਇਕ ਚਿੱਠੀ ਦਾ ਵੀ ਜਵਾਬ ਨਹੀਂ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਰਾਜਪਾਲ ਦੀਆਂ ਚਿੱਠੀਆਂ ਦਾ ਜਵਾਬ ਨਾ ਦੇ ਕੇ ਸੰਵਿਧਾਨ ਵਿਰੁੱਧ ਕੰਮ ਕੀਤਾ ਹੈ। ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਰਾਜਪਾਲ 'ਤੇ ਨਿਸ਼ਾਨਾ ਸੇਧਿਆ ਹੈ। ਰਾਜਪਾਲ ਪੁਰੋਹਿਤ ਨੇ ਚੰਡੀਗੜ੍ਹ ਦੇ ਸੈਕਟਰ-9 ਸਥਿਤ ਮਿਨੀ ਸਕੱਤਰੇਤ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਕੁਝ ਮੁੱਦਿਆਂ 'ਤੇ ਜਾਣਕਾਰੀ ਮੰਗੀ ਸੀ ਤਾਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਸਿਰਫ਼ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਜਵਾਬਦੇਹ ਹਨ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਆਦੇਸ਼ਾਂ ਦਾ ਹਵਾਲਾ ਦਿੰਦਿਆ ਕਿਹਾ ਕਿ ਪੰਜਾਬ ਸਰਕਾਰ ਰਾਜਪਾਲ ਨੂੰ ਜਵਾਬਦੇਹ ਹੈ। ਰਾਜਪਾਲ ਨੇ ਕੈਬਨਿਟ ਮੰਤਰੀ ਕਟਾਰੂਚੱਕ ਵਿਰੁੱਧ ਕਾਰਵਾਈ ਕੀਤੇ ਜਾਣ ਸਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆ ਕਿਹਾ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਇਕੱਠਾ ਕਰ ਰਹੇ ਹਨ, ਜਿਸ ਦਾ ਸਮਾਂ ਆਉਣ 'ਤੇ ਜਵਾਬ ਦੇਣਗੇ। ਰਾਜਪਾਲ ਨੇ ਵਿਧਾਨ ਸਭਾ ਦੇ ਸੈਸ਼ਨ ਦੌਰਾਨ 'ਮੇਰੀ ਸਰਕਾਰ' ਦੀ ਥਾਂ ਸਿਰਫ਼ ਸਰਕਾਰ ਕਹਿਣ ਦੇ ਮੁੱਦੇ 'ਤੇ ਕਿਹਾ ਕਿ ਪੰਜਾਬ 'ਚ ਉਨ੍ਹਾਂ ਅਧੀਨ (ਰਾਜਪਾਲ) ਹੀ ਸਰਕਾਰ ਚੱਲ ਰਹੀ ਹੈ। ਉਨ੍ਹਾਂ ਕਿਹਾ, 'ਪੰਜਾਬ 'ਚ 'ਮੇਰੀ ਸਰਕਾਰ' ਚੱਲ ਰਹੀ ਹੈ, ਸਾਰੇ ਕੰਮ ਮੇਰੇ ਦਸਤਖਤ ਹੇਠਾਂ ਕੀਤੇ ਜਾਂਦੇ ਹਨ ਤਾਂ ਫੇਰ ਪੰਜਾਬ ਸਰਕਾਰ ਨੂੰ ਉਹ 'ਮੇਰੀ ਸਰਕਾਰ' ਕਿਉਂ ਨਹੀਂ ਕਹਿਣਗੇ।' ਰਾਜਪਾਲ ਨੇ ਕਿਹਾ ਕਿ ਪੰਜਾਬ 'ਚ ਉਨ੍ਹਾਂ ਦੀ ਹੀ ਸਰਕਾਰ ਚੱਲ ਰਹੀ ਹੈ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਵੀਡੀਓ ਰਿਕਾਰਡਿੰਗ ਦਾ ਹਵਾਲਾ ਦਿੰਦਿਆਂ ਕਿਹਾ ਕਿ ਵਿਧਾਨ ਸਭਾ ਸੈਸ਼ਨ ਦੌਰਾਨ ਰਾਜਪਾਲ ਨੇ ਆਪਣਾ ਭਾਸ਼ਣ 'ਮੇਰੀ ਸਰਕਾਰ' ਸ਼ਬਦ ਤੋਂ ਸ਼ੁਰੂ ਕੀਤਾ ਸੀ ਪਰ ਜਦੋਂ ਵਿਰੋਧੀ ਧਿਰ ਵੱਲੋਂ ਬਿਨਾਂ ਕਿਸੇ ਤਰਕ ਦੇ ਰੌਲਾ ਪਾਇਆ ਗਿਆ ਤਾਂ ਉਨ੍ਹਾਂ ਸਿਰਫ਼ 'ਸਰਕਾਰ' ਸ਼ਬਦ ਦੀ ਵਰਤੋਂ ਕਰਨ ਨੂੰ ਤਰਜੀਹ ਦਿੱਤੀ। ਭਗਵੰਤ ਮਾਨ ਨੇ ਕਿਹਾ ਕਿ ਹਾਲਾਂਕਿ ਜਦੋਂ ਉਨ੍ਹਾਂ ਨੇ ਰਾਜਪਾਲ ਨੂੰ ਸੁਪਰੀਮ ਕੋਰਟ ਦੇ ਫੈਸਲੇ ਬਾਰੇ ਯਾਦ ਕਰਵਾਇਆ ਤਾਂ ਉਨ੍ਹਾਂ ਆਪਣਾ ਰੁਖ਼ ਬਦਲ ਲਿਆ ਅਤੇ 'ਮੇਰੀ ਸਰਕਾਰ' ਸ਼ਬਦ ਦੀ ਵਰਤੋਂ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਰਿਕਾਰਡ ਤੋਂ ਮਿਲੀ ਵੀਡੀਓ ਰਿਕਾਰਡਿੰਗ ਇਸ ਗੱਲ ਦਾ ਸਬੂਤ ਹੈ ਕਿ ਰਾਜਪਾਲ ਚੁਣੀ ਹੋਈ ਸੂਬਾ ਸਰਕਾਰ ਪ੍ਰਤੀ ਵਿਰੋਧੀ ਰਵੱਈਆ ਅਪਣਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਰਾਜਪਾਲ ਦੀ ਬੇਬੁਨਿਆਦ ਅਤੇ ਗੁਮਰਾਹਕੁੰਨ ਬਿਆਨਬਾਜ਼ੀ ਇਸ ਅਹੁਦੇ ਦਾ ਨਿਰਾਦਰ ਕਰ ਰਹੀ ਹੈ। ਰਾਜਪਾਲ ਵੱਲੋਂ ਜਾਰੀ ਕੀਤੇ ਜਾ ਰਹੇ ਬਿਆਨ ਰਾਜ ਵਿਧਾਨ ਸਭਾ 'ਚ ਉਨ੍ਹਾਂ ਦੀਆਂ ਕਾਰਵਾਈਆਂ ਦੇ ਬਿਲਕੁਲ ਉਲਟ ਹਨ, ਜਿਨ੍ਹਾਂ ਦੇ ਰਿਕਾਰਡਿੰਗ ਵਿਚ ਸਬੂਤ ਹਨ।

ਭਗਵੰਤ ਮਾਨ ਨੇ ਰਾਜਪਾਲ ਨੂੰ ਪੁੱਛਿਆ ਕਿ ਉਹ ਆਪਣੇ ਸੰਬੋਧਨ ਦੌਰਾਨ 'ਮੇਰੀ ਸਰਕਾਰ' ਸ਼ਬਦ ਦੀ ਵਰਤੋਂ ਨਾ ਕਰਕੇ ਆਪਣਾ ਸੰਵਿਧਾਨਕ ਫ਼ਰਜ਼ ਨਿਭਾਉਣ ਵਿੱਚ ਅਸਫ਼ਲ ਕਿਉਂ ਰਹੇ।

ਮਾਨ ਨੇ ਕਿਹਾ ਕਿ ਰਾਜ ਭਵਨ ਹੁਣ ਭਾਜਪਾ ਦੇ ਸੂਬਾਈ ਹੈੱਡ-ਕੁਆਰਟਰ ਵਜੋਂ ਕੰਮ ਕਰ ਰਹੇ ਹਨ, ਜੋ ਭਾਰਤੀ ਜਮਹੂਰੀਅਤ ਲਈ ਬਹੁਤ ਖਤਰਨਾਕ ਰੁਝਾਨ ਹੈ। ਗੌਰਤਲਬ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਦਿੱਲੀ ਦੇ ਰਾਮਲੀਲਾ ਮੈਦਾਨ 'ਚ 'ਆਪ' ਦੀ ਮਹਾ ਰੈਲੀ ਦੌਰਾਨ ਕਿਹਾ ਕਿ ਬਜਟ ਸੈਸ਼ਨ ਦੇ ਦਿਨ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਸਰਕਾਰ ਦੀਆਂ ਉਪਲਬਧੀਆਂ ਸਬੰਧੀ ਭਾਸ਼ਣ ਵਿੱਚ 'ਮੇਰੀ ਸਰਕਾਰ' ਨਹੀਂ ਕਿਹਾ ਸੀ, ਪਰ ਜਦੋਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਕੈਬਨਿਟ ਵੱਲੋਂ ਪਾਸ ਕੀਤਾ ਭਾਸ਼ਣ ਹੀ ਪੜ੍ਹਨਾ ਪਵੇਗਾ ਨਹੀਂ ਤਾਂ ਉਹ ਸੁਪਰੀਮ ਕੋਰਟ ਜਾਣਗੇ। ਇਸ ਤੋਂ ਬਾਅਦ ਰਾਜਪਾਲ ਨੇ ਮੇਰੀ ਸਰਕਾਰ ਕਿਹਾ ਸੀ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਤੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਿਚਾਲੇ ਪਹਿਲਾਂ ਵੀ ਕਈ ਮੁੱਦਿਆਂ 'ਤੇ ਟਕਰਾਅ ਹੁੰਦਾ ਰਿਹਾ ਹੈ ਅਤੇ ਵਿਧਾਨ ਸੈਸ਼ਨ ਲਈ ਪ੍ਰਵਾਨਗੀ ਨਾ ਮਿਲਣ ਕਾਰਨ ਪਜਾਬ ਸਰਕਾਰ ਰਾਜਪਾਲ ਖ਼ ?ਲਾਫ਼ ਸੁਪਰੀਮ ਕੋਰਟ ਵੀ ਗਈ ਸੀ।

# ਵਿਜੀਲੈਂਸ ਵੱਲੋਂ ਸਾਬਕਾ ਮੁੱਖ ਮੰਤਰੀ ਚੰਨੀ ਤੋਂ ਪੰਜ ਘੰਟੇ ਪੁੱਛ-ਪੜਤਾਲ

*ਵਿਜੀਲੈਂਸ ਭਵਨ ਮੁਹਾਲੀ ਪਹੁੰਚ ਕੇ ਦੂਜੀ ਵਾਰ ਜਾਂਚ 'ਚ ਸ਼ਾਮਲ ਹੋਏ ਸਾਬਕਾ ਮੁੱਖ ਮੰਤਰੀ ਚੰਨੀ*

ਮੁਹਾਲੀ : ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖ਼ਿਲਾਫ਼ ਜਾਂਚ ਤੇਜ਼ ਕਰ ਦਿੱਤੀ ਹੈ। ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਅੱਜ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਦੂਜੀ ਵਾਰ ਮੁਹਾਲੀ ਸਥਿਤ ਪੰਜਾਬ ਵਿਜੀਲੈਂਸ ਬਿਊਰੋ ਦੇ ਮੁੱਖ ਦਫ਼ਤਰ ਵਿੱਚ ਪਹੁੰਚੇ ਅਤੇ ਵਿਜੀਲੈਂਸ ਦੀ ਜਾਂਚ ਵਿੱਚ ਸ਼ਾਮਲ ਹੋਏ, ਜਿੱਥੇ ਉਨ੍ਹਾਂ ਤੋਂ ਕਰੀਬ 5 ਘੰਟੇ ਲਗਾਤਾਰ ਪੁੱਛਗਿੱਛ ਕੀਤੀ। ਉਹ ਸਵੇਰੇ ਸਾਢੇ 10 ਵਜੇ ਵਿਜੀਲੈਂਸ ਭਵਨ ਪਹੁੰਚੇ ਸੀ ਅਤੇ ਬਾਅਦ ਦੁਪਹਿਰ ਕਰੀਬ ਸਾਢੇ ਤਿੰਨ ਵਜੇ ਬਾਹਰ ਆਏ।

ਇਸ ਦੌਰਾਨ ਵਿਜੀਲੈਂਸ ਦੀ ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਮੁੱਖ ਮੰਤਰੀ ਚੰਨੀ ਤੋਂ ਕਾਂਗਰਸ ਸਰਕਾਰ ਸਮੇਂ ਕੈਬਨਿਟ ਮੰਤਰੀ ਹੁੰਦਿਆਂ ਅਤੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਉਨ੍ਹਾਂ ਦੀ ਚੱਲ ਅਤੇ ਅਚੱਲ ਜਾਇਦਾਦ ਬਣਾਉਣ ਬਾਰੇ ਸਵਾਲ ਜਵਾਬ ਕੀਤੇ ਗਏ। ਪਤਾ ਲੱਗਾ ਹੈ ਕਿ ਵਿਜੀਲੈਂਸ ਨੇ ਚੰਨੀ ਨੂੰ ਆਪਣੇ ਆਮਦਨ ਸਰੋਤਾਂ ਅਤੇ ਜਾਇਦਾਦਾਂ ਬਾਰੇ ਜਿਹੜਾ ਪ੍ਰੋਫਾਰਮਾ ਭਰਨ ਲਈ ਦਿੱਤਾ ਸੀ, ਉਨ੍ਹਾਂ ਉਹ ਪ੍ਰੋਫਾਰਮਾ ਭਰ ਕੇ ਅੱਜ ਵਿਜੀਲੈਂਸ ਨੂੰ ਸੌਂਪ ਦਿੱਤਾ ਹੈ। ਇਸ ਵਿੱਚ ਸਾਬਕਾ ਮੁੱਖ ਮੰਤਰੀ ਵੱਲੋਂ ਆਪਣੇ ਆਮਦਨ ਸਰੋਤਾਂ ਅਤੇ



ਸੰਪਤੀਆਂ ਦਾ ਵਿਸਥਾਰ ਵਿੱਚ ਬਿਓਰਾ ਦਿੱਤਾ ਗਿਆ ਹੈ। ਉਧਰ, ਜਦੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਜਿਵੇਂ ਹੀ ਵਿਜੀਲੈਂਸ ਭਵਨ ਤੋਂ ਬਾਹਰ ਆਏ ਤਾਂ ਉੱਥੇ ਵੱਡੀ ਗਿਣਤੀ ਵਿੱਚ ਤਾਇਨਾਤ ਮੀਡੀਆ ਕਰਮੀਆਂ ਨੇ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਲੇਕਿਨ ਚੰਨੀ ਮੀਡੀਆ ਨਾਲ ਗੱਲ ਕੀਤੇ ਬਿਨਾਂ ਹੀ ਆਪਣੀ ਕਾਰ ਵਿੱਚ ਬੈਠ ਕੇ ਰਵਾਨਾ ਹੋ ਗਏ, ਜਦੋਂਕਿ ਇਸ ਤੋਂ ਪਹਿਲਾਂ ਚੰਨੀ, ਹਮੇਸ਼ਾ ਸੂਬਾ ਸਰਕਾਰ ਅਤੇ ਜਾਂਚ ਏਜੰਸੀ ਦੀ ਕਾਰਵਾਈ 'ਤੇ ਸਵਾਲ ਚੁੱਕਦੇ ਰਹੇ ਹਨ ਪਰ ਇਸ ਵਾਰ ਉਨ੍ਹਾਂ ਨੇ ਬਿਲਕੁਲ ਚੁੱਪ ਧਾਰ ਲਈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਸੱਤਾ ਪਰਿਵਰਤਨ ਤੋਂ ਬਾਅਦ ਚਰਨਜੀਤ ਚੰਨੀ 'ਆਪ' ਸਰਕਾਰ ਦੇ ਰਾਡਾਰ 'ਤੇ ਹਨ। ਹਾਲਾਂਕਿ ਪਹਿਲਾਂ ਇਹ ਗੱਲ ਬੜੇ ਜ਼ੋਰਾਂ ਸ਼ੋਰਾਂ ਨਾਲ ਪ੍ਰਚਾਰੀ ਗਈ ਸੀ ਕਿ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਚੰਨੀ ਵਿਦੇਸ਼ ਦੌੜ ਗਏ ਹਨ ਪ੍ਰੰਤੂ ਹੁਣ ਚੰਨੀ ਨੂੰ ਵਾਪਸ ਆਇਆਂ ਨੂੰ ਕਾਫ਼ੀ ਸਮਾਂ ਹੋ ਗਿਆ ਹੈ ਲੇਕਿਨ ਅਜੇ ਤਾਈਂ ਸਰਕਾਰ ਨੇ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ। ਵਿਜੀਲੈਂਸ ਬਿਊਰੋ ਵੱਲੋਂ ਚੰਨੀ ਦੇ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੋਈ ਹੈ। ਪਿਛੇ ਜਿਹੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਜਟ ਸੈਸ਼ਨ ਦੌਰਾਨ ਹਾਊਸ ਵਿੱਚ ਇਹ ਗੱਲ ਆਖੀ ਸੀ ਕਿ ਸੂਬੇ ਦੇ ਕਈ ਸਾਬਕਾ ਕਾਂਗਰਸੀ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਫੜ ਕੇ ਜੇਲ੍ਹ ਵਿੱਚ ਡੱਕਿਆ ਗਿਆ ਹੈ ਅਤੇ ਹੁਣ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦੀ ਵਾਰੀ ਹੈ। ਉਨ੍ਹਾਂ ਨੂੰ ਵੀ ਫੜ ਕੇ ਹਵਾਲਾਤ ਵਿੱਚ ਬੰਦ ਕੀਤਾ ਜਾਵੇਗਾ।

# ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਕਾਰਜਕਾਰੀ ਜਥੇਦਾਰ ਭਾਈ ਹਰਪ੍ਰੀਤ ਸਿੰਘ ਨੂੰ ਏਕਤਾ ਦਾ ਦਿੱਤਾ ਸੱਦਾ

ਚੰਡੀਗੜ੍ਹ : ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖਿਆ ਹੈ। ਇਸ ਪੱਤਰ ਵਿਚ ਉਹਨਾਂ ਨੇ ਇਕਜੁੱਟ ਹੋ ਕੇ ਸਿੱਖ ਕੌਮ ਲਈ ਕੰਮ ਕਰਨ ਦੀ ਗੱਲ ਕਹੀ ਹੈ। ਧਿਆਨ ਸਿੰਘ ਮੰਡ ਨੇ ਪੱਤਰ ਵਿਚ ਲਿਖਿਆ ਕਿ ਇਹ ਸਾਰੀ ਕੌਮ ਅਤੇ ਸੰਸਾਰ ਦੇ ਧਿਆਨ ਵਿਚ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਸੇਵਾ ਸੌਂਪੀ ਹੈ ਅਤੇ ਉਹਨਾਂ ਨੂੰ ਸਰਬੱਤ ਖਾਲਸਾ ਵਿਧੀ ਰਾਹੀਂ ਸੇਵਾ ਬਖਸ਼ਿਸ਼ ਹੋਈ ਹੈ। ਗੁਰੂ ਪੰਥ ਨੇ ਉਹਨਾਂ 'ਤੇ ਜ਼ਿੰਮੇਵਾਰੀਆਂ ਪਾਕੇ, ਕੁੱਝ ਆਸਾਂ ਵੀ ਰੱਖੀਆਂ ਹੋਈਆਂ ਹਨ।

ਪਰ ਦਿਨੋ ਦਿਨ ਪੰਥ ਦੀ ਨਿੱਘਰਦੀ ਹਾਲਤ ਵੇਖ ਕੇ, ਕੌਮ ਪੀੜਾ ਮਹਿਸੂਸ ਕਰ ਰਹੀ ਹੈ। ਇਸ ਕਰਕੇ ਕੌਮ ਵਿਚੋਂ ਆਵਾਜ਼ਾਂ ਉੱਠ ਰਹੀਆਂ ਹਨ। ਇਸ ਲਈ ਪੰਥ ਦੇ ਵਡੇਰੇ ਹਿੱਤਾਂ ਅਤੇ ਕੌਮੀਂ ਮਸਲਿਆਂ ਦੇ ਮੱਦੇਨਜ਼ਰ, ਜੋ ਕੁੱਝ ਸਿੱਖ ਸੰਗਤਾਂ ਵਿਚੋਂ ਆਵਾਜ਼ ਉੱਠ ਰਹੀ ਹੈ, ਉਸ ਦਰਦ ਨੂੰ ਸਾਂਝਾ ਕਰ ਰਿਹਾ ਹਾਂ। ਉਸ ਵਿਚੋਂ ਇਹ ਉਭਰਕੇ ਸਾਹਮਣੇ ਆ ਰਿਹਾ ਹੈ ਕਿ ਕੌਮ ਵਿਚਲੀ ਫੁੱਟ ਕਰ ਕੇ, ਸਿੱਖ ਪੰਥ ਅੱਜ ਮੰਦਹਾਲੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ।

ਇਹ ਗੱਲ ਸਭ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਇਸ ਕਰਕੇ ਹੀ ਅਸੀਂ ਦੋਹਾਂ ਨੇ 6 ਜੂਨ ਨੂੰ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਦੇ ਸਬੰਧ ਵਿਚ ਮਨਾਏ ਗਏ ਘੱਲੂਘਾਰਾ ਹਫ਼ਤੇ ਦੀ ਸਮਾਪਤੀ ਸਮੇਂ ਹੋਏ ਸਮਾਗਮਾਂ ਤੋਂ ਬਾਅਦ, ਸਿੱਖ ਕੌਮ ਨੂੰ ਏਕਤਾ ਵਾਸਤੇ ਭਾਵਪੂਰਤ ਅਪੀਲਾਂ ਕੀਤੀਆਂ ਸਨ। ਜਿਹਨਾਂ ਨੂੰ ਲੈ ਕੇ, ਸਿੱਖ ਬੁੱਧੀਜੀਵੀ ਵਰਗ ਅਤੇ ਕਈ ਸਿੱਖ





ਚਿੰਤਕਾਂ ਅਤੇ ਲੇਖਕਾਂ ਨੇ ਇੱਕ ਵੱਡਾ ਸਵਾਲ ਖੜ੍ਹਾ ਕੀਤਾ ਹੈ ਕਿ ਜਥੇਦਾਰ ਪਹਿਲਾਂ ਖ਼ੁਦ ਹੀ ਏਕਤਾ ਕਰਨ ਤਾਂ ਹੀ ਕੌਮ ਵਿਚ ਕੋਈ ਏਕਤਾ ਦਾ ਮੁੱਢ ਬੱਝ ਸਕਦਾ ਹੈ।

ਇਸ ਸਬੰਧੀ ਦੀਰਘ ਵਿਚਾਰ ਕਰਨ ਉਪਰੰਤ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਸਨਮੁਖ, ਮੈਂ ਆਪਣਾ ਨੈਤਿਕ ਫਰਜ਼ ਸਮਝਦਿਆਂ, ਇਹ ਪਹਿਲ ਕਦਮੀ ਕਰਨ ਦੀ ਕੋਸ਼ਿਸ਼ ਕਰਦਾ ਹਾਂ ਕਿ ਸਮੁੱਚੀ ਕੌਮ ਦੀਆਂ ਭਾਵਨਾਵਾਂ ਅਨੁਸਾਰ ਸਾਰੇ ਮਸਲਿਆਂ ਦੇ ਸਦੀਵੀ ਹੱਲ ਲਈ, ਸਭ ਤੋਂ ਪਹਿਲਾਂ ਆਪਾਂ ਨੂੰ ਖ਼ੁਦ, 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ ? ॥' ਦੇ ਸਿਧਾਂਤ ਅਨੁਸਾਰ ਜੁੜ ਕੇ ਬੈਠਣਾ ਚਾਹੀਦਾ ਹੈ। ਇਸ ਵਿਚ ਧੜਿਆਂ ਅਤੇ ਨਿੱਜਤਾ ਦਾ ਤਿਆਗ ਕਰ ਕੇ, ਸਿਰਫ਼ ਤੇ ਸਿਰਫ਼ ਪੰਥਕ ਫਰਜ਼ਾਂ ਅਤੇ ਮੁੱਦਿਆਂ ਨੂੰ ਤਰਜ਼ੀਹ ਦੇਣ ਵਾਲੀ ਗੁਫ਼ਤਗੂ ਅਕਾਲ ਤਖ਼ਤ ਸਾਹਿਬ ਵਿਖੇ ਹੋਣੀ ਚਾਹੀਦੀ ਹੈ, ਕਿਉਂਕਿ ਖੁਆਰੀਆਂ ਦਾ ਦੌਰ ਬਹੁਤ ਲੰਮਾਂ ਚੱਲ ਚੁੱਕਿਆ ਹੈ। ਇਸ ਨੂੰ ਹੋਰ ਬਰਦਾਸ਼ਤ ਕਰਨਾ ਮੂਰਖਤਾ ਹੀ ਹੋ ਸਕਦੀ ਹੈ। ਜੇ ਅਸੀਂ ਜ਼ਿੰਮੇਵਾਰ ਰੁਤਬਿਆਂ ਤੇ ਸੇਵਾ ਕਰ ਰਹੇ ਲੋਕ ਆਪਣੇ ਫਰਜ਼ਾਂ ਨੂੰ ਨਹੀਂ ਸਮਝਦੇ ਤਾਂ ਆਮ ਸਿੱਖਾਂ ਨੂੰ ਦੋਸ਼, ਸੰਦੇਸ਼ ਜਾਂ ਨਸੀਹਤਾਂ ਦੇਣ ਦਾ ਅਧਿਕਾਰ ਸਾਡੇ ਕੋਲ ਨਹੀਂ ਰਹਿ ਜਾਂਦਾ? ਸਮੁੱਚੀ ਕੌਮ ਵਿਚ ਇਸ ਵੇਲੇ ਇੱਕ ਧਾਰਨਾ ਬਣ ਚੁੱਕੀ ਹੈ, ਜੋ ਕਿ ਸੌ ਫ਼ੀਸਦੀ ਸੱਚਾਈ ਵੀ ਹੈ, ਕਿ ਹਰ ਖੇਤਰ ਦੇ ਸਿੱਖ ਆਗੂਆਂ ਦੀਆਂ ਕਮਜ਼ੋਰੀਆਂ ਲਾਲਚ ਅਤੇ ਅਵੇਸਲੇਪਨ ਨੇ ਕੌਮ ਨੂੰ ਬਰਬਾਦੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਸਿੱਖ ਸਿਆਸਤ ਦਾ ਕੋਈ ਮੂੰਹ ਮੂੰਹਾਂਦਰਾ ਨਹੀਂ ਰਿਹਾ ਸ਼੍ਰੋਮਣੀ ਅਕਾਲੀ ਦਲ ਵਿੱਚ ਆਈਆਂ ਗਿਰਾਵਟਾਂ ਦਾ ਅਸਰ ਸ਼੍ਰੋਮਣੀ ਕਮੇਟੀ ਸਮੇਤ ਪੰਥਕ ਸੰਸਥਾਵਾਂ ਦੇ ਪ੍ਰਤੱਖ ਨਜ਼ਰ ਆ ਰਿਹਾ ਹੈ। ਧਾਰਮਿਕ ਕੁੰਡਾ ਨਾ ਹੋਣ ਕਰਕੇ ਸੰਪਰਦਾਵਾਂ ਵੀ ਆਪ ਮੁਹਾਰੀਆਂ ਹੋ ਗਈਆਂ ਹਨ।

ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਖ਼ੁਦ ਆਪਣੀਆਂ ਕਮਜ਼ੋਰੀਆਂ, ਗਲਤੀਆਂ ਬੇਸ਼ੱਕ ਉਹ ਜਾਣਦਿਆਂ ਹੋਇਆ ਕਿਸੇ ਪ੍ਰਭਾਵ ਥੱਲੇ ਹੋਈਆਂ ਹੋਣ ਜਾਂ ਅਣਜਾਣੇ ਵਿਚ ਹੋ ਗਈਆਂ ਹਨ, ਇਸ ਉੱਤੇ ਮੰਥਨ ਕਰਕੇ ਕੌਮ ਦੀ ਵਿਗੜੀ ਸਵਾਰਨ ਵਾਸਤੇ ਉੱਦਮ ਕਰਨਾ ਚਾਹੀਦਾ ਹੈ। ਸਾਡੇ ਇਹ ਰੁਤਬੇ ਜਾਂ ਪਦਵੀਆਂ ਸਿੱਖ ਪੰਥ ਨੇ ਸਾਨੂੰ ਆਪਣੀ ਸ਼ੋਭਾ ਵਧਾਉਣ ਵਾਸਤੇ ਨਹੀਂ, ਸਗੋਂ ਪੰਥ ਦੀ ਸੇਵਾ ਲਈ ਬਖਸ਼ਿਸ਼ ਕੀਤੇ ਹਨ। ਪ੍ਰੰਤੂ ਕੌਮ ਕੋਲ ਹਰ ਖੇਤਰ ਵਿਚ ਆਗੂਆਂ ਦੀ ਬਹੁਤਾਤ ਹੋਣ ਦੇ ਬਾਵਜੂਦ ਭਵਿੱਖ ਨਿਘਾਰ ਵੱਲ ਜਾਂਦਾ ਪ੍ਰਤੀਤ ਹੋ ਰਿਹਾ ਹੈ। ਮੈਂ ਗੁਰੂ ਘਰ ਦਾ ਝਾੜੂ ਬਰਦਾਰ ਹੋਣ ਦੇ ਨਾਤੇ ਹਰ ਤਰ੍ਹਾਂ ਦੀ ਦਲਦਲ ਤੋਂ ਉੱਪਰ ਉੱਠ ਕੇ ਤੁਹਾਨੂੰ ਸੱਦਾ ਦੇ ਰਿਹਾ ਹਾਂ ਕਿ ਆਓ ਕੌਮ ਦੀ ਵਿਗੜੀ ਸੰਵਾਰਨ ਵਾਸਤੇ ਜੁੜ ਬੈਠੀਏ।

ਇਸ ਵੇਲੇ ਸਿੱਖ ਕੌਮ ਕੋਲ ਕੋਈ ਕੌਮੀ ਏਜੰਡਾ ਹੀ ਨਹੀਂ ਨਾ ਕਿਸੇ ਇੱਕ ਧਿਰ ਜਾਂ ਆਗੂ ਕੋਲ ਸਿੱਖ ਮੁੱਦਿਆਂ ਦੀ ਕੋਈ ਸੂਚੀ ਹੈ। ਇਸ ਸਮੇਂ ਪਹਿਲ ਪ੍ਰਿਥਮੇਂ ਇੱਕ ਕੌਮੀ ਏਜੰਡੇ ਦੀ ਲੋੜ ਹੈ। ਜਿਸ ਨੂੰ ਅਧਾਰ ਬਣਾਕੇ ਕੌਮ ਇੱਕਜੁੱਟ ਹੋ ਸਕੇ। ਪ੍ਰੰਤੂ ਇਸ ਤੋਂ ਪਹਿਲਾਂ ਸਾਡਾ ਜੁੜਕੇ ਬੈਠਣਾ ਕੌਮ ਵਿਚ ਇੱਕ ਨਵੀਂ ਰੂਹ ਅਤੇ ਜਜ਼ਬਾ ਜਗਾਵੇਗਾ। ਜਿਸ ਨਾਲ ਸਿੱਖ ਪੰਥ ਫਿਰ ਇੱਕ ਵਾਰ ਜਰਵਾਇਆਂ ਦੀਆਂ ਚਾਲਾਂ ਨੂੰ ਨਕਾਰਦਿਆਂ, ਕੌਮ ਦੇ ਉਜਲੇ ਭਵਿੱਖ ਵੱਲ ਕਮਰਕੱਸੇ ਕਰੇਗਾ। ਦਾਸ ਨੇ ਪਹਿਲ ਕਦਮੀਂ ਕਰਦਿਆਂ, ਆਪ ਜੀ ਨੂੰ ਸੱਦਾ ਦਿੱਤਾ ਹੈ। ਹੁਣ ਤੁਹਾਡੀ ਵਾਰੀ ਹੈ ਕਿ ਪੰਥਕ ਹਿੱਤਾਂ ਦੇ ਮੱਦੇਨਜ਼ਰ ਹਾਂ ਪੱਖੀ ਹੁੰਗਾਰਾ ਭਰਦਿਆਂ, ਬਿਨਾਂ ਕਿਸੇ ਦੇਰੀ ਤੋਂ ਅਕਾਲ ਤਖ਼ਤ ਸਾਹਿਬ ਤੋਂ ਜੁੜ ਬੈਠਣ ਦਾ ਸਮਾਂ ਤਹਿ ਕਰੋ। ਦੱਸ ਦਈਏ ਕਿ ਫਿਲਹਾਲ ਜਥੇਦਾਰ ਦੀ ਇਸ ਪੱਤਰ 'ਤੇ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।

# ਦਰਬਾਰ ਸਾਹਿਬ 'ਚ ਚੋਟੀ ਦੀਆਂ ਕੰਪਨੀਆਂ ਨੇ ਦਿੱਤੇ ਸਕੈਨਰ ਦੇ ਟਰਾਇਲ

ਅੰਮ੍ਰਿਤਸਰ : ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ ਗੁਰਦੁਆਰੇ ਦੇ ਸਾਰੇ ਪ੍ਰਵੇਸ਼ ਦੁਆਰਾਂ 'ਤੇ ਹਾਈਟੈੱਕ ਸਕੈਨਰ ਲਾਉਣ ਦਾ ਫੈਸਲਾ ਕੀਤਾ ਹੈ। ਇਸ ਤਹਿਤ ਅੱਜ ਇਸ ਮਾਮਲੇ ਨੂੰ ਵਿਚਾਰਨ ਲਈ ਬਣਾਈ ਗਈ ਸਬ-ਕਮੇਟੀ ਨੇ ਚੋਟੀ ਦੀਆਂ ਕੰਪਨੀਆਂ ਦੇ ਸਕੈਨਰਾਂ ਦੇ ਟਰਾਇਲ ਦੇਖੇ ਤੇ ਇਨ੍ਹਾਂ ਦੀ ਸਮੀਖਿਆ ਕੀਤੀ। ਇਹ ਸਬ-ਕਮੇਟੀ ਆਪਣੀ ਸਿਫਾਰਸ਼ ਅੰਤ੍ਰਿੰਗ ਨੂੰ ਦੇਵੇਗੀ, ਜਿਸ ਤੋਂ ਬਾਅਦ ਸਕੈਨਰ ਲਾਉਣ ਬਾਰੇ ਅੰਤਿਮ ਫ਼ੈਸਲਾ ਲਿਆ ਜਾਵੇਗਾ।



ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਤਿੰਨ ਧਮਾਕੇ ਹੋਏ ਸਨ। ਇਸ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਦਰਬਾਰ ਸਾਹਿਬ 'ਚ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਲਈ ਇਹ ਫ਼ੈਸਲਾ ਲਿਆ ਸੀ। ਇਸ ਤਹਿਤ ਪਿਛਲੇ ਕੁਝ ਦਿਨਾਂ ਤੋਂ ਨਾਮੀ ਕੰਪਨੀਆਂ ਵੱਲੋਂ ਆਪਣੇ ਸਕੈਨਰ ਦਰਬਾਰ ਸਾਹਿਬ ਲਿਆ ਕੇ ਟਰਾਇਲ ਦਿੱਤੇ ਜਾ ਰਹੇ ਹਨ। ਇਨ੍ਹਾਂ ਟਰਾਇਲਾਂ ਦੌਰਾਨ ਸਾਮਾਨ 'ਚੋਂ ਚੱਪਲਾਂ ਅਤੇ ਤੰਬਾਕੂ ਆਦਿ ਵੀ ਬਰਾਮਦ ਹੋਇਆ ਹੈ। ਇਹ ਟਰਾਇਲ ਫਿਲਹਾਲ ਘੰਟਾ ਘਰ ਵਾਲੇ ਪਾਸੇ ਕੀਤੇ ਗਏ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਇਹ ਮਾਮਲਾ ਵਿਚਾਰਨ ਲਈ ਬਣਾਈ ਗਈ ਸਬ-ਕਮੇਟੀ ਦੇ ਮੈਂਬਰਾਂ ਅਤੇ ਹੋਰਨਾਂ ਨੇ ਵੀ ਅੱਜ ਇਨ੍ਹਾਂ ਵੱਖ-ਵੱਖ ਕੰਪਨੀਆਂ ਦੇ ਸਕੈਨਰਾਂ ਦੇ ਟਰਾਇਲ ਦੇਖੇ। ਇਸ ਮਾਮਲੇ 'ਚ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਹ ਸਕੈਨਰ ਹੋਰ ਪ੍ਰਵੇਸ਼ ਦੁਆਰਾਂ 'ਤੇ ਸਥਾਪਤ ਕੀਤੇ ਜਾਣਗੇ। ਸਬ-ਕਮੇਟੀ ਦੀ ਅਗਵਾਈ ਕਰ ਰਹੇ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ 5-6 ਕੰਪਨੀਆਂ ਨੇ ਆਪਣੇ ਸਕੈਨਰਾਂ ਦੀ ਕਾਰਗੁਜ਼ਾਰੀ ਦਿਖਾਈ ਹੈ। ਦੋ ਕੰਪਨੀਆਂ ਨੇ ਤਾਂ ਆਪਣੇ ਸਕੈਨਰ ਇੱਥੇ ਸਥਾਪਤ ਕਰ ਕੇ ਟਰਾਇਲ ਕੀਤੇ ਹਨ ਜਦੋਂਕਿ ਬਾਕੀ ਕੰਪਨੀਆਂ ਨੇ ਕੰਪਿਊਟਰ ਰਾਹੀਂ ਆਪਣੇ ਉਤਪਾਦਾਂ ਬਾਰੇ ਜਾਣਕਾਰੀ ਦਿੱਤੀ ਹੈ।

# ਕੈਂਸਰ ਕੋਲੋਂ ਜ਼ਿੰਦਗੀ ਦੀ ਜੰਗ ਹਾਰੇ ਅਦਾਕਾਰ ਮੰਗਲ ਢਿੱਲੋਂ

ਲੁਧਿਆਣਾ : ਟੀਵੀ ਲੜੀਵਾਰ 'ਜਨੂੰਨ' ਅਤੇ 'ਬੁਨਿਆਦ' ਵਿੱਚ ਆਪਣੀ ਦਮਦਾਰ ਅਦਾਕਾਰੀ ਲਈ ਜਾਣੇ ਜਾਂਦੇ ਅਦਾਕਾਰ ਮੰਗਲ ਢਿੱਲੋਂ (64) ਦਾ ਅੱਜ ਦੇਹਾਂਤ ਹੋ ਗਿਆ। ਉਹ ਪਿਛਲੇ ਲੰਮੇ ਸਮੇਂ ਤੋਂ ਕੈਂਸਰ ਨਾਲ ਜੂਝ ਰਹੇ ਸਨ ਅਤੇ ਉਨ੍ਹਾਂ ਪਿੰਡ ਨੀਲੋ ਕਲਾਂ ਵਿੱਚ ਆਖ਼ਰੀ ਸਾਹ ਲਏ। ਸ੍ਰੀ ਢਿੱਲੋਂ ਨੇ ਹਿੰਦੀ ਫ਼ ?ਲਮ 'ਖ਼ੂਨ ਭਰੀ ਮਾਂਗ' ਅਤੇ 'ਵਿਸ਼ਵਾਤਮਾ' ਵਿੱਚ ਅਹਿਮ ਭੂਮਿਕਾ ਨਿਭਾਈਆਂ ਸਨ। ਉਨ੍ਹਾਂ ਦਾ ਲੁਧਿਆਣਾ ਦੇ ਇੱਕ ਨਿੱਜੀ ਹਸਪਤਾਲ ਇਲਾਜ ਚੱਲ ਰਿਹਾ ਸੀ ਪਰ ਕੁਝ ਦਿਨ ਪਹਿਲਾਂ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਨੂੰ ਘਰ ਲੈ ਗਿਆ ਸੀ। ਅਦਾਕਾਰ ਦੀ ਭੈਣ ਰਣਜੀਤ ਕੌਰ ਨੇ ਆਖਿਆ ਕਿ ਮੰਗਲ ਢਿੱਲੋਂ ਦਾ ਕੱਲ੍ਹ ਸ਼ਾਮ ਨੀਲੋ ਕਲਾਂ 'ਚ ਦੇਹਾਂਤ ਹੋ ਗਿਆ। ਸ੍ਰੀ ਢਿੱਲੋਂ ਦਾ ਜਨਮ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਵਾਂਦਰ ਜਟਾਣਾ 'ਚ ਹੋਇਆ ਸੀ ਤੇ ਬਾਅਦ ਵਿੱਚ ਉਨ੍ਹਾਂ ਦਾ ਪਰਿਵਾਰ ਉੱਤਰ ਪ੍ਰਦੇਸ਼ ਵਿੱਚ ਵਸ ਗਿਆ ਸੀ, ਜਿਥੇ ਉਨ੍ਹਾਂ ਦੇ ਪਿਤਾ ਖੇਤੀਬਾੜੀ ਕਰਦੇ ਸਨ। ਸ੍ਰੀ ਢਿੱਲੋਂ ਨੇ ਤਿੰਨ ਦਹਾਕੇ ਲੰਮੇ ਕਰੀਅਰ ਦੌਰਾਨ ਟੀਵੀ ਲੜੀਵਾਰ 'ਬੁਨਿਆਦ' (1986-87) 'ਚ ਲਭਾਇਆ ਰਾਮ ਦੇ



ਕਿਰਦਾਰ ਨਾਲ ਪਛਾਣ ਕਾਇਮ ਕੀਤੀ। ਇਸੇ ਤਰ੍ਹਾਂ ਉਨ੍ਹਾਂ ਸਾਲ 1994 ਦੌਰਾਨ ਲੜੀਵਾਰ 'ਜਨੂੰਨ' ਵਿੱਚ ਸੁਮੀਰ ਰਾਜਵੰਸ਼ ਦੀ ਭੂਮਿਕਾ ਨਿਭਾਈ। ਉਨ੍ਹਾਂ ਹਿੰਦੀ ਤੇ ਪੰਜਾਬੀ ਵਿੱਚ ਫ਼ ?ਲਮਾਂ ਵਿੱਚ ਕੰਮ ਕੀਤਾ। ਉਨ੍ਹਾਂ ਨੂੰ ਫਿਲਮ 'ਖਾਲਸਾ' ਲਈ ਪੰਜਾਬ ਸਰਕਾਰ ਵੱਲੋਂ ਸਨਮਾਨਿਤ ਵੀ ਕੀਤਾ ਗਿਆ ਸੀ। ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਤੇ ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਗਲ ਢਿੱਲੋਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਢਿੱਲੋਂ ਦੇ ਪਰਿਵਾਰ ਵਿਚ ਇਕ ਪੁੱਤਰ ਤੇ ਇਕ ਧੀ ਹਨ।

# ਜੂਨ 1984 ਦੇ ਘੱਲੂਘਾਰੇ ਦੀ ਯਾਦ 'ਚ ਕਰਵਾਏ ਸਮਾਗਮ 'ਚ ਸ਼ਹੀਦਾਂ ਦੇ ਪਰਿਵਾਰਾਂ ਦੀ ਮਾਇਕੀ ਸਹਾਇਤਾ ਨਾਲ ਵਿਸ਼ੇਸ਼ ਸਨਮਾਨ

## *ਸ਼ਹੀਦਾਂ ਦੇ ਪਰਿਵਾਰਾਂ ਦੀ ਕੁਰਬਾਨੀ ਨੂੰ ਸਿਜਦਾ : ਰਣਜੀਤ ਸਿੰਘ ਦਮਦਮੀ ਟਕਸਾਲ*

ਅੰਮ੍ਰਿਤਸਰ : ਜੂਨ 1984 ਦੇ ਘੱਲੂਘਾਰੇ ਦੀ 39ਵੀਂ ਵਰ੍ਹੇਗੰਢ 'ਤੇ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਏ ਸਾਹਿਬ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਮਹਾਨ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬੀਬੀ ਕਿਰਨਜੋਤ ਕੌਰ ਖ਼ਾਲਸਾ (ਸਪੁੱਤਰੀ ਸ਼ਹੀਦ ਭਾਈ ਬਲਵਿੰਦਰ ਸਿੰਘ ਪੰਜੋਲਾ) ਦੇ ਢਾਡੀ ਜਥੇ ਵੱਲੋਂ ਜੋਸ਼ੀਲੀਆਂ ਵਾਰਾਂ ਰਾਹੀਂ ਸ਼ਹੀਦਾਂ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਮਨੁੱਖੀ ਹੱਕਾਂ ਦੇ ਪਹਿਰੇਦਾਰ ਅਤੇ 25000 ਲਵਾਰਿਸ਼ ਲਾਸ਼ਾਂ ਦੇ ਵਾਰਸ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ, ਗੁਰੂ ਨਾਨਕ ਲੰਗਰ ਸੇਵਾ ਸੁਸਾਇਟੀ ਇੰਟਰਨੈਸ਼ਨਲ (ਕੈਨੇਡਾ) ਦੇ ਪੰਥਕ ਪੱਤਰਕਾਰ ਤੇ ਪ੍ਰਬੰਧਕ ਭਾਈ ਬਲਵਿੰਦਰ ਸਿੰਘ ਪੱਖੋਕੇ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਭਾਈ ਜਗਦੀਸ਼ ਸਿੰਘ ਵਡਾਲਾ ਅਤੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ (ਬਾਬਾ ਨੰਦ) ਦੀ ਸੁਪਤਨੀ ਬੀਬੀ ਬੀਬੀ ਕੁਲਵਿੰਦਰ ਕੌਰ ਤੁਗਲਵਾਲਾ ਵੱਲੋਂ ਸਿੱਖ ਸੰਘਰਸ਼ ਸਬੰਧੀ ਅਣਮੁੱਲੇ ਵਿਚਾਰ ਪ੍ਰਗਟਾਉਂਦੇ ਕਿਹਾ ਗਿਆ ਕਿ ਜੂਨ 1984 ਘੱਲੂਘਾਰਾ ਨਾ ਭੁੱਲਣਯੋਗ ਤੇ ਨਾ ਬਖ਼ਸ਼ਣਯੋਗ ਹੈ ਜੋ ਜ਼ੁਲਮ ਦੀ ਸਿਖ਼ਰ ਸੀ ਜਿਸ ਨੇ ਸਿੱਖਾਂ ਦੇ ਵੱਖਰੇ ਰਾਜ ਦੀ ਨੀਂਹ ਰੱਖ ਦਿੱਤੀ। ਆਗੂਆਂ ਨੇ ਕਿਹਾ ਕਿ ਬਾਣੀ ਦੇ ਬੋਹਿਥ, ਸ਼ਹੀਦਾਂ ਦੇ ਸਿਰਤਾਜ ਅਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਅਰੰਭ ਹੋਇਆ ਸ਼ਹਾਦਤਾਂ ਦਾ ਸਫ਼ਰ ਨਿਰੰਤਰ ਜਾਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ, ਪੰਥ-ਪੰਜਾਬ ਦੀ



ਸ਼ਹੀਦਾਂ ਪਰਿਵਾਰਾਂ ਨੂੰ ਸਨਮਾਨਿਤ ਕਰਨ ਸਮੇਂ ਬੀਬੀ ਪਰਮਜੀਤ ਕੌਰ ਖਾਲੜਾ, ਬਲਵਿੰਦਰ ਸਿੰਘ ਪੱਖੋਕੇ, ਰਣਜੀਤ ਸਿੰਘ ਦਮਦਮੀ ਟਕਸਾਲ ਤੇ ਹੋਰ।

ਰਾਖੀ, ਸਿੱਖੀ ਦੀ ਆਨ-ਸ਼ਾਨ ਦੀ ਬਹਾਲੀ, ਬਾਣੀ-ਬਾਣੇ ਦੀ ਸਲਾਮਤੀ ਅਤੇ ਜਬਰ-ਜ਼ੁਲਮ ਦੇ ਖ਼ ?ਲਾਫ਼ ਤੇ ਕੌਮੀ ਘਰ ਖਾਲਿਸਤਾਨ ਦੀ ਅਜ਼ਾਦੀ ਲਈ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲ ? ?ਆਂ ਵੱਲੋਂ ਅਰੰਭੇ ਸੰਘਰਸ਼ ਵਿੱਚ ਸ਼ਹਾਦਤਾਂ ਪਾਉਣ ਵਾਲੇ ਸਿੰਘ ਸਿੰਘਣੀਆਂ ਸਤਿਕਾਰਯੋਗ ਹਨ ਜਿਨ੍ਹਾਂ ਦੇ ਪਾਏ ਪੂਰਨਿਆਂ 'ਤੇ ਪਹਿਰਾ ਦੇਣਾ ਸਾਡਾ ਪੰਥਕ ਫਰਜ਼ ਹੈ। ਸਮਾਗਮ ਦੀ ਸਮਾਪਤੀ 'ਤੇ ਮੁਲਤਾਨੀ ਬ੍ਰਦਰਜ਼ (ਅਮਰੀਕਾ) ਵੱਲੋਂ ਗੁਰੂ ਨਾਨਕ ਲੰਗਰ ਸੇਵਾ ਸੁਸਾਇਟੀ ਇੰਟਰਨੈਸ਼ਨਲ (ਕੈਨੇਡਾ) ਰਾਹੀਂ ਤੀਹ ਸ਼ਹੀਦਾਂ ਦੇ ਪਰਿਵਾਰਾਂ ਦਾ ਦਸ-ਦਸ ਹਜ਼ਾਰ ਰੁਪਏ, ਸਿਰੋਪੇ, ਯਾਦਗਾਰੀ ਤਸਵੀਰਾਂ, ਖ਼ਾਲਸਾ ਫ਼ਤਹਿਨਾਮਾ ਅਤੇ ਫਲ ਭੇਟ ਕਰਦਿਆਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ ਜੋ ਪੰਥਕ ਪੱਤਰਕਾਰ ਭਾਈ ਬਲਵਿੰਦਰ ਸਿੰਘ ਪੱਖੋਕੇ, ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਬੀਬੀ ਪਰਮਜੀਤ ਕੌਰ ਖਾਲੜਾ, ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਸਤਿਕਾਰ ਸਹਿਤ ਸ਼ਹੀਦ ਪਰਿਵਾਰਾਂ ਨੂੰ ਸੌਂਪੇ। ਗੁਰੂ ਕੇ ਲੰਗਰ ਅਤੁੱਟ ਵਰਤੇ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਹਨਾਂ ਸਮੂਹ ਸ਼ਹੀਦਾਂ ਦਾ ਇਤਿਹਾਸ ਖ਼ਾਲਸਾ ਫ਼ਤਹਿਨਾਮਾ ਰਸਾਲਾ ਅਤੇ ਤਵਾਰੀਖ ਸ਼ਹੀਦ-ਏ-ਖਾਲਿਸਤਾਨ ਕਿਤਾਬਾਂ 'ਚੋਂ ਜਲਦ ਛਾਪਿਆ ਜਾਵੇਗਾ। ਉਹਨਾਂ ਕਿਹਾ ਕਿ ਮੁਲਤਾਨੀ ਬ੍ਰਦਰਜ਼ (ਅਮਰੀਕਾ) ਅਤੇ ਗੁਰੂ ਨਾਨਕ ਲੰਗਰ ਸੇਵਾ ਸੁਸਾਇਟੀ ਇੰਟਰਨੈਸ਼ਨਲ (ਕੈਨੇਡਾ) ਵੱਲੋਂ ਸ਼ਹੀਦਾਂ ਦੇ ਪਰਿਵਾਰਾਂ ਪ੍ਰਤੀ ਕੀਤੇ ਜਾ ਰਹੇ ਕਾਰਜਾਂ ਦੀ ਅਸੀਂ ਫ਼ੈਡਰੇਸ਼ਨ ਵੱਲੋਂ ਭਰਪੂਰ ਸ਼ਲਾਘਾ ਕਰਦੇ ਹਾਂ ਤੇ ਹਰ ਪ੍ਰਕਾਰ ਦੇ ਸਹਿਯੋਗ ਦਾ ਵਾਅਦਾ ਕਰਦੇ ਹਾਂ।

# ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਨਤਮਸਤਕ







ਨਵੀਂ ਦਿੱਲੀ : ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਖੁਦ ਇਸ ਦੀ ਕਮਾਨ ਸੰਭਾਲੀ ਹੈ। ਅਮਿਤ ਸ਼ਾਹ ਸ਼ਨੀਵਾਰ ਨੂੰ ਗੁਜਰਾਤ ਅਤੇ ਮਹਾਰਾਸ਼ਟਰ ਦੇ ਇਕ ਦਿਨਾ ਦੌਰੇ 'ਤੇ ਪਹੁੰਚੇ, ਜਿੱਥੇ ਉਨ੍ਹਾਂ ਨਾਂਦੇੜ (ਮਹਾਰਾਸ਼ਟਰ) ਸਥਿਤ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਅਰਦਾਸ ਕੀਤੀ। ਸ਼ਾਹ ਦੇ ਨਾਲ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੀ ਮੌਜੂਦ ਸਨ। ਇਸ ਤੋਂ ਪਹਿਲਾਂ ਗੁਜਰਾਤ 'ਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਾਂਗਰਸ ਨੇਤਾ ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਿਆ। ਸ਼ਾਹ ਨੇ ਰਾਹੁਲ ਗਾਂਧੀ 'ਤੇ ਆਪਣੇ ਵਿਦੇਸ਼ੀ ਦੌਰੇ ਦੌਰਾਨ ਭਾਰਤ ਦੀ ਆਲੋਚਨਾ ਕਰਨ ਅਤੇ ਇਸ ਦੀ ਅੰਦਰੂਨੀ ਰਾਜਨੀਤੀ 'ਤੇ ਚਰਚਾ ਕਰਨ ਦਾ ਦੋਸ਼ ਲਗਾਇਆ। ਸ਼ਾਹ ਨੇ ਸਾਬਕਾ ਕਾਂਗਰਸ ਪ੍ਰਧਾਨ ਨੂੰ ਆਪਣੇ ਪੁਰਖਿਆਂ ਤੋਂ ਸਿੱਖਣ ਦੀ ਸਲਾਹ ਵੀ ਦਿੱਤੀ। ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਆਪਣੇ ਹੀ ਦੇਸ਼ ਦੀ ਆਲੋਚਨਾ ਕਰਨਾ ਕਿਸੇ ਵੀ ਨੇਤਾ ਨੂੰ ਸ਼ੋਭਾ ਨਹੀਂ ਦਿੰਦਾ ਤੇ ਰਾਹੁਲ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਦੇਸ਼ ਦੀ ਜਨਤਾ ਉਨ੍ਹਾਂ ਨੂੰ ਦੇਖ ਰਹੀ ਹੈ।

## ਰੁਜ਼ਗਾਰ ਮੇਲੇ ਦੌਰਾਨ 70 ਹਜ਼ਾਰ ਨਿਯੁਕਤੀ ਪੱਤਰ ਵੰਡੇ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਕਾਰੀ ਨੌਕਰੀਆਂ ਲਈ ਹੋਣ ਵਾਲੀਆਂ ਨਿਯੁਕਤੀਆਂ ਵਿੱਚ 'ਭਾਈ-ਭਤੀਜਾਵਾਦ ਤੇ ਭ੍ਰਿਸ਼ਟਾਚਾਰ' ਦਾ ਵਾਧਾ ਹੋਣ ਦਾ ਦੋਸ਼ ਲਾਉਂਦੇ ਹੋਏ ਪਰਿਵਾਰਵਾਦੀ' ਸਿਆਸੀ ਪਾਰਟੀਆਂ 'ਤੇ ਨਿਸ਼ਾਨੇ ਸੇਧੇ ਹਨ। ਰੁਜ਼ਗਾਰ ਮੇਲੇ ਤਹਿਤ 70 ਹਜ਼ਾਰ ਨਵ-ਨਿਯੁਕਤ ਕਰਮੀਆਂ ਨੂੰ ਨਿਯੁਕਤੀ ਪੱਤਰ ਵੰਡਣ ਮਗਰੋਂ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ,' ਇਹ ਹੁਣ ਦੇਸ਼ ਵਾਸੀ ਤੈਅ ਕਰਨਗੇ ਕਿ 'ਰੇਟ ਕਾਰਡ' ਰਾਹੀਂ ਉਨ੍ਹਾਂ ਨੂੰ ਲੁੱਟਣ ਵਾਲੀਆਂ ਪਾਰਟੀਆਂ ਦੇ ਭਰੋਸੇ ਨੌਜਵਾਨਾਂ ਦਾ ਭਵਿੱਖ ਅੱਗੇ ਵਧਾਉਣਾ ਹੈ ਜਾਂ ਫਿਰ ਮੌਜੂਦਾ ਸਰਕਾਰ ਦੇ 'ਸੇਫ ਗਾਰਡ' 'ਚ ਵਧਣਾ ਫੁੱਲਣਾ ਹੈ।'

ਉਨ੍ਹਾਂ ਕਿਹਾ ਕਿ ਪਰਿਵਾਰਵਾਦੀ ਪਾਰਟੀਆਂ ਨੇ ਭਰਤੀ ਪ੍ਰਕਿਰਿਆ ਵਿੱਚ ਭ੍ਰਿਸ਼ਟਾਚਾਰ ਅਤੇ ਭਾਈ ਭਤੀਜਾਵਾਦ ਨੂੰ ਵਧਾਇਆ ਹੈ ਜਦੋਂ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਨੌਜਵਾਨਾਂ ਦੇ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ। ਹਾਲਾਂਕਿ ਪ੍ਰਧਾਨ ਮੰਤਰੀ ਨੇ ਕਿਸੇ ਪਾਰਟੀ ਦਾ ਨਾਂਅ ਨਹੀਂ ਲਿਆ ਪਰ ਉਨ੍ਹਾਂ ਦਾ ਇਸ਼ਾਰਾ ਪੱਛਮੀ ਬੰਗਾਲ ਦੀ ਸੱਤਾਧਿਰ ਤ੍ਰਿਣਮੂਲ ਕਾਂਗਰਸ ਵੱਲ ਸੀ। ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਸਰਕਾਰ 'ਤੇ ਭਾਜਪਾ ਨੇ ਸਰਕਾਰੀ ਨੌਕਰੀਆਂ ਲਈ 'ਰੇਟ ਕਾਰਡ' ਤੈਅ ਕਰਨ ਦੇ ਦੋਸ਼ ਲਾਏ ਸਨ। ਪ੍ਰਧਾਨ ਮੰਤਰੀ ਨੇ ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਪ੍ਰਸਾਦ 'ਤੇ ਨਿਸ਼ਾਨੇ ਸੇਧਦੇ ਹੋਏ ਕਿਹਾ ਕਿ ਇੱਕ ਸਾਬਕਾ ਰੇਲ ਮੰਤਰੀ ਖ਼ ?ਲਾਫ਼ ਨੌਕਰੀਆਂ ਬਦਲੇ ਗਰੀਬ ਕਿਸਾਨਾਂ ਦੀਆਂ ਜ਼ਮੀਨਾਂ ਆਪਣੇ ਨਾਂ ਕਰਵਾਉਣ ਦਾ ਕੇਸ ਚੱਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਰਤੀ ਪ੍ਰਕਿਰਿਆ ਵਿੱਚ ਪਹਿਲਾਂ ਇੱਕ ਤੋਂ ਡੇਢ ਸਾਲ ਲੱਗਦੇ ਸਨ ਪਰ ਹੁਣ ਇਹ ਪਾਰਦਸ਼ਤਾ ਨਾਲ ਕੁਝ ਹੀ ਮਹੀਨਿਆਂ ਵਿੱਚ ਪੂਰੀਆਂ ਹੋ ਜਾਂਦੀਆਂ ਹਨ। ਉਨ੍ਹਾਂ ਕਿਹਾ,'ਰੁਜ਼ਗਾਰ ਮੇਲੇ ਭਾਰਤੀ ਜਨਤਾ ਪਾਰਟੀ ਅਤੇ ਐੱਨਡੀਏ ਸਰਕਾਰ ਦੀ ਪਛਾਣ ਬਣ ਗਏ ਹਨ।'

## ਪੰਜਾਬ, ਪੱਛਮੀ ਬੰਗਾਲ ਸਣੇ ਕਈ ਸੂਬਿਆਂ 'ਚ ਹੋ ਰਹੀ ਰਾਖਵੇਂਕਰਨ ਦੀ ਉਲੰਘਣਾ : ਜੇ.ਪੀ. ਨੱਡਾ



ਬਿਲਾਸਪੁਰ : ਭਾਜਪਾ ਦੇ ਕੌਮੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਨੇ ਕਿਹਾ ਕਿ ਰਾਸ਼ਟਰੀ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੀ ਰਿਪੋਰਟ ਸਾਡੇ ਸਾਹਮਣੇ ਆਈ ਹੈ, ਜਿਸ ਵਿਚ ਇਕ ਬਹੁਤ ਹੀ ਮਹੱਤਵਪੂਰਨ ਵਿਸ਼ੇ ਦਾ ਖ਼ੁਲਾਸਾ ਕੀਤਾ ਗਿਆ ਹੈ। ਪੱਛਮੀ ਬੰਗਾਲ, ਬਿਹਾਰ, ਰਾਜਸਥਾਨ ਅਤੇ ਪੰਜਾਬ ਵਿਚ ਸਾਡੇ ਓ.ਬੀ.ਸੀ. ਲਈ ਦਿੱਤੇ ਸੰਵਿਧਾਨਕ ਅਧਿਕਾਰ 'ਰਾਖਵਾਂਕਰਨ' ਦੀ ਖੁੱਲ੍ਹੇਆਮ ਉਲੰਘਣਾ ਕੀਤੀ ਜਾ ਰਹੀ ਹੈ। ਓ.ਬੀ.ਸੀ. ਨੂੰ ਉਨ੍ਹਾਂ ਦੇ ਜਾਇਜ਼ ਹੱਕਾਂ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ।

ਨੱਡਾ ਨੇ ਕਿਹਾ ਕਿ ਬੰਗਾਲ 'ਚ ਓ.ਬੀ.ਸੀ. ਦੇ ਕੋਟੇ ਅਤੇ ਉਨ੍ਹਾਂ ਦੇ ਰਾਖਵੇਂਕਰਨ ਨੂੰ ਮਮਤਾ ਸਰਕਾਰ ਖੁੱਲ੍ਹੇਆਮ ਮੁਸਲਿਮ ਤੁਸ਼ਟੀਕਰਨ ਦੀ ਭੇਟ ਚੜ੍ਹਾ ਰਹੀ ਹੈ ਅਤੇ ਪਛੜੇ ਵਰਗ ਦੇ ਲੋਕਾਂ ਨੂੰ ਉਨ੍ਹਾਂ ਦੇ ਜਾਇਜ਼ ਹੱਕਾਂ ਤੋਂ ਵਾਂਝੇ ਰੱਖ ਰਹੀ ਹੈ। ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਵਿਚ 91.5 ਫ਼ੀਸਦੀ ਦਾ ਲਾਭ ਮੁਸਲਿਮ ਓ.ਬੀ.ਸੀ. ਦੇ ਲੋਕਾਂ ਨੂੰ ਦਿੱਤਾ ਗਿਆ ਹੈ ਅਤੇ ਹੋਰ ਲੋਕਾਂ ਨੂੰ ਅਜੇ ਤੱਕ ਉਨ੍ਹਾਂ ਦਾ ਬਣਦਾ ਹੱਕ ਨਹੀਂ ਦਿੱਤਾ ਗਿਆ। ਬੰਗਾਲ ਵਿਚ ਕੁੱਲ੍ਹ ਓ.ਬੀ.ਸੀ. ਦੀਆਂ 179 ਜਾਤਾਂ ਕਮਿਸ਼ਨ ਵੱਲੋਂ ਦਰਜ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਵਿਚੋਂ ਮੁਸਲਿਮ ਭਾਈਚਾਰੇ ਦੀਆਂ 118 ਜਾਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤਰ੍ਹਾਂ ਬੰਗਲਾਦੇਸ਼ੀ ਘੁਸਪੈਠੀਆਂ ਅਤੇ ਰੋਹਿੰਗੀਆ ਨੂੰ ਸਰਟੀਫਿਕੇਟ ਦੇ ਕੇ ਜਾਤੀਗਤ ਰਾਖਵੇਂਕਰਨ ਦਾ ਲਾਭ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਘੁਸਪੈਠੀਆਂ ਨੂੰ ਸਿੱਧਾ ਫਾਇਦਾ ਪਹੁੰਚਾਉਣ ਦੀ ਗੰਭੀਰ ਸਾਜ਼ਿਸ਼ ਹੈ।

## ਸ਼ਾਹ ਵੱਲੋਂ ਆਫ਼ਤ ਪ੍ਰਬੰਧਨ ਲਈ ਤਿੰਨ ਯੋਜਨਾਵਾਂ ਦਾ ਐਲਾਨ




ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਇੱਥੇ 8,000 ਕਰੋੜ ਰੁਪਏ ਤੋਂ ਵੱਧ ਦੀਆਂ ਤਿੰਨ ਵੱਡੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ, ਜਿਸ ਤਹਿਤ ਸਾਰੇ ਰਾਜਾਂ ਵਿਚ ਅੱਗ ਬੁਝਾਊ ਸੇਵਾਵਾਂ ਦਾ ਆਧੁਨਿਕੀਕਰਨ, ਸੱਤ ਵੱਡੇ ਸ਼ਹਿਰਾਂ ਵਿਚ ਹੜ੍ਹਾਂ ਦੀ ਸੰਭਾਵਨਾ ਨੂੰ ਘੱਟ ਕਰਨ ਤੇ 17 ਰਾਜਾਂ ਵਿਚ ਜ਼ਮੀਨ ਖਿਸਕਣ ਨੂੰ ਰੋਕਣ ਦਾ ਕੰਮ ਕੀਤਾ ਜਾਵੇਗਾ। ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਆਫ਼ਤ ਪ੍ਰਬੰਧਨ ਮੰਤਰੀਆਂ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਇਹ ਯਕੀਨੀ ਬਣਾਉਣ ਦੀ ਵੀ ਅਪੀਲ ਕੀਤੀ ਕਿ ਦੇਸ਼ ਵਿਚ ਕਿਤੇ ਵੀ ਆਫ਼ਤ ਨਾਲ ਇਕ ਵੀ ਜਾਨ ਨਹੀਂ ਜਾਣੀ ਚਾਹੀਦੀ।

ਉਨ੍ਹਾਂ ਕਿਹਾ ਕਿ ਰਾਜਾਂ ਵਿਚ ਫਾਇਰ ਬ੍ਰਿਗੇਡ ਦੇ ਵਿਸਤਾਰ ਤੇ ਆਧੁਨਿਕੀਕਰਨ ਲਈ 5 ਹਜ਼ਾਰ ਕਰੋੜ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਸ਼ਹਿਰਾਂ ਵਿਚ ਹੜ੍ਹ ਦੇ ਖਤਰੇ ਨੂੰ ਘੱਟ ਕਰਨ ਲਈ ਜ਼ਿਆਦਾ ਆਬਾਦੀ ਵਾਲੇ ਸੱਤ ਮਹਾਨਗਰਾਂ- ਮੁੰਬਈ, ਚੇਨੱਈ, ਕੋਲਕਾਤਾ, ਬੰਗਲੂਰੂ, ਹੈਦਰਾਬਾਦ, ਅਹਿਮਦਾਬਾਦ ਤੇ ਪੁਣੇ ਲਈ 2500 ਕਰੋੜ ਰੁਪਏ ਦਿੱਤੇ ਜਾਣਗੇ। ਸ਼ਾਹ ਨੇ ਕਿਹਾ ਕਿ ਜ਼ਮੀਨ ਖਿਸਕਣ ਦੀ ਰੋਕਥਾਮ ਲਈ 17 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ 825 ਕਰੋੜ ਰੁਪਏ ਦੀ ਕੌਮੀ ਯੋਜਨਾ ਚਲਾਈ ਜਾਵੇਗੀ। ਗ੍ਰਹਿ ਮੰਤਰੀ ਨੇ ਕਿਹਾ ਕਿ ਦੇਸ਼ ਦੇ ਜਿਨ੍ਹਾਂ ਰਾਜਾਂ ਵਿਚ ਪਰਮਾਣੂ ਊਰਜਾ ਸਟੇਸ਼ਨ ਬਣ ਰਹੇ ਹਨ, ਉਨ੍ਹਾਂ ਥਾਵਾਂ ਦਾ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਵੱਲੋਂ ਦੌਰਾ ਕੀਤਾ ਗਿਆ ਹੈ ਤੇ ਕਿਸੇ ਵੀ ਹੰਗਾਮੀ ਸਥਿਤੀ ਵਿਚ ਲੋਕਾਂ ਦੇ ਬਚਾਅ ਲਈ ਸਖ਼ਤ ਪ੍ਰੋਟੋਕੋਲ ਰਾਜਾਂ ਨੂੰ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਟੇਸ਼ਨਾਂ ਵਿਚ ਕੰਮ ਸ਼ੁਰੂ ਕਰਨ ਤੇ ਬਿਜਲੀ ਉਤਪਾਦਨ ਤੋਂ ਪਹਿਲਾਂ ਆਫ਼ਤ ਪ੍ਰਬੰਧਨ ਦੇ ਸਾਰੇ ਉਪਾਅ ਅਪਣਾਏ ਜਾਣੇ ਚਾਹੀਦੇ ਹਨ। ਉਨ੍ਹਾਂ ਇਸ ਮੌਕੇ ਪਿਛਲੇ ਨੌਂ ਸਾਲਾਂ ਦੀਆਂ ਕੇਂਦਰ ਸਰਕਾਰ ਦੀਆਂ ਉਪਲਬਧੀਆਂ ਵੀ ਗਿਣਾਈਆਂ। ਸ਼ਾਹ ਨੇ ਕਿਹਾ ਕਿ ਆਫ਼ਤਾਂ ਦਾ ਰੂਪ ਹੁਣ ਬਦਲ ਗਿਆ ਹੈ। ਇਨ੍ਹਾਂ ਦੀ ਕਿਸਮ ਤੇ ਗਤੀ ਵੀ ਵਧੀ ਹੈ। ਇਸ ਲਈ ਤਿਆਰੀਆਂ ਨੂੰ ਹੋਰ ਤਿੱਖਾ ਕਰਨ ਦੀ ਲੋੜ ਹੈ।

# ਸਿੱਖ ਇਤਿਹਾਸ ਸਿੱਖ ਮੁੱਦੇ 'ਤੇ ਸਿੱਖ ਗਤੀਵਿਧੀਆਂ ਲਈ ਮਨਟੀਕਾ ਕੈਲੀਫੋਰਨੀਆ ਤੋਂ ਸਿੱਖ ਪਲੇਟਫਾਰਮ ਦੀ ਸ਼ੁਰੂਆਤ


ਸ੍ਰ. ਹਰਪਾਲ ਸਿੰਘ


ਸ੍ਰ. ਪਰਮਿੰਦਰ ਸਿੰਘ ਸ਼ਾਹੀ


ਸ੍ਰ. ਰਾਜਿੰਦਰ ਸਿੰਘ ਸ਼ੇਖੋਂ


ਸ੍ਰ. ਜਸਵੰਤ ਸਿੰਘ ਸ਼ਾਦ


ਸ੍ਰੀ ਪੰਕਜ ਆਂਸਲ


ਪ੍ਰਿੰ. ਹਜ਼ੂਰਾ ਸਿੰਘ

ਮਨਟੀਕਾ/ ਕੈਲੀਫੋਰਨੀਆ : ਸਿੱਖਾਂ ਦੇ ਪੰਥਕ ਮੁੱਦਿਆਂ, ਪੰਜਾਬ ਦੇ ਅਜੋਕੇ ਹਾਲਾਤਾਂ ਸਿੱਖਾਂ ਦੀਆਂ ਦਰਪੇਸ਼ ਮੁਸ਼ਕਿਲਾਂ ਬਾਰੇ 'ਸਿੱਖ ਪਲੇਟ ਫਾਰਮ' ਦੀ ਸ਼ੁਰੂਆਤ ਕੀਤੀ ਗਈ। ਇਸ ਸਬੰਧ ਵਿੱਚ ਬੀਤੇ ਸ਼ਨੀਵਾਰ ਨੂੰ 'ਸਿੱਖ ਫਲੇਟਫਾਰਮ' ਦੀ ਸ਼ੁਰੂ ਕੀਤੀ ਗਈ। ਜਿਸ ਵਿਚ ਦੂਰੋਂ-ਨੇੜਿਓਂ ਪਹੁੰਚ ਕੇ ਸੱਜਣਾ ਮਿੱਤਰਾਂ ਭਰਾਵਾਂ ਅਤੇ ਸਿੱਖ ਚਿੰਤਕਾਂ ਨੇ ਹਾਜ਼ਰੀ ਲਗਵਾਈ। ਟਰੇਸੀ ਦੇ ਪ੍ਰਸਿਧ ਭਾਰਤੀ ਰੈਸਟੋਰੈਂਟ Imperial Spice ਵਿਚ ਹੋਈ ਇਸ ਇਕੱਤਰਤਾ ਵਿਚ ਪਹੁੰਚੇ ਹੋਏ ਬੁਲਾਰਿਆਂ ਨੇ ਆਪਣੇ ਬਹੁਤ ਹੀ ਸੰਜੀਦਾ ਵਿਚਾਰ ਪ੍ਰਗਟ ਕੀਤੇ ਅਤੇ ਆਪੋ ਆਪਣੇ ਦਿਲੋਂ ਪੰਜਾਬ ਪ੍ਰਤੀ ਅਤੇ ਸਿੱਖ ਮੁੱਦਿਆਂ ਪ੍ਰਤੀ ਚਿੰਤਾ ਅਤੇ ਦਰਦ ਬਿਆਨ ਕੀਤਾ।

ਅੱਜ ਸਿੱਖਾਂ ਦੇ ਅਨੇਕਾਂ ਹੀ ਪੰਥਕ ਮੁੱਦੇ ਹਨ ਜਿਨ੍ਹਾਂ 'ਤੇ ਸਾਨੂੰ ਬਹੁਤ ਹੀ ਸੰਜੀਦਾ ਧਿਆਨ ਦੇਣ ਦੀ ਜ਼ਰੂਰਤ ਹੈ। ਇਸ ਪ੍ਰਤੀ ਗੰਭੀਰ ਚਰਚਾ ਹੋਈ। ਪ੍ਰੋਗਰਾਮ ਦੀ ਸ਼ੁਰੂਆਤ ਅਤੇ ਸਟੇਜ ਨੂੰ ਹੋਸਟ ਸ੍ਰ. ਜਸਵੰਤ ਸਿੰਘ ਸ਼ਾਦ ਨੇ ਕੀਤਾ। ਸ੍ਰ. ਸ਼ਾਦ ਨੇ ਜਿਥੇ ਸਿੱਖ ਪਲੇਟਫਾਰਮ ਦੇ ਸ਼ੁਰੂ ਕਰਨ ਦੀ ਵਧਾਈ ਦਿੱਤੀ, ਉਥੇ ਮੌਜੂਦਾ ਮੁੱਦਿਆਂ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸਾਨੂੰ ਕੌਮੀ ਮਸਲਿਆਂ 'ਤੇ ਵਿਚਾਰ ਕਰਨੀ ਬਹੁਤ ਜ਼ਰੂਰੀ, ਸਾਡੇ ਬਹੁਤ ਮਸਲੇ ਹਨ ਜਿਨ੍ਹਾਂ ਨੂੰ ਸੁਲਝਾਉਣਾ ਬਹੁਤ ਜ਼ਰੂਰੀ ਹੈ। ਸਭ ਤੋਂ ਪਹਿਲਾਂ ਪ੍ਰਿੰਸੀਪਲ ਹਜ਼ੂਰਾ ਸਿੰਘ ਨੇ ਆਪਣੀ ਸ਼ਾਇਰੀ ਅਤੇ ਗੀਤ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਤੋਂ ਬਾਅਦ ਸਨੀਵੇਲ ਤੋਂ ਪਹੁੰਚੇ ਉਘੇ ਆਗੂ ਸ੍ਰੀ ਪੰਕਜ ਆਂਸਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਸੀਂ ਪੰਜਾਬ ਦਾ ਦਰਦ ਰੱਖਦੇ ਹਾਂ ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਰਲਮਿਲ ਕੇ ਇਸ ਬਾਰੇ ਸੋਚਣਾ ਚਾਹੀਦਾ ਹੈ। ਜਿਹੜੇ ਵੀ ਲੋਕ ਪੰਜਾਬ 'ਚ ਨਫਰਤ ਫੈਲਾਉਂਦੇ ਹਨ। ਉਹ ਚਾਹੇ ਕੋਈ ਵੀ ਹੋਣ ਉਨ੍ਹਾਂ ਲੋਕਾਂ ਨੂੰ ਸਾਨੂੰ ਸਭ ਨੂੰ ਮਿਲਕੇ ਟਾਕਰਾ ਕਰਨਾ ਚਾਹੀਦਾ ਹੈ।

ਉਨ੍ਹਾਂ ਤੋਂ ਬਾਅਦ ਪਿਟਸਬਰਗ ਗੁਰਦੁਆਰਾ ਸਾਹਿਬ ਦੇ ਸਾਬਕਾ ਸੈਕਟਰੀ ਸ੍ਰ. ਸੰਤੋਖ ਸਿੰਘ ਝੀਂਗੜਾ ਨੇ ਪੰਜਾਬ ਦੇ ਹਾਲਾਤਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸਾਨੂੰ ਇਸ ਤਰ੍ਹਾਂ ਦੇ ਇਕੱਠ ਕਰਦੇ ਰਹਿਣਾ ਚਾਹੀਦਾ ਹੈ। ਜਿਨ੍ਹਾਂ ਵਿੱਚ ਸਾਨੂੰ ਤੇ ਸਾਡੇ ਪੰਜਾਬ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਕਰਕੇ ਮਿਲਕੇ ਹੱਲ ਕੱਢਣੇ ਚਾਹੀਦੇ ਹਨ।

ਉਨ੍ਹਾਂ ਤੋਂ ਬਾਅਦ ਕਮਿਉਨਟੀ ਦੇ ਉਘੇ ਨੌਜਵਾਨ ਸਿੱਖ ਆਗੂ ਅਤੇ ਸ਼ਹਿਰ ਦੇ ਕਈ ਮਾਣਮੱਤੇ ਅਹੁਦਿਆਂ ਉਪਰ ਕਮਿਸ਼ਨਰ ਸ੍ਰ. ਪਰਮਿੰਦਰ ਸਿੰਘ ਸਾਹੀ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਸਿੱਖ ਪਲੇਟਫਾਰਮ ਦੀ ਸ਼ੁਰੂਆਤ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ 'ਸਾਡੇ ਲੋਕ' ਕਿਸੇ ਪਹਿਚਾਣ ਦੇ ਮੁਥਾਜ ਨਹੀਂ। ਮੇਰੀ ਸਾਂਝ ਇਨ੍ਹਾਂ ਨਾਲ ਤਕਰੀਬਨ 25 ਸਾਲ ਤੋਂ ਹੈ। 25 ਸਾਲ ਤੋਂ ਪੁਰਾਣੀ ਸਾਡੀ ਸਾਂਝ ਜਦੋਂ ਸਾਨੂੰ ਇਕੱਠੇ ਆਈ ਬੀ ਐਮ 'ਚ ਕੰਮ ਕਰਨ ਦਾ ਮੌਕਾ ਮਿਲਿਆ ਅਤੇ ਭਾਅ ਜੀ ਨੂੰ ਗਾਹੇ ਬਗਾਹੇ ਲਿਖਣ ਦਾ ਬਹੁਤ ਸ਼ੌਕ ਸੀ। ਸ਼ਾਇਰੋ-ਸ਼ਾਇਰੀ ਦਾ ਬਹੁਤ ਸ਼ੌਕ ਸੀ ਸਮਾਂ ਪਿਆ ਸਤਨਾਮ ਭਾਅ ਜੀ ਇਕ ਵੱਡਾ ਬੀੜਾ ਚੁੱਕਿਆ ਸੇਵਾ ਦਾ 'ਸਾਡੇ ਲੋਕ' ਜਦੋਂ ਤੋਂ ਭਾਅ ਜੀ ਨੇ ਅਖ਼ਬਾਰ ਸ਼ੁਰੂ ਕੀਤੀ ਉਦੋਂ ਤੋਂ ਹੀ ਮੈਂ ਸ ਹਰਪਾਲ ਸਿੰਘ ਭਾਅ ਨੂੰ ਜਾਣਦਾ ਹਾਂ। ਭਾਅ ਜੀ ਨੇ ਦੱਸਿਆ ਕਿ ਸਾਡੇ ਪਰਿਵਾਰ ਦੇ ਮੈਂਬਰ ਹਨ ਅਤੇ ਇਹ ਮੇਰੀ ਟੀਮ ਦੇ ਵਿਚ ਹਨ। ਹਰਪਾਲ ਭਾਅ ਤੁਹਾਨੂੰ ਬਹੁਤ ਵਧੀਆ ਮੌਕਾ ਮਿਲਿਆ ਤੁਸੀਂ ਬਹੁਤ ਹੀ ਸੰਜੀਦਗੀ ਵਾਲੇ ਪੱਤਰਕਾਰ ਹੋ ਜਿਨ੍ਹਾਂ ਨੇ ਆਪਣਾ ਮਿਆਰ ਕਾਇਮ ਰੱਖਿਆ। ਮੈਂ ਸਿੱਖ ਪਲੇਟਫਾਰਮ ਨੂੰ ਜਦੋਂ ਜਾ ਕੇ ਦੇਖਦਾ ਤਾਂ ਦੇਖਦਾ ਹਾਂ ਕਿ ਇਤਿਹਾਸ ਸਾਂਭ ਕੇ ਰੱਖਣਾ ਕਿਉਂ ਜ਼ਰੂਰੀ ਹੈ।

ਉਨ੍ਹਾਂ ਤੋਂ ਬਾਅਦ ਕਮਿਉਨਟੀ ਦੇ ਉਘੇ ਨੌਜਵਾਨ ਸਿੱਖ ਆਗੂ ਅਤੇ ਨਿਸ਼ਕਾਮ ਸੇਵਾਦਾਰ ਸ੍ਰ. ਰਾਜਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਮੈਨੂੰ ਹਰਪਾਲ ਸਿੰਘ ਜੀ ਨਾਲ ਸ੍ਰ. ਭੁਪਿੰਦਰ ਸਿੰਘ ਸੰਧੂ ਨੇ ਮਿਲਾਇਆ ਸੀ। ਸੋ ਉਦੋਂ ਤੋਂ ਬਾਅਦ ਅੱਜ ਤੱਕ ਇਕੱਠੇ ਹਾਂ। ਇਨ੍ਹਾਂ ਨੇ ਫਿਰ ਖਾਲਸਾ ਜੀ ਨਾਲ ਮਿਲਿਆ। ਇਨ੍ਹਾਂ ਦਾ ਜਿਹੜਾ ਕੰਮ ਕਰਨ ਦਾ ਤਰੀਕਾ ਹੈ ਉਹ ਮੈਂ ਦੱਸ ਸਕਦਾ ਹਾਂ ਕਿ ਅਸੀਂ ਇਕੱਠਿਆਂ ਨੇ ਕੰਮ ਕੀਤਾ ਬਹੁਤ ਸਾਲ। ਮੈਂ ਇਨ੍ਹਾਂ ਦੇ ਕੰਮ ਕਰਨ ਦੇ ਤਰੀਕੇ 'ਤੇ ਮਾਣ ਹੈ ਇਹ ਜੋ ਵੀ ਕਰਨਗੇ ਬਹੁਤ ਵਧੀਆ ਹੀ ਕਰਨਗੇ। ਕੁਝ ਸ਼ਖ਼ਸੀਅਤਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਬੁਲਾਏ 'ਤੇ ਮਾਣ ਮਹਿਸੂਸ ਹੁੰਦਾ ਹੈ। ਉਨ੍ਹਾਂ ਕਿਹਾ ਕੀ ਸਿੱਖ ਪਲੇਟਫਾਰਮ ਸਾਡੇ ਸ਼ਹਿਰ ਮਨਟੀਕਾ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ ਸਾਨੂੰ ਇਸ ਉਪਰ ਮਾਣ ਹੈ। ਇਸ ਦੇ ਨਾਲ ਸ੍ਰ. ਭੁਪਿੰਦਰ ਸਿੰਘ ਸਿੰਘ ਅਕੂਪ੍ਰੈਸ਼ਰ ਵਾਲਿਆਂ ਨੇ ਕਿਹਾ ਕਿ ਅਸੀਂ ਸਿੱਖ ਪਲੇਟਫਾਰਮ ਬਣਾਇਆ ਜਿਸਦੀ ਕਿ ਸਮੇਂ ਮੁਤਾਬਿਕ ਬਹੁਤ ਜ਼ਰੂਰਤ ਸੀ।

ਉਨ੍ਹਾਂ ਨੇ ਕਿਹਾ ਕਿ ਸਿੱਖਾਂ ਨੂੰ ਇਹੋ ਜਿਹੇ ਪਲੇਟਫਾਰਮਾਂ ਦੀ ਬਹੁਤ ਜ਼ਰੂਰਤ ਹੈ। ਜੇਕਰ ਕੋਈ ਆਪਣੇ ਅਜ਼ਾਦ ਵਿਚਾਰ ਦਿੰਦਾ ਹੈ ਤਾਂ ਕੁਝ ਲੋਕ ਉਨ੍ਹਾਂ ਨੂੰ ਗਾਲਾਂ ਵਾਲੀ ਭਾਸ਼ਾ ਵਰਤਦੇ ਹਨ। ਵੱਡੀ ਗਿਣਤੀ 'ਚ ਇਸ ਮਹੌਲ 'ਚ ਸਿੱਖ ਚੁੱਪ ਹੀ ਰਹਿੰਦੇ ਹਨ। ਉਨ੍ਹਾਂ ਵਿਚੋਂ ਕੋਈ ਨਹੀਂ ਬੋਲਦਾ। ਲੋੜ ਹੈ ਇਹ ਉਪਰਾਲਾ ਕਰਨ ਵਾਲਿਆਂ ਦਾ ਸਾਥ ਦੇਣ ਦੀ। ਜੋ ਕੋਈ ਗਲਤ ਬੋਲਦਾ ਹੈ ਤਾਂ ਅਸੀਂ ਸਭ ਮਿਲਕੇ ਸਿੱਖ ਹੋਣ ਦੇ ਨਾਤੇ ਉਨ੍ਹਾਂ ਗੱਲਾਂ ਦਾ ਜਵਾਬ ਦੇਈਏ।







# ਸਿੱਖ ਇਤਿਹਾਸ ਸਿੱਖ ਮੁੱਦੇ 'ਤੇ ਸਿੱਖ ਗਤੀਵਿਧੀਆਂ ਲਈ ਮਨਟੀਕਾ ਕੈਲੀਫੋਰਨੀਆ ਤੋਂ ਸਿੱਖ ਪਲੇਟਫਾਰਮ ਦੀ ਸ਼ੁਰੂਆਤ


ਡਾ. ਭੁਪਿੰਦਰ ਸਿੰਘ


ਅਵਤਾਰ ਲਾਖਾ


ਸ੍ਰ. ਕੁਲਵਿੰਦਰ ਸਿੰਘ


ਸ੍ਰ. ਸੰਤੋਖ ਸਿੰਘ ਝੀਂਗੜਾ


ਸ੍ਰ. ਰਣਜੀਤ ਸਿੰਘ ਗਿੱਲ


ਸ੍ਰ. ਹਰਪਾਲ ਸਿੰਘ ਮਨਟੀਕਾ


ਸ੍ਰ. ਕਰਨੈਲ ਸਿੰਘ ਸੈਣੀ

ਇਸ ਮੌਕੇ ਸ੍ਰ. ਅਵਤਾਰ ਸਿੰਘ ਲਾਖਾ ਨੇ ਕਿਹਾ ਕਿ ਸਮੇਂ ਸਮੇਂ ਦੇ ਮੁਤਾਬਕ ਜਦੋਂ ਕੋਈ ਵੀ ਚੰਗਾ ਕੀਤਾ ਜਾਂਦਾ ਹੈ ਤਾਂ ਸਾਨੂੰ ਉਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਚੱਲਣਾ ਚਾਹੀਦਾ ਹੈ। ਉਨ੍ਹਾਂ ਨੇ ਸਿੱਖ ਪਲੇਟਫਾਰਮ ਸ਼ੁਰੂ ਹੋਣ ਦੀ ਵਧਾਈ ਦਿੱਤੀ।

ਦਮਦਮੀ ਟਕਸਾਲ ਦੇ ਵਿਦਿਆਰਥੀ ਅਤੇ ਮਨਟੀਕਾ ਗੁਰੂਘਰ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਜਿਥੇ ਕਾਮਯਾਬੀ ਦੀ ਅਰਦਾਸ ਕੀਤੀ ਉਥੇ ਅਸੀਸ ਵੀ ਦਿੱਤੀ।

ਇਸ ਮੌਕੇ ਸ੍ਰ. ਹਰਪਾਲ ਸਿੰਘ ਨੇ ਕਿਹਾ ਕਿ ਅੱਜ ਪਾਤਸ਼ਾਹਾਂ ਦੇ ਪਾਤਸ਼ਾਹ ਮੀਰੀ-ਪੀਰੀ ਦੇ ਮਾਲਕ ਮਹਾਨ ਯੋਧੇ ਪਰਉਪਕਾਰੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਹੈ ਅਤੇ ਸਾਰੀ ਦੁਨੀਆ ਵਿਚ ਮਨਾਇਆ ਜਾ ਰਿਹਾ ਹੈ। ਮੇਰਾ ਉਹ ਨਗਰ ਹੈ ਜਿਸ ਨੂੰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਚਰਨਛੋਹ ਪ੍ਰਾਪਤ ਹੈ। ਸ੍ਰੀ ਦਮਦਮਾ ਸਾਹਿਬ ਉਹ ਮੇਰੇ ਘਰ ਤੋਂ ਢਾਈ ਕਿਲੋਮੀਟਰ 'ਤੇ ਹੈ। ਉਨ੍ਹਾਂ ਸ੍ਰ. ਹਰਪਾਲ ਸਿੰਘ ਨੂੰ ਕਿਹਾ ਕਿ ਜੇਕਰ ਕੋਈ ਗੱਲ ਸਮਝ ਨਾ ਲੱਗੇ ਤਾਂ ਮੈਨੂੰ ਜ਼ਰੂਰ ਪੁੱਛ ਲੈਣਾ। ਉਨ੍ਹਾਂ ਨੂੰ ਸਿੱਖ ਪਲੇਟਫਾਰਮ ਵੈਬਸਾਈਟ ਸ਼ੁਰੂ ਹੋਣ ਦੀ ਵਧਾਈ ਦਿੱਤੀ।

ਇਸ ਮੌਕੇ 'ਤੇ ਗੱਲਬਾਤ ਕਰਦਿਆਂ ਸ੍ਰ. ਕਰਨੈਲ ਸਿੰਘ ਸੈਣੀ ਨੇ ਕਿਹਾ ਕਿ ਇਸ ਪਲੇਟਫਾਰਮ ਤੋਂ ਸਿੱਖ ਅਤੇ ਸਹਿਜਧਾਰੀ ਸਿੱਖ ਦੇ ਮੁੱਦੇ 'ਤੇ ਚਲ ਰਹੇ ਵਿਤਕਰੇ ਉਪਰ ਵੀ ਧਿਆਨ ਦੇਣਾ ਚਾਹੀਦਾ ਹੈ, ਅਸੀਂ ਵੀ ਗੁਰੂ ਦੇ ਸਿੱਖ ਹਾਂ। ਉਨ੍ਹਾਂ ਕਿਹਾ ਕਿ ਸਾਡੇ ਸਿਰ ਤੋਂ ਧਾਰਮਿਕ ਆਗੂਆਂ ਨੇ ਧੱਕੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵਾਪਸ ਲੈ ਲਿਆ ਅਤੇ ਉਨ੍ਹਾਂ ਕਿਹਾ ਕਿ ਤੁਸੀਂ ਮੋਨੇ (ਸਹਿਜਧਾਰੀ ਸਿੱਖ) ਹੋ। ਜਿਸ ਨਾਲ ਸਾਡੇ ਮਨ ਨੂੰ ਬਹੁਤ ਠੇਸ ਪਹੁੰਚੀ।

ਇਸ ਦੇ ਨਾਲ ਅਵਤਾਰ ਲੱਖਾ, ਸ੍ਰ. ਕੁਲਵਿੰਦਰ ਸਿੰਘ ਜੋਸ਼, ਸ੍ਰ. ਰਣਜੀਤ ਸਿੰਘ ਹੋਰਾਂ ਨੇ ਸ੍ਰ. ਹਰਪਾਲ ਸਿੰਘ ਨੂੰ ਸਿੱਖ ਪਲੇਟਫਾਰਮ ਸ਼ੁਰੂ ਹੋਣ 'ਤੇ ਲੱਖ-ਲੱਖ ਵਧਾਈ ਦਿੱਤੀ।

ਇਸ ਦੇ ਨਾਲ ਹੀ 'ਸਿੱਖ ਪਲੇਟਫਾਰਮ' ਦੇ ਕਰਤਾ-ਧਰਤਾ ਸ੍ਰ. ਹਰਪਾਲ ਸਿੰਘ ਨੇ ਕਿਹਾ ਕਿ 'ਸਾਡੇ ਲੋਕ' ਅਖ਼ਬਾਰ ਜੋ ਪਿਛਲੇ ਤਕਰੀਬਨ ਪੰਦਰਾਂ ਸਾਲ ਤੋਂ ਚੱਲ ਰਹੀ ਹੈ। ਉਸ ਦੇ ਵਿਚ ਬੜਾ ਕੁਝ ਜਾਣਨ ਦਾ ਮੌਕਾ ਮਿਲਿਆ। ਵੱਖ-ਵੱਖ ਤਰ੍ਹਾਂ ਦੇ ਮਿੱਤਰਾਂ ਨੂੰ ਮਿਲਣ ਦਾ ਮੌਕਾ ਮਿਲਿਆ। 'ਸਾਡੇ ਲੋਕ' ਅਖ਼ਬਾਰ ਗੁਰਦੁਆਰਿਆਂ ਜਾਂ ਸਿੱਖਾਂ ਤੱਕ ਸੀਮਤ ਨਹੀਂ ਰਹੀ ਸਗੋਂ ਹਰ ਕਮਿਊਨਿਟੀ ਦੀ ਕਵਰੇਜ਼ ਕੀਤੀ। ਅਸੀਂ ਹਮੇਸ਼ਾ ਨਿਰਪੱਖਤਾ ਦੇ ਨਾਲ ਚੱਲਣ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਕਈ ਵਾਰੀ ਕਿਹਾ ਕਿ ਤੁਸੀਂ ਸਾਡੇ ਬਾਰੇ ਲਿਖੋ ਆਪਾਂ ਇਸ ਚੀਜ਼ ਤੋਂ ਗੁਰੇਜ਼ ਕੀਤਾ। ਉਨ੍ਹਾਂ ਕਿਹਾ ਕੀ ਸਿੱਖ ਪਲੇਟਫਾਰਮ ਤੋ ਅਸੀਂ ਸਿੱਖੀ ਦੀ ਸੇਵਾ ਅਤੇ ਇੱਕ ਦੂਜੇ 'ਚ ਵੱਧ ਰਹੀ ਨਫਰਤ ਨੂੰ ਘਟਾਉਣ ਆਪਸ ਵਿੱਚ ਪਿਆਰ ਮੁਹੱਬਤ ਨਾਲ ਮਿਲਕੇ ਸਮੂਹ ਪੰਜਾਬੀਆਂ ਨੂੰ ਪੰਜਾਬ ਤੇ ਦੇਸ਼ ਦੇ ਭਲੇ ਲਈ ਕੋਸਿਸ਼ ਕਰਾਗੇ ਇਸ ਪਲੇਟਫਾਰਮ ਤੋ ਸਿੱਖਾਂ ਦੇ ਨਾਲ ਨਾਲ ਕਿਸੇ ਨਾਲ ਵੀ ਜੇਕਰ ਧੱਕਾ ਹੁੰਦਾ ਤਾਂ ਉਸਦੀ ਅਵਾਜ਼ ਬਣਨ ਦਾ ਯਤਨ ਕਰਾਗੇ ਸਾਨੂੰ ਇਸ ਵਾਸਤੇ ਕਮਿਉਨਟੀ ਦੀ ਅਸੀਸ ਤੇ ਅਰਦਾਸ ਦੀ ਜ਼ਰੂਰਤ ਹੈ। ਅਸੀਂ ਪ੍ਰਮਾਣਿਤ ਸਿੱਖ ਇਤਿਹਾਸ ਨੂੰ ਇਸ ਪਲੇਟਫਾਰਮ ਰਾਹੀਂ ਸਾਂਝਾ ਕਰਨ ਦੀ ਕੋਸਿਸ਼ ਕਰਾਂਗੇ ਉਨ੍ਹਾਂ ਆਏ ਹੋਏ ਸੱਜਣਾ ਮਿੱਤਰਾਂ ਪ੍ਰਵਾਰਕ ਮੈਂਬਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਅੱਜ ਦੇ ਪ੍ਰੋਗਰਾਮ ਦਾ ਸੰਚਾਲਨ ਪੰਜਾਬੀ ਸਟੇਜਾਂ ਦਾ ਸ਼ਿੰਗਾਰ ਅਤੇ ਮਾਂ ਬੋਲੀ ਸਭਿਆਚਾਰ ਦੇ ਅਨਿਨ ਸੇਵਾਦਾਰ ਨੌਜਵਾਨ ਸਿੱਖ ਆਗੂ ਸ. ਜਸਵੰਤ ਸਿੰਘ ਸ਼ਾਦ ਨੇ ਕੀਤੀ ਇਥੇ ਇਹ ਵੀ ਜ਼ਿਕਰਯੋਗ ਹੈ ਕੀ ਕਮਿਉਨਟੀ ਦੇ ਆਗੂ ਅਤੇ (Law office of Anthony Nwosu) ਦੇ ਜਨਰਲ ਮੈਨੇਜਰ ਸ. ਹਰਮਿੰਦਰ ਸਿੰਘ ਸਮਾਣਾ ਪ੍ਰੋਗਰਾਮ ਉਪਰ ਆਉਂਦੇ ਸਮੇਂ ਇੱਕ ਭਿਆਨਕ ਕਾਰ ਐਕਸੀਡੈਂਟ ਹੋਣ ਕਾਰਨ ਨਹੀ ਪਹੁੰਚ ਸਕੇ। ਅਕਾਲ ਪੁਰਖ ਨੇ ਉਨ੍ਹਾਂ ਨੂੰ ਅਤੇ ਪ੍ਰਵਾਰ ਨੂੰ ਹੱਥ ਦੇ ਕੇ ਰੱਖਿਆ। ਅਸੀਂ ਉਨ੍ਹਾਂ ਦੀ ਸਿਹਤਯਾਬੀ ਤੰਦਰੁਸਤੀ ਦੀ ਅਰਦਾਸ ਕਰਦੇ ਹਾਂ। ਸਿੱਖ ਪਲੇਟਫਾਰਮ ਦੇ ਇਸ ਪ੍ਰੋਗਰਾਮ 'ਚ ਪਹੁੰਚਣ ਵਾਲੀਆਂ ਹੋਰ ਵੱਡੀਆਂ ਸਖਸ਼ੀਅਤਾਂ ਵਿੱਚ ਡਾਕਟਰ ਬਲਵਿੰਦਰ ਸਿੰਘ, ਜਗਤਾਰ ਸਿੰਘ (Banwait Trucking), ਸ. ਪਰਮਜੀਤ ਸਿੰਘ ਮਨਟੀਕਾ, ਸ. ਮਨਜੀਤ ਸਿੰਘ ਵਿਰਕ, ਸ. ਗੁਰਬਚਨ ਸਿੰਘ ਟਰੇਸੀ, ਸ. ਅਨਿੰਦਰਪਾਲ ਸਿੰਘ ਬੱਬੂ, ਸ. ਲਖਬੀਰ ਸਿੰਘ ਕਾਲਾ ਸਹੋਤਾ, ਸ. ਮਨਮੀਤ ਸਿੰਘ ਸਟਾਕਟਨ, ਸ. ਰੂਪਵੀਰ ਸਿੰਘ, ਸ. ਸਾਹਿਬ ਸਿੰਘ (ਸਟਾਕਟਨ), S. Paramjit Singh Sangha, H&S Trucking, ਸ. ਵਿਕਰਮ ਸਿੰਘ ਮੱਲੀ (Malhi Trans Inc), ਸ. ਕਰਨੈਲ ਸਿੰਘ ਸੈਣੀ, ਸ. ਬਲਵਿੰਦਰ ਸਿੰਘ ਸੰਧੂ, ਸ. ਮਨਜੀਤ ਸਿੰਘ (Dhaba Indian Cusine Tracy), ਸ. ਨਿਰਮਲ ਸਿੰਘ ਮਾਨ, ਸ. ਗੁਰਸੇਵਕ ਸਿੰਘ ਭੰਗੂ, ਸ. ਮਹਿੰਦਰ ਸਿੰਘ, ਸ ਤਰਨਜੀਤ ਸਿੰਘ ਸੰਧੂ, ਸ ਬਲਜੀਤ ਸਿੰਘ, ਸ. ਬਲਵਿੰਦਰ ਸਿੰਘ ਸਿੱਧੀ, ਸ. ਨਵਜੋਤ ਸਿੰਘ ਝੀਂਗੜਾ, ਸ੍ਰ. ਹਰਕਰਨ ਸਿੰਘ livermore, ਪਰਮਜੀਤ ਸਿੰਘ (Global Carrier Inc) ਆਦਿ ਹਾਜ਼ਰ ਸਨ।









ਲੁੱਟ ਮਾਮਲਾ

# ਲੁਧਿਆਣਾ ਕੈਸ਼ ਵੈਨ ਲੁੱਟ ਮਾਮਲੇ 'ਚ 6 ਗ੍ਰਿਫ਼ਤਾਰ, 5 ਕਰੋੜ ਰੁਪਏ ਬਰਾਮਦ





ਚੰਡੀਗੜ੍ਹ: ਲੁਧਿਆਣਾ ਵਿਚ 8.49 ਕਰੋੜ ਰੁਪਏ ਦੀ ਲੁੱਟ ਦੇ ਮਾਮਲੇ ਵਿਚ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੰਜਾਬ ਪੁਲਿਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਸਾਂਝੀ ਕੀਤੀ ਹੈ। ਕੁੱਝ ਹਥਿਆਰਬੰਦ ਲੁਟੇਰਿਆਂ ਨੇ 10 ਜੂਨ ਨੂੰ ਲੁਧਿਆਣਾ ਦੇ ਨਿਊ ਰਾਜਗੁਰੂ ਨਗਰ ਇਲਾਕੇ 'ਚ ਸੀ.ਐਮ.ਐਸ. ਸਕਿਓਰਿਟੀਜ਼ ਦੇ ਦਫ਼ਤਰ 'ਚ ਸੁਰੱਖਿਆ ਕਰਮਚਾਰੀਆਂ 'ਤੇ ਹਮਲਾ ਕਰ ਕੇ 8.49 ਕਰੋੜ ਰੁਪਏ ਦੀ ਨਕਦੀ ਲੁੱਟ ਕੇ ਫ਼ਰਾਰ ਹੋ ਗਏ ਸਨ। ਸੀ.ਐਮ.ਐਸ. ਸਕਿਓਰਿਟੀਜ਼ ਇਕ ਕੈਸ਼ ਮੈਨੇਜਮੈਂਟ ਸਰਵਿਸਿਜ਼ ਕੰਪਨੀ ਹੈ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਡੀ.ਜੀ.ਪੀ.) ਗੌਰਵ ਯਾਦਵ ਨੇ ਬੁੱਧਵਾਰ ਨੂੰ ਕਿਹਾ ਕਿ ਡਕੈਤੀ ਦੇ ਮਾਮਲੇ ਨੂੰ ਸੁਲਝਾਇਆ ਗਿਆ ਹੈ। ਇਕ ਟਵੀਟ ਵਿਚ ਉਨ੍ਹਾਂ ਕਿਹਾ, "ਕਾਊਂਟਰ ਇੰਟੈਲੀਜੈਂਸ ਦੀ ਮਦਦ ਨਾਲ ਇਕ ਵੱਡੀ ਸਫ਼ਲਤਾ ਹਾਸਲ ਹੋਈ ਹੈ , ਲੁਧਿਆਣਾ ਪੁਲਿਸ ਨੇ 60 ਘੰਟਿਆਂ ਤੋਂ ਵੀ ਘੱਟ ਸਮੇਂ ਵਿਚ ਕੈਸ਼ ਵੈਨ ਲੁੱਟ ਦੇ ਮਾਮਲੇ ਨੂੰ ਸੁਲਝਾਇਆ ਹੈ। ਇਸ ਵਾਰਦਾਤ ਵਿਚ ਸ਼ਾਮਲ 10 ਮੁਲਜ਼ਮਾਂ ਵਿਚੋਂ ਪੰਜ ਮੁੱਖ ਮੁਲਜ਼ਮ ਫੜੇ ਗਏ ਹਨ ਅਤੇ ਵੱਡੀ ਰਕਮ ਬਰਾਮਦ ਕੀਤੀ ਗਈ ਹੈ। ਜਾਂਚ ਜਾਰੀ ਹੈ।" ਹਾਲਾਂਕਿ ਬਾਅਦ ਵਿਚ ਇਸ ਪੂਰੇ ਮਾਮਲੇ ਬਾਰੇ ਲੁਧਿਆਣਾ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਵਲੋਂ ਕੀਤੀ ਪ੍ਰੇਸਕਾਂਫਰਨਸ ਦੌਰਾਨ ਤਫ਼ਸੀਲ ਸਾਂਝੀ ਕੀਤੀ ਗਈ। ਉਨ੍ਹਾਂ ਦਸਿਆ ਕਿ ਦੌਰਾਨ ਤਫ਼ਤੀਸ਼ ਥਾਣਾ ਸਰਾਭਾ ਨਗਰ, ਲੁਧਿਆਣਾ ਦੀ ਟੀਮ ਨੇ ਸੀ.ਸੀ.ਟੀ.ਵੀ. ਕੈਮਰਿਆ ਦੀ ਮਦਦ ਰਾਹੀਂ ਪਿੰਡ ਮੰਡਿਆਣੀ, ਫ਼ਿਰੋਜ਼ਪੁਰ ਰੋਡ ਵਿਖੇ ਝਾੜੀਆਂ ਵਿਚ ਲੁਟੇਰਿਆ ਵਲੋਂ ਡਾਕਾ ਮਾਰਨ ਤੋਂ ਬਾਅਦ ਕੈਸ਼ ਲੈ ਕਰ ਜਾਣ ਲਈ ਵਰਤੀ ਸੀ.ਐਮ.ਐਸ. ਕੰਪਨੀ ਦੀ ਗੱਡੀ ਨੰਬਰ ਬ੍ਰਾਮਦ ਹੋਈ, ਜਿਸ ਵਿਚੋਂ 3 ਰਾਈਫ਼ਲਾਂ12 ਬੋਰ ਵੀ ਬ੍ਰਾਮਦ ਹੋਈਆਂ।

**-ਮਨਦੀਪ ਕੌਰ ਤੇ ਮਨਜਿੰਦਰ ਮਨੀ ਮੁੱਖ ਸੂਤਰਧਾਰ ਸਨ**

**-CMS ਕੰਪਨੀ ਦਾ 4 ਸਾਲ ਤੋਂ ਮੁਲਾਜ਼ਮ ਸੀ ਮਨਜਿੰਦਰ ਮਨੀ**

ਉਨ੍ਹਾਂ ਦੱਸਿਆ ਕਿ 13 ਜੂਨ ਨੂੰ ਪਿੰਡ ਢੱਟ ਨੇੜੇ ਜਗਰਾਉ ਫਲਾਈਓਵਰ ਨਜ਼ਦੀਕ ਮਨਦੀਪ ਸਿੰਘ ਉਰਫ਼ ਵਿੱਕੀ ਅਤੇ ਹਰਵਿੰਦਰ ਸਿੰਘ ਉਰਫ਼ ਲੰਬੂ ਨੂੰ ਕਾਬੂ ਕੀਤਾ ਜਿਨ੍ਹਾਂ ਨੇ ਪੁਛਗਿਛ ਦੌਰਾਨ ਅਪਣਾ ਗੁਨਾਹ ਕਬੂਲ ਕੀਤਾ ਅਤੇ ਇਸ ਲੁੱਟ ਦੇ ਮਾਸਟਰ ਮਾਈਂਡ ਮਨਜਿੰਦਰ ਸਿੰਘ ਉਰਫ਼ ਮਨੀ ਅਤੇ ਬਾਕੀ ਮੁਲਜ਼ਮਾਂ ਪਰਮਜੀਤ ਸਿੰਘ ਉਰਫ਼ ਪੰਮਾ, ਹਰਪ੍ਰੀਤ ਸਿੰਘ, ਨਰਿੰਦਰ ਸਿੰਘ ਉਰਫ਼ ਹੈਪੀ, ਮਨਦੀਪ ਕੌਰ, ਜਸਵਿੰਦਰ ਸਿੰਘ, ਅਰੁਨ ਕੋਚ, ਨੰਨੀ ਅਤੇ ਗੁਲਸ਼ਨ ਬਾਰੇ ਦਸਿਆ, ਜਿਨ੍ਹਾਂ ਨੂੰ ਮੁੱਕਦਮਾ ਵਿਚ ਦੋਸ਼ੀ ਨਾਮਜ਼ਦ ਕੀਤਾ ਗਿਆ।

## ਲੁਧਿਆਣਾ ਡਕੈਤੀ ਦੀਆਂ ਬਰਨਾਲਾ 'ਚ ਜੁੜੀਆਂ ਤਾਰਾਂ, ਮੁਲਜ਼ਮ ਦੇ ਪਿਤਾ ਨੂੰ ਲਿਆ ਹਿਰਾਸਤ 'ਚ

ਬਰਨਾਲਾ : ਪੰਜ ਦਿਨ ਪਹਿਲਾਂ ਲੁਧਿਆਣਾ 'ਚ ਨਿਊ ਰਾਜਗੁਰੂ ਨਗਰ ਖੇਤਰ 'ਚ ਦੋ ਸੁਰੱਖਿਆ ਗਾਰਡਾਂ ਸਮੇਤ ਪੰਜ ਕਰਮਚਾਰੀਆਂ ਨੂੰ ਬੰਦੀ ਬਣਾ ਕੇ ਕੈਸ ਮੈਨੇਜਮੈਂਟ ਸਰਵਿਸ ਕੰਪਨੀ ਦੇ ਦਫ਼ਤਰ 'ਚੋਂ 8.49 ਕਰੋੜ ਰੁਪਏ ਦੀ ਹੋਈ ਲੁੱਟ ਦੀਆਂ ਤਾਰਾਂ ਬਰਨਾਲਾ ਦੇ ਨਾਲ ਜੁੜੀਆਂ ਹਨ। ਜਦਕਿ ਇਸ ਗੱਲ ਦਾ ਉਦੋਂ ਪਤਾ ਲੱਗਿਆ ਜਦ ਮੰਗਲਵਾਰ ਰਾਤ ਨੂੰ ਲੁਧਿਆਣਾ ਪੁਲਿਸ ਦੀ ਟੀਮ ਰਾਮਗੜ੍ਹੀਆ ਗੁਰਦੁਆਰਾ ਦੇ ਸਾਹਮਣੇ ਪੀਰਖਾਨਾ ਵਾਲੀ ਗਲੀ 'ਚ ਰਹਿੰਦੇ ਅਰੁਣ ਕੁਮਾਰ ਦੇ ਘਰ ਪਹੁੰਚ ਗਈ। ਪੁਲਿਸ ਪਾਰਟੀ ਨੇ ਘਰ ਦਾ ਚੱਪਾ-ਚੱਪਾ ਛਾਣ ਮਾਰਿਆ ਤੇ ਘਰ ਦੇ ਕੋਲ ਪਲਾਟ 'ਚ ਖੜ੍ਹੀ ਇੱਕ ਕਾਰ ਨੂੰ ਵੀ ਕਬਜ਼ੇ 'ਚ ਲੈ ਲਿਆ। ਬੇਸ਼ੱਕ ਪੁਲਿਸ ਨੂੰ ਅਰੁਣ ਕੁਮਾਰ ਨਹੀਂ ਮਿਲਿਆ, ਪਰ ਪੁਲਿਸ ਅਰੁਣ ਦੇ ਪਿਤਾ ਰਾਜੇਸ਼ ਕੁਮਾਰ ਨੂੰ ਪੁੱਛਗਿੱਛ ਦੇ ਲਈ ਆਪਣੇ ਨਾਲ ਲੈ ਕੇ ਰਵਾਨਾ ਹੋ ਗਈ।



ਪੁਲਿਸ ਦੀ ਛਾਪੇਮਾਰੀ ਦੀ ਪੁਸ਼ਟੀ ਅਰੁਣ ਕੁਮਾਰ ਦੇ ਪਰਿਵਾਰਕ ਮੈਂਬਰਾਂ ਨੇ ਵੀ ਕਰ ਦਿੱਤੀ ਹੈ। ਛਾਪੇਮਾਰੀ ਦੇ ਲਈ ਆਈ ਲੁਧਿਆਣਾ ਪੁਲਿਸ ਦੇ ਅਨੁਸਾਰ ਹਰਪ੍ਰੀਤ ਸਿੰਘ ਵਾਸੀ ਭਾਈ ਸਾਹਿਬ ਸਿੰਘ ਨਗਰ ਸੰਘੇੜਾ ਰੋਡ ਬਰਨਾਲਾ, ਨਰਿੰਦਰ ਸਿੰਘ ਉਰਫ਼ ਹੈਪੀ, ਮਨਦੀਪ ਕੌਰ ਰਾਮਗੜ੍ਹੀਆ ਰੋਡ ਬਰਨਾਲਾ, ਜਸਵਿੰਦਰ ਸਿੰਘ ਵਾਸੀ ਬਰਨਾਲਾ, ਅਰੁਣ ਕੁਮਾਰ ਵਾਸੀ ਬਰਨਾਲਾ, ਨੰਨੀ ਤੇ ਗੁਲਸ਼ਣ ਦੀ ਪੁਲਿਸ ਨੂੰ ਭਾਲ ਹੈ।

ਅਰੁਣ ਕੁਮਾਰ ਦੀ ਮਾਂ ਬਿਮਲਾ ਰਾਣੀ ਤੇ ਉਸ ਦੀ ਦਾਦੀ ਨੇ ਦੱਸਿਆ ਕਿ 13 ਜੂਨ ਦੀ ਰਾਤ ਲੁਧਿਆਣਾ ਪੁਲਿਸ ਉਸਦੇ ਘਰ ਪਹੁੰਚੀ ਤੇ ਕਰੀਬ ਤਿੰਨ ਘੰਟੇ ਘਰ ਦਾ ਚੱਪਾ ਚੱਪਾ ਜਾਂਚ ਕੀਤੀ। ਉਨ੍ਹਾਂ ਕਿਹਾ ਕਿ ਪੁਲਿਸ ਨੇ ਘਰ ਆਉਣੇ ਹੀ ਅਰੁਣ ਕੁਮਾਰ ਦੇ ਬਾਰੇ 'ਚ ਪੁੱਛਿਆ ਤੇ ਉਨ੍ਹਾਂ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਮਜ਼ਦੂਰੀ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਦਾ ਹੈ ਤੇ ਅਰੁਣ ਕੁਮਾਰ ਆਈਲੈਟਸ ਕਰ ਰਿਹਾ ਹੈ। ਪਿਛਲੇ ਦੋ ਤਿੰਨ ਦਿਨਾਂ ਤੋਂ ਅਰੁਣ ਕੁਮਾਰ ਆਪਣੇ ਦੋਸਤ ਨੰਨੀ ਵਾਸੀ ਖੁੱਡੀ ਕਲਾਂ ਰੋਡ ਬਰਨਾਲਾ ਦੇ ਨਾਲ ਹਰਿਦੁਆਰ ਗਿਆ ਹੋਇਆ ਹੈ। ਪੁਲਿਸ ਨੇ ਲੁਧਿਆਣਾ 'ਚ ਵੱਡੀ ਚੋਰੀ ਦੀ ਘਟਨਾ 'ਚ ਅਰੁਣ ਦੀ ਸ਼ਮੂਲੀਅਤ ਬਾਰੇ 'ਚ ਦੱਸਿਆ ਜਦਕਿ ਉਹ ਤਾਂ ਅਜਿਹਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਘਰ 'ਚੋਂ ਪੁਲਿਸ ਨੂੰ ਕੁੱਝ ਬਰਾਮਦ ਨਹੀਂ ਹੋਇਆ। ਜਦ ਘਰ ਦੇ ਨਜ਼ਦੀਕ ਇੱਕ ਪਲਾਟ ਖੜ੍ਹਾ ਕਾਰ ਨੂੰ ਪੁਲਿਸ ਨਾਲ ਲੈ ਗਈ। ਅਰੁਣ ਕੁਮਾਰ ਤੇ ਨੰਨੀ ਬਰਨਾਲਾ ਦਾ ਇਸ ਘਟਨਾ ਦੇ ਨਾਲ ਕੋਈ ਸਬੰਧ ਹੈ ਜਾਂ ਨਹੀਂ, ਇਸ ਦੀ ਪੁਸ਼ਟੀ ਹੋਣੀ ਅਜੇ ਬਾਕੀ ਹੈ। ਦੱਸਣਯੋਗ ਹੈ ਕਿ 10 ਜੂਨ ਨੂੰ ਹਥਿਆਰਬੰਦ ਨਕਾਬਪੋਸ ਲੁਟੇਰਿਆਂ ਨੇ ਲੁਧਿਆਣਾ ਦੇ ਨਿਊ ਰਾਜਗੁਰੂ ਨਗਰ ਖੇਤਰ 'ਚ ਦੋ ਸੁਰੱਖਿਆ ਗਾਰਡਾਂ ਸਮੇਤ ਪੰਜ ਕਰਮਚਾਰੀਆਂ ਨੂੰ ਬੰਦੀ ਬਣਾਕੇ ਕੈਸ ਮੈਨੇਜਮੈਂਟ ਸਰਵਿਸ ਕੰਪਨੀ ਦੇ ਦਫ਼ਤਰ 'ਚੋਂ 8.49 ਕਰੋੜ ਰੁਪਏ ਲੁੱਟ ਗਏ ਸੀ। ਲੁਟੇਰੇ ਰਾਤ 1:30 ਵਜੇ ਅੰਦਰ ਦਾਖਲ ਹੋਏ ਤੇ ਇੱਕ ਘੰਟੇ 'ਚ ਕੈਸ ਵੈਨ ਹੀ ਲੈ ਕੇ ਫ਼ਰਾਰ ਹੋ ਗਏ।

## ਲੁਧਿਆਣਾ ਡਾਕੇ ਦੀ ਮਾਸਟਰਮਾਈਂਡ ਨਿੱਕਲੀ ਬਰਨਾਲਾ ਦੀ ਨਵ ਵਿਆਹੁਤਾ, 'ਡਾਕੂ ਹਸੀਨਾ' ਦੀ ਇੰਸਟਾਗ੍ਰਾਮ 'ਤੇ ਹੋਈ ਸੀ ਜੱਸੇ ਨਾਲ ਦੋਸਤੀ

ਲੁਧਿਆਣਾ : ਲੁਧਿਆਣਾ ਵਿਚ ਏ. ਟੀ. ਐੱਮ. ਕੈਸ਼ ਕੰਪਨੀ ਸੀ. ਐੱਮ. ਐੱਸ. ਵਿਚ ਹੋਈ 8.49 ਕਰੋੜ ਦੀ ਲੁੱਟ ਨੂੰ ਪੁਲਸ ਨੇ ਸੁਲਝਾ ਲਿਆ ਹੈ। ਲੁੱਟ ਵਿਚ ਸ਼ਾਮਲ 6 ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ 5 ਕਰੋੜ ਰੁਪਏ ਦੀ ਰਕਮ ਰਿਕਵਰ ਕਰ ਲਈ ਗਈ ਹੈ। ਇਸ ਵੱਡੀ ਲੁੱਟ ਦੀ ਸਾਜ਼ਿਸ਼ ਵਿਚ 10 ਮੁਲਜ਼ਮ ਸ਼ਾਮਲ ਸਨ ਜਿਨ੍ਹਾਂ ਵਿਚੋਂ 6 ਗ੍ਰਿਫ਼ਤਾਰ ਹਨ। ਪੁਲਸ ਮੁਤਾਬਕ ਇਸ ਲੁੱਟ ਦੀ ਮਾਸਟਰ ਮਾਈਂਡ ਮਨਦੀਪ ਕੌਰ ਉਰਫ ਡਾਕੂ ਹਸੀਨਾ ਨਾਮ ਦੀ ਮਹਿਲਾ ਹੈ, ਜਿਸ ਨੇ ਸਾਰੀ ਪਲਾਨਿੰਗ ਕੀਤੀ ਸੀ। ਪੁਲਸ ਮੁਤਾਬਕ ਮਨਜਿੰਦਰ ਮਨੀ 4 ਸਾਲ ਤੋਂ ਕੰਪਨੀ ਦਾ ਕਰਮਚਾਰੀ ਸੀ। ਉਸ ਨਾਲ ਮਿਲ ਕੇ ਹੀ ਮਨਦੀਪ ਕੌਰ ਅਤੇ 9 ਮੈਂਬਰਾਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ ਹੈ।

ਇਸ ਸਨਸਨੀਖੇਜ਼ ਲੁੱਟ ਦੀ ਵਾਰਦਾਤ ਦੀ ਮਾਸਟਰ ਮਾਈਂਡ ਦੱਸੀ ਜਾ ਰਹੀ ਮਨਦੀਪ ਕੌਰ ਉਰਫ ਡਾਕੂ ਹਸੀਨਾ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ। ਮਨਦੀਪ ਕੌਰ ਡੇਹਲੋਂ ਦੀ ਰਹਿਣ ਵਾਲੀ ਹੈ ਅਤੇ ਬਰਨਾਲਾ 'ਚ ਵਿਆਹੀ ਹੈ। ਕੇਸ 'ਚ 2 ਮੁੱਖ ਸੂਤਰਧਾਰ ਮਨਦੀਪ ਕੌਰ ਅਤੇ ਮਨਜਿੰਦਰ ਮਨੀ ਹਨ। ਮਨਦੀਪ ਕੌਰ ਦਾ ਪਤੀ ਵੀ ਇਸ ਕਾਂਡ 'ਚ ਸ਼ਾਮਲ ਪਾਇਆ ਗਿਆ ਹੈ ਅਤੇ ਪੁਲਸ ਨੇ ਮੁੱਖ ਮੁਲਜ਼ਮ ਮਨਦੀਪ ਕੌਰ ਅਤੇ ਉਸ ਦੇ ਪਤੀ ਖ਼ਿਲਾਫ਼ ਐੱਲ. ਓ. ਸੀ. ਜਾਰੀ ਕਰ ਦਿੱਤਾ ਹੈ। ਲੁੱਟ ਤੋਂ ਬਾਅਦ ਦੀ ਇੰਸਟਾਗ੍ਰਾਮ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿਚ 500 ਦੇ ਨੋਟਾਂ ਨੂੰ ਹੱਥ ਵਿਚ ਫੜ ਕੇ ਇਕ ਨੌਜਵਾਨ ਰੀਲ ਬਣਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਵੀਡੀਓ ਡਾਕੂ ਹਸੀਨਾ ਦਾ ਭਰਾ ਬਣਾ ਰਿਹਾ ਸੀ। ਜਿਸ ਦਾ ਨਾਂ ਹਰਪ੍ਰੀਤ ਸਿੰਘ ਹੈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਲੁਟੇਰੇ 2 ਬੈਗਾਂ 'ਚ 3-3 ਕਰੋੜ ਰੁਪਏ ਲੈ ਕੇ ਫਰਾਰ ਹੋਏ ਸਨ।






ਇਸ ਬਾਰੇ ਪ੍ਰੈੱਸ ਕਾਨਫਰੰਸ ਕਰਦਿਆਂ ਲੁਧਿਆਣਾ ਦੇ ਪੁਲਸ ਕਮਿਸ਼ਨਰ ਮਨਦੀਪ ਸਿੱਧੂ ਨੇ ਦੱਸਿਆ ਕਿ ਕੰਪਨੀ ਨੇ ਪਹਿਲਾਂ 7 ਕਰੋੜ ਦੀ ਲੁੱਟ ਦੀ ਗੱਲ ਕਹੀ ਅਤੇ ਬਾਅਦ 'ਚ ਇਸ ਨੂੰ 8.49 ਕਰੋੜ ਰੁਪਏ ਦੀ ਲੁੱਟ ਦੱਸਿਆ। ਉਨ੍ਹਾਂ ਦੱਸਿਆ ਕਿ ਇਸ ਕੇਸ 'ਚ ਇਕ ਡਾਕੂ ਹਸੀਨਾ ਮਨਦੀਪ ਕੌਰ ਅਤੇ ਉਸ ਦੇ 9 ਮੈਂਬਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਮਨਦੀਪ ਕੌਰ ਡੇਹਲੋਂ ਦੀ ਰਹਿਣ ਵਾਲੀ ਹੈ ਅਤੇ ਬਰਨਾਲਾ 'ਚ ਵਿਆਹੀ ਹੈ। ਕੇਸ 'ਚ 2 ਮੁੱਖ ਸੂਤਰਧਾਰ ਮਨਦੀਪ ਕੌਰ ਅਤੇ ਮਨਜਿੰਦਰ ਮਨੀ ਹਨ। ਮਨਦੀਪ ਕੌਰ ਦਾ ਪਤੀ ਵੀ ਇਸ ਕਾਂਡ 'ਚ ਸ਼ਾਮਲ ਪਾਇਆ ਗਿਆ ਹੈ ਅਤੇ ਪੁਲਸ ਨੇ ਮੁੱਖ ਮੁਲਜ਼ਮ ਮਨਦੀਪ ਕੌਰ ਅਤੇ ਉਸ ਦੇ ਪਤੀ ਦੇ ਖ਼ ?ਲਾਫ਼ ਐੱਲ. ਓ. ਸੀ. ਜਾਰੀ ਕਰ ਦਿੱਤਾ ਹੈ। ਮਨੀ ਸੀ. ਐੱਮ. ਐਸ. ਕੰਪਨੀ 'ਚ 4 ਸਾਲਾਂ ਤੋਂ ਕੰਮ ਕਰ ਰਿਹਾ ਸੀ। ਇਨ੍ਹਾਂ ਦੋਹਾਂ ਵਿਚਕਾਰ ਕਿਸੇ ਤਰ੍ਹਾਂ ਨਾਲ ਦੋਸਤੀ ਹੋ ਗਈ ਤਾਂ ਦੋਹਾਂ ਨੇ ਇਸ ਲੁੱਟ ਦੀ ਵਾਰਦਾਤ ਦਾ ਸਾਰਾ ਪਲਾਨ ਬਣਾਇਆ। ਲੁੱਟ ਲਈ ਮੁਲਜ਼ਮਾਂ ਨੇ 2 ਮਡਿਊਲ ਬਣਾਏ। ਇਸ ਦੇ ਮੁਤਾਬਕ ਮਨੀ ਬਾਈਕ 'ਤੇ, ਜਦੋਂ ਕਿ ਮਨਦੀਪ ਕੌਰ ਗੱਡੀ 'ਚ ਗਈ ਸੀ।

ਉਨ੍ਹਾਂ ਨੇ ਕਿਹਾ ਕਿ ਕੰਪਨੀ ਵੱਲੋਂ ਦੱਸੀ ਰਕਮ ਅਤੇ ਲੁਟੇਰਿਆਂ ਦੇ ਬਿਆਨਾਂ 'ਚ ਫ਼ਰਕ ਹੈ। ਕੰਪਨੀ ਵੱਲੋਂ ਸੁਰੱਖਿਆ ਦੇ ਕੋਈ ਪ੍ਰਬੰਧ ਨਹੀਂ ਕੀਤੇ ਗਏ ਸਨ, ਜਿਸ ਕਾਰਨ ਇਹ ਵਾਰਦਾਤ ਵਾਪਰੀ। ਜੇਕਰ ਬਿਜਲੀ ਚਲੀ ਜਾਂਦੀ ਸੀ ਤਾਂ ਮੁਲਾਜ਼ਮ ਆਪਣਾ ਕਾਰਡ ਪੰਚ ਨਹੀਂ ਕਰ ਸਕਦੇ ਹਨ। ਇਸ ਸਭ ਦਾ ਮਨੀ ਨੂੰ ਪਤਾ ਸੀ ਕਿ ਕੰਪਨੀ 'ਚ ਕਿਹੋ ਜਿਹਾ ਸਿਸਟਮ ਹੈ। ਇਸ ਲਈ ਉਹ ਬਿਨਾਂ ਹਥਿਆਰਾਂ ਦੇ ਸੱਬਲਾਂ, ਕੱਟਰ ਆਦਿ ਲੈ ਕੇ ਪਿਛਲੇ ਪਾਸਿਓਂ ਕੰਪਨੀ ਅੰਦਰ ਦਾਖ਼ਲ ਹੋਏ। ਉਨ੍ਹਾਂ ਨੇ ਦੱਸਿਆ ਕਿ 11 ਕਰੋੜ, 70 ਹਜ਼ਾਰ ਰੁਪਏ ਦੀ ਰਕਮ ਬੈਂਕ ਮੈਨੇਜਰ ਨੇ ਉਨ੍ਹਾਂ ਨੂੰ ਲਿਖ ਕੇ ਦਿੱਤੀ ਸੀ। ਫਿਰ ਇਹ ਕਿਹਾ ਗਿਆ ਕਿ 4 ਕਰੋੜ, 45 ਲੱਖ ਰੁਪਿਆ ਕੰਪਨੀ 'ਚ ਪਿਆ ਹੈ ਅਤੇ ਇਸ ਮੁਤਾਬਕ ਲੁੱਟ ਸਿਰਫ 6 ਕਰੋੜ, 32 ਲੱਖ ਦੀ ਹੋਈ ਹੈ, ਜਦੋਂ ਕਿ ਕੰਪਨੀ ਨੇ ਇਹ ਰਕਮ 8 ਕਰੋੜ 49 ਲੱਖ ਦੱਸੀ ਹੈ।

# ਕਟਾਰੂਚੱਕ ਮਾਮਲਾ: ਸ਼ਿਕਾਇਤਕਰਤਾ ਵੱਲੋਂ ਕਾਰਵਾਈ ਕਰਵਾਉਣ ਤੋਂ ਇਨਕਾਰ

ਚੰਡੀਗੜ੍ਹ : ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਲਾਉਣ ਵਾਲੇ ਕੇਸ਼ਵ ਕੁਮਾਰ ਨੇ ਹੁਣ ਯੂ-ਟਰਨ ਲੈ ਲਿਆ ਹੈ। ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਕੋਲ ਕੇਸ਼ਵ ਕੁਮਾਰ ਨੇ ਆਪਣੀ ਪਹਿਲੀ ਸ਼ਿਕਾਇਤ ਤੋਂ ਮੋੜਾ ਕੱਟਦਿਆਂ ਕੈਬਨਿਟ ਮੰਤਰੀ ਕਟਾਰੂਚੱਕ ਖ਼ਿਲਾਫ਼ ਕੋਈ ਕਾਰਵਾਈ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਵਿਰੋਧੀ ਧਿਰਾਂ ਨੇ ਇਹ ਗੱਲ ਉਭਾਰੀ ਸੀ ਕਿ ਕੈਬਨਿਟ ਮੰਤਰੀ ਕਟਾਰੂਚੱਕ ਨੇ ਉਸ ਵੇਲੇ ਪੀੜਤ ਦਾ ਜਿਨਸੀ ਸ਼ੋਸ਼ਣ ਕੀਤਾ ਜਦੋਂ ਉਹ 2013 ਵਿਚ ਨਾਬਾਲਗ ਸੀ।

ਸੂਤਰਾਂ ਅਨੁਸਾਰ ਪਠਾਨਕੋਟ ਜ਼ਿਲ੍ਹੇ ਦੇ ਐਸਐੱਫਐੱਲਜੇਐੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਨੇ 11 ਮਈ 2023 ਨੂੰ ਪਠਾਨਕੋਟ ਪੁਲੀਸ ਨੂੰ ਪੱਤਰ ਭੇਜ ਕੇ ਦੱਸਿਆ ਹੈ ਕਿ ਕੇਸ਼ਵ ਕੁਮਾਰ 2007-08 ਵਿਚ ਇਸ ਸਕੂਲ ਦਾ ਵਿਦਿਆਰਥੀ ਸੀ ਅਤੇ ਉਸ ਦੀ ਜਨਮ ਮਿਤੀ 3 ਮਈ 1993 ਵੀ ਦੱਸੀ ਗਈ। ਵਿਸ਼ੇਸ਼ ਜਾਂਚ ਟੀਮ ਨੇ ਪਾਇਆ ਕਿ ਘਟਨਾ ਵਾਲੇ 2013 ਦੇ ਵਰ੍ਹੇ ਵਿਚ ਵੀ ਪੀੜਤ ਨਾਬਾਲਗ ਨਹੀਂ ਸੀ। ਪੀੜਤ ਸਕੂਲ ਚੋਂ ਨੌਵੀਂ ਕਲਾਸ ਦਾ ਡਰਾਪ ਆਊਟ ਹੈ।

ਸੂਤਰਾਂ ਅਨੁਸਾਰ ਪੀੜਤ ਨੇ 5 ਜੂਨ ਨੂੰ ਵਿਸ਼ੇਸ਼ ਜਾਂਚ ਟੀਮ ਨੂੰ ਆਪਣਾ ਬਿਆਨ ਭੇਜ ਕੇ ਅਪੀਲ ਕੀਤੀ ਸੀ ਕਿ ਉਹ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕਰਾਉਣਾ ਚਾਹੁੰਦਾ ਹੈ ਅਤੇ ਪੀੜਤ ਨੇ ਬਿਆਨ ਲਿਖਦੇ ਹੋਏ ਦੀ ਇੱਕ ਵੀਡੀਓ ਵੀ ਬਣਾਈ ਹੋਈ ਸੀ। ਵਿਸ਼ੇਸ਼ ਜਾਂਚ ਟੀਮ ਨੇ ਉਸ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਤਾਂ ਪੀੜਤ ਨੇ 10 ਜੂਨ ਨੂੰ ਪੇਸ਼ ਹੋਣ ਦੀ ਗੱਲ ਆਖੀ। ਸੂਤਰਾਂ ਅਨੁਸਾਰ ਪੀੜਤ ਨੇ 8 ਜੂਨ ਨੂੰ ਹੀ ਵਿਸ਼ੇਸ਼ ਜਾਂਚ ਟੀਮ ਨਾਲ ਸੰਪਰਕ ਕੀਤਾ ਅਤੇ 9 ਜੂਨ ਨੂੰ ਪੀੜਤ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੋਇਆ।

ਤਿੰਨ ਮੈਂਬਰੀ ਟੀਮ ਨੇ ਪੀੜਤ ਦੇ ਪੇਸ਼ ਹੋਣ ਮੌਕੇ ਦੀ ਵੀਡੀਓਗ੍ਰਾਫੀ ਵੀ ਕਰਾਈ ਅਤੇ ਪੀੜਤ ਨੇ ਹਿੰਦੀ ਭਾਸ਼ਾ ਵਿਚ ਲਿਖ ਕੇ ਇਸ ਮਾਮਲੇ ਵਿਚ ਕੋਈ ਕਾਰਵਾਈ ਨਾ ਕਰਾਉਣ ਦੀ ਗੱਲ ਆਖੀ।



ਸੂਤਰਾਂ ਅਨੁਸਾਰ ਸ਼ਿਕਾਇਤਕਰਤਾ ਨੇ ਵਿਸ਼ੇਸ਼ ਜਾਂਚ ਟੀਮ ਕੋਲ ਬਿਆਨ ਕੀਤਾ ਕਿ ਉਸ ਦਾ ਮੋਬਾਈਲ ਫ਼ੋਨ ਗੁੰਮ ਹੋ ਗਿਆ ਸੀ ਅਤੇ ਉਸ ਕੋਲ ਇੱਕ ਵਿਅਕਤੀ ਮੋਬਾਈਲ ਲੈ ਕੇ ਆਇਆ ਸੀ ਜਿਸ ਨੇ ਇੱਕ ਵੀਡੀਓ ਦਿਖਾਈ ਜੋ ਕਿ ਬਦਲੀ ਹੋਈ ਸੀ। ਉਸ ਨੇ ਵਿਸ਼ੇਸ਼ ਜਾਂਚ ਟੀਮ ਅੱਗੇ ਕੋਈ ਸੁਰੱਖਿਆ ਲੈਣ ਤੋਂ ਵੀ ਇਨਕਾਰ ਕਰ ਦਿੱਤਾ।

ਕੌਮੀ ਕਮਿਸ਼ਨ ਨੇ ਪੀੜਤ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਣ ਦੀ ਗੱਲ ਵੀ ਕੀਤੀ ਸੀ ਪ੍ਰੰਤੂ ਜਾਂਚ ਟੀਮ ਨੇ ਇਹ ਤਰਕ ਦਿੱਤਾ ਹੈ ਕਿ ਕੈਬਨਿਟ ਮੰਤਰੀ ਕਟਾਰੂਚੱਕ ਖ਼ੁਦ ਵੀ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਤ ਹਨ।

ਜ਼ਿਕਰਯੋਗ ਹੈ ਕਿ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ 6 ਜੂਨ ਨੂੰ ਤੀਜਾ ਨੋਟਿਸ ਜਾਰੀ ਕਰਕੇ 12 ਜੂਨ ਤੱਕ ਰਿਪੋਰਟ ਮੰਗੀ ਸੀ। ਕੌਮੀ ਕਮਿਸ਼ਨ ਨੇ ਪੰਜਾਬ ਪੁਲੀਸ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਤੁਰੰਤ ਵੀਡੀਓ ਕਾਨਫਰੰਸ ਜਾਂ ਦਿੱਲੀ ਵਿਚ ਵਿਅਕਤੀਗਤ ਤੌਰ 'ਤੇ ਪੀੜਤ ਦੇ ਬਿਆਨ ਦਰਜ ਕਰਨ ਅਤੇ ਉਸ ਨੂੰ ਸੁਰੱਖਿਆ ਮੁਹੱਈਆ ਕਰਾਈ ਜਾਵੇ। ਜਲੰਧਰ ਜ਼ਿਮਨੀ ਚੋਣ ਮੌਕੇ ਵਿਰੋਧੀ ਧਿਰਾਂ ਨੇ ਕਟਾਰੂਚੱਕ ਮਾਮਲੇ ਨੂੰ ਉਭਾਰਿਆ ਸੀ ਅਤੇ ਪੰਜਾਬ ਦੇ ਗਵਰਨਰ ਨੇ ਵੀ ਜਿਨਸੀ ਸ਼ੋਸ਼ਣ ਵਾਲੀ ਵੀਡੀਓ ਦੀ ਆਪਣੇ ਪੱਧਰ 'ਤੇ ਜਾਂਚ ਕਰਾਈ ਸੀ।

# ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੀ ਰਸੋਈ (ਲੰਗਰ) ਦੀ ਉਸਾਰੀ ਦੇ ਵਿਵਾਦ 'ਤੇ ਮਾਣਯੋਗ ਅਦਾਲਤ ਦਾ ਫੈਸਲਾ ਮਨਜੀਤ ਸਿੰਘ ਉੱਪਲ ਦੇ ਹੱਕ 'ਚ

## *ਪੁਰਾਣੀ ਕਮੇਟੀ ਨੂੰ ਦੇਣਾ ਪਵੇਗਾ ਪਾਈ ਪਾਈ ਦਾ ਹਿਸਾਬ ਸਬੂਤਾਂ ਨਾਲ*

ਸਟਾਕਟਨ/ਕੈਲੀਫੋਰਨੀਆ : ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਉਸਾਰੀ ਗਈ ਲੰਗਰ ਦੀ ਇਮਾਰਤ ਦਾ ਵਿਵਾਦ ਉਸ ਦਿਨ ਤੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਬਿਲਡਿੰਗ ਤਿਆਰ ਹੋਈ ਸੀ। ਸੰਗਤ ਦੇ ਸ਼ਰਧਾਵਾਨ ਨਿਸ਼ਕਾਮ ਸੇਵਕਾਂ ਮੁਤਾਬਕ ਇਹ ਇਮਾਰਤ ਦੋ ਮੰਜ਼ਿਲੀ ਬਣਨੀ ਸੀ ਅਤੇ ਇਸ ਉਪਰ ਤਕਰੀਬਨ ਸਵਾ ਮਿਲੀਅਨ ਤੋਂ ਡੇਢ ਮਿਲੀਅਨ ਖਰਚੇ ਦਾ ਅਨੁਮਾਨ ਸੀ ਪਰ ਇਹ ਸਿਰਫ਼ ਇਕ ਸਿੰਗਲ ਇਮਾਰਤ ਉਪਰ ਤਕਰੀਬਨ ਦੁੱਗਣਾ ਖਰਚਾ ਹੋ ਗਿਆ ਜਿਸ ਨਾਲ ਕਮੇਟੀ ਮੈਂਬਰਾਂ ਅਤੇ ਸੰਗਤ 'ਚ ਰੋਸ ਵਧ ਗਿਆ। ਪਹਿਲਾਂ ਗੱਲੀਂ-ਬਾਤੀਂ ਫਿਰ ਲਿਖਤੀ ਅਤੇ ਅਖੀਰ 'ਚ ਇਹ ਕੇਸ ਅਦਾਲਤ 'ਚ ਪੁੱਜ ਗਿਆ। ਕਮੇਟੀ ਦੇ ਇਕ ਸਤਿਕਾਰਯੋਗ ਮੈਂਬਰ ਨੇ ਕਿਹਾ ਕਿ ਕੋਈ ਵੀ ਲੋਨ 5000 ਡਾਲਰ ਤੋਂ ਵੱਧ ਲੈਣਾ ਹੋਵੇ ਤਾਂ ਉਸਦੀ ਇਜਾਜ਼ਤ ਸੰਗਤ ਤੋਂ ਜਨਰਲ ਬਾਡੀ ਬੁਲਾਕੇ ਲੈਣੀ ਪੈਂਦੀ ਹੈ ਜੋ ਕਿ ਇਥੇ ਉਸ ਸਮੇਂ ਦੇ ਪ੍ਰਬੰਧਕਾਂ ਨੇ ਬਾਈ ਲਾਅ ਦੀ ਉਲੰਘਣਾ ਕਰਕੇ ਕੀਤੀ। ਸੰਗਤ ਦੇ ਇਕ ਮੈਂਬਰ ਨੇ ਇਹ ਵੀ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦੇ ਦੱਸਿਆ ਕਿ ਗੁਰੂਘਰ ਉਪਰ ਕੋਈ ਕਰਜ਼ਾ ਨਹੀਂ ਸੀ ਇਨ੍ਹਾਂ ਨੇ ਪਹਿਲੀ ਵਾਰ ਗੁਰੂਘਰ ਲਈ ਕਰਜ਼ਾ ਚੁੱਕਿਆ ਤੇ ਇਕ ਮੈਂਬਰ ਦੇ ਨਾਂਅ 'ਤੇ ਗੁਰੂ ਘਰ ਲਈ ਇਕ ਘਰ ਖਰੀਦ ਕੇ ਉਸ ਉਪਰ ਹਾਰਡ ਲੋਨ ਚੁੱਕਿਆ ਜਿਸ ਨਾਲ ਸੰਗਤ ਵਲੋਂ ਚੜ੍ਹਾਇਆ ਜਾਂਦਾ ਇਕ-ਇਕ ਡਾਲਰ ਲੱਖਾਂ ਡਾਲਰਾਂ 'ਚ ਬਰਬਾਦ ਹੋ ਗਿਆ। ਪਿਛਲੇ ਕਾਫ਼ੀ ਲੰਬੇ ਸਮੇਂ ਤੋਂ ਹਿਸਾਬ ਮੰਗਿਆ ਜਾ ਰਿਹਾ ਸੀ ਪਰ ਜ਼ੁਬਾਨੀ ਕਲਾਮੀ ਹੱਥ ਨਾਲ ਲਿਖਕੇ ਬਿਨਾਂ ਸਬੂਤਾਂ ਦੇ ਬਿਨਾਂ ਰਸੀਦਾਂ ਦੇ ਟਾਲ-ਮਟੋਲ ਕੀਤਾ ਜਾਂਦਾ ਸੀ। ਅਖੀਰ 'ਚ ਮਾਣਯੋਗ ਅਦਾਲਤ ਨੇ ਉਸ ਸਮੇਂ ਦੇ ਪ੍ਰਬੰਧਕਾਂ ਵਲੋਂ ਕੀਤੀਆਂ ਬੇਨਿਯਮੀਆਂ ਲਈ ਆਪਣਾ ਫੈਸਲਾ ਸ੍ਰ. ਮਨਜੀਤ ਸਿੰਘ ਉਪਲ ਦੇ ਹੱਕ 'ਚ ਸੁਣਾ ਦਿੱਤਾ।

ਅਦਾਲਤ ਨੇ ਗੁਰੂਘਰ ਦੇ ਕਾਨੂੰਨਾਂ (ਬਾਈ




ਲਾਅ) ਦੇ ਉਲਟ ਕੀਤੇ ਫੈਸਲੇ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਪਾਈ-ਪਾਈ ਦਾ ਹਿਸਾਬ ਦੇਣ ਨੂੰ ਕਿਹਾ ਹੈ ਅਤੇ ਇਹ ਵੀ ਕਿਹਾ ਕਿ ਸਟਾਕਟਨ ਦੀ ਬੈਂਕ ਤੋਂ ਲਿਆ 10 ਲੱਖ ਡਾਲਰ ਦਾ ਕਰਜ਼ਾ ਵੀ ਸੰਗਤਾਂ ਦੀ ਇਜਾਜ਼ਤ ਬਗੈਰ ਲਿਆ। ਜੋ ਕਿ ਉਸ ਸਮੇਂ ਦੇ ਕਮੇਟੀ ਮੈਂਬਰਾਂ ਨੇ ਕੈਲੀਫੋਰਨੀਆ ਦੇ ਕਾਰਪੋਰੇਟ ਕਾਰੋਬਾਰੀ ਕਾਨੂੰਨ ਮੁਤਾਬਕ ਹਿਸਾਬ-ਕਿਤਾਬ ਹੀ ਨਹੀਂ ਰੱਖਿਆ। ਹੁਣ ਅਦਾਲਤੀ ਹੁਕਮਾਂ ਮੁਤਾਬਕ ਪੁਰਾਣੀ ਕਮੇਟੀ ਨੂੰ ਹਿਸਾਬ ਦੇਣਾ ਜ਼ਰੂਰੀ ਹੋ ਗਿਆ ਹੈ ਅਤੇ ਪੁਰਾਣੇ ਜਿਹੜੇ ਵੀ ਸਬੂਤ ਇਕੱਠੇ ਕਰਕੇ ਪੁਰਾਣੀ ਕਮੇਟੀ ਨੂੰ ਦੇਣੇ ਪਏ ਉਸਦੀ ਕੀਮਤ ਅਦਾਇਗੀ ਪੁਰਾਣੀ ਕਮੇਟੀ ਹੀ ਕਰੇਗੀ। ਮਾਣਯੋਗ ਅਦਾਲਤ ਨੇ ਅਖੀਰ 'ਚ ਇਹ ਵੀ ਕਹਿ ਦਿੱਤਾ ਕਿ ਸਿੰਗਲ ਸਟੋਰੀ ਇਮਾਰਤ ਤਾਂ ਸੰਗਤਾਂ ਨੇ ਮਨਜ਼ੂਰ ਹੀ ਨਹੀਂ ਕੀਤੀ ਸੀ। ਸੋ ਇਹ ਸਾਰਾ ਕੰਮ ਕਾਨੂੰਨੀ (ਬਾਈ ਲਾਅ) ਮੁਤਾਬਿਕ ਗਲਤ ਸੀ ਜੋ ਸੰਗਤਾਂ ਨੇ ਕਦੇ ਮਨਜ਼ੂਰ ਹੀ ਨਹੀਂ ਕੀਤਾ ਸੀ। ਅਦਾਲਤ ਨੇ 31 ਮਈ ਨੂੰ ਇਹ ਫੈਸਲਾ ਸੁਣਾ ਦਿੱਤਾ। ਆਉਣ ਵਾਲੇ ਸਮੇਂ 'ਚ ਊਠ ਕੀ ਕਰਵਟ ਲੈਂਦਾ ਦੀ ਕਹਾਵਤ ਮੁਤਾਬਕ ਆਪ ਸੰਗਤਾਂ ਨਾਲ ਦੋਵਾਂ ਧਿਰਾਂ ਨੂੰ ਸੁਣਕੇ ਸਾਂਝਾ ਕੀਤਾ ਜਾਵੇਗਾ।



EURIK O'BRYANT (SBN 304822)
OBryant@SocLawLodi.Com
SIMRAN SEKHON (SBN 304620)
Sekhon@SocLawLodi.Com
Sekhon & O'Bryant,
A Professional Law Corporation
18826 North Lower Sacramento Rd. Suite H
Woodbridge, California 95258
Tel: (209) 924-4990
Fax: (209) 989-4438

Attorneys for Plaintiff:
MANJIT UPPAL

Filed JUN 09 2023
STEPHANIE BOHRER, CLERK
By [signature] DEPUTY

SUPERIOR COURT OF THE STATE OF CALIFORNIA
IN AND FOR THE COUNTY OF SAN JOAQUIN
CIVIL UNLIMITED

| | |
|---|---|
| MANJIT UPPAL, an individual; *Plaintiff and Petitioner,* v. PACIFIC COAST KHALSA DIWAN SOCIETY, a California Nonprofit Corporation; and, DOES 1 through 20 inclusive; *Defendant and Respondent.* | Case No.: STK-CV-UWM-2020-0010429<br>~~[PROPOSED]~~ JUDGEMENT<br>Assigned: Hon. Guy-Castillo<br>Dept. No.: 10B<br>Trial Date: May 31, 2023 |

Plaintiff, Manjit Uppal, filed his Petition for Writ of Mandate and Complaint for Declaratory Relief against Defendant Pacific Coast Khalsa Diwan Society in response to the Defendant's failure to oblige with its bylaws which require that Defendant request approval for building projects by its members, request approval for financing by its members, to request approval for transfer of real property by its members, and that Defendant provide access to documents and information of Defendant corporation upon demand of any member.

On MAY 31, 2023, at 9:30 A.M. the above-captioned matter came before the Honorable Erin Guy Castillo, Judge of the Superior Court, in Department 10B, of the San Joaquin County Superior Court, located at 180 E. Weber Ave, Stockton, California, 95202, for bench trial.

Simran Sekhon, of Sekhon & O'Bryant, A Professional Law Corporation, appeared on behalf of Plaintiff, Manjit Uppal (hereinafter "Plaintiff"), along with Plaintiff Manjit Uppal. Defendant failed to appear at trial.

The Court, having head and considered the argument of counsel, testimony preferred in support of Plaintiff's petition, and good cause appearing therefore, the Court finds that Plaintiff has met his burden of proof on his claims.

THEREFORE, JUDGEMENT for Writ of Mandate, Injunctive and Declaratory Relief is entered in favor of Plaintiff and Petitioner against Defendant and Respondent on all claims as follows:

NOW, THEREFORE, IT IS ORDERED, ADJUDGED, and DECREED that:

1. Plaintiff's Petition for Writ of Mandate is granted
   a. Judgment is entered in favor of Plaintiff.
   b. A Peremptory Writ of Mandate shall issue ordering Respondent to provide access to each of the corporate and financial books and records of Respondent to Petitioner.
   c. Any cost of inspecting and copying of the corporate and financial books and records of Respondent shall be paid by Petitioner.
2. Plaintiff's Complaint for Declaratory Relief and Injunctive Relief is Granted
   a. The Court Declares that Defendant's construction of a single-story structure was not approved by the members as per the terms of the bylaws, and as such that action was improper and illegal as it did not comply with the Defendant's bylaws.
   b. The Court Declares that Defendant's borrowing of money from Bank of Stockton in the amount of One Million Dollars ($1,000,000.00) was not approved by the members as per the terms of the bylaws, and as such that action was improper and illegal as it did not comply with the Defendant's bylaws.
   c. The Court Declares that Defendant's withholding of, and failure to produce for inspection its corporate and financial books and records, upon a demand to inspect by Plaintiff, does not comply with California Corporations Code, and does not comply with Defendant's bylaws, and as such that action was improper and illegal as it did not comply with the Defendant's bylaws or California law.
   d. Defendant and its officer, directors, and trustees are, by permanent injunction, requested ~~enjoined~~ to disclose the corporate and financial records and documents of Pacific Coast Khalsa Diwan Society to Respondent immediately.
3. It is ordered that Petitioner may request attorney fees post judgment pursuant to C.C.P. 1033.5 and through a Memorandum of Costs pursuant to CRC 3.1700 and 3.1702.

Dated: June 9, 2023

[signature]
Hon. Erin Guy-Castillo
Judge of the Superior Court
San Joaquin County

## ਬੇਖੌਫ਼ ਲੁਟੇਰੇ

# ਮੋਗਾ 'ਚ ਦਿਨ ਦਿਹਾੜੇ ਸਰਾ.ਫ ਦੀ ਹੱਤਿਆ



ਰਮਿੰਦਰ ਉਰਫ ਵਿੱਕੀ




ਮੋਗਾ 'ਚ ਬਾਜ਼ਾਰ ਬੰਦ ਕਰ ਕੇ ਧਰਨਾ ਦਿੰਦੇ ਹੋਏ ਦੁਕਾਨਦਾਰ।



ਪੁਲਿਸ ਵੱਲੋਂ ਜਾਰੀ ਲੁਟੇਰਿਆਂ ਦੀ ਸੀਸੀਟੀਵੀ ਫੁਟੇਜ।

ਮੋਗਾ : ਇੱਥੋਂ ਦੇ ਰਾਮਗੰਜ ਮੰਡੀ ਇਲਾਕੇ 'ਚ ਲੁਟੇਰੇ ਦਿਨ ਦਿਹਾੜੇ ਸਰਾਫ਼ ਨੂੰ ਗੋਲੀਆਂ ਮਾਰਨ ਮਗਰੋਂ ਸੋਨਾ ਲੁੱਟ ਕੇ ਫ਼ਰਾਰ ਹੋ ਗਏ। ਇਸ ਦੌਰਾਨ ਗੰਭੀਰ ਰੂਪ 'ਚ ਜ਼ਖ਼ਮੀ ਹੋਏ ਸਰਾਫ਼ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਹਾਲੇ ਇਹ ਸਪੱਸ਼ਟ ਨਹੀਂ ਹੋਇਆ ਕਿ ਦੁਕਾਨ ਤੋਂ ਕਿੰਨਾ ਸੋਨਾ ਲੁੱਟਿਆ ਗਿਆ ਹੈ। ਇਸ ਵਾਰਦਾਤ ਮਗਰੋਂ ਦੁਕਾਨਦਾਰ ਰੋਸ ਵਜੋਂ ਦੁਕਾਨਾਂ ਬੰਦ ਕਰ ਕੇ ਬਾਜ਼ਾਰ ਵਿੱਚ ਧਰਨੇ 'ਤੇ ਬੈਠ ਗਏ ਅਤੇ ਲੁਟੇਰਿਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ। ਜ਼ਿਲ੍ਹਾ ਪੁਲੀਸ ਮੁਖੀ ਜੇ. ਏਲਨਚੇਜ਼ੀਅਨ ਨੇ ਕਿਹਾ ਕਿ ਸੀਸੀਟੀਵੀ ਫੁਟੇਜ ਵਿਚ ਲੁਟੇਰਿਆਂ ਦੀਆਂ ਤਸਵੀਰਾਂ ਸਾਫ ਹਨ ਤੇ ਜਲਦੀ ਹੀ ਉਨ੍ਹਾਂ ਨੂੰ ਕਾਬੂ ਕਰ ਲਿਆ ਜਾਵੇਗਾ। ਉਨ੍ਹਾਂ ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ ਕਰ ਕੇ ਸੂਚਨਾ ਦੇਣ ਵਾਲੇ ਨੂੰ ਇਨਾਮ ਦੇਣ ਦਾ ਐਲਾਨ ਕੀਤਾ ਹੈ।

ਪੁਲੀਸ ਮੁਤਾਬਕ ਦੁਪਹਿਰ ਕਰੀਬ ਦੋ ਵਜੇ ਮੋਟਰਸਾਈਕਲਾਂ 'ਤੇ ਆਏ ਪੰਜ ਲੁਟੇਰੇ ਰਾਮਗੰਜ ਮੰਡੀ ਸਥਿਤ ਏਸ਼ੀਆ ਜਵੈਲਰਜ਼ ਦੀ ਦੁਕਾਨ 'ਚ ਸੋਨੇ ਦੇ ਗਹਿਣੇ ਖਰੀਦਣ ਬਹਾਨੇ

## ਰੋਸ ਵਜੋਂ ਦੁਕਾਨਦਾਰਾਂ ਨੇ ਬਾਜ਼ਾਰ ਬੰਦ ਕਰ ਕੇ ਦਿੱਤਾ ਧਰਨਾ

ਆਏ ਅਤੇ ਸਰਾਫ਼ ਪਰਮਿੰਦਰ ਸਿੰਘ ਉਰਫ਼ ਵਿੱਕੀ 'ਤੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਦੀ ਆਵਾਜ਼ ਸੁਣ ਕੇ ਭਾਜੜ ਮੱਚ ਗਈ ਅਤੇ ਲੁਟੇਰੇ ਸੋਨਾ ਲੈ ਕੇ ਮੋਟਰਸਾਈਕਲਾਂ 'ਤੇ ਫ਼ਰਾਰ ਹੋ ਗਏ। ਇਹ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਵਿਚ ਕੈਦ ਹੋ ਗਈ ਹੈ।

ਪੁਲਿਸ ਸੂਤਰਾਂ ਮੁਤਾਬਕ ਸੋਨੇ ਦੇ ਸ਼ੋਅ ਰੂਮ 'ਚ ਕੰਮ ਕਰਦੀ ਲੜਕੀ ਬੇਅੰਤ ਕੌਰ ਉਰਫ਼ ਮਾਹੀ ਅਨੁਸਾਰ ਵਾਰਦਾਤ ਤੋਂ ਕੁੱਝ ਮਿੰਟ ਪਹਿਲਾਂ ਹੀ ਪਰਮਿੰਦਰ ਉਰਫ਼ ਵਿੱਕੀ ਘਰ ਰੋਟੀ ਖਾਣ ਗਿਆ ਸੀ। ਬੇਅੰਤ ਕੌਰ ਨੇ ਵਿੱਕੀ ਨੂੰ ਸ਼ੋਅ ਰੂਮ ਅੱਗੇ ਸ਼ੱਕੀ ਵਿਅਕਤੀ ਘੁੰਮਣ ਬਾਰੇ ਸੂਚਿਤ ਕੀਤਾ ਤਾਂ ਉਹ ਤੁਰੰਤ ਉਥੇ ਪਹੁੰਚ ਗਿਆ। ਇਸ ਮਗਰੋਂ ਲੁਟੇਰਿਆਂ ਨੇ ਸ਼ੋਅ ਰੂਮ ਅੰਦਰ ਦਾਖਲ ਹੋ ਕੇ ਵਾਰਦਾਤ ਨੂੰ ਅੰਜਾਮ ਦਿੱਤਾ। ਜਾਣਕਾਰੀ ਅਨੁਸਾਰ ਵਿੱਕੀ ਨੇ ਇਹ ਸ਼ੋਅ ਰੂਮ ਹਾਲ ਹੀ ਵਿੱਚ ਬਣਾਇਆ ਸੀ। ਇਸ ਦੇ ਮਹੂਰਤ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਵਿੱਕੀ ਦਾ ਪੁੱਤਰ ਵਿਦੇਸ਼ ਵਿੱਚ ਹੈ ਅਤੇ ਧੀ ਇੱਥੇ ਪੜ੍ਹਾਈ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਤਿੰਨ ਦਿਨ ਪਹਿਲਾਂ ਇਸ ਘਟਨਾ ਸਥਾਨ ਨੇੜੇ ਹੀ ਸ਼ਹਿਰ ਦੀ ਸੰਘਣੀ ਆਬਾਦੀ ਵਾਲੇ ਖੇਤਰ ਗਿੱਲ ਰੋਡ 'ਤੇ ਪੁਲੀਸ ਵਰਦੀ 'ਚ ਲੁਟੇਰਿਆਂ ਨੇ ਨਾਕਾ ਲਾ ਕੇ ਕਰਿਆਨਾ ਵਪਾਰੀ ਦੋ ਭਰਾਵਾਂ ਕੋਲੋਂ ਪੰਜ ਲੱਖ ਰੁਪਏ ਦੀ ਨਕਦੀ ਅਤੇ ਸੋਨੇ ਦੇ ਗਹਿਣੇ ਲੁੱਟ ਲਏ ਸਨ।



# ਜਗਤੁ ਗੁਰੂ ਗੁਰ ਨਾਨਕ ਦੇਉ

ਅੱਜ ਸਾਰੀ ਮਨੁੱਖਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਬਹੁਤ ਹੀ ਸ਼ਰਧਾ ਭਾਵਨਾ ਵਿਚ ਭਿੱਜੇ ਅਸੀਮ ਉਤਸ਼ਾਹ ਨਾਲ ਸੰਸਾਰ ਭਰ ਵਿਚ ਮਨਾ ਰਹੀ ਹੈ। ਕੈਸੀਆਂ ਰੱਬੀ ਨਿਹਮਤਾਂ ਅਤੇ ਵਡਿਆਈਆਂ ਦੇ ਮਾਲਕ ਹਨ, ਜਗਤ ਗੁਰੂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ; ਇਸ ਦਾ ਅੰਦਾਜ਼ਾ ਲਗਾਉਣਾ ਸੰਭਵ ਨਹੀਂ ਹੈ ਪਰ ਫਿਰ ਵੀ ਸਾਹਿਬਾਂ ਦੀ ਅਸੀਮ ਵਡਿਆਈ ਦਾ ਰੰਚਕ ਮਾਤਰ ਝਲਕਾਰਾ ਦੇਣ ਲਈ ਆਪਣੀ ਰਚਨਾ "ਜੋਤਿ ਵਿਗਾਸ" ਵਿਚ ਭਾਈ ਨੰਦ ਲਾਲ ਜੀ ਵਰਣਨ ਕਰਦੇ ਹਨ ਕਿ :

**ਗੁਰੂ ਨਾਨਕ ਆਮਦ ਨਰਾਨਿ ਸਰੂਪ**
**ਹਮਾਨਾ ਨਿਰੰਜਨ ਨਿਰੰਕਾਰ ਰੂਪ ॥ ੧ ॥**

ਗੁਰੂ ਨਾਨਕ ਨਰਾਇਣ ਦਾ ਸਰੂਪ ਹੈ, ਨਿਰਸੰਦੇਹ ਉਹ ਨਿਰੰਜਨ ਅਤੇ ਨਿਰੰਕਾਰ ਦਾ ਰੂਪ ਹੈ ॥ ੧ ॥

**ਹੱਕਸ਼ ਆਫਰੀਦਾ ਜ਼ਿ ਨੂਰਿ ਕਰਮ**
**ਅਜ਼ੋ ਆਲਮੇ ਰ ਫਯੂਜ਼ਿ ਆਤਮ ॥ ੨ ॥**

ਰੱਬ ਨੇ ਉਸ ਨੂੰ ਆਪਣੇ ਬਖਸ਼ਿਸ਼ ਦੇ ਨੂਰ ਤੋਂ ਉਤਪੰਨ ਕੀਤਾ ਹੈ, ਸਾਰਾ ਸੰਸਾਰ ਵਡੇਰੀਆਂ ਬਖਸ਼ਿਸ਼ਾਂ ਉਸ (ਗੁਰੂ ਨਾਨਕ) ਤੋਂ ਹੀ ਪ੍ਰਾਪਤ ਕਰਦਾ ਹੈ ॥ ੨ ॥

**ਹੱਕਸ਼ ਬਰ-ਗੁਜ਼ੀਦਾ ਜ਼ਿ ਹਰ ਬਰ-ਗੁਜ਼ੀ**
**ਨਸ਼ਾਂਦਸ਼ ਜ਼ਿ ਹਰ ਬਰ-ਤਰੀਂ ਬਰ-ਤਰੀਂ ॥ ੩ ॥**

ਰੱਬ ਨੇ ਉਸ ਨੂੰ ਆਪਣੇ ਚੁਣੇ ਹੋਏ ਪਿਆਰੇ ਤੋਂ ਉਚੇਰਾ ਕੀਤਾ ਹੈ, ਰੱਬ ਨੇ ਉਸ ਨੂੰ ਹਰ ਉਚੇਰੇ ਅਸਥਾਨ ਤੋਂ ਉਚੇਰਾ ਬਿਠਾਇਆ ਹੈ ॥ ੩ ॥

**ਹੱਕਸ਼ ਗੁਫ਼ਤ ਖ਼ੁਦ ਮੁਰਸ਼ਦਲ-ਆਲਾਮੀਨ**
**ਨਜਾਤੁਲਵਰਾ ਰਹਿਮਤੁਲ ਮੁਜ਼ਨਬੀਨ ॥ ੪ ॥**

ਰੱਬ ਨੇ ਆਪ ਉਸ ਨੂੰ ਦੋਹਾਂ ਜਹਾਨਾਂ ਦਾ ਮੁਰਸ਼ਦ (ਸਤਿਗੁਰੂ) ਕਰਾਰ ਦਿੱਤਾ, ਗੁਰੂ ਨਾਨਕ ਪਰਲੋਕ ਦੀ ਮੁਕਤੀ ਅਤੇ ਬਖਸ਼ਿਸ਼ਾਂ ਦੀ ਰਹਿਮਤ ਹੈ ॥ ੪ ॥

**ਸ਼ਹਿਨਸ਼ਾਹਿ ਦਾਰੈਨ ਕਰਦਸ਼ ਖ਼ਿਤਾਬ**
**ਅਜ਼ੋ ਤਾਲਿਬਾਂ ਰਾ ਕਰਾਮਤ ਨਸਾਬ ॥ ੫ ॥**

ਰੱਬ ਨੇ ਉਸ ਨੂੰ ਲੋਕ ਪ੍ਰਲੋਕ ਦਾ ਸ਼ਹਿਨਸ਼ਾਹ ਕਹਿ ਕੇ ਸੰਬੋਧਨ ਕੀਤਾ, ਉਸ (ਗੁਰੂ ਨਾਨਕ) ਤੋਂ ਜਾਚਕਾਂ ਨੂੰ ਰਹਿਮਤਾਂ ਦਾ ਸੋਮਾ ਮਿਲਦਾ ਹੈ ॥੫ ॥

**ਹੱਕਸ਼ ਆਰਾਸਤ ਖ਼ੁਦ ਤਖ਼ਤਗਾਹਸ਼ ਬੁਲੰਦ**
**ਜ਼ਿ ਹਰ ਫਰੁੱਖੇ ਸਾਖ਼ਤਸ਼ ਅਰਜ਼ਮੰਦ ॥ ੬ ॥**

ਰੱਬ ਨੇ ਆਪ ਉਸ (ਗੁਰੂ ਨਾਨਕ) ਦੇ ਉਚੇ ਸਿੰਘਾਸਨ ਨੂੰ ਸਜਾਇਆ ਹੈ, ਰੱਬ ਨੇ ਉਸ (ਗੁਰੂ ਨਾਨਕ) ਨੂੰ ਹਰ ਨੇਕੀ ਨਾਲ ਵਡਿਆਇਆ ਹੈ ॥ ੬ ॥

**ਹਮਾ ਖ਼ਾਸਗਾਂ ਰਾ ਬਪਾਇਸ਼ ਫ਼ਗੰਦ**
**ਮੁਜ਼ੱਫ਼ਰ ਲਵਾ ਆਮਦਾ ਦੇਵ ਬੰਦ ॥ ੭ ॥**

ਰੱਬ ਨੇ ਸਾਰੇ ਖ਼ਾਸ ਪ੍ਰਵਾਨਤ ਨਿਕਟਵਰਤੀਆਂ ਨੂੰ ਉਸ ਦੇ ਚਰਨਾਂ ਨਾਲ ਲਾਇਆ ਹੈ, ਉਸ ਦੀ ਫ਼ਤਹਿ ਦੇ ਚਿੰਨ੍ਹ ਵਾਲਾ ਝੰਡਾ ਅਸਮਾਨ ਨਾਲ ਗੱਲਾਂ ਕਰਦਾ ਹੈ ॥ ੭ ॥

**ਸਰੀਰਿ ਸ਼ਹਿਨਸ਼ਾਹੀਇ ਦਾਇਮਾਂ**
**ਕੁਲਾਹਿ ਸਰ ਅਫ਼ਰਾਜ਼ੀਇ ਜਾਵਿਦਾਂ ॥ ੮ ॥**

ਉਸਦੀ ਪਾਤਸ਼ਾਹੀ ਦਾ ਤਖ਼ਤ ਸਦੀਵ ਕਾਲ ਸਥਿਰ ਰਹਿਣ ਵਾਲਾ ਹੈ, ਉਸ ਦੀ ਉਚੇਰੀ ਸ਼ਾਨ ਦਾ ਤਾਜ ਸਦਾ ਕਾਇਮ ਰਹਿਣ ਵਾਲਾ ਹੈ ॥ ੮ ॥

**ਹੱਕਸ਼ ਦਾਦ ਅਜ਼ ਗ਼ਾਇਤਿ ਮੁਕਰਮਤ**
**ਅਜ਼ੋ ਜ਼ੇਬ ਹਰ ਸ਼ਹਿਰੋ ਹਰ ਮੁਮਲਕਤ ॥ ੯ ॥**

ਰੱਬ ਨੇ ਉਸ ਨੂੰ ਵੱਡੀ ਵਡਿਆਈ ਅਤੇ ਸਖ਼ਾਵਤ (ਮਾਇਆਵੀ ਉਦਾਰਤਾ) ਬਖਸ਼ੀ ਹੈ, ਉਸ ਦੇ ਕਾਰਨ ਹਰ ਨਗਰ ਅਤੇ ਦੇਸ਼ ਦਾਤਾਂ ਨਾਲ ਮਾਲੋ ਮਾਲ ਹੋ ਕੇ ਸ਼ੋਭਨੀਕ ਹੈ ॥ ੯ ॥

**ਜ਼ਿ ਪੇਸ਼ੀਨੀਆਂ ਪੇਸ਼ਤਰ ਆਮਦਾ**
**ਬ-ਕਦਰ ਅਜ਼ ਹਮਾ ਬੇਸ਼ਤਰ ਆਮਦਾ ॥ ੧੦ ॥**

ਉਹ (ਗੁਰੂ ਨਾਨਕ) ਆਪਣੇ ਪਹਿਲੇ ਹੋ ਗੁਜ਼ਰੇ ਅਵਤਾਰਾਂ ਤੋਂ ਵੀ ਪਹਿਲਾਂ ਦਾ ਹੈ, (ਗੁਰੂ ਨਾਨਕ) ਕਦਰ-ਓ-ਕੀਮਤ ਵਿਚ ਸਭ ਨਾਲੋਂ ਵਡਮੁੱਲਾ ਹੈ ॥ ੧੦ ॥

**ਹਜ਼ਾਰਾਂ ਬ੍ਰਹਮਾਂ ਸਨਾਖ਼ਾਨਿ ਉ**
**ਜ਼ਿ ਹਰ ਬਰ-ਤਰੀਂ ਬਰ-ਤਰੀਂ ਸ਼ਾਨਿ ਉ ॥ ੧੧ ॥**

ਹਜ਼ਾਰਾਂ ਬ੍ਰਹਮਾ ਗੁਰੂ ਨਾਨਕ ਦੀ ਉਸਤਤਿ ਕਰਦੇ ਹਨ, ਸਾਰੇ ਵਡਿੱਕਿਆਂ ਦੀ ਸ਼ਾਨ ਨਾਲੋਂ ਗੁਰੂ ਨਾਨਕ ਦੀ ਸ਼ਾਨ ਵਡੇਰੀ ਹੈ ॥ ੧੧ ॥

**ਹਜ਼ਾਰ ਈਸ਼ਰ ਇੰਦਰ ਦਰ ਪਾਇ ਉ**
**ਜ਼ਿ ਹਰ ਬਰ-ਤਰੀਂ ਬਰ-ਤਰੀਂ ਜਾਇ ਉ ॥ ੧੨ ॥**

ਹਜ਼ਾਰਾਂ ਈਸ਼ਰ ਅਤੇ ਇੰਦਰ ਗੁਰੂ ਦੇ ਚਰਨਾਂ ਵਿਚ ਹਨ, ਸਾਰੇ ਵਡਿੱਕਿਆਂ ਨਾਲੋਂ ਗੁਰੂ ਨਾਨਕ ਦਾ ਅਸਥਾਨ ਉਚੇਰਾ ਹੈ ॥ ੧੨ ॥

ਹਜ਼ਾਰਾਂ ਚੂੰ ਧਰੂ ਹਜ਼ਾਰਾਂ ਚੂੰ ਬਿਸ਼ਨ ਵਰਗੇ ਅਤੇ ਇਸੇ ਤਰ੍ਹਾਂ, ਅਨੇਕਾਂ ਰਾਮ ਰਾਜੇ ਅਤੇ ਅਨੇਕਾਂ ਕਾਹਨ ਕ੍ਰਿਸ਼ਨ ॥ ੧੩ ॥

**ਹਜ਼ਾਰਾਂ ਚੂੰ ਦੇਵੀ ਚੂੰ ਗੋਰਖ ਹਜ਼ਾਰ**
**ਕਿ ਪੇਸ਼ਿ ਕਦਮਹਾਇ ਉ ਜਾਂ-ਸਿਪਾਰ ॥ ੧੪ ॥**

ਹਜ਼ਾਰਾਂ ਦੇਵੀ ਦੇਵਤਿਆਂ ਅਤੇ ਹਜ਼ਾਰਾਂ ਗੋਰਖਾਂ ਵਰਗੇ, ਗੁਰੂ ਨਾਨਕ ਦੇ ਚਰਨਾਂ ਤੋਂ ਆਪਣੀ ਜਾਨ ਵਾਰਦੇ ਹਨ ॥ ੧੪ ॥

**ਹਜ਼ਾਰਾਂ ਸਪਹਿਰੋ ਹਜ਼ਾਰਾਂ ਸੁਮਾ**
**ਹਜ਼ਾਰਾਂ ਚੂੰ ਕੁਰਸੀ ਹਜ਼ਾਰਾਂ ਚੂੰ ਅਰਸ਼ ॥ ੧੫ ॥**

ਹਜ਼ਾਰਾਂ ਬਹਿਸ਼ਤ, ਹਜ਼ਾਰਾਂ ਅਸਮਾਨ, ਹਜ਼ਾਰਾਂ ਧਰਤੀਆਂ, ਹਜ਼ਾਰਾਂ ਪਾਤਾਲ ਅਤੇ ਹਜ਼ਾਰਾਂ ਗਗਨਾਂ ਦੀ ਕੁਰਸੀ ॥ ੧੫ ॥

**ਹਜ਼ਾਰਾਂ ਚੂੰ ਕੁਰਸੀ ਹਜ਼ਾਰਾਂ ਚੂੰ ਅਰਸ਼**
**ਬਪਾਇਸ਼ ਦਿਲੋ ਜਾਂ ਖ਼ੁਦ ਕਰਦਾ ਫ਼ਰਸ਼ ॥ ੧੬ ॥**

ਅਤੇ ਹਜ਼ਾਰਾਂ ਤਖਤ, ਗੁਰੂ ਨਾਨਕ ਦੇ ਚਰਨਾਂ ਵਿਚ ਆਪਣੇ ਦਿਲੋ-ਦਿਨ ਨੂੰ (ਅੱਖਾਂ ਵਾਂਗ) ਵਿਛਾਉਂਦੇ ਹਨ ॥ ੧੬ ॥

**ਹਜ਼ਾਰਾਂ ਚੂੰ ਨਾਸੂਤੋ ਮਲਕੂਤ ਹਮ**
**ਹਜ਼ਾਰਾਂ ਚੂੰ ਜਬਰੂਤੋ ਲਾਹੂਤ ਹਮ ॥ ੧੭ ॥**

ਇਹੋ ਜਿਹੇ ਹਜ਼ਾਰਾਂ ਮਾਤ ਲੋਕਾਂ ਅਤੇ ਹਜ਼ਾਰਾਂ ਦੇਵ ਲੋਕਾਂ ਨੂੰ, ਹਜ਼ਾਰਾਂ ਰੱਬੀ ਰੂਪ ਦੇ ਦੇਸਾਂ ਅਤੇ ਹਜ਼ਾਰਾਂ ਸੱਚਖੰਡਾਂ ॥ ੧੭ ॥

**ਹਜ਼ਾਰਾਂ ਮਕੀਨੋ ਹਜ਼ਾਰਾਂ ਮਕਾਂ**
**ਹਜ਼ਾਰਾਂ ਜ਼ਮੀਨੋ ਹਜ਼ਾਰਾਂ ਜ਼ਮਾਂ ॥ ੧੮ ॥**

ਅਥਵਾ ਹਜ਼ਾਰਾਂ ਵਾਸੀਆਂ ਅਤੇ ਹਜ਼ਾਰਾਂ ਵਾਸਿਆਂ ਨੂੰ, ਹਜ਼ਾਰਾਂ ਜ਼ਮੀਨਾਂ ਅਤੇ ਹਜ਼ਾਰਾਂ ਜ਼ਮਾਨਿਆਂ ਨੂੰ ॥ ੧੮ ॥

**ਹੱਕ ਅਫ਼ਰੰਗੰਦਾ ਦਰ ਪਾਇ ਉ ਬੰਦਾ ਵਾਰ**
**ਜ਼ਹੇ ਫ਼ਜਲੋ ਬਖ਼ਸ਼ਾਇਸ਼ਿ ਕਿਰਦਗਾਰ ॥ ੧੯ ॥**

ਰੱਬ ਨੇ ਗੁਰੂ ਨਾਨਕ ਦੇ ਚਰਨਾਂ ਵਿਚ ਸੇਵਕਾਂ ਵਾਗ ਸੁੱਟ ਦਿੱਤਾ ਹੈ, ਵਾਰੇ ਵਾਰੇ ਜਾਈਏ ਉਸ ਪਰਮੇਸ਼ਰ ਦੀ ਅਜਿਹੀ ਮਿਹਰ ਅਤੇ ਬਖਸ਼ਿਸ਼ ਤੋਂ ॥ ੧੯ ॥

**ਮੁਨੱਵਰ ਅਜ਼ੋ ਹਰ ਦੋ ਆਲਮ ਬੱਚਕ**
**ਹੱਕਸ਼ ਦਾਦ ਬਰ ਜੁਮਲਾ ਮੁਕਬਲ ਸਬੱਕ ॥ ੨੦ ॥**

ਦੋਵੇਂ ਜਹਾਨ ਗੁਰੂ ਨਾਲਕ ਸਦਕਾ ਹੀ ਰੌਸ਼ਨ ਹਨ, ਰੱਬ ਨੇ ਉਸ ਨੂੰ ਸਾਰੇ ਪਤਵੰਤਿਆਂ ਨਾਲੋਂ ਵਡੇਰਾ ਬਣਾਇਆ ਹੈ ॥ ੨੦ ॥

**ਹਜ਼ਾਰਾਂ ਚੂ ਆਦਮ ਹਜ਼ਾਰਾਂ ਹੱਵਾ**
**ਹਜ਼ਾਰਾਂ ਮਲਾਇਕ ਬਪਾਇਸ਼ ਫ਼ਿਦਾ ॥ ੨੧ ॥**

ਹਜ਼ਾਰਾਂ ਆਦਮ, ਹਜ਼ਾਰਾਂ ਹੱਵਾਵਾਂ ਅਤੇ ਹਜ਼ਾਰਾਂ ਦੇਵੀ-ਦੇਵਤੇ ਗੁਰੂ ਨਾਨਕ ਦੇ ਚਰਨਾਂ ਤੋਂ ਬਲਿਹਾਰ ਜਾਂਦੇ ਹਨ ॥ ੨੧ ॥

**ਹਜ਼ਾਰਾਂ ਸ਼ਹਿਨਸ਼ਾਹ ਪੇਸ਼ਸ਼ ਗ਼ੁਲਾਮ**
**ਹਜ਼ਾਰਾਂ ਖ਼ੁੱਦੋ ਮਾਹਸ਼ ਅੰਦਰ ਸਲਾਮ ॥ ੨੨ ॥**

ਹਜ਼ਾਰਾਂ ਸ਼ਹਿਨਸ਼ਾਹ ਗੁਰੂ ਨਾਨਕ ਦੇ ਹਜ਼ੂਰੀ ਗ਼ੁਲਾਮ ਹਨ, ਹਜ਼ਾਰਾਂ ਸੂਰਜ, ਹਜ਼ਾਰਾਂ ਚੰਦਰਮਾ ਗੁਰੂ ਨਾਨਕ ਜੀ ਨੂੰ ਨਿਉਂ ਨਿਉਂ ਕੇ ਸਲਾਮਾਂ ਕਰਦੇ ਹਨ ॥ ੨੨ ॥

ਅਜਿਹੀਆਂ ਬਰਕਤਾਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਸਾਰੀ ਮਨੁੱਖਤਾ ਦੇ ਹੀ ਸਰਬ ਸਾਂਝੇ ਰਹਿਬਰ ਹਨ। ਗੁਰੂ ਨਾਨਕ ਦੇਵ ਜੀ ਦੀ ਸਰਬ-ਸਾਂਝੀਵਾਲਤਾ ਬਾਬਤ ਭਾਈ ਗੁਰਦਾਸ ਜੀ ਫ਼ੁਰਮਾਨ ਕਰਦੇ ਹਨ ਕਿ ਹਰਿਦੁਆਰ (ਗੰਗਾ) ਅਤੇ ਬਨਾਰਸ਼ (ਕਾਂਸ਼ੀ) ਕੇਵਲ ਹਿੰਦੂਆਂ ਦੇ ਹੀ ਤੀਰਥ ਅਸਥਾਨ ਹਨ, ਜਿਥੋਂ ਉਹ ਮੋਕਸ਼ ਪ੍ਰਾਪਤੀ ਦੀ ਚਾਹਨਾ ਰੱਖਦੇ ਹਨ। ਇਸੇ ਤਰ੍ਹਾਂ ਮੱਕੇ ਅਤੇ ਮਦੀਨੇ ਦੀ ਜ਼ਿਆਰਤ ਕਰਕੇ ਕੇਵਲ ਮੁਸਲਮਾਨ ਹੀ ਆਤਮਿਕ ਸਕੂਨ ਪ੍ਰਾਪਤ ਕਰ ਸਕਦੇ ਹਨ ਪਰ ਸਰਬ ਸਾਂਝੇ ਰੱਬ ਰੂਪ ਬਾਬੇ, ਗੁਰੂ ਨਾਨਕ ਸਾਹਿਬ ਦੀ ਪੂਜਾ ਅਤੇ ਪ੍ਰਭੂ ਜੱਸ ਕੀਰਤਨ ਦੇ ਰੂਪ ਵਿਚ ਸਰਬ ਲੋਕਾਈ ਦੇ ਘਰ-ਘਰ ਵਿਚ ਹੋ ਰਿਹਾ ਹੈ ਭਾਵ ਗੁਰੂ ਨਾਨਕ ਸਾਹਿਬ ਵਲੋਂ ਦਰਸਾਏ ਸੱਚ ਦੇ ਮਾਰਗ ਨੂੰ ਧਾਰਨ ਕਰਕੇ ਸਮੁੱਚਾ ਜਗਤ ਹੀ ਆਤਮਿਕ ਸਕੂਨ ਪ੍ਰਾਪਤ ਕਰ ਸਕਦਾ ਹੈ। ਗੁਰੂ ਨਾਨਕ, ਭਗਤ-ਵੱਛਲ ਰੂਪ ਧਾਰ ਕੇ ਜਗਤ ਵਿਚ ਆਇਆ ਹੈ ਅਤੇ ਜੋ ਅਸਚਰਜ ਕੌਤਕ ਕਰਦਾ ਹੋਇਆ ਸਾਰੇ ਪਾਪੀਆਂ ਦਾ ਉਧਾਰ ਕਰ ਰਿਹਾ ਹੈ। ਚਹੁੰ ਵਰਨਾਂ ਦੇ ਲੋਕ ਇਕ ਗੁਰਸਿੱਖੀ ਅਤੇ ਸਾਧ ਸੰਗਤ ਵਰਨ ਵਿਚ ਮਿਲਕੇ ਭਵ-ਸਾਗਰ ਤੋਂ ਪਾਰ ਹੋ ਰਹੇ ਹਨ। ਜਿਵੇਂ ਚੰਦਨ ਵਿਚ ਗੁਣ ਹੈ ਕਿ ਉਹ ਆਸ-ਪਾਸ ਦੀ ਸਰਬ ਬਨਸਪਤੀ ਨੂੰ ਬਿਨਾਂ ਭੇਦ-ਭਾਵ ਦੇ ਸੁਗੰਧਤ ਕਰ ਦਿੰਦਾ ਹੈ ਤਿਵੇਂ :

**ਖਤ੍ਰੀ ਬ੍ਰਾਹਮਣ ਸੂਦ ਵੈਸ**
**ਸਭ ਏਕੈ ਨਾਮਿ ਤਰਾਨਥ ॥**
**ਗੁਰੁ ਨਾਨਕੁ ਉਪਦੇਸੁ ਕਹਤੁ ਹੈ**
**ਜੋ ਸੁਨੈ ਸੋ ਪਾਰਿ ਪਰਾਨਥ ॥ ੪ ॥ ੧ ॥**

(ਮਾਰੂ ਮ: ੫; ਅੰਗ ੧੦੦੧)

ਇਥੇ ਇਹ ਗੱਲ ਵਿਸ਼ੇਸ਼ ਵਰਣਨਯੋਗ ਹੈ ਕਿ ਭਾਈ ਸਾਹਿਬ ਜੀ ਨੇ ਕਿਸੇ ਭੀ ਅਵਤਾਰੀ ਪੁਰਸ਼ ਦੇ ਜੀਵਨ ਨੂੰ ਕਿਸੇ ਤਰਕ-ਦ੍ਰਿਸ਼ਟੀਕੋਣ ਨਾਲ ਸਾਡੇ ਸਾਹਮਣੇ ਨਹੀਂ ਰੱਖਿਆ ਬਲਕਿ ਅਸਲੀਅਤ ਪ੍ਰਗਟ ਕੀਤੀ ਹੈ। ਇਸ ਲਈ ਬਾਕੀ ਅਵਤਾਰੀ ਪੁਰਸ਼ਾਂ ਦੇ ਮੁਕਾਬਲੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ 'ਜਗਤ ਗੁਰੂ" ਸ਼ਬਦ ਦੀ ਵਰਤੋਂ ਕਰਨ ਪਿਛੇ ਭੀ ਅਸਲੀਅਤ ਸਮਝ ਗੋਚਰੇ ਕਰਨੀ ਲੋੜੀਏ ਕਿ ਅੱਜ ਤੱਕ ਸੰਸਾਰ ਵਿਚ ਕੋਈ ਵੀ ਅਜਿਹਾ ਪੀਰ ਪੈਗੰਬਰ, ਅਵਤਾਰ ਜਾਂ ਧਰਮ ਰਹਿਬਰ ਨਹੀਂ ਹੋਇਆ ਜਿਸ ਨੇ ਆਪਣੇ ਪਰਿਵਾਰ ਨੂੰ ਛੱਡ ਕੇ, ਬਿਖੜੇ ਪੈਂਡੇ ਝਾਗਕੇ ਸਫ਼ਰ ਕਰਦਿਆਂ ਲੁਕਾਈ ਦਾ ਨਿਸਤਾਰਾ ਕਰਨ ਹਿੱਤ ਬਤੀਤ ਕੀਤੇ ਹੋਣ। ਕੇਵਲ ਤੇ ਕੇਵਲ ਗੁਰੂ ਨਾਨਕ ਦੇਵ ਜੀ ਨੇ ਹੀ ਆਪਣੇ ਜੀਵਨ ਦੇ 25 ਬੇਸ਼-ਕੀਮਤੀ ਵਰ੍ਹਿਆਂ ਦਾ ਸਮਾ ਆਪਣੇ ਪਰਿਵਾਰ ਨੂੰ ਅਤੇ ਜੀਵਨ ਦੇ ਸੁੱਖ-ਅਰਾਮਾਂ ਨੂੰ ਤਿਆਗ ਕੇ, ਜਗਤ ਦੇ ਕੋਨੇ-ਕੋਨੇ ਭ੍ਰਮਣ ਕਰਦਿਆਂ, ਸਰਦੀ-ਗਰਮੀ ਆਪਣੇ ਪਿੰਡੇ 'ਤੇ ਹੰਢਾਕੇ, ਭੁੱਖਣ-ਭਾਣੇ ਰਹਿ, ਹਰ ਆਏ ਦਿਨ ਨਵੀਂ ਤੋਂ ਨਵੀਂ ਔਖ ਸਹਾਰਦਿਆਂ ਕਰੀਬਨ 28 ਹਜ਼ਾਰ ਮੀਲ ਦਾ ਪੈਦਲ ਸਫ਼ਰ ਕਰਕੇ ਜਗਤ ਦਾ ਨਿਸਤਾਰਾ ਕਰਨ ਹਿੱਤ ਬਤੀਤ ਕੀਤਾ ਅਤੇ ਆਤਮਿਕ ਰੋਗੀਆਂ ਨੂੰ ਉਨ੍ਹਾਂ ਦੇ ਪਾਸ ਜਾ ਕੇ ਅਰੋਗ ਕੀਤਾ :

**ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ।**
**ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥ ੨੭ ॥**

ਇਥੇ ਇਹ ਵਰਣਨ ਕਰਨਾਂ ਵੀ ਯੋਗ ਹੋਵੇਗਾ ਕਿ ਪੁਰਾਤਨ ਯੁੱਗਾਂ ਦੇ ਹੋ ਗੁਜ਼ਰੇ ਅਵਤਾਰਾਂ ਦਾ ਉਪਦੇਸ਼ ਕਰਨ ਦਾ ਏਰੀਆ ਸੀਮਤ ਰਿਹਾ ਪਰ ਜਗਤ ਗੁਰੂ, ਗੁਰੂ ਨਾਨਕ ਦੇਵ ਸਾਹਿ ਜੀ ਦੇ ਸਬੰਧ ਵਿਚ ਅਜਿਹਾ ਨਹੀਂ ਹੈ। ਆਪ ਜੀ ਨੇ ਰਾਇ ਭੋਇ ਦੀ ਤਲਵੰਡੀ ਵਿਚ ਅਵਤਾਰ ਲੈ ਕੇ ਦੇਸਾਂ-ਦੇਸਾਂਤਰਾਂ ਦਾ ਰਟਨ ਕਰਕੇ ਰੱਬੀ ਨਾਮ ਤੋਂ ਦੂਰ ਹੋਈ ਲੋਕਾਈ ਨੂੰ ਰੱਬੀ ਸ਼ਰਨ ਵਿਚ ਲਿਆਂਦਾ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ, ਗੁਰੂਆਂ ਦਾ ਗੁਰੂ ਅਤੇ ਪੀਰਾਂ ਦਾ ਪੀਰ ਜ਼ਾਹਰਾ ਰੂਪ ਵਿਚ ਹਨ। ਭਾਈ ਗੁਰਦਾਸ ਜੀ ਦਾ ਫ਼ੁਰਮਾਨ ਹੈ ਕਿ :

**ਗੰਗ ਬਨਾਰਸ ਹਿੰਦੂਆ ਮੁਸਲਮਾਣਾਂ ਮਕਾ ਕਾਬਾ।**
**ਘਰਿ ਘਰਿ ਬਾਬਾ ਗਾਵੀਐ**
**ਵਜਨਿ ਤਾਲ ਮ੍ਰਿਦੰਗੁ ਰਬਾਬਾ।**
**ਭਗਤਿ ਵਛਲੁ ਹੋਇ ਆਇਆ**
**ਪਤਿਤ ਉਧਾਰਣੁ ਅਜਬੁ ਅਜਾਬਾ।**
**ਚਾਰਿ ਵਰਨ ਇਕ ਵਰਨ ਹੋਇ**
**ਸਾਧਸੰਗਤਿ ਮਿਲਿ ਹੋਇ ਤਰਾਬਾ**
**ਚੰਦਨੁ ਵਾਸੁ ਵਣਾਸਪਤਿ ਅਵਲਿ**
**ਦੋਮ ਨ ਸੇਮ ਖਰਾਬਾ।**
**ਹੁਕਮੈ ਅੰਦਰਿ ਸਭ ਕੋ ਕੁਦਰਤਿ**
**ਕਿਸ ਦੀ ਕਰੈ ਵਾਬਾ॥**
**ਜਾਹਰ ਪੀਰ ਜਗਤੁ ਗੁਰ ਬਾਬਾ ॥ ੪ ॥**

**(ਵਾਰ ੨੪; ੫:੪)**

ਭਾਈ ਗੁਰਦਾਸ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਵਡਿਆਈ ਉਜਾਗਰ ਕਰਦੇ ਹੋਏ ਹੋਰ ਫ਼ੁਰਮਾਨ ਕੀਤਾ ਹੈ ਕਿ ਸਮੇਂ ਸਮੇਂ ਅਵਤਾਰ, ਪੀਰ-ਪੈਗੰਬਰ ਜਗਤ-ਉਧਾਰ ਹਿੱਤ ਆਉਂਦੇ ਰਹੇ ਅਤੇ ਆਪੋ-ਆਪਣੀ ਸ਼ਕਤੀ ਅਤੇ ਸਮਰੱਥਾ ਅਨੁਸਾਰ ਉਨ੍ਹਾਂ ਨੇ ਜਿਥੇ ਰੱਬੀ-ਮਾਰਗ ਦਾ ਰਾਹ ਦਰਸਾਇਆ, ਉਥੇ ਉਨ੍ਹਾਂ ਨੇ ਆਪਣੀ ਹੋਂਦ ਦਾ ਪ੍ਰਗਟਾਵਾ ਭੀ ਜ਼ਰੂਰ ਕੀਤਾ। ਕਿਸੇ ਨੇ ਆਪਣੇ ਆਪ ਨੂੰ ਰੱਬ ਦਾ ਪੁੱਤਰ, ਕਿਸੇ ਨੇ ਰੱਬ ਵਲੋਂ ਮਨਜ਼ੂਰ ਹੋਇਆ ਭਾਵ 'ਰਸੂਲ', ਕਿਸੇ ਨੇ ਖ਼ੁਦ



ਨੂੰ ਰੱਬੀ ਅਵਤਾਰ ਕਹਿ ਕੇ ਆਪਣੀ ਹੋਂਦ ਪ੍ਰਗਟਾਈ ਪਰ ਜਦ ਸ੍ਰੀ ਗੁਰੂ ਨਾਲਕ ਦੇਵ ਸਾਹਿਬ ਜੀ ਦੇ ਜੀਵਨ ਨੂੰ ਦੀਰਘ ਵੀਚਾਰ-ਦ੍ਰਿਸ਼ਟੀ ਰਾਹੀਂ ਤੱਕਦੇ ਹਾਂ ਤਦ ਉਨ੍ਹਾਂ ਦੇ ਸਮੁੱਚੇ ਜੀਵਨ ਵਿਚ ਆਪਣੀ ਹੋਂਦ ਨੂੰ ਪ੍ਰਗਟਾਉਣ ਦਾ ਕਿਤੇ ਵੀ ਇਸ਼ਾਰਾ ਤੱਕ ਨਹੀਂ ਮਿਲਦਾ। "ਆਪਿ ਨਰਾਇਣੁ ਕਲਾਧਾਰਿ" ਹੁੰਦੇ ਹੋਏ ਵੀ ਆਪਣੇ ਆਪ ਨੂੰ ਉਨ੍ਹਾਂ ਨੇ "ਹਮ ਆਦਮੀ ਹਾਂ ਇਕ ਦਮੀ" ਕਹਿ ਕੇ ਕੇਵਲ "ਮਨੁੱਖ" ਹੋਣ ਦਾ ਹੀ ਦਾਅਵਾ ਕੀਤਾ। ਸੰਸਾਰ ਦੇ ਭਲੇ ਲਈ ਉਚਾਰੀ ਬਾਣੀ ਨੂੰ ਵੀ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ" ਅਤੇ "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।" ਅਤੇ ਆਪਣੇ ਆਪ ਨੂੰ "ਹਉ ਢਾਢੀ ਵੇਕਾਰੁ ਕਾਰੈ ਲਾਇਆ" ਅਤੇ "ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ" ਦੱਸਕੇ ਰੱਬੀ ਸੰਦੇਸ਼ੇ ਦਾ ਛੱਟਾ ਦਿੱਤਾ। ਸਰਬ ਜਗਤ ਦਾ ਉਧਾਰ ਕਰਨ ਲਈ ਲਾ-ਇਲਾਜ ਰੋਗੀਆਂ ਪਾਸ ਸਤਿਗੁਰੂ ਜੀ ਆਪ ਖ਼ੁਦ ਚੱਲਕੇ ਗਏ ਅਤੇ ਸਦੀਵੀ ਸੱਚ ਦਾ ਮਾਰਗ ਪ੍ਰਗਟਾਉਣ ਲਈ ਗੁਰਮੁੱਖਾਂ ਦਾ ਇਕ ਸੱਚਾ ਪੰਥ ਕਾਇਮ ਕੀਤਾ ਜਿਸ ਦੀ ਬੁੱਕਲ ਵਿਚ ਸਰਬ ਮਾਨਵਤਾ ਦੇ ਸਮਾਉਣ ਦੀ ਸਮਰੱਥਾ ਹੈ। ਸਤਿਗੁਰੂ ਜੀ ਨੇ ਸਦੀਵੀਂ ਸਥਿਰ ਰਹਿਣ ਵਾਲੇ ਸਾਧ-ਸੰਗਤ ਰੂਪ ਸੱਚਖੰਡ ਦੀ ਨੀਂਵ ਧਰਕੇ ਗੁਰੂ ਤੋਂ ਵਰੋਸਾਏ ਜਾਵਣ ਵਾਲਿਆਂ ਦਾ ਅਜਿਹਾ ਪੰਥ ਚਲਾਇਆ ਜਿਸ ਦੇ ਸੁੱਖ ਅਮਿਣਵੇਂ ਹਨ। ਇਸ ਪੰਥ ਵਿਚ ਸਰਬ ਕਾਲ ਸੱਚੇ ਪਰਮੇਸ਼ਰ ਦੇ ਸੱਚੇ ਸ਼ਬਦ ਦੀ ਅਰਾਧਨਾ ਹੀ ਪ੍ਰਧਾਨ ਹੈ। ਇਹ ਪੰਥ ਚਾਰ-ਵਰਨਾਂ, ਛੇ-ਦਰਸ਼ਨਾਂ ਦੇ ਸਰਬ ਪੈਰੋਕਾਰਾਂ ਭਾਵ ਸਰਬ ਜਗਤ ਲਈ ਉਪਦੇਸ਼ਕਰਨ ਦੇ ਸਮਰੱਥ ਹੈ :

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ**
**ਚਹੁ ਵਰਨਾ ਕਉ ਸਾਝਾ॥**

(ਸੂਹੀ ਮ. ੫ . ਅੰਗ ੭੪੮)

ਇਸ ਪੰਥ ਦੇ ਪਾਂਧੀਆਂ ਦੀ ਜੀਵਨ ਜੁਗਤ ਨਿਮ੍ਰਤਾ-ਭਾਵ ਵਾਲੀ ਅਤੇ ਮਿੱਠ-ਬੋਲੜੀ ਹੈ। ਇਸ ਪੰਥ ਵਿਚ ਨਾ-ਛਲੇ ਜਾ ਸਕਣ ਵਾਲੇ ਸੰਪੂਰਨ ਆਦਿ-ਪੁਰਖ ਪਰਮੇਸ਼ਰ ਜੀ ਨੂੰ ਹੀ ਨਮਸਕਾਰ ਦਰਸਾਈ ਹੈ। ਇਸ ਲਈ ਪਰਮੇਸ਼ਰ ਜੀ ਦੇ ਥਾਪੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ "ਜਗਤ ਗੁਰੂ" ਹਨ। ਭਾਈ ਸਾਹਿਬ ਜੀ ਦਾ ਫ਼ੁਰਮਾਨ ਹੈ :-

**ਨਿਹਚਲ ਨੀਉ ਧਰਾਈਓਨੁ**
**ਸਾਧਸੰਗਤਿ ਸਚਖੰਡ ਸਮੇਉ।**
**ਗੁਰਮੁਖਿ ਪੰਥੁ ਚਲਾਇਓਨੁ ਸੁਖ**
**ਸਾਗਰੁ ਬੇਅੰਤੁ ਅਮੇਉ।**
**ਸਚਿ ਸਬਦਿ ਆਰਾਧੀਐ ਅਗਮ**
**ਅਗੋਚਰੁ ਅਲਖ ਅਭੇਉ।**
**ਚਹੁ ਵਰਨਾ ਉਪਦੇਸਦਾ ਛਿਅ**
**ਦਰਸਨ ਸਭਿ ਸੇਵਕ ਸੇਉ।**
**ਮਿਠਾ ਬੋਲਣੁ ਨਿਵ ਚਲਣੁ**
**ਗੁਰਮੁਖਿ ਭਾਉ ਭਗਤਿ ਅਰਥੇਉ।**
**ਆਦਿ ਪੁਰਖੁ ਆਦੇਸੁ ਹੈ**
**ਅਬਿਨਾਸੀ ਅਤਿ ਅਛਲ ਛੇਉ।**
**ਜਗਤੁ ਗੁਰੂ ਗੁਰੁ ਨਾਨਕ ਦੇਉ॥ ੨॥**

(ਵਾਰ ੨੪; ੫:੨)

"ਜਗਤ ਗੁਰੂ", ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੀਆਂ ਵਡਿਆਈਆਂ ਬੰਧੀ ਹੋਰ ਸਪਸ਼ਟਤਾ ਕਰਦੇ ਹੋਏ ਭਾਈ ਗੁਰਦਾਸ ਜੀ, ਫ਼ੁਰਮਾਉਂਦੇ ਹਨ ਕਿ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਬੇਪ੍ਰਵਾਹ, ਪਾਰਾਵਾਰ ਤੋਂ ਪਰ੍ਹੇ ਅਜਿਹੇ "ਸੱਚੇ ਪਾਤਸ਼ਾਹ" ਹਨ ਜੋ ਅਥਾਹ ਵਡਿਆਈਆਂ ਦੇ ਮਾਲਕ ਹਨ। ਖ਼ੁਦ ਅਮਿੱਤ ਮਹਿਮਾ ਦੇ ਮਾਲਕ ਹੁੰਦੇ ਹੋਹੇ ਆਪ ਗਰੀਬ-ਨਿਵਾਜ਼ ਹਨ ਅਤੇ ਰਾਗ-ਦਵੈਖ ਤੋਂ ਮੁਕਤ ਹਨ। ਨਿਰੰਕਾਰ, ਜੋ ਬੇ-ਸ਼ੁਮਾਰ, ਅਲੱਖ ਅਤੇ ਪਾਰਾਵਾਰ ਤੋਂ ਪਰ੍ਹੇ ਹੈ, ਐਸੇ ਪਰਮੇਸ਼ਰ ਨੂੰ ਗੁਰੂ ਨਾਨਕ ਦੇਵ ਜੀ ਨੇ ਸਿੰਞਾਤਾ ਹੈ। ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੀ ਸਾਹਿਬੀ ਸਦਾ ਹੀ ਕਾਇਮ ਅਤੇ ਪੁਖਤਾ ਹੈ ਕਿਉਂਕਿ ਉਸਦਾ ਸਬੰਧ ਉਸ ਹਾਜ਼ਰ-ਨਾਜ਼ਰ ਪਰਮੇਸ਼ਰ ਨਾਲ ਹੈ, ਜੋ ਅਗੰਮ ਹੈ, ਡੋਲਣ ਤੋਂ ਰਹਿਤ ਹੈ ਅਤੇ ਬਿਨਾਂ ਡੰਡੀ-ਛਾਬੇ ਤੋਂ ਸੰਸਾਰ ਨੂੰ ਤੋਲਣ ਦੀ ਸਮਰੱਥਾ ਵਾਲਾ ਹੈ ਅਤੇ ਵੇਦਾਂ ਸ਼ਾਸਤ੍ਰਾਂ ਦੀ ਪਹੁੰਚ ਤੋਂ ਪਰ੍ਹੇ ਹੈ। ਗੁਰੂ ਨਾਨਕ ਦੀ ਪਾਤਸ਼ਾਹੀ ਦਾ ਰਾਜ ਅਜਿਹਾ ਸੁੱਖ-ਭਰਪੂਰ ਛਤਰਪਤੀ ਰਾਜ ਹੈ, ਜਿਥੇ ਨਾ ਕੋਈ ਦੁਸ਼ਮਣ, ਨਾ ਦਵੈਤ, ਨਾ ਕੋਈ ਰੌਲਾ-ਗੌਲਾ ਹੈ :-

**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ॥ ੧॥**

(ਕਾਨੜਾ ਮ.ਪ.; ਅੰਗ ੧੨੯੯)

ਇਸ ਰਾਜ ਵਿਚ ਨਿਆਂ ਦੇਣ ਵਾਲੇ ਆਦਿਲ (ਨਿਆਂਕਾਰ) ਸਤਿਗੁਰੂ ਨਾਨਕ ਜੀ ਖ਼ੁਦ ਆਪ ਹਨ ਜਿਸ ਕਰਕੇ ਕਿਸੇ ਜ਼ਾਲਮ ਨੂੰ ਜ਼ੁਲਮ ਕਰਨ ਦਾ ਹੌਸਲਾ ਹੀ ਨਹੀਂ ਪੈਂਦਾ ਜਿਸ ਕਰਕੇ ਕੋਈ ਦੁੱਖ ਕਸ਼ਟ ਹੀ ਨਹੀਂ ਇਸ ਕਰਕੇ ਜ਼ਾਹਰਾ ਪੀਰ "ਜਗਤ ਗੁਰੂ" ਗੁਰੂ ਨਾਨਕ ਦੇਵ ਜੀ ਹਨ :-

**ਸਤਿਗੁਰ ਸਚਾ ਪਾਤਿਸਾਹੁ**
**ਬੇਪਰਵਾਹੁ ਅਥਾਹੁ ਸਹਾਬਾ।**
**ਨਾਉ ਗਰੀਬ ਨਿਵਾਜੁ ਹੈ**
**ਬੇਮੁਹਤਾਜ ਨ ਮੋਹੁ ਮੁਹਾਬਾ।**
**ਬੇਸੁਮਾਰ ਨਿਰੰਕਾਰੁ ਹੈ ਅਲਖ**
**ਅਪਾਰੁ ਅਲਾਹ ਸਿਵਾਬਾ।**
**ਕਾਇਮੁ ਦਾਇਮੁ ਸਾਹਿਬੀ**
**ਹਾਜਰੁ ਨਾਜਰੁ ਵੇਦ ਕਿਤਾਬਾ।**
**ਅਗਮੁ ਅਡੋਲੁ ਅਤੋਲੁ ਹੈ**
**ਤੋਲਣਹਾਰੁ ਨ ਡੰਡੀ ਛਾਬਾ।**
**ਇਕੁ ਛਤਿ ਰਾਜੁ ਕਮਾਂਵਦਾ**
**ਦੁਸਮਣੁ ਦੂਤੁ ਨ ਸੋਰ ਸਰਾਬਾ।**
**ਆਦਲੁ ਅਦਲੁ ਚਲਾਇਦਾ**
**ਜਾਲਮੁ ਜੁਲਮੁ ਨ ਜੋਰ ਜਰਾਬਾ।**
**ਜਾਹਰ ਪੀਰ ਜਗਤੁ ਗੁਰੁ ਬਾਬਾ॥ ੩॥**

(ਵਾਰ ੨੪; ੫:੩)

ਖਵਾਜਾ ਹਸਨ ਨਿਜ਼ਾਮੀ ਕਹਿੰਦੇ ਹਨ ਕਿ "ਸੱਚੇ ਖ਼ੁਦਾ ਕਾ ਸੱਚਾ ਵਲੀ, ਤੌਹੀਦ ਕਾ ਸਮੁੰਦਰ, ਹੱਕਾਨੀਅਤ ਕਾ ਤੂਤੀਏ ਹਜ਼ਾਰ-ਦਾਸਤਾਂ ਸਤਿਗੁਰੂ ਨਾਨਕ ਸਾਹਿਬ" ਅਤੇ ਇਕ ਇਰਾਨੀ ਦਰਵੇਸ਼ ਦੇ ਬੋਲ ਹਨ ਕਿ "ਬਾਬਾ ਨਾਨਕ, ਬਿਲਾ ਸੱਕੋ ਸ਼ੁਬਹ, ਨਬੀ ਅਸਤ।" ਪ੍ਰੋ. ਪਦਮ ਲਿਖਦੇ ਹਨ ਕਿ "ਕੈਸਾ ਅਵਤਾਰ ਸੀ, ਜਿਸ ਨੂੰ ਹਿੰਦੂ ਲੋਕ ਹਿੰਦੂ ਅਵਤਾਰ ਸਿੱਧ ਕਰਦੇ ਥੱਕ ਗਏ ਤੇ ਮੁਸਲਮਾਨਾਂ ਦੀ ਵੱਡੀ ਦਲੀਲ ਸੀ ਕਿ ਉਹ ਮੱਕੇ ਹੱਜ ਲਈ ਗਏ, ਇਸ ਲਈ ਗੁਰੂ ਨਾਨਕ, ਮੁਸਲਮਾਨ ਸਨ ਪਰ ਉਹ ਇਹ ਨਹੀਂ ਜਾਣਦੇ ਕਿ ਉਹ ਇਕ ਅਨੋਖਾ ਨਿਰੰਕਾਰੀ ਯਾਤਰੀ ਸੀ ਜੋ ਮੱਕੇ ਮਦੀਨੇ ਜਾ ਸਕਦਾ ਸੀ ਅਤੇ ਉਹ ਅਜ਼ਬ ਕਿਸਮ ਦਾ ਹਾਜ਼ੀ ਸੀ ਜੋ ਜਗਨਨਾਥ ਅਤੇ ਹਰਿਦੁਆਰ ਵੀ ਪਹੁੰਚ ਗਿਆ।" 19ਵੀਂ ਸਦੀ ਦੇ ਅੰਤ ਵਿਚ ਈਸਾਈ ਪ੍ਰਚਾਰਕਾਂ ਨੇ ਗੁਰੂ ਨਾਨਕ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਸਿੰਘ ਸਭਾ ਲਹਿਰ ਦੇ ਸਮੇਂ ਸਤਿਗੁਰੂ ਜੀ ਨੂੰ ਇਸਾਈ ਪਾਦਰੀ ਸਿੱਧ ਕਰਨ ਦਾ ਯਤਨ ਵੀ ਕੀਤਾ। ਇਸਾਈ ਮਤ ਵਾਲਿਆਂ ਦਾ ਕਹਿਣਾ ਸੀ ਗਕਿ ਸਤਿਗੁਰੂ ਜੀ ਦਾ ਨਾਂ "ਨਨਸ਼ਯੂ" ਸੀ, ਉਨ੍ਹਾਂ ਅਨੁਸਾਰ ਇਹ ਰੋਮਨ ਲਫ਼ਜ਼ ਹੈ ਜਿਸ ਦਾ ਭਾਵ ਹੈ ਕਿ "ਮਾਨਯੋਗ ਧਰਮਾਤਮਾ" ਜਿਸ ਤੋਂ ਬਾਅਦ ਵਿਚ "ਨਾਨਕ" ਨਾਮ ਪ੍ਰਚਲਤ ਹੋ ਗਿਆ। ਲਿਖਣ ਤੋਂ ਭਾਵ ਕਿ ਹਰ ਮੱਤ, ਹਰ ਧਰਮ, ਹਰ ਫਿਰਕਾ ਇਸ ਮਹਾਨ ਸਤਿਗੁਰੂ ਜੀ ਨੂੰ ਆਪਣਾ ਸਿੱਧ ਕਰਨ ਦਾ ਯਤਨ ਕਰਦੇ ਸਨ ਅਤੇ ਆਪਣੀ ਸ਼ਰਧਾ ਪ੍ਰਗਟ ਕਰਦੇ ਸਨ। ਕੁਝ ਮੁਸਲਮਾਨ ਸ਼ਾਇਰਾਂ ਦੇ ਜਜ਼ਬਾਤ ਹਨ ਕਿ :

**ਤੂੰ ਵੁਹ ਕਾਅਬਾ ਹੈਂ ਕਿ ਕਾਅਬਾ**
**ਨੇ ਕੀਆ ਤੇਰਾ ਤਵਾਫ਼।**

(ਅਬਦੁਲ ਕਰੀਮ ਬਿਸਮਿਲ)

**ਆਪ ਮੁਰਸ਼ਦ ਥੇ,**
**ਮੁਰਸ਼ਦ ਆਪ ਕੀ ਕੋਈ ਨਾ ਥਾ।**
**ਆਪ ਕੀ ਰਹਿਬਰ ਬਜੁਜ਼**
**ਜ਼ਾਤਿ ਖੁਦਾ ਕੋਈ ਨ ਥਾ।**

(ਸ਼ਾਇਰ ਮੁੰਤਜ਼ਰ)

ਇਹ ਬਾਤ ਵੀ ਵਰਨਣਯੋਗ ਹੈ ਕਿ ਉਸ ਸਮੇਂ ਦੇ ਹਾਲਾਤ ਐਸੇ ਸਨ ਕਿ ਮੁਸਲਮਾਨ, ਹਿੰਦੂ ਅਵਤਾਰਾਂ ਦਾ ਆਦਰ ਨਹੀਂ ਸਨ ਕਰਦੇ ਅਤੇ ਹਿੰਦੂ ਹਿਰਦਿਆ ਵਿਚ ਮੁਸਲਮਾਨੀ ਪੀਰਾਂ ਦੀ ਕੋਈ ਥਾਂ ਨਹੀਂ ਸੀ ਪਰ "ਗੁਰੂ ਨਾਨਕ ਸਾਹਿਬ" ਵੀ ਹਨ। ਆਮ ਮਨੁੱਖ ਦੀ ਜੁਬਾਨ ਉਪਰ ਇਹ ਸ਼ਬਦ ਪ੍ਰਚਲਿਤ ਹਨ, "ਬਾਬਾ ਨਾਨਕ ਸ਼ਾਹ ਫ਼ਕੀਰ, ਹਿੰਦੂਓਂ ਕਾ ਗੁਰੂ, ਮੁਸਲਮਾਨੋਂ ਕਾ ਪੀਰ" "ਸਤਿਗੁਰੂ ਨਾਨਕ" ਨਿਰਾ ਹਿੰਦੂਆਂ, ਮੁਸਲਮਾਨਾਂ ਜਾਂ ਸਿੱਖਾਂ ਦਾ ਹੀ ਗੁਰੂ ਜਾਂ ਪੀਰ ਨਹੀਂ ਹੈ। ਜਦੋਂ ਆਪਾਂ ਅਰਬ ਦੇਸ਼ਾਂ ਵਿਚ ਵਿਚਰਦੇ ਹਾਂ ਤਾਂ ਅਰਬ ਦੇਸ਼ਾਂ ਵਿਚ ਸ੍ਰੀ ਗੁਰੂ



ਨਾਨਕ ਦੇਵ ਜੀ ਨੂੰ "ਵਲੀ ਹਿੰਦੂ" ਕਰਕੇ ਪੂਜਿਆ ਜਾਂਦਾ ਹੈ, ਲਾਮਿਆਂ (ਬੋਧੀਆਂ) ਵਿਚ "ਗੁਰੂ ਰਿੰਪਸ਼" ਜਾਂ "ਭਦਰਾ ਗੁਰੂ" ਕਰਕੇ ਮੰਨਤਾਂ ਮੰਨੀਆਂ ਜਾਦੀਆਂ ਹਨ, ਨਿਪਾਲ ਸਿੰਘ "ਨਾਨਕ ਰਿਸ਼ੀ" ਤੁਰਕਿਸਤਾਨ ਤੇ ਉਬਜੇਕਿਸਤਾਨ ਵਿਚ "ਨਾਨਕ ਸ਼ਾਹ ਕਲੰਦਰ", ਆਫਿਗਾਨਸਤਾਨ ਵਿਚ "ਬਾਲਗਦਾ" ਚੀਨ ਵਿਚ "ਬਾਬੂ ਫੂਸਾ" ਕਰਕੇ ਸਤਿਗੁਰੂ ਜੀ ਨੂੰ ਯਾਦ ਕੀਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਰਬ ਸਾਂਝੀਵਾਲਤਾ ਦੀ ਹੋਂਦ ਨੂੰ ਪ੍ਰਗਟਾਉਂਦਾ ਭਾਈ ਗੁਰਦਾਸ ਜੀ ਦਾ ਪਾਵਨ ਫ਼ੁਰਮਾਨ ਹੀ ਯਾਦ ਆਉਂਦਾ ਹੈ ਕਿ :

**ਜਿਥੇ ਜਾਇ ਜਗਤਿ ਵਿਚਿ**
**ਬਾਬੇ ਬਾਝੁ ਨ ਖਾਲੀ ਜਾਈ॥**
**ਘਰਿ ਘਰਿ ਬਾਬਾ ਪੂਜੀਐ**
**ਹਿੰਦੂ ਮੁਸਲਮਾਨ ਗੁਆਈ॥**

ਆਪ ਜੀ ਨੇ ਚਾਰ ਉਦਾਸੀਆਂ ਧਾਰਨ ਕਰਕੇ ਜਿਥੇ ਸਾਰੇ ਹਿੰਦੋਸਤਾਨ ਦਾ ਕੋਨਾ-ਕੋਨਾ ਆਪਣੇ ਮੁਬਾਰਕ ਚਰਨਾਂ ਨਾਲ ਪਵਿੱਤ੍ਰ ਕੀਤਾ, ਉਥੇ ਬੰਗਲਾਦੇਸ਼, ਪਾਕਿਸਤਾਨ, ਅਫਿਗਸਤਾਨ, ਈਰਾਨ, ਸਾਊਦੀ ਅਰਬ, ਮੰਗੋਲੀਆ, ਇਟਲੀ, ਉਬਜੇਕਿਸਤਾਨ, ਤੁਰਕਿਸਤਾਨ, ਰੂਸ, ਚੀਨ, ਸਿੱਕਮ, ਭੂਟਾਨ, ਤੁਰਕੀ, ਬਰਮਾ, ਸ੍ਰੀਲੰਕਾ ਆਦਿ ਦੇਸ਼ਾਂ ਵਿਚ ਕਰੀਬਨ ੨੫ ਸਾਲ ਪੈਦਲ ਤੁਰ ਕੇ ਲੁਕਾਈ ਨੂੰ ਭਰਮਾਂ ਵਹਿਮਾਂ ਤੇ ਕ੍ਰਿਤ ਦੀ ਪੂਜਾ ਤੋਂ ਵਰਜ ਕੇ, ਇਕ ਅਕਾਲ ਪੁਰਖ ਦੀ ਅਰਾਧਨਾ ਦਾ ਮਾਰਗ ਦਰਸ਼ਨ ਕਰਵਾਇਆ। ਆਪ ਜੀ ਨੇ ਸਮੁੱਚੀ ਮਾਨਵਤਾ ਨੂੰ ਸੁਖੀ ਅਤੇ ਸੁਹੇਲਾ ਜੀਵਨ ਪ੍ਰਦਾਨ ਕਰਨ ਵਾਸਤੇ ਕਿਰਤ ਕਰੋ, ਵੰਡ ਕੇ ਛਕੋ, ਪਰਮਾਤਮਾ ਦਾ ਨਾਮ ਜਪੋ, ਸਰਬੱਤ ਦਾ ਭਲਾ ਮੰਗੋ ਨੂੰ ਆਪਣਾ ਜੀਵਨ ਅਰਾਧ ਬਣਾ ਕੇ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਕਿ ਇਸ ਮਾਰਗ 'ਤੇ ਤੁਰਨ ਨਾਲ ਜਿਥੇ ਤੁਸੀਂ ਆਪ ਆਪਣੇ ਜੀਵਨ ਵਿਚ ਸੁੱਖ ਮਾਣੋਂਗੇ, ਉਥੇ ਸੰਸਾਰ ਨੂੰ ਵੀ ਸੁਖੀ ਸੁਹੇਲਾ ਅਤੇ ਅਨੰਦ ਦਾਇਕ ਬਣਾਵੋਂਗੇ।

ਉਸ ਸਮੇਂ ਜਾਤ-ਪਾਤ, ਉਚ-ਨੀਚ, ਛੂਤ-ਛਾਤ ਦਾ ਕੋਹੜ, ਜੋ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਕੇ ਅਖੌਤੀ ਨੀਵਿਆਂ ਨੂੰ ਜ਼ਹਾਲਤ ਦੀ ਜ਼ਿੰਦਗੀ ਵਿਚ ਦਿਨ ਕੱਟਣ ਲਈ ਮਜਬੂਰ ਕਰ ਰਿਹਾ ਸੀ, ਨੂੰ ਸਦਾ ਲਈ ਦੂਰ ਕਰਨ ਲਈ ਆਪ ਜੀ ਨੇ ਬੁਲੰਦ ਅਵਾਜ਼ ਨਾਲ ਫ਼ੁਰਮਾਨ ਕੀਤਾ :

**ਜਾਣਹੁ ਜੋਤਿ ਨ ਪੂਛਹੁ ਜਾਤੀ**
**ਆਗੈ ਜਾਤਿ ਨ ਹੇ॥ ੧॥ ਰਹਾਉ॥**

ਆਪ ਨੇ ਫ਼ੁਰਮਾਨ ਕੀਤਾ, "ਹੇ ਲੁਕਾਈ ਦੇ ਬੰਦਿਉ! ਕਿਸੇ ਨੂੰ ਜਾਤ ਕਰਕੇ ਦੁਰਕਾਰਨਾ ਤੇ ਨੀਵਾਂ ਸਮਝਣਾ ਫਜ਼ੂਲ ਬਕਵਾਸ ਹੈ, ਕਿਉਂਕਿ ਸਾਰਿਆਂ ਸਰੀਰਾਂ ਵਿਚ ਇਕ ਪ੍ਰਮਾਤਮਾ ਦੀ ਹੀ ਜੋਤਿ ਹੈ ਅਤੇ ਸਾਰੇ ਇਕ ਪ੍ਰਮਾਤਮਾ ਦੀ ਸੱਤਿਆ ਦੇ ਆਸਰੇ ਚੱਲ ਰਹੇ ਹਨ :

**ਫਕੜ ਜਾਤੀ ਫਕੜੁ ਨਾਉ॥**
**ਸਭਨਾ ਜੀਆ ਇਕਾ ਛਾਉ॥**

ਉਸ ਸਮੇਂ ਦੇ ਆਪਣੇ ਆਪ ਨੂੰ ਸਵਰਨ ਜਾਤੀ ਕਹਾਉਣ ਵਾਲਿਆਂ ਲਈ ਇਹ ਇਕ ਬਹੁਤ ਵੱਡਾ ਚੈਲੰਜ ਸੀ। ਇਸ ਵਿਤਕਰੇ ਨੂੰ ਸਦਾ ਲਈ ਦੂਰ ਕਰਨ ਲਈ ਆਪ ਜੀ ਨੇ ਮੁਸਲਮਾਨ ਜਾਤੀ ਵਿਚੋਂ ਅਖੌਤੀ ਨੀਵੀਂ ਜਾਤੀ ਵਾਲੇ ਮਰਾਸੀ ਦਾਨੇ ਨੂੰ, ਮਰਦਾਂ ਦਾ ਮਰਦ "ਮਰਦਾਨਾ" ਬਣਾ ਕੇ ਜਗਤ ਤਾਰਨ ਲਈ ਆਪਣਾ ਭਾਈ (ਭਰਾ) ਬਣਾ ਕੇ ਉਸ ਦਾਨੇ ਦਾ ਨਾਉ "ਭਾਈ ਮਰਦਾਨਾ" ਰੱਖਿਆ ਅਤੇ ਜਗਤ ਨਿਸਤਾਰੇ ਦੇ ਸਫ਼ਰ ਵਿਚ ਆਪਣਾ ਹਮ-ਸਫ਼ਰ ਬਣਾਇਆ। ਲੋਕਾਂ ਵਿਚ ਹਾਹਾਕਾਰ ਮੱਚ ਗਈ ਕਿ ਵੇਖੋ ਬੇਦੀ ਵੰਸ਼ ਦੇ ਖੱਤਰੀ (ਗੁਰੂ) ਨਾਨਕ ਨੇ ਨੀਵੀਂ ਜਾਤ ਦੇ ਇਕ ਡੂੰਮ ਨੂੰ ਆਪਣਾ ਭਾਈਵਾਲ ਬਣਾ ਕੇ, ਵਰਣ ਆਸ਼ਰਮ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਬੇਦੀ ਨਾਨਕ ਅਤੇ ਦਾਨਾ ਡੂੰਮ ਇਕੱਠੇ ਰਹਿੰਦੇ, ਇਕੋ ਚੌਂਕੇ ਵਿਚ ਭੋਜਨ ਛੱਕਦੇ ਅਤੇ ਇਕੱਠੇ ਹੀ ਕੋਈ ਰੱਬੀ ਕਲਾਮ ਗਾਉਂਦੇ ਹਨ ਪਰ ਗੁਰੂ ਨਾਨਕ ਪਾਤਸ਼ਾਹ ਜੀ ਨੇ ਲੁਕਾਈ ਦੇ ਕਬੋਲਾਂ ਦੀ ਰਤਾ ਪਰਵਾਹ ਨਾ ਕੀਤੀ ਸਗੋਂ ਪੁਕਾਰ ਕੇ ਆਪਣੇ ਸਿਧਾਂਤ ਦੀ ਪੁਸ਼ਟੀ ਕੀਤੀ ਕਿ :

**ਨੀਚਾ ਅੰਦਰਿ ਜਾਤਿ ਨੀਚੀ ਹੂ ਅਤਿ ਨੀਚੁ।**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ**
**ਕਿਆ ਰੀਸ॥** (ਮ. ੧ : ਅੰਗ ੧੫)

ਉਧਰ ਭਾਈ ਮਰਦਾਨਾ ਜੀ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਆਖਰੀ ਸਵਾਸਾਂ ਤੱਕ ਸਾਥ ਨਿਭਾਇਆ। ਹਰ ਔਖ-ਸੌਖ, ਹਰ ਬਿਪਤਾ ਅਤੇ ਕਸ਼ਟਾਂ ਭਰੇ ਸਫ਼ਰ ਵਿਚ ਗੁਰੂ ਸਾਹਿਬ ਜੀ ਦੇ ਹਰ ਮੁਬਾਰਕ ਕਦਮ ਦੀ ਖਾਕ ਆਪਣੇ ਭਾਗਾਂ ਭਰੇ ਮਸਤਕ ਤੇ ਲਾ ਕੇ ਹਰ ਕਦਮ ਨਾਲ ਵਿਚਰਕੇ ਮਰਦਾਂ ਦਾ ਮਰਦ "ਮਰਦਾਨਾ" ਬਣ ਕੇ ਤੋੜ ਨਿਭਾਈ। ਕੈਸੀ ਭਾਗਾਂ ਭਰੀ ਆਤਮਾ ਹੋਵੇਗੀ "ਭਾਈ ਮਰਦਾਨਾ ਜੀ" ਦੀ, ਜਿਨ੍ਹਾਂ ਦੀ ਰਬਾਬ ਦੀ ਟੁਣਕਾਰ ਵਿਚ ਗੜੂੰਦ ਹੋ ਕੇ ਧੁਰ ਕੀ ਬਾਣੀ ਦੀ ਹਰ ਪਲੇਠੀ ਧੁਨ ਜਗਤ ਨਿਸਤਾਰਾ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਭਾਗਾਂ ਭਰੇ ਕੰਨਾਂ ਵਿਚ ਪਈ ਹੋਵੇਗੀ।

ਜਲਦੇ-ਬਲਦੇ-ਸੜਦੇ ਸੰਸਾਰ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਸਤੇ ਗੁਰੂ ਸਾਹਿਬ ਜੀ ਨੇ ਤਿੰਨ ਦਿਨ ਵੇਈਂ ਨਦੀ ਵਿਚ ਆਪਣੇ ਸਰੀਰ ਨੂੰ ਅਲੋਪ ਰੱਖਿਆ ਤੇ ਆਤਮਾ ਕਰਕੇ ਪ੍ਰਮਾਤਮਾ ਦੇ ਦਰ ਸੱਚਖੰਡ ਗਏ। ਉਸ ਸਮੇਂ ਦਾ ਅਤਿ ਸੁੰਦਰ ਵਰਣਨ ਪੁਰਾਤਨ ਜਨਮ ਸਾਖੀ ਵਿਚ ਇਉਂ ਮਿਲਦਾ ਹੈ:.....ਆਗਿਆ ਪਰਮੇਸ਼ਰ ਕੀ ਹੋਈ ਨਾਨਕੁ ਭਗਤ ਹਾਜਰੁ ਹੋਆ ਤਾਂ ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲਿ ਮਿਲਿਆ॥ ਹੁਕਮੁ ਹੋਆ ਨਾਨਕ! ਇਹੁ ਅੰਮ੍ਰਿਤੁ ਮੇਰੇ ਨਾਮ ਕਾ ਪਿਆਲਾ ਹੈ ਤੂ ਪੀਉ। ਤਬਿ ਗੁਰੂ ਨਾਨਕ ਤਸਲੀਮ ਕੀਤਾ ਪਿਆਲਾ ਪੀਤਾ। ਸਾਹਿਬੁ ਮਿਹਰਵਾਨ ਹੋਆ॥ ਨਾਨਕੁ ਮੈਂ ਤੇਰੇ ਨਾਲਿ ਹਾਂ॥ ਮੈਂ ਤੇਰੇ ਤਾਈਂ ਨਿਹਾਲ ਕੀਆ ਹੈ ਅਰੁ ਜੋ ਤੇਰਾ ਨਾਉ ਲੇਵੈਗਾ ਸੋ ਸਭ ਮੈਂ ਨਿਹਾਲੁ ਕੀਤੇ ਹੈਨਿ॥ ਤੂ ਜਾਇ ਕਰਿ ਮੇਰਾ ਨਾਮੁ ਜਪਿ ਅਰੁ ਲੋਕਾ ਥੀਂ ਭੀ ਜਪਾਇ॥ ਅਰੁ ਸੰਸਾਰ ਥੀਂ ਨਿਰਲੇਪੁ ਰਹੁ॥ ਨਾਮੁ ਦਾਨੁ ਇਸਨਾਨੁ ਸੇਵਾ ਸਿਮਰਨ ਵਿਚਿ ਰਹੁ॥ ਮੈਂ ਤੇਰੇ ਤਾਈਂ ਆਪਣਾ ਨਾਮੁ ਦੀਆ ਹੈ॥ ਤੂ ਏਹਾ ਕਿਰਤਿ ਕਰਿ॥ ਤਬਿ ਗੁਰੂ ਨਾਨਕ ਸਲਾਮ ਕੀਤਾ॥ ਖੜਾ ਹੋਆ....ਤਬਿ ਫਿਰਿ ਆ ਗਿਆ ਆਈ॥ ਹੁਕਮੁ ਹੋਆ ਨਾਨਕ ਜਿਸੁ ਊਪਰਿ ਤੇਰੀ ਨਦਰਿ ਤਿਸੁ ਉਪਰਿ ਮੇਰੀ ਨਦਰਿ॥ ਜਿਸੁ ਉਪਰਿ ਤੇਰਾ ਕਰਮੁ॥ ਤਿਸ ਉਪਰਿ ਮੇਰਾ ਕਰਮੁ॥ ਮੇਰਾ ਨਾਉ ਪਾਰਬ੍ਰਹਮ ਪਰਮਸ਼ੇਰੁ ਅਰਤੇਰਾ ਨਾਉਂ ਗੁਰ ਪਰਮੇਸ਼ਰੁ॥ ਤਬ ਗੁਰੂ ਨਾਨਕ ਪੈਰੀ ਪਇਆ। ਸਿਰਪਾਉ ਦਰਗਾਹੋਂ ਬਾਬੇ ਨੂੰ ਮਿਲਿਆ....

ਭਾਈ ਗੁਰਦਾਸ ਜੀ ਨੇ ਵੀ ਜ਼ਿਕਰ ਕੀਤਾ ਹੈ ਕਿ ਜਦ ਸਤਿਗੁਰੂ ਜੀ ਸੱਚਖੰਡ ਗਏ, ਉਥੋਂ ਜਗਤ ਦੇ ਉਧਾਰ ਵਾਸਤੇ ਪਰਮਾਤਮਾ ਜੀ ਦਾ "ਨਾਮ" ਅਤੇ "ਮਨ ਦੀ ਗਰੀਬੀ" (ਨਿੰਮ੍ਰਤਾ) ਪਰਮੇਸ਼ਰ ਜੀ ਪਾਸੋਂ ਲਿਆਂਦੀ। ਜਿਸ ਹਿਰਦੇ ਵਿਚ ਨਿੰਮ੍ਰਤਾ ਹੈ ਉਥੇ ਹੀ ਪਰਮਾਤਮਾ ਦਾ ਨਾਮ ਟਿਕ ਸਕਦਾ ਹੈ। ਜਿਥੇ ਨਾਮ ਟਿਕ ਜਾਵੇ ਉਥੇ ਨਾਮੀਂ ਪ੍ਰਮਾਤਮਾ ਦਾ ਨਿਵਾਸ ਹੁੰਦਾ ਹੈ। ਜਿਥੇ ਪ੍ਰਮਾਤਮਾ ਦਾਾਂ ਨਵਾਸ ਹੈ ਉਥੇ "ਸਦ ਖੁਸੀਆ ਸਦਾ ਰੰਗ ਮਾਣੇ" ਦੀਆਂ ਬਰਕਤਾਂ ਵਰਤ ਜਾਂਦੀਆਂ ਹਨ। ਜਲਦੇ ਬਲਦੇ ਸੜਦੇ ਸੰਸਾਰ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਸਤੇ ਆਪ ਜੀ ਨੇ ਘਰ ਦੇ ਸਾਰੇ ਸੁੱਖ-ਅਰਾਮ, ਮਾਤਾ-ਪਿਆ ਅਤੇ ਪਰਿਵਾਰ ਤਿਆਗ ਕੇ ਸੰਸਾਰ ਨੂੰ ਸੁੱਖ ਅਤੇ ਸੱਚ ਦਾ ਸਹਾਰਾ ਦਰਸਾਉਣ ਲਈ ਚਾਰ ਉਦਾਸੀਆਂ ਕਰਕੇ ਨੌਂ-ਖੰਡ ਪ੍ਰਿਥਵੀ ਦਾ ਭ੍ਰਮਣ ਕੀਤਾ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :-

**ਪਹਿਲਾਂ ਬਾਬੇ ਪਾਯਾ ਬਖਸੁ ਦਰਿ**
**ਪਿਛੋਂ ਦੇ ਫਿਰਿ ਘਾਲ ਕਮਾਈ॥**
**ਰੇਤੁ ਅਕੁ ਆਹਾਰੁ ਕਰਿ ਰੋੜਾਂ**
**ਕੀ ਗੁਰ ਕਰੀ ਵਿਛਾਈ॥**
**ਭਾਰੀ ਕਰੀ ਤਪਸਿਆ ਵਡੇ ਭਾਗੁ**
**ਹਰਿ ਸਿਉ ਬਣਿ ਆਈ॥**
**ਬਾਬਾ ਪੈਧਾ ਸਚ ਖੰਡਿ ਨਉ ਨਿਧਿ**
**ਨਾਮੁ ਗਰੀਬੀ ਪਾਈ॥**
**ਬਾਬਾ ਦੇਖੇ ਧਿਆਨ ਧਰਿ ਜਲਤੀ**
**ਸਭਿ ਪ੍ਰਿਥਵੀ ਦਿਸਿ ਆਈ॥**
**ਬਾਝਹੁ ਗੁਰੂ ਗੁਬਾਰ ਹੈ ਹੈ ਹੈ**
**ਕਰਦੀ ਸੁਣੀ ਲੁਕਾਈ॥**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ**
**ਚਲਾਈ॥**
**ਚੜਿਆ ਸੋਧਣਿ ਧਰਤਿ ਲੁਕਾਈ॥ ੨੪॥**

(ਵਾਰ ੧ ਪਉੜੀ ੨੪)

# ਸਿੱਖ ਧਰਮ ਦਾ ਪ੍ਰਚਾਰ, ਪ੍ਰਸਾਰ ਤੇ ਵਿਸਥਾਰ: ਦਰਪੇਸ਼ ਚੁਣੌਤੀਆਂ



ਇਕਬਾਲ ਸਿੰਘ ਲਾਲਪੁਰਾ
9780003333



ਦੁਨੀਆਂ ਦੇ ਪ੍ਰਮੁੱਖ ਧਰਮਾਂ ਵਿਚ ਸਿੱਖ ਧਰਮ ਦੀ ਪਹਿਚਾਣ ਬੜੀ ਵਿਕਲੋਤਰੀ ਹੈ। ਆਪਣੇ ਨਿਵੇਕਲੇ ਅਧਿਆਤਮਕ ਫਲਸਫੇ, ਮਾਨਵਵਾਦੀ, ਲੋਕ-ਪੱਖੀ ਸਰੂਪ, ਸ਼ਾਨਮੱਤੇ ਇਤਿਹਾਸ ਸਦਕਾ ਇਹ ਧਰਮ ਵਿਸ਼ਵ ਦੇ ਧਾਰਮਿਕ ਮਾਣ-ਚਿੱਤਰ 'ਤੇ ਵਿਸ਼ੇਸ਼ ਗੌਰਵ ਦਾ ਧਾਰਨੀ ਹੈ। ਇਸ ਧਰਮ ਦੇ ਪੈਰੋਕਾਰ ਭਾਵੇਂ ਵਿਸ਼ਵ ਭਰ ਦੀ ਆਬਾਦੀ ਵਿਚ ਗਿਣਤੀ ਪੱਖੋਂ ਘੱਟ ਹਨ ਪਰ ਦੇਸ਼ ਦੇ ਸਾਰੇ ਸੂਬਿਆਂ ਵਿਚ, ਵੱਖ-ਵੱਖ ਦੇਸ਼ਾਂ ਵਿਚ ਉਨ੍ਹਾਂ ਨੇ ਆਪਣੀ ਸਤਿਕਾਰਤ ਹੋਂਦ ਦਰਜ ਕਰਾਈ ਹੋਈ ਹੈ। ਭਾਰਤ ਵਿਚ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਇਸ ਧਰਮ ਦੇ ਪੈਰੋਕਾਰ-ਸਿੱਖ ਉੱਚ ਪਦਵੀਆਂ 'ਤੇ ਆਸੀਨ ਰਹੇ ਹਨ ਅਤੇ ਅੱਜ ਵੀ ਹਨ। ਆਰਥਿਕ ਖੇਤਰ ਵਿਚ ਦਸ ਗੁਰੂ- ਸਾਹਿਬਾਨਾਂ ਦੇ ਵਰੋਸਾਏ ਸਿੱਖਾਂ ਨੇ ਮੱਲ੍ਹਾਂ ਮਾਰੀਆਂ ਹਨ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਪਿੱਛੇ ਉਹ ਕਿਰਦਾਰ ਹੈ ਜੋ ਦਸ ਗੁਰੂ-ਸਾਹਿਬਾਨਾਂ ਨੇ ਲਗਭਗ ਢਾਈ ਸਦੀਆਂ ਦੇ ਅਦੁੱਤੀ ਚਿੰਤਨ, ਕਦਰਾਂ ਕੀਮਤਾਂ, ਮਿਹਨਤ ਅਤੇ ਕੁਰਬਾਨੀਆਂ ਰਾਹੀ ਸਿਰਜਿਆ।

ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਤੇ ਗੁਰੂ ਘਰਾਂ ਦੀ ਬੇਅਦਬੀ ਦੇ ਮਾਮਲੇ ਵਧਦੇ ਹੀ ਜਾ ਰਹੇ ਹਨ। ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਮਾਮਲਿਆਂ ਵਿਚ ਬਹੁਤੇ ਦੋਸ਼ੀ ਸਿੱਖ ਪਹਿਚਾਣ ਵਾਲੇ ਹਨ ਕਿਉਂਕਿ ਉਨ੍ਹਾਂ ਦੇ ਨਾਂ ਪਿੱਛੇ 'ਸਿੰਘ' ਜਾਂ 'ਕੌਰ' ਲਗਾ ਹੋਇਆ ਹੈ। ਅਜਿਹੇ ਬੇਅਦਬੀ ਦੇ ਦੋਸ਼ੀਆਂ ਨੂੰ ਕਤਲ ਕਰ ਦੇਣ ਦੀਆਂ ਘਟਨਾਵਾਂ ਵੀ ਹੋਈਆਂ, ਉਹ ਵੀ ਗੁਰੂ ਘਰਾਂ ਦੇ ਅੰਦਰ । ਹੋਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਇਕ ਵਿਸ਼ੇਸ਼ ਧਰਮ ਦੇ ਪ੍ਰਚਾਰਕਾਂ ਵੱਲੋਂ ਭੋਲੇ ਭਾਲੇ ਸਿੱਖਾਂ ਨੂੰ ਸਿੱਖੀ ਸਰੂਪ ਵਿੱਚ ਹੀ ਆਪਣੇ ਧਰਮ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਜੋ ਆਪਣੀ ਪ੍ਰਾਰਥਨਾ ਰਾਹੀ ਚਮਤਕਾਰ ਕਰਨ ਦੀ ਗੱਲ ਕਰਦੇ ਹਨ। ਗੁਰੂਆਂ ਦੇ ਵਰੋਸਾਇ ਇਸ ਛੋਟੇ ਜਿਹੇ ਪੰਜਾਬ ਵਿੱਚ ਇਨ੍ਹਾਂ ਪ੍ਰਚਾਰਕਾਂ ਦੀ ਗਿਣਤੀ ਵੀ ਹਜ਼ਾਰਾਂ ਵਿੱਚ ਹੈ। ਇਸ ਤੋਂ ਵੀ ਹੋਰ ਦੁਖਦਾਈ ਗੱਲ ਇਹ ਹੈ ਕਿ ਸਿੱਖ ਨੌਜਵਾਨ ਪੀੜ੍ਹੀ ਲਗਾਤਾਰ ਪਤਿਤ ਹੋ ਰਹੀ ਹੈ ਅਤੇ ਪੰਜਾਬ ਆਰਥਿਕ ਰੂਪ ਤੋਂ ਕੰਗਾਲ ਹੋ ਰਿਹਾ ਹੈ ਪਰ ਅਸੀਂ ਚੁੱਪ ਕਰ ਕੇ ਬੈਠੇ ਹਾਂ।

ਸਿੱਖ ਧਰਮ ਦੁਨੀਆਂ ਦੇ ਪ੍ਰਮੁੱਖ ਧਰਮਾਂ ਵਿਚੋਂ ਅਜਿਹਾ ਧਰਮ ਹੈ, ਜੋ ਕਰਮਕਾਡਾਂ ਤੋਂ ਰਹਿਤ ਹੈ। ਇਸ ਧਰਮ ਵਿਚ ਗੁਰੂ ਅਤੇ ਪ੍ਰਭੂ ਨਾਲ ਜੁੜਨ ਲਈ ਪੁਜਾਰੀਆਂ ਦੀ ਲੋੜ ਨਹੀਂ ਹੈ। ਜੇਕਰ ਭਾਈ ਨੰਦ ਲਾਲ ਜੀ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਪ੍ਰਗਟ ਕੀਤੇ ਰਹਿਤਨਾਮੇ 'ਤੇ ਵਿਚਾਰ ਕਰੀਏ ਤਾਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਉਪਰੰਤ ਧਿਆਨ ਲਗਾਉਣ, ਵਾਹਿਗੁਰੂ ਮੰਤਰ ਦਾ ਜਾਪ ਤੇ ਪਾਠ ਕਰਨਾ ਜ਼ਰੂਰੀ ਹੈ। ਸ਼ਾਮ ਵੇਲੇ ਰਹਿਰਾਸ ਤੇ ਰਾਤਰੀ ਨੂੰ ਕੀਰਤਨ ਸੋਹਲੇ ਦਾ ਪਾਠ ਕਰਨਾ ਹੈ। ਗੁਰੂ ਹੁਕਮ ਅਨੁਸਾਰ ਇਹਨਾਂ ਵਿੱਚ ਜੇਕਰ ਕੋਈ ਇੱਕ ਨੇਮ ਵੀ ਪੁਗਾਵੇ ਤਾਂ ਉਹ ਅਕਾਲ ਪੁਰਖ ਦੀ ਦਰਗਾਹ ਵਿੱਚ ਪ੍ਰਵਾਨ ਹੁੰਦਾ ਹੈ। ਇਸ ਲਈ ਗੁਰੂ ਸਾਹਿਬਾਨ, ਸ਼ਬਦ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਹਰ ਸਮੇਂ ਗਿਆਨ ਤੇ ਸੋਧ ਦੇਣ ਲਈ ਹਾਜ਼ਰ ਹਨ। ਜੋ ਗੁਰੂ ਸ਼ਬਦ ਦੇ ਨਾਲ ਪਿਆਰ ਕਰਦਾ ਹੈ, ਉਹ ਗੁਰੂ ਦੇ ਦਰਸ਼ਨ ਕਰਨ ਬਰਾਬਰ ਹੈ।

**ਐਸੋ ਗੁਰਸਿਖ ਸੋਵ ਭੀ ਮਹਿੰ ਪਹੁੰਚੇ ਆਇ॥**
**ਸੁਨਹੁ ਨੰਦ ਚਿੱਤ ਦੇਇ ਕੈ ਮੁਕਤ ਬੈਕਠੇ ਜਾਇ॥**
**(ਭਾਈ ਨੰਦ ਲਾਲ ਜੀ)**

ਅਕਾਲ ਪੁਰਖ, ਜੋ ਜਨਮ ਮਰਨ ਤੋਂ ਰਹਿਤ, ਨਿਰਭਉ, ਨਿਰਵੈਰ ਤੇ ਸਵੈ-ਪ੍ਰਕਾਸ਼ਮਾਨ ਹੈ, ਨੂੰ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰਮਤਿ ਮਾਰਗ ਸਵੈ-ਮਾਣ ਨਾਲ ਅਨੰਦਮਈ ਜੀਵਨ ਦਾ ਰਾਹ ਦੱਸਦਾ ਹੈ। ਹੱਸਦੇ, ਖੇਲ੍ਹਦੇ, ਖਾਂਦੇ, ਪਹਿਨਦੇ ਵੀ ਅਕਾਲ ਪੁਰਖ ਨੂੰ ਸੇਵਾ ਤੇ ਸਿਮਰਨ ਰਾਹੀਂ ਪਹੁੰਚਿਆ ਜਾ ਸਕਦਾ ਹੈ

**ਨਾਨਕ ਸਤਿਗੁਰੁ ਭੇਟਿਐ ਪੂਰੀ ਹੋਵੈ ਜੁਗਤ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਅੰਗ-512)**

ਬਾਕੀ ਹਦਾਇਤਾਂ, ਸਿੱਖ ਨੇ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ, ਤਨਖਾਹਨਾਮੇ ਵਿੱਚ ਦਰਜ ਹਨ। ਸਿੱਖ ਨੂੰ ਸਿਰ 'ਤੇ ਟੋਪੀ ਨਹੀਂ ਧਾਰਨ ਕਰਨੀ ਚਾਹੀਦੀ। ਸਿੱਖ ਨੇ ਹੁੱਕਾ, ਚਰਸ, ਤਮਾਕੂ, ਕੁੱਠਾ, ਗਾਂਜਾ, ਟੋਪੀ ਤਾੜੀ, ਖਾਕੂ ਦੇ ਨਸ਼ਿਆਂ ਦਾ ਸੇਵਨ ਨਹੀਂ ਕਰਨਾ। ਸਿੱਖ ਨੇ ਜੂਆ, ਮਦਿਰਾ, ਚੋਰੀ ਤੇ ਪਰਾਈ ਇਸਤਰੀ ਤੋਂ ਦੂਰ ਰਹਿਣ ਹੈ। ਜੇਕਰ ਸਿੱਖ ਬਾਦਸ਼ਾਹ ਹੋਵੇ ਤਾਂ ਗ਼ਰੀਬ ਸਿੰਘਾਂ ਦੀ ਪਾਲਣਾ ਕਰੇ, ਉਨ੍ਹਾਂ ਨੂੰ ਹੀ ਨੌਕਰ ਰੱਖੇ ਅਤੇ ਪਰਦੇਸੀ ਸਿੰਘਾਂ ਦੀ ਸਵਾ ਵੀ ਕਰੇ। ਨਾ ਵੱਢੀ ਲੈ ਕੇ ਇਨਸਾਫ਼ ਕਰੇ ਅਤੇ ਨਾ ਝੂਠੀ ਗਵਾਹੀ ਦੇਵੇਂ, ਸਿੱਖ ਉੱਦਮ ਕਰਕੇ ਰੋਜ਼ੀ ਕਮਾਵੇ-

**ਉਦਮੁ ਕਰੇਦਿਆ ਜੀਉ ਤੂੰ**
**ਕਮਾਵਦਿਆ ਸੁਖ ਭੁੰਚ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ**
**ਨਾਨਕ ਉਤਰੀ ਚਿੰਤ॥ (ਅੰਗ 522)**

ਜੇਕਰ ਕੋਈ ਸਿੰਘ ਪੁਜਾਰੀ ਵੀ ਹੈ ਤਾਂ ਸਰੀਰ ਦੇ ਨਿਰਬਾਹ ਦੀ ਲੋੜ ਅਨੁਸਾਰ ਹੀ ਭੇਟਾ ਲਵੇ। ਪਿੰਡ ਵਿੱਚ ਇਕ ਅਸਥਾਨ ਸਾਧੂ ਸੰਗਤ ਕਾ ਬਨ੍ਹਵਾਉਣਾ, ਜਹਾਂ ਸਾਧੂ ਸੰਗਤ ਇਕੱਤਰ ਹੋਵੇ ਅਤੇ ਆਇਆ ਗਿਆ ਵਿਸਰਾਮ ਕਰੇ। ਜੇਕਰ ਸਿੱਖ ਤੋਂ ਕੁਰਹਿਤ ਹੋ ਜਾਵੇ ਤਾਂ ਪੰਜ ਸਿੰਘਾਂ ਅੱਗੇ ਹੱਥ ਜੋੜ ਕੇ ਤਨਖ਼ਾਹ ਲਗਵਾ ਕੇ ਭੁੱਲ ਬਖਸ਼ਾਵੇ, ਪਰ ਬਖਸ਼ਣ ਵਾਲਾ ਸਿੰਘ ਵੀ ਮੁਆਫ਼ੀ ਵੇਲੇ ਅੜੀ ਨਾ ਕਰਨ, ਸਿੱਖਾਂ ਦਾ ਮਸਲਾ ਸਿੱਖਾਂ ਵਿਚ ਹੀ ਨਿੱਬੜੇ। ਗੁਰਮਤਿ ਦਾ ਸਿਧਾਂਤ ਹੈ- ਖ਼ਾਲਸਾ ਅਕਾਲ ਪੁਰਖ ਦੇ ਰੂਪ ਵਿਚ ਪ੍ਰਗਟ ਹੋਇਆ ਹੈ।

**ਅਕਾਲ ਪੁਰਖ ਦੀ ਮੂਰਤਿ ਇਹ॥**
**ਪ੍ਰਗਟਿਓ ਆਪ ਖ਼ਾਲਸਾ ਦੇਹ ॥ (ਸਰਬ ਲੋਹ ਗ੍ਰੰਥ)**

ਕਿਉਂਕਿ ਖ਼ਾਲਸਾ ਅਕਾਲ ਪੁਰਖ ਦੀ ਫੌਜ ਹੈ। ਇਸ ਲਈ ਉਸਦੇ ਵਿੱਚ ਅਨੁਸ਼ਾਸਨ ਤੇ ਨਿਯਮ ਵੀ ਹਨ,

**ਐਸੇ ਗੁਣ ਹਰਿ ਖਾਲਸਹਿ ਬਖਸ਼ੈ,**
**ਭਗਤਿ, ਗਿਆਨੀ, ਰਾਜ, ਜੋਗੇਸ਼ਵਰ**
**ਛਤ੍ਰਿਯ ਬਰਿਤਿ ਅਨਨਯੁਪਾਸਕ,**
**ਤਯਾਗੀ ਹਠੀ ਸੂਰ ਭਨੇਸ਼ਵਰ॥**

ਅਰਥਾਤ ਖ਼ਾਲਸਾ ਉਹ ਹੈ ਜੋ ਭਗਤੀ ਵਾਲਾ, ਗਿਆਨ ਵਾਲਾ, ਰਾਜਿਆਂ ਦਾ ਸਵਾਮੀ, ਯੋਗੀਆਂ ਦਾ ਵੀ ਸਵਾਮੀ, ਛਤ੍ਰੀਆਂ ਵਰਗੀ ਉਪਜੀਵਕਾ ਵਾਲਾ, ਅਨਨਯੁਪਾਸਕ, ਪ੍ਰਮੇਸ਼ਵਰ ਤੋਂ ਬਿਨਾਂ ਹੋਰ ਕਿਸੇ ਦਾ ਉਪਾਸਕ ਨਹੀਂ, ਤਯਾਗੀ, ਹਠੀ, ਸੂਰਬੀਰ ਅਤੇ ਭੁਵਨੇਸ਼ਵਰ-ਭਵਨ ਜ਼ਮੀਨ ਦਾ ਮਾਲਕ ਹੈ। ਇਸ ਲਈ ਅਕਾਲ ਪੁਰਖ ਦਾ ਸਿਪਾਹੀ ਔਗੁਣਾਂ ਤੋਂ ਰਹਿਤ ਦੀ ਹੋਣਾ ਚਾਹੀਦਾ ਹੈ-

**ਤਯਾਗੀ ਦਸ ਬਿਰੋਧ ਅਤਿ ਸਾਧਨ ਹਿੰਸਾ**
**ਅਹੰਕਾਰ ਆਲਸ ਕ੍ਰਿਪਨਤੂ ਪ੍ਰਮਾਨੰ॥**
**ਕਠੋਹਤ ਜੜਤੁ ਕੁਚਿਲਿਤੁ ਅਸਊਚੰ**
**ਕਲਮ ਸ਼ਾ- ਰੁ ਅਭਿਗਤਿ ਆਨੰ॥**

ਅਰਥਾਤ ਹਿੰਸਾ, ਅਹੰਕਾਰ, ਆਲਸ, ਕ੍ਰਿਪਣਤਵ-ਸੂਮਪਨ, ਕਠੋਰਪੁਣਾ (ਨਿਰਦਈ), ਜੜਤੁ-ਮੂਰਖਪੁਣਾ, ਕੁਚਲਿਤ-ਬੁਰਾ ਚਲਣ -ਬੁਰੇ ਵਿਚਾਰ, ਅਪਵਿੱਤਰਤਾ, ਕਲਮਸ਼ਾਰੂੰ -ਕਲਮ ਨਾਲ ਬੁਰਾ ਨਾ ਕਰਨਾ ਅਤੇ ਅਭਿਗਤਿ ਆਨੰ ਲੁੱਟ ਦੇ ਮਾਲ ਤੇ ਅਨੰਦ ਨਹੀਂ ਭੋਗਣਾ, ਇਹਨਾਂ ਔਗੁਣਾਂ ਤੋਂ ਰਹਿਤ ਹੀ ਖ਼ਾਲਸਾ ਸੰਤ ਸਿਪਾਹੀ ਤੇ ਗੁਰੂ ਦਾ ਰੂਪ ਹੈ। ਇਹਨਾਂ ਨਿਯਮਾਂ 'ਤੇ ਜੀਵਨ ਦਾ ਧਾਰਨੀ ਹੀ ਖ਼ਾਲਸਾ ਰੱਬ ਦਾ ਰੂਪ ਹੈ।

**ਦਸ ਗ੍ਰਾਹੀ ਦਸ ਤਿਆਗੀ ਐਸੋ**
**ਤਾਹਿ ਖਾਲਸਹ ਕਥਤ ਸੁਜਾਨੰ॥**
**ਅਸੁ ਖਾਲਸਹਿ ਖਾਲਸ ਪਦ ਪ੍ਰਾਪਤਿ**
**ਨਿਰੰਕਾਰਿ ਸੁ ਸਵਰੂਪ ਮਹਾਨੰ ॥**

ਸਿੱਖ ਧਰਮ ਵਿਚ ਪ੍ਰਚਾਰ ਦੀ ਵਿਧੀ ਪਾਰਸ ਨਾਲ ਛੂਹ ਕੇ ਪਾਰਸ ਬਣਨ ਦੀ ਰਹੀ ਹੈ। ਪਾਰਸ ਨੂੰ ਜੋ ਲੋਹਾ ਜਾਂ ਤਾਂਬਾ ਛੂਹ ਜਾਵੇ ਤਾਂ ਉਹ ਸੋਨਾ ਬਣ ਜਾਂਦਾ ਹੈ।

**ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ॥**
**(ਅੰਗ 698)**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਧਰਮ ਪ੍ਰਚਾਰ ਦੇ ਛੋਟੇ ਛੋਟੇ ਕੇਂਦਰ ਸਥਾਪਿਤ ਕੀਤੇ, ਜਿਨ੍ਹਾਂ ਵਿੱਚ ਭਾਈ ਲਾਲੋ ਨੂੰ ਏਮਨਾਬਾਦ, ਤੁਲੰਬਾਂ ਵਿਖੇ ਸੱਜਨ ਠੱਗ ਨੂੰ ਅਤੇ ਬਨਾਰਸ ਵਿੱਚ ਚਿਤਰਦਾਸ ਬ੍ਰਾਹਮਣ ਨੂੰ ਇਹ ਸੇਵਾ ਬਖਸੀ। ਉਹ ਗੁਰੂ ਜੀ ਦਾ ਉਪਦੇਸ਼ ਸੁਣਾਉਂਦੇ ਸਨ ਤੇ ਗੁਰਮਤਿ ਸਮੇਤ ਧਾਰਮਿਕ ਵਿਸ਼ਿਆਂ 'ਤੇ ਵਿਚਾਰ ਚਰਚਾ ਕਰਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਮੰਜੀ ਵਿਵਸਥਾ ਨੂੰ ਪ੍ਰਮੁੱਖਤਾ ਦਿੱਤੀ ਤੇ 22 ਮੰਜੀਆਂ ਭਾਵ ਪ੍ਰਚਾਰ ਕੇਂਦਰ ਸਥਾਪਿਤ ਕਰ ਦਿੱਤੇ। 22 ਮੰਜੀਆਂ ਕ੍ਰਮਵਾਰ 1, ਅਨਾਹਯਾਰਖਾਂ, 2. ਸਚਨ ਸੱਚ, 3, ਸਾਧਾਰਣ, 4, ਸਾਵਣ ਮੱਲ, 5. ਸੁੱਖਣ, 6. ਹੁੰਦਾਲ, 7, ਕੇਦਾਰੀ, 8, ਖੇਡਾ, 9. ਗੰਗੂ ਸ਼ਾਹ, 10 ਦਰਬਾਰੀ, 11. ਪਾਰੇ ਜੁਲਕਾਂ, 12, ਫੇਰਾ ਕਟਾਰਾ, 13, ਬੂਆ, 14 ਮਹੇਸਾ, 15, ਬਣੀ, 16 ਮਾਈਦਾਸ, 17, ਮਾਣਕ ਚੰਦ, 18 ਮਥੋਂ, ਮੁਰਾਰੀ 19, ਰਾਜਾਰਾਮ 20, ਰੰਗ ਸ਼ਾਹ 21, ਰੰਗ ਦਾਸ 22 ਲਾਲੋ ਨੂੰ ਬਖ਼ਸ਼ੀਆਂ, ਜਿਨ੍ਹਾਂ ਦੇ ਨਾਮ ਵੱਖ-ਵੱਖ ਸਰੋਤਾਂ ਵਿੱਚ ਦਰਜ ਮਿਲਦੇ ਹਨ। ਇੱਕ ਹੋਰ ਵਿਲੱਖਣ ਗੱਲ, ਇਸਤਰੀ ਪ੍ਰਚਾਰਕਾਂ ਲਈ 52 ਪੀੜੇ ਸਥਾਪਿਤ ਕਰਨ ਦੀ ਸੀ, ਜਿਸ ਦੀ ਅਗਵਾਈ ਕਰਨ ਵਾਲੀਆਂ ਬੀਬੀ ਭਾਨੀ ਤੇ ਬੀਬੀ ਦਾਨੀ ਆਦਿ ਦੇ ਨਾਮ ਖ਼ਾਸ ਤੌਰ ਤੇ ਕਾਬਿਲ-ਏ-ਜ਼ਿਕਰ ਹਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਪ੍ਰਚਾਰ ਸੰਸਥਾਵਾਂ ਦੀ ਗਿਣਤੀ ਹੋਰ ਵੀ ਵਧਾ ਦਿੱਤੀ। ਮੰਜੀ ਪ੍ਰਾਪਤ ਕਰਨ ਵਾਲਾ ਆਪਣੇ ਇਲਾਕੇ ਵਿਚ ਪ੍ਰਚਾਰ ਦੀ ਜ਼ਿੰਮੇਵਾਰੀ ਸੰਭਾਲਦਾ ਸੀ।

ਭਾਈ ਗੁਰਦਾਸ ਜੀ ਦੀ 11ਵੀਂ ਵਾਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਸਮੇਤ ਗੁਰੂ ਸਾਹਿਬਾਨ ਦੇ ਦੇਸ਼-ਵਿਦੇਸ਼ ਵਿੱਚੋਂ ਅਨੇਕਾਂ ਸਿੱਖਾਂ ਦੇ ਨਾਂ ਦਰਜ ਹਨ ਜੋ ਭਾਰਤ, ਸ੍ਰੀਲੰਕਾ, ਤਿੱਬਤ ਤੇ ਅਫ਼ਗਾਨਿਸਤਾਨ ਆਦਿ ਦੇਸ਼ਾਂ ਵਿੱਚ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਇਹ ਮੰਜੀਆਂ ਫੇਰ ਧਰਮਸਾਲ ਤੇ ਗੁਰਦੁਆਰਾ ਸਾਹਿਬਾਨ ਬਣ ਗਈਆਂ। ਇਹਨਾਂ ਪ੍ਰਚਾਰਕਾਂ ਦੀ ਗਿਣਤੀ ਵਧਦੀ ਗਈ ਤੇ ਹੌਲੀ ਹੌਲੀ ਇਹਨਾਂ ਨੂੰ ਮਸੰਦ ਮਸਨਦ ਭਾਵ ਵੱਡੀ ਮੰਜੀ ਉਹ ਜੋ ਤਖ਼ਤ, ਗੱਦੀ ਜੋ ਸਿੰਘਾਸਣ ਤੋਂ ਨੀਵੀਂ ਹੋਵੇ ਬਖਸੀ ਗਈ। ਇਹਨਾਂ ਨੇ ਗੁਰੂ ਘਰਾਂ ਦੀ ਮਹਿਮਾ ਅਤੇ ਗੁਰਮਤਿ ਲੋਕਾਂ ਵਿਚ ਪਹੁੰਚਾਈ ਤੇ ਸ਼ਰਧਾਲੂਆਂ ਦਾ ਦਸਵੰਦ ਗੁਰੂ ਘਰ ਵਿਚ ਪਹੁੰਚਾਉਣ ਦਾ ਕੰਮ ਕੀਤਾ। ਪਰ ਹੌਲੀ ਹੌਲੀ ਪੈਸੇ ਦੇ ਲਾਲਚ ਵਿਚ ਮਸੰਦ ਭ੍ਰਿਸ਼ਟ ਹੋ ਗਏ। ਜਿਨ੍ਹਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਦਰਜ ਕੀਤੇ -

**ਜੋ ਜੁਗੀਆਨ ਕੇ ਜਾਇ ਕਹੈ ਸਭ**
**ਜੋਗਨ ਕੋ ਗ੍ਰਿਹਿ ਮਾਲ ਉਠੈ ਦੈ ॥**
**ਜੋ ਪਰੋ ਭਾਜਿ ਸਨਯਾਸਨ ਦੈ ਕਹੈ**
**ਦੱਤ ਕੇ ਨਾਮ ਪੈ ਧਾਮ ਲੁਟੈ ਦੈ॥**
**ਜੋ ਕਰਿ ਕੋਊ ਮਸੰਦਨ ਸੌ ਕਹੈ**
**ਸਰਬ ਦਖਲ ਲੈ ਮੋਹਿ ਅਬੈ ਦੈ ॥**
**ਲੇਉ ਹੀ ਲੇਉ ਕਹੈ ਸਭ ਕੋ ਨਰ**
**ਕੋਊ ਨ ਬ੍ਰਹਮ ਬਤਾਇ ਹਮੈ ਦੈ ॥**
**ਜੋ ਕਰਿ ਸੇਵਾ ਮਸੰਦਨ ਕੀ ਕਹੈ**
**ਆਨਿ ਪ੍ਰਸਾਦਿ ਸਭੈ ਮੋਹਿ ਦੀਜੈ ॥**
**ਜੋ ਕਛੁ ਮਾਲ ਤਵਾਲਯ ਸੋ**
**ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ ॥**
**ਮੇਰੋ ਈ ਧਯਾਨ ਧਰੋ ਨਿਸ ਬਾਸੁਰ**
**ਭੂਲ ਕੈ ਅਉਰ ਕੋ ਨਾਮ ਨ ਲੀਜੈ ॥**
**ਦੀਨੇ ਕੋ ਨਾਮੁ ਸੁਨੈ ਭਜਿ ਰਾਤਹਿ ਲੀਨੇ**
**ਬਿਨਾ ਨਹਿ ਨੈਕ ਪ੍ਰਸੀਜੈ॥ (ਸਵੈਯੇ, ਪਾਤਸ਼ਾਹੀ 10)**

ਇਸ ਕਾਰਨ ਇਹ ਮਸੰਦ ਪ੍ਰਥਾ ਬੰਦ ਕਰ ਦਿੱਤੀ ਤੇ ਦੋਸ਼ੀ ਮਸੰਦਾਂ ਨੂੰ ਸਜ਼ਾ ਵੀ ਦਿੱਤੀ ਗਈ। ਉਸ ਤੋਂ ਬਾਅਦ ਧਰਮ ਪ੍ਰਚਾਰ ਦਾ ਕੰਮ ਅੱਗੇ ਤੁਰਿਆ। ਬਾਬਾ ਬੰਦਾ ਸਿੰਘ ਬਹਾਦੁਰ ਤੋਂ ਬਾਅਦ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਿੱਖਾਂ ਦੀ ਚੜ੍ਹਦੀ ਕਲਾ ਨਾਲ ਇਹ ਧਰਮ ਪ੍ਰਚਾਰ ਤੇਜ਼ੀ ਨਾਲ ਅੱਗੇ ਵਧਿਆ। ਦੂਜੇ ਧਰਮਾਂ ਦਾ ਸਤਿਕਾਰ ਕਰਦੇ ਹੋਏ ਸਿੱਖ ਮਹਾਰਾਜਿਆਂ ਨੇ ਆਪਣੀ ਪਰਜਾ ਲਈ ਮੰਦਰ ਤੇ ਮਸਜਿਦਾਂ ਦੀ ਉਸਾਰੀ ਵੀ ਕਰਵਾਈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖਤਮ ਕਰਨ ਵੇਲੇ ਅੰਗਰੇਜ਼ ਨੇ ਸਿੰਘ ਫਲਸਫਾ ਤੇ ਸਿੱਖ-ਸਿਧਾਂਤ ਖਤਮ ਕਰਨ ਲਈ, ਗੁਰਦੁਆਰਾ ਸਾਹਿਬਾਨਾਂ 'ਤੇ ਮਹੰਤਾ ਅਤੇ ਸਰਬਰਾਹ ਦਾ ਕਬਜਾ ਕਰਾ ਪ੍ਰਬੰਧ ਆਪਣੇ ਹੇਠ ਕਰ ਲਿਆ। ਸਿੱਖ ਯੋਧਿਆਂ ਤੋਂ ਡਰਿਆ ਅੰਗਰੇਜ਼, ਸਿੱਖਾਂ ਨੂੰ ਈਸਾਈ ਬਨਾਉਣ ਵੱਲ ਯਤਨ ਕਰਨ ਲੱਗਾ। ਇਸੇ ਲੜੀ ਵਿੱਚ ਮਹਾਰਾਜਾ ਦਲੀਪ ਸਿੰਘ ਤੇ ਸ. ਹਰਨਾਮ ਸਿੰਘ ਆਹਲੂਵਾਲੀਆ ਈਸਾਈ ਬਣੇ, ਸਖ਼ਤੀ ਇਸ ਹੱਦ ਤੱਕ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ-ਪੁੱਤਰੀਆਂ ਨਾਲ ਕਿਸੇ ਸਿੱਖ ਸਰਦਾਰ ਨੇ ਨਾ ਆਪਣੀਆਂ ਲੜਕੀਆਂ ਦਾ ਵਿਆਹ ਕੀਤਾ ਅਤੇ ਨਾ ਹੀ ਆਪਣੇ ਕਿਸੇ ਫਰਜੰਦ ਨੂੰ ਰਾਜਕੁਮਾਰੀਆਂ ਨਾਲ ਸ਼ਾਦੀ ਕਰਨ ਲਈ ਪ੍ਰੇਰਿਆ। 1869 ਈ. ਵਿੱਚ ਪੈਦਾ ਹੋਈ ਰਾਜਕੁਮਾਰੀ ਬੰਬਾ 1912 ਈ. ਤੋਂ ਪਹਿਲਾਂ ਹੀ ਪੰਜਾਬ ਆ ਗਈ ਸੀ ਤੇ ਮਰਦੇ ਦਮ 1957 ਈ. ਤੱਕ ਲਾਹੌਰ ਵਿਚ ਰਹੀ। ਕਿਸੇ ਰਾਜਸੀ ਜਾਂ ਧਾਰਮਿਕ ਆਗੂ ਨੇ ਉਸਨੂੰ ਮੁੜ ਸਿੱਖੀ ਵਿੱਚ ਲਿਆਉਣ ਦਾ ਯਤਨ ਨਹੀਂ ਕੀਤਾ। ਉਸਦੀ ਵਿਦੇਸ਼ੀ ਨੌਕਰਾਣੀ ਤਾਂ ਇੱਕ ਵੱਡੇ ਸਿੱਖ ਖ਼ਾਨਦਾਨ ਦੇ ਘਰ ਦੀ ਨੂੰਹ ਜਰੂਰ ਬਣ ਗਈ।

1873 ਈ. ਵਿਚ ਅੰਗਰੇਜ਼ ਜਦੋਂ ਚਾਰ ਸਿੱਖ ਵਿਦਿਆਰਥੀਆਂ ਨੂੰ ਅੰਮ੍ਰਿਤਸਰ ਮਿਸ਼ਨ ਹਾਈ ਸਕੂਲ ਵਿੱਚ ਈਸਾਈ ਬਨਾਉਣ ਲੱਗਿਆ ਤਾਂ ਸ. ਠਾਕੁਰ ਸਿੰਘ ਸੰਧਾਵਾਲੀਆ, ਬਾਬਾ ਖੇਮ ਸਿੰਘ ਬੇਦੀ, ਰਾਜਾ ਬਿਕਰਮ ਸਿੰਘ ਕਪੂਰਥਲਾ ਅਤੇ ਗਿਆਨੀ ਗਿਆਨ ਸਿੰਘ, ਅੰਮ੍ਰਿਤਸਰ ਨੇ ਆਵਾਜ਼ ਉਠਾਈ ਅਤੇ ਸਿੰਘ ਸਭਾ ਲਹਿਰ ਰਾਹੀਂ ਸਿੱਖ ਧਰਮ ਨੂੰ ਬਚਾਉਣ ਦਾ ਯਤਨ ਕੀਤਾ। ਫਲਸਰੂਪ ਅੰਗਰੇਜ਼ ਉਹ ਚਾਰ ਨੌਜਵਾਨਾਂ ਨੂੰ ਈਸਾਈ ਨਹੀਂ ਬਣਾ ਸਕਿਆ। ਇਸੇ ਸ. ਠਾਕੁਰ ਸਿੰਘ ਸੰਧਾਵਾਲੀਆ ਨੇ ਵਲੈਤ ਜਾ ਕੇ ਮਹਾਰਾਜਾ ਦਲੀਪ ਸਿੰਘ ਨੂੰ ਸਿੰਘ ਸਜਣ ਲਈ ਪ੍ਰੇਰਿਆ ਅਤੇ ਖ਼ਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ। ਮਾਰਚ 20, 1886 ਨੂੰ ਸ. ਠਾਕੁਰ ਸਿੰਘ ਸੰਧਾਵਾਲੀਆ ਦੇ ਉੱਦਮ ਸਦਕਾ ਮਹਾਰਾਜਾ ਦਲੀਪ ਸਿੰਘ ਮੁੜ ਸਿੰਘ ਸਜ ਗਿਆ ਪਰ ਠਾਕੁਰ ਸਿੰਘ ਸੰਧਾਵਾਲੀਆ ਨੂੰ ਅੰਗਰੇਜ਼ ਨੇ, ਵਾਪਸ ਪੰਜਾਬ ਨਾ ਆਉਣ ਦਿੱਤਾ ਤੇ ਉਸਦੀ ਜਾਇਦਾਦ ਜ਼ਬਤ ਕਰ ਲਈ ਗਈ। ਇਸ ਲਹਿਰ ਨੂੰ ਕਮਜ਼ੋਰ ਕਰਨ ਲਈ ਸਿੰਘ ਸਭਾ, ਅੰਮ੍ਰਿਤਸਰ ਦੇ ਬਰਾਬਰ ਇੱਕ ਸਿੰਘ ਸਭਾ ਲਾਹੌਰ ਵਿਚ ਵੀ ਖੜ੍ਹੀ ਹੋਈ। ਅੰਗਰੇਜ਼ ਨੇ ਇਹਨਾਂ ਸਿੰਘ ਸਭਾਵਾਂ ਨੂੰ ਜੋੜ ਕੇ 1962 ਈ. ਵਿੱਚ ਚੀਫ਼ ਖ਼ਾਲਸਾ ਦੀਵਾਨ ਬਣਾ, ਇਸ ਲਹਿਰ ਦਾ ਅੰਤ ਕਰ ਦਿੱਤਾ। ਚੀਫ਼ ਖ਼ਾਲਸਾ ਦੀਵਾਨ ਦੇ ਸੰਵਿਧਾਨ ਵਿੱਚ ਇਹ ਗੱਲ ਅੰਕਿਤ ਕਰ ਦਿੱਤੀ ਗਈ ਕਿ ਉਹ ਸਰਕਾਰ ਨਾਲ ਕੇਵਲ ਗੱਲਬਾਤ ਰਾਹੀਂ ਹੀ ਪੰਥਕ ਮਸਲੇ ਸੁਲਝਾਉਣਗੇ। ਇਹੀ ਦੌਰ ਸ਼ੁਧੀਕਰਨ ਆਦਿ ਲਹਿਰਾਂ ਦਾ ਸੀ, ਜਿੱਥੇ ਸਿੱਖਾਂ ਨੂੰ ਮੁੜ ਆਪਣੇ ਪੁਰਾਣੇ ਧਰਮਾਂ ਵੱਲ ਪਰਿਵਰਤਨ ਕਰਨ ਦੇ ਯਤਨ ਹੋਏ।

ਮਿਸਲਾਂ ਦੇ ਰਾਜ ਕਾਲ ਵਿੱਚ ਕੌਮੀ ਫ਼ੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ ਸਾਂਝੇ ਰੂਪ ਵਿੱਚ ਕੀਤੇ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਵੀ ਕੁਝ ਜ਼ਮੀਨਾਂ-ਜਾਇਦਾਦਾਂ ਦੇ ਬਾਰੇ ਹੁਕਮਨਾਮੇ ਮਹਾਰਾਜ ਸਾਹਿਬ ਨੂੰ ਭੇਜੇ ਗਏ। ਪਰ 1919-20 ਈ. ਤੱਕ ਗੁਰਦੁਆਰਾ ਸਾਹਿਬਾਨ ਵਿਭਚਾਰ ਦੇ ਅੱਡੇ ਬਣ ਚੁੱਕੇ ਸਨ। ਮਹੰਤ ਨਰੈਣੂ ਨੇ ਤਾਂ ਨਨਕਾਣਾ ਸਾਹਿਬ ਵਿੱਚ 140 ਤੋਂ ਜ਼ਿਆਦਾ ਸਿੱਖ ਕਤਲ ਵੀ ਕਰਵਾ ਦਿੱਤੇ ਸਨ। ਜੋ ਵਿਅਕਤੀ ਅੰਗਰੇਜ਼ ਵਿਰੋਧੀ ਹੁੰਦਾ ਸੀ, ਉਸਨੂੰ ਸ.ਗੁਰਮੁਖ ਸਿੰਘ ਵਾਂਗ ਪੰਥ ਵਿਚੋਂ ਖਾਰਿਜ ਕਰ ਦਿੱਤਾ ਜਾਂਦਾ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਨਰਲ ਡਾਇਰ ਵਰਗਿਆਂ ਨੂੰ ਸਨਮਾਨਿਤ ਕਰਕੇ ਸਿੰਘ ਬਣਾਇਆ ਜਾਂਦਾ ਸੀ। ਕਿੰਨੀ ਦੁਖਦਾਈ ਗੱਲ ਹੈ ਕਿ ਇਹ ਵੀ ਹੁਕਮਨਾਮਾ ਜਾਰੀ ਹੋਇਆ ਕਿ ਬੱਜ-ਬੱਜ ਘਾਟ ਤੇ ਮਾਰੇ ਗਏ ਪੰਜਾਬੀ ਸਿੱਖ ਨਹੀਂ ਹਨ। ਇਹ ਸੀ ਸਿੱਖ ਪੁਜਾਰੀਆਂ ਦੀ ਅੰਗਰੇਜ਼ ਪ੍ਰਤੀ ਸ਼ਰਧਾ ਤੇ ਮਾਨਸਿਕਤਾ। ਅੰਗਰੇਜ਼ ਨੇ ਸਿੱਖਾਂ ਨੂੰ ਸਿੱਖੀ ਤੋਂ ਖਾਰਿਜ ਕਰਾਉਣ ਦੇ ਹੀ ਹੁਕਮਨਾਮੇ 1920 ਈ: ਤੱਕ ਜਾਰੀ ਕਰਵਾਏ। 1920 ਤੋਂ 1925 ਈ. ਤਕ ਗੁਰਦੁਆਰਿਆਂ ਦੀ ਆਜ਼ਾਦੀ ਲਈ ਇੱਕ ਵੱਡਾ ਸੰਘਰਸ਼ ਹੋਇਆ ਜੋ ਗ਼ਰੀਬ ਸਿੱਖ ਭਾਈਚਾਰੇ ਦੇ ਪ੍ਰਸ਼ਾਦ ਨੂੰ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਪ੍ਰਵਾਨ ਨਾ ਕਰਨ 'ਤੇ ਆਰੰਭ ਹੋਇਆ ਸੀ। ਇਸ ਸੰਘਰਸ਼ ਵਿਚ ਬਹੁਤ ਕੁਰਬਾਨੀਆਂ ਦੇਣੀਆਂ ਪਈਆਂ। ਇਨ੍ਹਾਂ ਕੁਰਬਾਨੀਆਂ ਸਦਕਾ ਕੌਮ ਨੇ ਸਰਕਾਰ ਤੇ ਉਸਦੇ ਪਿੱਠੂਆਂ, ਮਹੰਤਾਂ ਤੇ ਸਰਬਰਾਹਾਂ ਤੋਂ ਗੁਰਦੁਆਰਾ ਪ੍ਰਬੰਧ ਲੈ ਲਿਆ।

ਮਹਾਤਮਾ ਗਾਂਧੀ ਨੇ ਇਸ ਸੰਘਰਸ਼ ਦੀ ਸਫਲਤਾ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਦੀ ਜਿੱਤ ਆਖ ਕੇ, ਸਿੱਖ ਆਗੂਆਂ ਨੂੰ ਵੀ ਰਾਜਨੀਤੀ ਵਿਚ ਆਪਣੇ ਨਾਲ ਜੋੜਨ ਦਾ ਯਤਨ ਕੀਤਾ। ਚੀਫ਼

ਖ਼ਾਲਸਾ ਦੀਵਾਨ, ਅੰਗਰੇਜ਼ ਪ੍ਰਸਤ ਰਈਸਾਂ ਕੋਲ ਸੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਆਗੂ ਕਾਂਗਰਸ ਦੇ ਨਾਲ ਜੁੜ ਗਏ ਤੇ ਮੈਂਬਰ ਵੀ ਬਣ ਗਏ। ਗੁਰਦੁਆਰਾ ਪ੍ਰਬੰਧ ਨਵੇਂ ਕਾਨੂੰਨ ਤਹਿਤ ਲੋਕਲ ਕਮੇਟੀਆਂ ਹਵਾਲੇ ਹੋਇਆ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਸਦੀ ਸਰਪ੍ਰਸਤ ਸੀ। ਬਾਅਦ ਵਿੱਚ ਕੁਝ ਗੁਰਦੁਆਰਿਆਂ ਦਾ ਸਿੱਧਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਹੇਠ ਕਰਨ ਦੇ ਸਰਕਾਰੀ ਹੁਕਮ ਵੀ ਜਾਰੀ ਹੋਏ। ਇਸ ਸਮੇਂ ਹੁਣ ਬਹੁਤੇ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ ਆ ਚੁੱਕੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਹੋਈ ਮਰਿਆਦਾ ਕਮੇਟੀ ਦੇ ਤਿਆਰ ਕੀਤੇ ਖਰੜੇ ਦੀ ਜੇਕਰ, ਭਾਈ ਨੰਦ ਲਾਲ ਜੀ, ਭਾਈ ਪ੍ਰਹਿਲਾਦ ਸਿੰਘ ਜੀ, ਭਾਈ ਦੇਸਾ ਸਿੰਘ, ਚੋਪਾ ਸਿੰਘ ਜੀ, ਭਾਈ ਦਇਆ ਸਿੰਘ ਜੀ ਆਦਿ ਦੇ ਰਹਿਤਨਾਮਿਆਂ ਨਾਲ ਤੁਲਨਾ ਕੀਤੀ ਜਾਵੇ, ਤਾਂ ਇਹ ਗੁਰਮਤਿ ਮਰਿਆਦਾ ਦੇ ਫਲਸਫੇ ਤੋਂ ਦੂਰ ਕਰਮਕਾਂਡ ਦੀ ਵਿਧੀ ਵੱਲ ਜ਼ਿਆਦਾ ਜ਼ੋਰ ਦਿੰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਰਮਲ ਪੰਥ ਦੀ ਵਿਲੱਖਣਤਾ ਹੀ ਨਹੀਂ ਰਹੀ, ਤਾਂ ਦੂਜਿਆਂ ਨਾਲੋਂ ਫ਼ਰਕ ਕਿਵੇਂ ਪਤਾ ਲੱਗੇ ? ਜਾਤ-ਪਾਤ ਰਹਿਤ 'ਏਕ ਪਿਤਾ ਏਕਸ ਕੇ ਹਮ ਬਾਰਿਕ' ਤੇ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਦੇ ਸਪੁੱਤਰ ਤੇ ਸਪੁੱਤਰੀਆਂ ਦੀ ਜਾਤ ਵੱਖਰੀ ਕਿਵੇਂ ਹੋ ਗਈ ? ਰਾਜਨੀਤਿਕ ਅੰਦੋਲਨਾਂ/ਮੋਰਚਿਆਂ ਰਾਹੀਂ ਕੌਮ ਦਾ ਸਰਮਾਇਆ ਰਾਜਨੀਤੀ ਵਿੱਚ ਲਗ ਗਿਆ, ਜੋ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਆ ਸਕਦਾ ਸੀ।ਸੱਚ ਤਾਂ ਇਹ ਹੈ ਕਿ ਅਸੀਂ ਆਪਣੇ ਧਾਰਮਿਕ ਫਲਸਫੇ ਅਤੇ ਸਿੱਖੀ ਕਿਰਦਾਰ ਤੋਂ ਥਿੜਕ ਗਏ ਹਾਂ।

ਸ਼੍ਰੋਮਣੀ ਅਕਾਲੀ ਦਲ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਿ- ਸੰਸਥਾ ਸੀ, ਦੇ ਆਗੂ, 1925 ਈ. ' ਤੋਂ ਹੀ ਕਾਂਗਰਸ ਪਾਰਟੀ ਨਾਲ ਜੁੜ ਕੇ ਰਾਜਨੀਤੀ ਵਿਚ ਸਰਗਰਮ ਰਹੇ। ਅੱਜ ਸਿੱਖਾਂ ਦੀ ਸਿਰਮੌਰ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਨੂੰ ਸਿੱਖਾਂ ਦੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ, ਸ਼੍ਰੋਮਣੀ ਅਕਾਲੀ ਦਲ ਦੀ ਸਹਿ ਸੰਸਥਾ ਬਣ ਗਈ ਹੈ। ਅੱਜ ਹਰ ਵਿਚਾਰਵਾਨ ਸਿੱਖ ਇਹ ਮਹਿਸੂਸ ਕਰਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਅਸਲ ਟੀਚੇ / ਉਦੇਸ਼ ਤੋਂ ਭਟਕ ਗਈ ਹੈ। ਸਿੱਖ ਫਲਸਫੇ ਦਾ ਪ੍ਰਚਾਰ-ਪ੍ਰਸਾਰ ਕਰਨ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੋੜੀ ਰੱਖਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾ ਕੋਈ ਰੋਡਮੇਪ ਹੈ ਅਤੇ ਸ਼ਾਇਦ ਨਾ ਹੀ ਇਸ ਦੀ ਕੋਈ ਪਹਿਲ ਹੈ। ਧਰਮਨਿਰਣੈ ਲੈਣ ਲਈ ਇਹ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲ ਹੀ ਵੇਖਦੀ ਨਜ਼ਰ ਆਉਂਦੀ ਹੈ। ਚਾਹੀਦਾ ਤਾਂ ਇਹ ਸੀ ਕਿ ਅਸੀਂ, ਸਾਡੀਆਂ ਧਾਰਮਿਕ ਸੰਸਥਾਵਾਂ ਅਤੇ ਸਾਡੇ ਧਾਰਮਿਕ ਆਗੂ ਆਪਣੇ ਇਸ ਅਮੀਰ ਫ਼ਲਸਫ਼ੇ ਦਾ ਇਸ ਤਰ੍ਹਾਂ ਪ੍ਰਚਾਰ-ਪ੍ਰਸਾਰ ਕਰਦੇ ਕਿ ਅੱਜ ਵਿਸ਼ਵ ਵਿਚ ਸਿੱਖ ਫ਼ਲਸਫ਼ੇ ਦਾ ਪਰਚਮ ਲਹਿਰਾ ਰਿਹਾ ਹੁੰਦਾ ਪਰ ਸਥਿਤੀ ਵਿਪਰੀਤ ਬਣਦੀ ਜਾ ਰਹੀ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ । ਪਰ ਅਸੀਂ ਅੱਜ ਵੀ ਇਸ ਸਚਾਈ ਦੇ ਰੂਬਰੂ ਹੋਣ ਤੋਂ ਮੁਨਕਰ ਹਾਂ।

ਦੇਸ਼-ਵਿਦੇਸ਼ ਤੇ ਪੰਜਾਬ ਵਿੱਚ ਤਾਂ ਗੁਰਦੁਆਰਿਆਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ, ਜਿੱਥੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਦੀ ਕੋਈ ਵਿਧੀ ਪ੍ਰਚੱਲਿਤ ਨਹੀਂ। ਫਲਸਰੂਪ ਗੁਰਦੁਆਰਿਆਂ ਦੇ ਪ੍ਰਬੰਧਕ ਕੇਵਲ ਨਿੱਤ ਦੇ ਪੂਜਾ ਪਾਠ ਤੱਕ ਹੀ ਸੀਮਿਤ ਹੋ ਰਹੇ ਹਨ। ਇਸੇ ਲਈ ਖਲਾਅ ਵਿੱਚ ਦੂਜੇ ਧਰਮਾਂ ਦੇ ਪ੍ਰਚਾਰਕ ਸਿੱਖ ਸੰਗਤ ਨੂੰ ਗੁੰਮਰਾਹ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ, ਜਿਸ ਲਈ ਇੱਕ ਨਵੀਂ ਸਿੰਘ ਸਭਾ ਦੀ ਤਰਜ਼ 'ਤੇ ਸਮਾਜ ਨੂੰ ਜਾਗ੍ਰਿਤ ਕਰਨ ਤੇ ਅਗਵਾਈ ਕਰਨ ਦੀ ਲੋੜ ਹੈ ਤਾਂ ਜੋ ਇਸ ਅਣਖ ਤੇ ਆਨੰਦ ਦੇ ਨਿਰਮਲ ਫਲਸਫੇ ਨੂੰ ਅੱਗੇ ਤੋਰਿਆ ਜਾ ਸਕੇ ਅਤੇ ਕੇਂਦਰ ਸਰਕਾਰ ਨਾਲ ਗੱਲਬਾਤ ਰਾਹੀਂ ਕੌਮੀ ਮਸਲੇ ਸੁਲਝਾਏ ਜਾ ਸਕਣ। ਸੱਚੇ-ਦਿਲੋਂ ਅਰਦਾਸ ਕਰਦਾ ਹਾਂ ਕਿ ਗੁਰੂ ਮਹਾਰਾਜ ਕਿਰਪਾ ਕਰਨ ਅਤੇ ਸੁਮੱਤ ਬਖਸ਼ਣ ਕਿ ਅਸੀਂ ਨਿੱਜੀ ਸਵਾਰਥਾਂ ਤੋਂ ਉੱਪਰ ਉੱਠ ਕੇ ਕੌਮ ਦੀ ਚੜ੍ਹਦੀ ਕਲਾ ਲਈ ਰਲ ਮਿਲ ਕੇ ਨਾ ਕੇਵਲ ਸੋਚੀਏ ਬਲਕਿ ਆਪਣਾ ਬਣਦਾ ਰੋਲ ਵੀ ਅਦਾ ਕਰੀਏ।

**ਚੇਅਰਮੈਨ, ਕੌਮੀ ਘੱਟਗਿਣਤੀ ਕਮਿਸ਼ਨ,**
**ਭਾਰਤ ਸਰਕਾਰ**

# ਮੁਸਲਮਾਨਾਂ ਨੂੰ ਵੀ ਭਵਿੱਖ ਦੇ ਵੋਟਰ ਮੰਨਦੀ ਹੈ ਭਾਜਪਾ

**ਅਭੈ ਕੁਮਾਰ ਦੂਬੇ**



ਇਹ ਦੇਖ ਕੇ ਕਿਸੇ ਨੂੰ ਵੀ ਥੋੜ੍ਹੀ-ਬਹੁਤ ਹੈਰਾਨੀ ਜ਼ਰੂਰ ਹੋ ਸਕਦੀ ਹੈ ਕਿ ਕਰਨਾਟਕ 'ਚ ਮੁਸਲਮਾਨਾਂ ਦਾ ਰਾਖਵਾਂਕਰਨ ਖੋਹ ਕੇ ਹਿੰਦੂਆਂ ਨੂੰ ਦੇਣ ਵਾਲੀ ਭਾਰਤੀ ਜਨਤਾ ਪਾਰਟੀ ਨੇ ਉੱਤਰ ਪ੍ਰਦੇਸ਼ 'ਚ ਸਥਾਨਕ ਨਿਗਮਾਂ ਦੀਆਂ ਚੋਣਾਂ 'ਚ ਮੁਸਲਮਾਨਾਂ ਨੂੰ ਵੀ ਟਿਕਟਾਂ ਦਿੱਤੀਆਂ ਅਤੇ 50-55 ਮੁਸਲਮਾਨ ਉਮੀਦਵਾਰ ਜਿੱਤੇ ਵੀ ਹਨ। ਅਸੀਂ ਭਾਵੇਂ ਹੀ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਮਿਲਾ ਕੇ ਦੇਖੀਏ, ਪਰ ਭਾਜਪਾ ਦੇ ਰਣਨੀਤੀਕਾਰਾਂ ਲਈ ਇਹ ਦੋ ਵੱਖ-ਵੱਖ ਗੱਲਾਂ ਹਨ। ਕਰਨਾਟਕ 'ਚ ਉਨ੍ਹਾਂ ਦੇ ਸਾਹਮਣੇ ਸਮੱਸਿਆ ਇਹ ਵੀ ਸੀ ਕਿ ਹਿੰਦੂਆਂ ਦੀ ਗੋਲਬੰਦੀ ਦਾ ਪ੍ਰਤੀਸ਼ਤ ਕਿਵੇਂ ਵਧੇ ਭਾਵ ਲਿੰਗਾਇਤਾਂ ਨੂੰ ਖ਼ੁਸ਼ ਰੱਖਦੇ ਹੋਏ ਵੋਕਲਿਗਾਵਾਂ ਨੂੰ ਆਪਣੇ ਨਾਲ ਕਿਵੇਂ ਜੋੜਿਆ ਜਾਵੇ। ਇਸ ਦੇ ਉਲਟ ਉੱਤਰ ਪ੍ਰਦੇਸ਼ 'ਚ ਉਹ ਮੁਸਲਮਾਨਾਂ ਨੂੰ ਟਿਕਟ ਦੇਣ ਦਾ ਤਜਰਬਾ (ਪ੍ਰਯੋਗ) ਕਰਨ ਵਾਲੇ ਪਾਸੇ ਗਏ, ਕਿਉਂਕਿ ਉੱਥੇ ਹਿੰਦੂ ਗੋਲਬੰਦੀ ਪਹਿਲਾਂ ਤੋਂ ਹੀ ਆਪਣੇ ਸਿਖ਼ਰ 'ਤੇ ਪਹੁੰਚ ਚੁੱਕੀ ਹੈ। ਇਸ ਗੱਲ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਕਰਨਾਟਕ 'ਚ ਭਾਜਪਾ ਚੋਣਾਵੀ ਰਾਜਨੀਤੀ 'ਚ ਫੌਰੀ ਲਾਭ ਉਠਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਜਦੋਂਕਿ ਉੱਤਰ ਪ੍ਰਦੇਸ਼ 'ਚ ਉਹ ਮੁਸਲਮਾਨਾਂ ਨੂੰ ਭਵਿੱਖ ਦੇ ਮਤਦਾਤਾ ਦੇ ਰੂਪ 'ਚ ਦੇਖ ਰਹੀ ਹੈ। ਵਕਤ ਦੇ ਨਾਲ ਭਾਜਪਾ ਦੀ ਇਹ ਮੁਸਲਮਾਨ-ਰਣਨੀਤੀ ਹੋਰ ਵੀ ਪ੍ਰਵਾਨ ਚੜ੍ਹ ਸਕਦੀ ਹੈ। ਅਜੇ ਤੱਕ ਉਸ ਨੂੰ ਜਾਂ ਤਾਂ ਸ਼ੀਆ ਮੁਸਲਮਾਨਾਂ ਦੇ ਵੋਟ ਮਿਲਦੇ ਹਨ ਜਾਂ ਫਿਰ ਬਰੇਲਵੀ ਭਾਈਚਾਰੇ ਦੇ। ਪਰ ਇਨ੍ਹਾਂ ਅੱਠ ਫ਼ੀਸਦੀ ਮੁਸਲਮਾਨ ਵੋਟਾਂ ਨਾਲ ਉਸ ਦਾ ਕੰਮ ਨਹੀਂ ਚੱਲਣ ਵਾਲਾ। ਭਾਜਪਾ ਚਾਹੁੰਦੀ ਹੈ ਕਿ ਭਵਿੱਖ ਦੀ ਰਾਜਨੀਤੀ 'ਚ ਉਸ ਨੂੰ ਮੁਸਲਮਾਨ ਵੋਟਾਂ ਦਾ ਵੀ ਆਸਰਾ ਹੋਵੇ। ਇਕ ਤਰ੍ਹਾਂ ਨਾਲ ਦੇਖਿਆ ਜਾਵੇ ਤਾਂ ਹਿੰਦੂ ਗੋਲਬੰਦੀ ਦੀਆਂ ਹੱਦਾਂ ਉਸ ਨੇ ਛੂਹ ਲਈਆਂ ਹਨ। ਹੁਣ ਵੋਟ ਦਾ ਪ੍ਰਤੀਸ਼ਤ ਵਧਾਉਣ ਲਈ ਉਸ ਲਈ ਨਵੀਂ ਜ਼ਮੀਨ ਤੋੜਨੀ ਜ਼ਰੂਰੀ ਹੈ।

ਪਾਰਟੀਆਂ ਆਪਣੀ ਰਾਜਨੀਤਕ ਰਣਨੀਤੀ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਟੀਚਿਆਂ ਤਹਿਤ ਬਣਾਉਂਦੀਆਂ ਹਨ। ਕਦੇ ਇਹ ਟੀਚੇ ਦੂਰਗਾਮੀ ਹੁੰਦੇ ਹਨ ਤਾਂ ਕਦੇ ਤਤਕਾਲੀ ਕਿਸਮ ਦੇ। ਆਮ ਤੌਰ 'ਤੇ ਚੋਣਾਂ ਦਾ ਮੌਸਮ ਫੌਰੀ ਰਣਨੀਤੀਆਂ ਦਾ ਹੁੰਦਾ ਹੈ, ਪਰ ਇਸ ਸਮੇਂ ਸਾਡੇ ਦੇਸ਼ ਦੀ ਲੋਕਤੰਤਰੀ ਰਾਜਨੀਤੀ ਦੇ ਕਾਰਖਾਨੇ 'ਚ ਕਈ ਅਜਿਹੀਆਂ ਰਣਨੀਤੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਦ੍ਰਿਸ਼ਟੀਕੋਣ ਆਉਣ ਵਾਲੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਤੋਂ ਪਰ੍ਹੇ ਜਾਂਦਾ ਹੈ। ਹੋ ਸਕਦਾ ਹੈ ਕਿ ਇਨ੍ਹਾਂ ਦਾ ਕੁਝ ਅਸਰ ਇਨ੍ਹਾਂ ਚੋਣਾਂ 'ਚ ਵੀ ਦਿਖ ਜਾਵੇ, ਪਰ ਇਨ੍ਹਾਂ ਦੇ ਪਿੱਛੇ ਦਾ ਮਨਸੂਬਾ ਦੂਰਗਾਮੀ ਹੀ ਦਿਖਾਈ ਦਿੰਦਾ ਹੈ। ਇਸ ਸੰਬੰਧੀ ਭਾਰਤੀ ਜਨਤਾ ਪਾਰਟੀ ਦੀਆਂ ਦੋ ਅਤੇ ਗ਼ੈਰ-ਭਾਜਪਾ ਪਾਰਟੀਆਂ ਦੀ ਇਕ ਰਣਨੀਤੀ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

ਭਾਜਪਾ ਪਿਛਲੇ ਦੋ ਸਾਲ ਤੋਂ ਇਕ ਅਜਿਹੀ ਰਣਨੀਤੀ 'ਤੇ ਕੰਮ ਕਰ ਰਹੀ ਹੈ, ਜਿਸ ਦੇ ਜੇਕਰ ਇੱਛਾ ਅਨੁਸਾਰ ਨਤੀਜੇ ਨਿਕਲੇ ਤਾਂ ਉਹ ਆਉਣ ਵਾਲੇ ਸਮੇਂ 'ਚ ਆਪਣੀਆਂ ਵੋਟਾਂ ਦਾ ਰਾਸ਼ਟਰੀ ਪ੍ਰਤੀਸ਼ਤ 40 ਜਾਂ ਉਸ ਦੇ ਪਾਰ ਪਹੁੰਚਾ ਸਕਦੀ ਹੈ। ਇਸ ਸਮੇਂ ਭਾਜਪਾ ਵੱਧ ਤੋਂ ਵੱਧ 37-38 ਫ਼ੀਸਦੀ ਵੋਟਾਂ ਦੀ ਪਾਰਟੀ ਹੈ। ਵਿਰੋਧੀ ਵੋਟਾਂ ਦੇ ਬਟਵਾਰੇ ਕਾਰਨ ਉਸ ਨੂੰ ਇਕ ਮਜ਼ਬੂਤ ਬਹੁਮਤ ਦੀ ਸਰਕਾਰ ਬਣਾਉਣ ਦਾ ਮੌਕਾ ਜ਼ਰੂਰ ਮਿਲ ਗਿਆ ਹੈ, ਪਰ ਜੇਕਰ ਕਾਂਗਰਸ ਦੇ ਚੰਗੇ ਜ਼ਮਾਨੇ ਨਾਲ ਤੁਲਨਾ ਕੀਤੀ ਜਾਵੇ ਤਾਂ ਇਹ ਪਾਰਟੀ ਦੋ ਚੋਣਾਂ ਜਿੱਤਣ ਦੇ ਬਾਵਜੂਦ 45 ਫ਼ੀਸਦੀ ਵੋਟਾਂ ਪਾਉਣ ਦੇ ਅੰਕੜੇ ਤੋਂ ਕਾਫ਼ੀ ਪਿੱਛੇ ਨਜ਼ਰ ਆਉਂਦੀ ਹੈ। ਇਹ ਰਣਨੀਤੀ ਮੁਸਲਮਾਨ ਵੋਟਾਂ ਨੂੰ ਆਪਣੇ ਵੱਲ ਖਿੱਚਣ ਦੀ ਹੈ। ਇਸ ਦੇ ਲਈ ਭਾਜਪਾ ਦੀਆਂ ਨਜ਼ਰਾਂ ਪਸਮਾਂਦਾ (ਪਛੜੇ) ਮੁਸਲਮਾਨਾਂ 'ਤੇ ਹਨ ਜੋ ਵਿਵਹਾਰਕ ਤੌਰ 'ਤੇ ਮੁਸਲਿਮ ਸਮਾਜ ਦੀ ਲਗਭਗ 80 ਫ਼ੀਸਦੀ ਆਬਾਦੀ ਬਣਦੀ ਹੈ। ਮਿਹਨਤਕਸ਼, ਗ਼ਰੀਬ ਅਤੇ ਕਾਰੀਗਰ ਜਾਤੀਆਂ ਦੀ ਇਸ ਮੁਸਲਮਾਨ ਜਨਤਾ ਦੀ ਰਾਜਨੀਤਕ ਲੀਡਰਸ਼ਿਪ ਆਜ਼ਾਦੀ ਤੋਂ ਪਹਿਲਾਂ ਤੋਂ ਹੀ ਉੱਚੀਆਂ ਜਾਤੀਆਂ ਦੇ ਖ਼ੁਸ਼ਹਾਲ ਅਤੇ ਕੁਲੀਨ ਸਮਝੇ ਜਾਣ ਵਾਲੇ ਅਸ਼ਰਾਫ਼ ਲੀਡਰਾਂ ਨੂੰ ਚੁਣੌਤੀ ਦਿੰਦੀ ਰਹੀ ਹੈ। ਰਾਸ਼ਟਰੀ ਸੋਇਮ ਸੇਵਕ ਸੰਘ ਦੇ ਸਰਸੰਘਚਾਲਕ ਵਲੋਂ ਜਨਤਕ ਮੰਚਾਂ 'ਤੇ ਹਿੰਦੂਆਂ ਅਤੇ ਮੁਸਲਮਾਨਾਂ ਦਾ ਇਕ ਹੀ ਡੀ.ਐਨ.ਏ. ਦੱਸੇ ਜਾਣ ਤੋਂ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਪਸਮਾਂਦਾ ਮੁਸਲਮਾਨਾਂ ਨਾਲ ਚੰਗੇ ਸੰਬੰਧ ਬਣਾਉਣ ਲਈ ਪਾਰਟੀ ਵਰਕਰਾਂ ਨੂੰ ਸੱਦਾ ਦੇਣ ਤੱਕ ਸੱਤਾਧਾਰੀ ਪਾਰਟੀ ਦੀ ਇਹ ਰਣਨੀਤੀ ਪੂਰੀ ਤਰ੍ਹਾਂ ਨਾਲ ਭਵਿੱਖਮੁਖੀ ਹੈ। ਅਜੇ ਕਰਨਾਟਕ 'ਚ ਤਾਂ ਪਾਰਟੀ ਪਸਮਾਂਦਾ ਮੁਸਲਮਾਨਾਂ ਦਾ ਰਾਖਵਾਂਕਰਨ ਖੋਹ ਕੇ ਹਿੰਦੂਆਂ ਨੂੰ ਦਿੰਦੀ ਨਜ਼ਰ ਆਈ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕੱਢਿਆ ਜਾ ਸਕਦਾ ਕਿ ਪਾਰਟੀ ਨੇ ਕੌਮੀ ਪੱਧਰ 'ਤੇ ਉਨ੍ਹਾਂ ਦੀਆਂ ਵੋਟਾਂ ਦੀ ਉਮੀਦ ਛੱਡ ਦਿੱਤੀ ਹੈ। ਉੱਤਰ ਪ੍ਰਦੇਸ਼ ਦੀਆਂ ਸਥਾਨਕ ਨਿਗਮ ਚੋਣਾਂ 'ਚ ਕਈ ਥਾਵਾਂ 'ਤੇ ਇਸ ਤਰ੍ਹਾਂ ਦੇ ਮੁਸਲਮਾਨਾਂ ਨੂੰ ਚੋਣਾਂ 'ਚ ਉਤਾਰ ਕੇ ਇਹ ਤਜਰਬਾ (ਪ੍ਰਯੋਗ) ਜਾਰੀ ਰੱਖਿਆ ਗਿਆ ਅਤੇ ਇਸ ਦੇ ਨਤੀਜੇ ਵੀ ਉਮੀਦ ਅਨੁਸਾਰ ਆਏ ਹਨ।

ਇਕ ਪ੍ਰਸਿੱਧ ਮਾਹਿਰ ਅਨੁਸਾਰ ਪਸਮਾਂਦਾ ਵੋਟਰਾਂ ਦਾ ਭਾਜਪਾ ਵੱਲ ਰੁਝਾਨ ਵਧਣ ਨਾਲ ਪਾਰਟੀ ਨੂੰ ਡੇਢ ਤੋਂ ਢਾਈ ਫ਼ੀਸਦੀ ਵੋਟਾਂ ਦਾ ਲਾਭ ਮਿਲ ਸਕਦਾ ਹੈ, ਜਿਸ ਨਾਲ ਉਹ 40 ਫ਼ੀਸਦੀ ਦੀ ਦਰ ਤੱਕ ਤਾਂ ਪਹੁੰਚ ਸਕਦੀ ਹੈ। ਦੂਜਾ, ਇਸ ਨਾਲ ਹਿੰਦੂ ਵੋਟਰਾਂ ਦੀ ਗੋਲਬੰਦੀ ਕਰਨ 'ਚ ਆ ਰਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ 'ਚ ਵੀ ਮਦਦ ਮਿਲੇਗੀ। ਇਹ ਸੱਚ ਹੈ ਕਿ ਭਾਜਪਾ ਨੂੰ ਓ.ਬੀ.ਸੀ. ਅਤੇ ਦਲਿਤ ਵੋਟਾਂ ਮਿਲਦੀਆਂ ਹਨ, ਪਰ ਉਨ੍ਹਾਂ ਦੀ ਵਫ਼ਾਦਾਰੀ ਉਸ ਤਰ੍ਹਾਂ ਪੱਕੀ ਨਹੀਂ ਹੈ, ਜਿਸ ਤਰ੍ਹਾਂ ਉੱਚੀਆਂ ਜਾਤੀਆਂ ਦੀ ਹੈ। ਇਹ ਵੋਟਰ ਕਦੇ-ਕਦੇ ਪਾਰਟੀ ਦਾ ਸਾਥ ਛੱਡ ਵੀ ਦਿੰਦੇ ਹਨ। ਇਸ ਤੋਂ ਪੈਦਾ ਹੋਏ ਸੰਕਟ ਦਾ ਸਾਹਮਣਾ ਕਰਨ 'ਚ ਵੀ ਭਾਜਪਾ ਦੀ ਮਦਦ ਪਸਮਾਂਦਾ ਵੋਟਰ ਕਰ ਸਕਦੇ ਹਨ।

ਭਾਜਪਾ ਦੀ ਦੂਜੀ ਰਣਨੀਤੀ ਦਾ ਸੰਬੰਧ ਲੋਕ ਸਭਾ ਚੋਣ ਖੇਤਰਾਂ ਦੀ ਹੱਦਬੰਦੀ ਨਾਲ ਹੈ। ਇਸ ਹੱਦਬੰਦੀ 'ਤੇ 2026 ਤੱਕ ਰੋਕ ਲੱਗੀ ਹੋਈ ਹੈ, ਪਰ ਉਸ ਤੋਂ ਬਾਅਦ ਉਸ ਨੂੰ ਨਹੀਂ ਰੋਕਿਆ ਜਾ ਸਕੇਗਾ। ਭਾਜਪਾ ਚਾਹੇ ਤਾਂ ਹੱਦਬੰਦੀ ਰਾਹੀਂ ਆਪਣੇ ਪ੍ਰਭਾਵ-ਖੇਤਰ ਦੀਆਂ ਸੀਟਾਂ ਵਧਾ ਸਕਦੀ ਹੈ ਅਤੇ ਉਨ੍ਹਾਂ ਇਲਾਕਿਆਂ ਦੀਆਂ ਸੀਟਾਂ ਘੱਟ ਕਰ ਸਕਦੀ ਹੈ, ਜਿੱਥੇ ਉਸ ਨੂੰ ਸਮਰਥਨ ਜਾਂ ਤਾਂ ਘੱਟ ਮਿਲਦਾ ਹੈ ਜਾਂ ਬਿਲਕੁੱਲ ਨਹੀਂ ਮਿਲਦਾ। ਉਦਾਹਰਨ ਦੇ ਤੌਰ 'ਤੇ ਹੱਦਬੰਦੀ ਦੇ ਨਤੀਜੇ ਵਜੋਂ ਹਿੰਦੀ ਖੇਤਰ ਦੀਆਂ 33 ਸੀਟਾਂ ਵਧ ਸਕਦੀਆਂ ਹਨ ਅਤੇ ਇਸ ਦਾ ਖ਼ਮਿਆਜ਼ਾ ਦੱਖਣੀ ਭਾਰਤ ਨੂੰ ਉਠਾਉਣਾ ਪੈ ਸਕਦਾ ਹੈ। ਉੱਥੋਂ ਦੀਆਂ ਸੀਟਾਂ ਦੀ ਗਿਣਤੀ ਘੱਟ ਹੋ ਜਾਵੇਗੀ। ਇਹ ਸਭ ਕਰਨ ਲਈ ਭਾਜਪਾ ਨੂੰ ਕਿਸੇ ਨਿਯਮ ਦੀ ਉਲੰਘਣਾ ਨਹੀਂ ਕਰਨੀ ਪਵੇਗੀ। ਅਜਿਹਾ ਕਰਨ ਲਈ ਉਸ ਨੂੰ ਸਿਰਫ਼ ਆਬਾਦੀ ਦੇ ਮੁਤਾਬਿਕ ਪ੍ਰਤੀਨਿਧਤਾ ਦਾ ਨਿਯਮ ਲਾਗੂ ਕਰਨਾ ਹੋਵੇਗਾ। ਇਹ ਵੱਖਰੀ ਗੱਲ ਹੈ ਕਿ ਇਸ ਨਾਲ ਉਨ੍ਹਾਂ ਸੂਬਿਆਂ ਨੂੰ ਨੁਕਸਾਨ ਹੋਵੇਗਾ, ਜਿਨ੍ਹਾਂ ਨੇ ਆਬਾਦੀ 'ਤੇ ਕੰਟਰੋਲ ਕਰਨ ਦੇ ਸਫਲ ਅਤੇ ਪ੍ਰਸੰਸਾਯੋਗ ਉਪਾਅ ਕੀਤੇ। ਹੱਦਬੰਦੀ ਦੇ ਭਾਰਤੀ ਲੋਕਤੰਤਰ ਦੇ ਲਈ ਕੀ ਨਤੀਜੇ ਨਿਕਲਣਗੇ, ਇਸ ਦਾ ਪੂਰਾ ਤਥਾਤਮਕ ਅਨੁਮਾਨ ਅਜੇ ਨਹੀਂ ਲਗਾਇਆ ਗਿਆ। ਨਵੀਂ ਸੰਸਦ 'ਚ ਲੋਕ ਸਭਾ ਮੈਂਬਰਾਂ ਦੀ ਲਗਭਗ ਦੁੱਗਣੀ ਗਿਣਤੀ ਬੈਠ ਸਕਦੀ ਹੈ। ਜੇਕਰ ਦੱਖਣ ਦੀਆਂ ਮੌਜੂਦਾ ਸੀਟਾਂ ਕਾਇਮ ਰੱਖਣੀਆਂ ਹਨ ਤਾਂ ਲੋਕ ਸਭਾ ਮੈਂਬਰਾਂ ਦੀ ਗਿਣਤੀ 800 ਤੋਂ ਜ਼ਿਆਦਾ ਕਰਨੀ ਪਵੇਗੀ। ਵਧੇ ਹੋਏ ਮੈਂਬਰ ਜ਼ਿਆਦਾਤਰ ਕਿਸ ਪਾਰਟੀ ਦੇ ਹੋਣਗੇ, ਇਸ ਦਾ ਮੋਟਾ ਅੰਦਾਜ਼ਾ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਗ਼ੈਰ-ਭਾਜਪਾ ਪਾਰਟੀਆਂ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਉਨ੍ਹਾਂ ਦੀ ਦੂਰਗਾਮੀ ਰਣਨੀਤੀ ਜਾਤੀਗਤ ਜਨਗਣਨਾ ਅਤੇ ਓ.ਬੀ.ਸੀ. (ਹੋਰ ਪਿਛੜੇ ਵਰਗਾਂ ਦੀ) ਗੋਲਬੰਦੀ ਦੀਆਂ ਸੰਭਾਵਨਾਵਾਂ ਦੇ ਇਰਦ-ਗਿਰਦ ਘੁੰਮਦੀ ਨਜ਼ਰ ਆਉਂਦੀ ਹੈ। ਇਸ ਲਈ ਰਾਹੁਲ ਗਾਂਧੀ ਨੂੰ ਅੱਜਕੱਲ੍ਹ 'ਜਿਸ ਦੀ ਜਿੰਨੀ ਗਿਣਤੀ ਭਾਰੀ, ਓਨੀ ਉਸ ਦੀ ਹਿੱਸੇਦਾਰੀ' ਦਾ ਪੁਰਾਣਾ ਸਮਾਜਵਾਦੀ ਨਾਅਰਾ ਲਗਾਉਂਦੇ ਹੋਏ ਸੁਣਿਆ ਜਾ ਸਕਦਾ ਹੈ। ਪਰ ਇਸ ਰਣਨੀਤੀ 'ਚ ਵੀ ਉਸੇ ਤਰ੍ਹਾਂ ਦੀਆਂ ਅਨਿਸਚਿਤਾਵਾਂ ਹਨ, ਜਿਵੇਂ ਭਾਜਪਾ ਦੀ ਪਸਮਾਂਦਾ-ਰਣਨੀਤੀ ਜਾਂ ਹੱਦਬੰਦੀ-ਰਣਨੀਤੀ 'ਚ ਨਜ਼ਰ ਆਉਂਦੀਆਂ ਹਨ। ਇਸ ਨਾਲ ਜੁੜੇ ਕਈ ਸਵਾਲ ਹਨ, ਜਿਨ੍ਹਾਂ ਦਾ ਜਵਾਬ ਗ਼ੈਰ-ਭਾਜਪਾ ਦਲਾਂ ਨੇ ਲੱਭਣਾ ਹੈ। ਹਾਲਾਂਕਿ ਓ.ਬੀ.ਸੀ. ਗੋਲਬੰਦੀ ਕਰਦਿਆਂ ਬ੍ਰਾਹਮਣਵਾਦ ਵਿਰੋਧੀ ਬਿਆਨਬਾਜ਼ੀ ਦੇ ਡੂੰਘੇ ਅਤੇ ਸਥਾਈ ਨੁਕਸਾਨ ਪਹਿਲਾਂ ਵੀ ਹੋ ਚੁੱਕੇ ਹਨ ਅਤੇ ਅੱਗੇ ਵੀ ਹੋ ਸਕਦੇ ਹਨ। ਦੂਜਾ, ਓ.ਬੀ.ਸੀ. ਪਛਾਣ ਦਾ ਇਕ ਹਿੱਸਾ ਕਦੇ ਵੀ ਭਾਜਪਾ ਵੱਲ ਖ਼ਿਸਕ ਸਕਦਾ ਹੈ।

ਭਾਜਪਾ ਨੂੰ ਵੀ ਪਤਾ ਹੈ ਅਤੇ ਵਿਰੋਧੀ ਧਿਰਾਂ ਨੂੰ ਵੀ ਕਿ ਇਹ ਰਣਨੀਤੀਆਂ 2024 ਦੀਆਂ ਲੋਕ ਸਭਾ ਚੋਣਾਂ 'ਚ ਉਨ੍ਹਾਂ ਦੇ ਕੰਮ ਨਹੀਂ ਆਉਣ ਵਾਲੀਆਂ। ਲੋਕ ਸਭਾ ਚੋਣਾਂ ਲਈ ਹੋਣ ਵਾਲੀ ਜੱਦੋਜਹਿਦ ਮੌਜੂਦਾ ਸਮਰਥਨ ਆਧਾਰਾਂ ਦੇ ਦਮ 'ਤੇ ਹੀ ਕਰਨੀ ਪਵੇਗੀ। ਇਹ ਪੇਸ਼ਬੰਦੀ ਤਾਂ 2024 ਤੋਂ ਬਾਅਦ ਹੋਣ ਵਾਲੀਆਂ ਚੋਣਾਂ ਲਈ ਕੀਤੀ ਜਾ ਰਹੀ ਹੈ।


## NAME OF CHANGE

I Sodi Singh S/O S. Kabil Singh Boo, Resident of VPO Lohian khas Dist Jalandhar Punjab India, Presently Residing at 4231 n cresta Ave Fresno California 93723, Has Changed my Name from Sodi Singh to Sodi Kaur Singh. All Concerned please note.

# ਕੈਨੇਡਾ 'ਚ ਖੱਜਲ ਹੋ ਰਹੇ ਭਾਰਤੀ ਪਾੜ੍ਹੇ, ਕੱਢ ਰਹੇ ਹਾੜ੍ਹੇ



ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਡੀਪੋਰਟ ਕਰਨ ਦਾ ਮਾਮਲਾ ਇਸ ਵੇਲੇ ਭਖਿਆ ਹੋਇਆ ਹੈ। ਦਰਅਸਲ ਉਨ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਧੜਾਧੜ ਭਾਰਤ ਵਾਪਸ ਭੇਜਿਆ ਜਾ ਰਿਹਾ ਹੈ, ਜਿਨ੍ਹਾਂ ਨੂੰ ਕੈਨੇਡੀਅਨ ਯੂਨੀਵਰਸਿਟੀਜ਼ 'ਚ ਦਾਖ਼ਲੇ ਤਾਂ ਮਿਲ ਗਏ ਸਨ ਪਰ ਬਾਅਦ 'ਚ ਉਨ੍ਹਾਂ ਦੇ ਦਾਖ਼ਲਾ-ਪੱਤਰ ਜਾਅਲੀ ਨਿਕਲੇ ਸਨ।

ਜੇ ਵੇਖਿਆ ਜਾਵੇ ਤਾਂ ਕੈਨੇਡੀਅਨ ਸਰਕਾਰ ਨੂੰ ਕਾਰਵਾਈ ਉਨ੍ਹਾਂ ਅਨ-ਰਜਿਸਟਰਡ ਤੇ ਠੱਗ ਕਿਸਮ ਦੇ ਇਮੀਗ੍ਰੇਸ਼ਨ ਏਜੰਟਾਂ ਖ਼ਿਲਾਫ਼ ਕਰਨੀ ਚਾਹੀਦੀ ਸੀ, ਜਿਨ੍ਹਾਂ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਤੋਂ ਲੱਖਾਂ ਰੁਪਏ ਲੈ ਕੇ ਜਾਅਲੀ ਐਡਮਿਸ਼ਨ ਲੈਟਰ ਜਾਰੀ ਕੀਤੇ ਸਨ। ਫ਼ਿਲਹਾਲ ਕੈਨੇਡਾ ਸਰਕਾਰ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਵਾਪਸ ਭੇਜਣ 'ਤੇ ਰੋਕ ਲਾ ਦਿੱਤੀ ਹੈ ਜਿਸ ਦਾ ਭਾਰਤ ਸਰਕਾਰ ਨੇ ਸੁਆਗਤ ਕੀਤਾ ਹੈ।

ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਇਹ ਮਾਮਲਾ ਕੈਨੇਡਾ ਦੇ ਆਪਣੇ ਹਮਰੁਤਬਾ ਕੋਲ ਉਠਾਇਆ ਸੀ। ਜਦੋਂ ਉਹ ਬੀਤੇ ਅਪ੍ਰੈਲ ਮਹੀਨੇ ਕੈਨੇਡਾ ਗਏ ਸਨ, ਉਦੋਂ ਵੀ ਉਨ੍ਹਾਂ ਇਸ ਵਿਸ਼ੇ 'ਤੇ ਉਨ੍ਹਾਂ ਨਾਲ ਗੱਲ ਕੀਤੀ ਸੀ। ਉਨ੍ਹਾਂ ਟੋਰਾਂਟੋ ਸਥਿਤ ਭਾਰਤੀ ਕੌਂਸਲੇਟ ਦਫ਼ਤਰ 'ਚ ਪੀੜਤ ਵਿਦਿਆਰਥੀਆਂ ਦੇ ਦੁੱਖੜੇ ਵੀ ਸੁਣੇ ਸਨ। ਕੈਨੇਡੀਅਨ ਵਿਰੋਧੀ ਧਿਰ ਦੇ ਆਗੂ ਪੀਅਰੇ ਪੁਆਇਲੀਵਰੇ ਨੇ ਵੀ ਪੀੜਤ ਭਾਰਤੀ ਵਿਦਿਆਰਥੀਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਹੈ।

ਉੱਧਰ ਪੰਜਾਬ ਪੁਲਿਸ ਨੇ ਸੋਮਵਾਰ ਨੂੰ ਕੈਨੇਡਾ ਤੋਂ ਵਿਦਿਆਰਥੀਆਂ ਨੂੰ ਡੀਪੋਰਟ ਕੀਤੇ ਜਾਣ ਦੇ ਮਾਮਲੇ ਦੀ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕਰ ਦਿੱਤੀ ਹੈ। ਭਾਰਤ ਸਰਕਾਰ ਨੇ ਵੀ ਆਪਣੇ ਪੱਧਰ 'ਤੇ ਕੈਨੇਡੀਅਨ ਅਧਿਕਾਰੀਆਂ ਨੂੰ ਇਨ੍ਹਾਂ ਵਿਦਿਆਰਥੀਆਂ ਬਾਰੇ ਕੋਈ ਵੀ ਫ਼ੈਸਲਾ ਇਨਸਾਨੀਅਤ ਦੇ ਦ੍ਰਿਸ਼ਟੀਕੋਣ ਤੋਂ ਲੈਣ ਲਈ ਆਖਿਆ ਹੈ। ਇਸੇ ਲਈ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਐਨ ਫ਼ਰੇਜ਼ੀਅਰ ਨੇ ਆਪਣੇ ਤਾਜ਼ਾ ਬਿਆਨ 'ਚ ਕਿਹਾ ਹੈ ਕਿ ਅਨਿਸ਼ਚਤਤਾ ਦਾ ਸਾਹਮਣਾ ਕਰਨ ਵਾਲੇ ਵਿਦਿਆਰਥੀਆਂ ਲਈ ਕੋਈ ਪੱਕਾ ਹੱਲ ਲੱਭਿਆ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਭਾਰਤੀ ਵਿਦਿਆਰਥੀਆਂ ਨਾਲ ਨਿਆਂਪੂਰਨ ਵਿਵਹਾਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਮਾਪੇ ਵੱਡੀਆਂ ਆਸਾਂ ਨਾਲ ਆਪਣੇ ਬੱਚਿਆਂ ਨੂੰ ਮੋਟੀਆਂ ਰਕਮਾਂ ਖ਼ਰਚ ਕਰ ਕੇ ਵਿਦੇਸ਼ ਭੇਜਣ ਦਾ ਆਪਣਾ ਸੁਫ਼ਨਾ ਸਾਕਾਰ ਕਰਦੇ ਹਨ। ਬਾਅਦ 'ਚ ਜੇ ਪਤਾ ਲੱਗੇ ਕਿ ਉਨ੍ਹਾਂ ਨਾਲ ਠੱਗੀ ਹੋ ਗਈ ਹੈ ਤਾਂ ਉਨ੍ਹਾਂ ਦੇ ਦਿਲਾਂ 'ਤੇ ਕੀ ਬੀਤਦੀ ਹੋਵੇਗੀ? ਪੰਜਾਬੀ ਬੱਚੇ ਕੈਨੇਡਾ 'ਚ ਜਾ ਕੇ ਉੱਚ ਸਿੱਖਿਆ ਹਾਸਲ ਕਰਨ ਨੂੰ ਇਸ ਲਈ ਤਰਜੀਹ ਦਿੰਦੇ ਹਨ ਕਿਉਂਕਿ ਉੱਥੇ ਬਹੁਤਿਆਂ ਨੂੰ ਛੇਤੀ ਹੀ ਵਰਕ-ਪਰਮਿਟ ਮਿਲ ਜਾਂਦੇ ਹਨ ਤੇ ਫਿਰ ਪੀਆਰ ਵੀ ਮਿਲ ਜਾਂਦੀ ਹੈ।

ਉਸ ਦੇਸ਼ 'ਚ ਕੰਮ ਦੀਆਂ ਉਜਰਤਾਂ ਚੋਖੀਆਂ ਮਿਲਦੀਆਂ ਹਨ ਤੇ ਇਹੋ ਸਭ ਲਈ ਖਿੱਚ ਦਾ ਵੱਡਾ ਕਾਰਨ ਹੁੰਦਾ ਹੈ। ਸਾਹਮਣੇ ਆਏ ਪੀੜਤ ਭਾਰਤੀ ਵਿਦਿਆਰਥੀਆਂ ਨੇ ਜਦੋਂ ਪੀਆਰ ਹਾਸਲ ਕਰਨ ਲਈ ਆਪਣੇ ਦਸਤਾਵੇਜ਼ ਇਮੀਗ੍ਰੇਸ਼ਨ ਵਿਭਾਗ ਕੋਲ ਦਾਖ਼ਲ ਕੀਤੇ ਤਾਂ ਉਨ੍ਹਾਂ ਦੇ ਦਸਤਾਵੇਜ਼ ਜਾਅਲੀ ਨਿਕਲ ਆਏ ਤੇ ਫਿਰ ਦੇਸ਼ ਦੇ ਕਾਨੂੰਨ ਮੁਤਾਬਕ ਉਨ੍ਹਾਂ ਨੂੰ ਡੀਪੋਰਟ ਕਰਨਾ ਹੀ ਬਣਦਾ ਸੀ।

ਇਹ ਖ਼ਬਰਾਂ ਵਾਇਰਲ ਹੁੰਦਿਆਂ ਹੀ ਮਿਸੀਸਾਗਾ 'ਚ ਬਹੁਤ ਸਾਰੇ ਭਾਰਤੀ ਇਨ੍ਹਾਂ ਵਿਦਿਆਰਥੀਆਂ ਦੀ ਹਮਾਇਤ 'ਚ ਨਿੱਤਰ ਆਏ ਤੇ ਇੰਝ ਮਾਮਲਾ ਭਖ ਗਿਆ। ਹੁਣ ਭਾਰਤ ਖ਼ਾਸ ਕਰਕੇ ਪੰਜਾਬ ਸਰਕਾਰ ਨੂੰ ਠੱਗ ਕਿਸਮ ਦੇ ਟਰੈਵਲ ਏਜੰਟਾਂ 'ਤੇ ਨਕੇਲ ਕੱਸਣ ਦੀ ਜ਼ਰੂਰਤ ਹੈ। ਇਸ ਮਾਮਲੇ 'ਚ ਪੁਲਿਸ ਨੂੰ ਹੀ ਨਹੀਂ ਸਗੋਂ ਆਮ ਲੋਕਾਂ ਨੂੰ ਵੀ ਚੌਕਸੀ ਵਰਤਣੀ ਚਾਹੀਦੀ ਹੈ। ਇਸ ਲਈ ਸਰਕਾਰ ਨੂੰ ਅਜਿਹੇ ਮਾਮਲਿਆਂ ਬਾਰੇ ਆਮ ਲੋਕਾਂ ਨੂੰ ਜਾਗਰੂਕ ਵੀ ਕਰਨਾ ਚਾਹੀਦਾ ਹੈ।

### ਕੋਟਕਪੂਰਾ ਗੋਲੀ ਕਾਂਡ

# ਅਦਾਲਤ 'ਚ ਪੇਸ਼ ਨਹੀਂ ਹੋਏ ਸੁਖਬੀਰ ਬਾਦਲ

ਫਰੀਦਕੋਟ : ਕੋਟਕਪੂਰਾ ਗੋਲੀ ਕਾਂਡ ਵਿੱਚ ਅੱਜ ਇੱਥੇ ਜੁਡੀਸ਼ੀਅਲ ਮੈਜਿਸਟਰੇਟ ਅਜੇਪਾਲ ਸਿੰਘ ਦੀ ਅਦਾਲਤ ਵਿੱਚ ਸਾਬਕਾ ਆਈਜੀ ਅਮਰ ਸਿੰਘ ਚਾਹਲ ,ਥਾਣਾ ਸਿਟੀ ਕੋਟਕਪੂਰਾ ਦੇ ਤਤਕਾਲੀਨ ਐੱਸਐੱਚਓ ਗੁਰਦੀਪ ਸਿੰਘ ਪੰਧੇਰ ਪੇਸ਼ ਹੋਏ। ਮਾਮਲੇ ਵਿੱਚ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਦਾਲਤ ਪਾਸੋਂ ਵਿਦੇਸ਼ ਜਾਣ



ਦੀ ਆਗਿਆ ਲੈਣ ਦੇ ਕਾਰਨ ਉਹ ਅਦਾਲਤ ਵਿੱਚ ਪੇਸ਼ ਨਹੀਂ ਹੋਏ ਅਤੇ ਸਾਬਕਾ ਡੀਜੀਪੀ ਸੁਮੇਧ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ, ਸੁਖਮਿੰਦਰ ਸਿੰਘ ਮਾਨ ਅਦਾਲਤ ਵਿੱਚ ਪੇਸ਼ ਨਹੀਂ ਹੋ ਸਕੇ। ਅਦਾਲਤ ਨੇ ਇਹਨਾਂ ਦੀ ਹਾਜ਼ਰੀ ਮਾਫ਼ ਕਰ ਦਿੱਤੀ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਅਦਾਲਤ 7 ਜੁਲਾਈ ਨੂੰ ਕਰੇਗੀ। ਜਾਣਕਾਰੀ ਅਨੁਸਾਰ, ਬਹਿਬਲ ਕਲਾਂ ਗੋਲ ?ੀ ਕਾਂਡ ਵਿੱਚ ਜਾਂਚ ਟੀਮ ਵੱਲੋਂ ਇੱਕ ਚਲਾਨ ਪੇਸ਼ ਕੀਤਾ ਜਾਣਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਇੱਕੋ ਅਦਾਲਤ ਵੱਲੋਂ ਇਕੱਠਿਆਂ ਕੀਤੀ ਜਾਣੀ ਹੈ ਇਸ ਕਰਕੇ ਜਾਂਚ ਟੀਮ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਆਖਰੀ ਚਲਾਨ ਜੁਲਾਈ ਦੇ ਹਫਤੇ ਵਿੱਚ ਆਖਰੀ ਚਲਾਨ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ ।

# ਕਦੇ ਕੈਨੇਡਾ ਹੁੰਦਾ ਸੀ ਦੁਨੀਆ ਦਾ ਸਭ ਤੋਂ ਖ਼ੁਸ਼ਹਾਲ ਮੁਲਕ, ਅੱਜ ਮੰਦੜੇ ਹੋਏ ਹਾਲ

**ਦਰਬਾਰਾ ਸਿੰਘ ਕਾਹਲੋਂ**



'ਅਜੀਬ ਦਾਸਤਾਂ ਹੈ ਯੇ ਕਹਾਂ ਸ਼ੁਰੂ ਕਹਾਂ ਖ਼ਤਮ...।' ਕੈਨੇਡਾ ਦੀ ਮੌਜੂਦਾ ਪੀੜ੍ਹੀ ਜਿਸ ਨੇ ਇਸ ਦੇਸ਼ ਨੂੰ ਸ਼ੁਰੂ 'ਚ ਖ਼ੁਸ਼ਹਾਲ, ਵਿਕਸਤ, ਖ਼ੂਬਸੂਰਤ, ਸਮਰੱਥ ਰਾਸ਼ਟਰ ਵਜੋਂ ਹੰਢਾਇਆ, ਅੱਜ ਬਹੁਤ ਜ਼ਿਆਦਾ ਨਿਰਾਸ਼ਾ ਦਾ ਸ਼ਿਕਾਰ ਹੈ। ਉਸ ਨੂੰ ਆਪਣੇ ਦੇਸ਼ ਦੀ ਮਜ਼ਬੂਤ ਆਰਥਿਕਤਾ, ਕਾਰੋਬਾਰ, ਖੁੱਲ੍ਹੇ ਤਾਕਤਵਰ ਬਾਜ਼ਾਰ, ਦੂਰਅੰਦੇਸ਼ ਸਿਆਸੀ ਲੀਡਰਸ਼ਿਪ, ਵਧੀਆ ਜਨਤਕ ਸੇਵਾਵਾਂ, ਸਮਾਜਿਕ ਇਕਜੁੱਟਤਾ ਅਤੇ ਖੇੜਿਆਂ 'ਤੇ ਮਾਣ ਸੀ। ਘੱਟ ਆਮਦਨ, ਬੇਰੁਜ਼ਗਾਰੀ, ਮਕਾਨ ਦੀ ਛੱਤ ਤੋਂ ਮਹਿਰੂਮ, ਵਧੀਆ ਸੇਵਾਵਾਂ ਦੀ ਘਾਟ, ਨਿਕੰਮੀ ਅਤੇ ਕੰਮ ਚਲਾਊ ਲੀਡਰਸ਼ਿਪ, ਉਤਪਾਦਨ ਅਤੇ ਨਿਵੇਸ਼ ਦੀ ਘਾਟ, ਹੁਨਰਮੰਦ ਸੇਵਾਵਾਂ 'ਚ ਕਮੀ, ਆਲਮੀ ਭਾਈਚਾਰੇ 'ਚ ਕੈਨੇਡੀਅਨ ਆਰਥਿਕਤਾ ਦੀ ਡਿੱਗਦੀ ਸਾਖ਼, ਮਿਆਰੀ ਸਿੱਖਿਆ, ਸਿਹਤ, ਸੜਕ, ਹਵਾਈ ਸੇਵਾਵਾਂ 'ਚ ਨਿਘਾਰ ਜਿਹੀਆਂ ਸਮੱਸਿਆਵਾਂ ਮੂੰਹ ਅੱਡੀ ਖੜ੍ਹੀਆਂ ਹਨ। ਇਨ੍ਹਾਂ ਦੀ ਸ਼ੁਰੂਆਤ ਕੋਵਿਡ-19 ਮਹਾਮਾਰੀ ਤੋਂ ਬਾਅਦ ਹੋ ਚੁੱਕੀ ਹੈ, ਜੋ ਦੂਰਅੰਦੇਸ਼ ਸਿਆਸੀ, ਸਮਾਜਿਕ ਅਤੇ ਆਰਥਿਕ ਲੀਡਰਸ਼ਿਪ ਦੀ ਘਾਟ ਕਰਕੇ ਲਗਾਤਾਰ ਤੇਜ਼ੀ ਫੜ ਰਹੀ ਹੈ।

1867 'ਚ ਹੋਂਦ 'ਚ ਆਇਆ ਕੈਨੇਡਾ ਆਪਣੀ 100ਵੀਂ ਵਰ੍ਹੇਗੰਢ ਤੇ ਵਿਸ਼ਵ ਦੀ ਨੌਂਵੀ ਵੱਡੀ ਆਰਥਿਕਤਾ ਵਜੋਂ 1967 'ਚ ਉੱਭਰ ਕੇ ਸਾਹਮਣੇ ਆਇਆ। ਇਸ ਦੀ ਨੰਬਰ ਇਕ ਸਿੱਖਿਆ, ਸਿਹਤ, ਆਵਾਜਾਈ, ਰੁਜ਼ਗਾਰ, ਘੱਟੋ-ਘੱਟ ਪ੍ਰਤੀ ਦਿਨ ਉਜਰਤ, ਬਿਹਤਰੀਨ ਮੁੱਢਲਾ ਢਾਂਚਾ, ਪੁਲਿਸ ਸੇਵਾਵਾਂ, ਇਮਾਨਦਾਰ ਅਤੇ ਵਚਨਬੱਧ ਪ੍ਰਸ਼ਾਸਨਿਕ ਯੋਗਤਾ ਦੀ ਆਲਮੀ ਪੱਧਰ 'ਤੇ ਤੂਤੀ ਬੋਲਣ ਲੱਗੀ। ਪਰਵਾਸੀਆਂ ਲਈ ਕੈਨੇਡਾ ਵੱਡੀ ਖਿੱਚ ਦਾ ਕਾਰਨ ਬਣਨ ਲੱਗਿਆ ਪਰ ਦੇਸ਼ ਅੰਦਰ ਦੂਰਅੰਦੇਸ਼ੀ, ਵਚਨਬੱਧਤਾ ਤੇ ਹੁਨਰਮੰਦੀ ਰਹਿਤ ਸਿਆਸੀ ਲੀਡਰਸ਼ਿਪ ਦੀ ਨੀਰਸ ਅਤੇ ਨਿਕੰਮੀ ਅਗਵਾਈ ਕਰਕੇ 2017 'ਚ ਜਦੋਂ ਕੈਨੇਡਾ ਨੇ ਆਪਣੀ 150 ਵੀਂ ਵਰ੍ਹੇਗੰਢ ਮਨਾਈ ਤਾਂ ਇਸ ਦੀ ਆਰਥਿਕਤਾ ਤਰੱਕੀ ਕਰਨ ਦੀ ਬਜਾਏ ਪਤਨ ਦਾ ਸ਼ਿਕਾਰ ਹੁੰਦੀ ਹੋਈ ਦੁਨੀਆ 'ਚ 16ਵੇਂ ਸਥਾਨ 'ਤੇ ਜਾ ਡਿੱਗੀ। ਆਰਥਿਕ ਤੇ ਵਿੱਤੀ ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਜੇ ਕੈਨੇਡਾ ਦੀ ਲੀਡਰਸ਼ਿਪ, ਆਰਥਿਕ, ਸਮਾਜਿਕ, ਕਾਰੋਬਾਰੀ, ਪੈਦਾਵਾਰੀ ਨੀਤੀਆਂ ਦਾ ਇਹੋ ਹਾਲ ਰਿਹਾ ਤਾਂ ਆਪਣੀ 200ਵੀਂ ਵਰ੍ਹੇਗੰਢ ਯਾਨੀ 2067 ਨੂੰ ਇਹ ਦੇਸ਼ 25ਵੇਂ ਸਥਾਨ 'ਤੇ ਜਾ ਡਿੱਗੇਗਾ ਤੇ ਇਸ ਦਾ ਸ਼ੁਮਾਰ ਮਲੇਸ਼ੀਆ, ਦੱਖਣੀ ਕੋਰੀਆ ਅਤੇ ਥਾਈਲੈਂਡ ਵਰਗੇ ਦੇਸ਼ਾਂ 'ਚ ਹੋ ਜਾਵੇਗਾ।

ਸ਼ਰਮਨਾਕ ਗੱਲ ਤਾਂ ਇਸ ਦੇਸ਼ ਤੇ ਇਸ ਦੀ ਅਜੋਕੀ ਘੱਟ ਗਿਣਤੀ ਕੰਮ ਚਲਾਊ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਸਰਕਾਰ ਲਈ ਇਹ ਹੈ ਕਿ 2022 ਦੇ ਰਿਸਰਚ ਪੋਲ ਅਨੁਸਾਰ ਇਨ੍ਹਾਂ ਤਿੰਨਾਂ ਦੇਸ਼ਾਂ ਦੇ ਨਾਗਰਿਕ ਆਪਣੇ ਆਪ ਨੂੰ ਕੈਨੇਡਾ ਦੇ ਨਾਗਰਿਕਾਂ ਨਾਲੋਂ ਵਧੀਆ ਹਾਲਤ 'ਚ ਸਮਝਦੇ ਹਨ। ਸਪੱਸ਼ਟ ਹੈ ਕਿ ਜੋ ਲੋਕ ਅਤੇ ਨੌਜਵਾਨ ਵਿਦੇਸ਼ਾਂ 'ਚੋਂ ਕੈਨੇਡਾ ਵਿਖੇ ਆਉਣ ਲਈ ਕਤਾਰਾਂ 'ਚ ਲੱਗੇ ਉਡੀਕ ਕਰ ਰਹੇ ਹਨ, ਉਹ ਇਸ ਨਾਲੋਂ ਬਿਹਤਰ ਭਵਿੱਖ ਲਈ ਮਲੇਸ਼ੀਆ, ਥਾਈਲੈਂਡ, ਦੱਖਣੀ ਕੋਰੀਆ, ਵੀਅਤਨਾਮ ਜਿਹੇ ਤੇਜ਼ੀ ਨਾਲ ਵਿਕਾਸ, ਵਧੀਆ ਜਨਤਕ ਸੇਵਾਵਾਂ ਅਤੇ ਰੁਜ਼ਗਾਰ 'ਚ ਮੱਲਾਂ ਮਾਰ ਰਹੇ ਦੇਸ਼ਾਂ ਵੱਲ ਵਹੀਰਾਂ ਘੱਤਣ। ਹਕੀਕਤ ਇਹ ਵੀ ਹੈ ਕਿ ਅੱਜ ਪਰਵਾਸੀ ਵਿਦਿਆਰਥੀਆਂ ਤੋਂ ਹੋਣ ਵਾਲੀ 22 ਬਿਲੀਅਨ ਸਾਲਾਨਾ ਆਮਦਨ ਰੁਕ ਜਾਵੇ ਤਾਂ ਸਵੇਰੇ ਕੈਨੇਡੀਅਨ ਆਰਥਿਕਤਾ ਧੜੰਮ ਥੱਲੇ ਡਿੱਗ ਪਵੇਗੀ।

ਦਰਅਸਲ ਕਿਸੇ ਵੀ ਦੇਸ਼ ਅੰਦਰ ਜਦੋਂ ਲੋਕ ਸਥਿਰ ਸਰਕਾਰਾਂ ਹੰਢੇ-ਵਰਤੇ ਦੂਰਅੰਦੇਸ਼ ਸਿਧਾਂਤਵਾਦੀ ਰਾਜਨੀਤੀਵਾਨਾਂ ਦੀ ਅਗਵਾਈ 'ਚ ਨਹੀਂ ਚੁਣਦੇ ਤਾਂ ਨਤੀਜੇ ਨਿਸ਼ਚਿਤ ਤੌਰ 'ਤੇ ਨਿਰਾਸ਼ਾਵਾਦੀ ਅਤੇ ਅਸੁਰੱਖਿਆ ਭਰੇ ਨਿਕਲਦੇ ਹਨ। ਜਦੋਂ ਲੋਕਤੰਤਰ ਅੰਦਰ ਲੋਕ ਆਪਣੀਆਂ ਸਥਾਨਕ, ਸੂਬਾਈ ਜਾਂ ਫੈਡਰਲ ਸਰਕਾਰਾਂ ਚੁਣਨ ਲਈ ਵੱਡੇ ਉਤਸ਼ਾਹ ਨਾਲ ਵੱਡੀ ਗਿਣਤੀ 'ਚ ਭਾਗ ਨਹੀਂ ਲੈਂਦੇ ਤਾਂ ਘੱਟ ਗਿਣਤੀ ਵੱਲੋਂ ਚੁਣੀਆਂ ਮਾਅਰਕੇਬਾਜ਼, ਮੌਕਾਪ੍ਰਸਤ, ਕੰਮ ਚਲਾਊ, ਘੱਟ ਗਿਣਤੀ ਜਾਂ ਬਾਹਰੀ ਬੈਸਾਖੀਆਂ ਦੇ ਸਹਾਰੇ ਚੱਲਣ ਵਾਲੀਆਂ ਸਰਕਾਰਾਂ ਤੋਂ ਕੀ ਭਾਲਦੇ ਹਨ?

ਕੈਨੇਡਾ ਦੀ ਰਾਜਨੀਤੀ ਦਾ ਦੁਖਾਂਤ ਜੋ ਇਸ ਦੇ ਆਰਥਿਕ ਪਤਨ ਲਈ ਜ਼ਿੰਮੇਵਾਰ ਹੈ, ਉਹ ਇਹ ਹੈ ਕਿ 2015 'ਚ 338 ਹਾਊਸ ਆਫ ਕਾਮਨਜ਼ ਦੀਆਂ ਕੁੱਲ ਸੀਟਾਂ 'ਚੋਂ 184 ਤੇ 39.47 ਪ੍ਰਤੀਸ਼ਤ ਵੋਟਾਂ ਪੋਲ ਹੋਈਆਂ। ਸਾਲ 2019 'ਚ 33.1 ਫ਼ੀਸਦੀ ਵੋਟਾਂ ਪ੍ਰਾਪਤ ਕਰ ਕੇ 157 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ। ਸੰਨ 2021 'ਚ ਭਾਵੇਂ ਬਹੁਮਤ ਖ਼ਾਤਰ ਮੱਧਕਾਲੀ ਚੋਣਾਂ ਕਰਵਾਈਆਂ ਪਰ 32.6 ਫ਼ੀਸਦੀ ਵੋਟਾਂ ਸਹਾਰੇ 160 ਸੀਟਾਂ ਪ੍ਰਾਪਤ ਕੀਤੀਆਂ। ਜਸਟਿਨ ਟਰੂਡੋ ਦੀ ਘੱਟ ਗਿਣਤੀ 2019 ਤੇ 2021 ਦੀਆਂ ਸਰਕਾਰਾਂ ਐੱਨਡੀਪੀ ਦੀ ਬਾਹਰੀ ਹਮਾਇਤ ਦੀਆਂ ਬੈਸਾਖੀਆਂ 'ਤੇ ਨਿਰਭਰ ਰਹੀਆਂ ਹਨ। ਅਜਿਹੀ ਘੱਟ ਗਿਣਤੀ ਸਰਕਾਰ ਜੋ ਬਾਹਰੀ ਬੈਸਾਖੀਆਂ 'ਤੇ ਚੱਲਦੀ ਹੋਵੇ, ਉਸ ਤੋਂ ਕੈਨੇਡਿਆਈ ਕੌਮ ਕਿਵੇਂ ਵਧੀਆ ਸਰਕਾਰ ਭਾਲਦੀ ਹੈ? ਨਤੀਜਾ ਸਭ ਦੇ ਸਾਹਮਣੇ ਹੈ।

2012 'ਚ ਸਿਰਫ਼ ਕੈਨੇਡਾ ਦੇ 37 ਫ਼ੀਸਦੀ ਲੋਕ ਨਾਨੋਜ ਸਰਵੇ ਅਨੁਸਾਰ ਇਹ ਮਤ ਰੱਖਦੇ ਸਨ ਕਿ ਉਨ੍ਹਾਂ ਦੀ ਅਗਲੀ ਪੀੜ੍ਹੀ ਦਾ ਭਵਿੱਖ, ਰਹਿਣ-ਸਹਿਣ ਦਾ ਮਿਆਰ, ਜਨਤਕ ਸੇਵਾਵਾਂ ਦੀ ਉਪਲਬਧਤਾ ਮੌਜੂਦਾ ਪੱਧਰ ਤੋਂ ਨੀਵੇਂ ਪੱਧਰ 'ਤੇ ਡਿੱਗ ਜਾਵੇਗੀ। ਸਾਲ 2022 'ਚ ਪਿਊ ਰਿਸਰਚ ਵੱਲੋਂ ਕਰਵਾਏ ਸਰਵੇ ਅਨੁਸਾਰ 75 ਫ਼ੀਸਦੀ ਕੈਨੇਡੀਅਨ ਲੋਕਾਂ ਦਾ ਇਹ ਮੱਤ ਸੀ ਕਿ ਭਵਿੱਖੀ ਪੀੜ੍ਹੀ ਦਾ ਜੀਵਨ ਮਿਆਰ, ਸੇਵਾਵਾਂ ਦਾ ਪੱਧਰ, ਪ੍ਰਸ਼ਾਸਨਿਕ ਵਿਵਸਥਾ ਸ਼ਰਮਨਾਕ ਢੰਗ ਨਾਲ ਡਿੱਗ ਜਾਣਗੇ।

ਕੈਨੇਡਾ ਦੀਆਂ ਸਥਾਨਕ, ਸੂਬਾਈ ਤੇ ਫੈਡਰਲ ਸਰਕਾਰਾਂ ਭਾਰੀ ਟੈਕਸਾਂ ਰਾਹੀਂ ਆਮ ਤੇ ਮੱਧ ਵਰਗ ਦੇ ਪਰਿਵਾਰਾਂ ਦੀ ਰੱਤ ਨਿਚੋੜ ਰਹੀਆਂ ਹਨ ਜਦਕਿ ਅਤਿ ਨਾਕਸ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ। ਬੇਰੁਜ਼ਗਾਰੀ, ਘੱਟ ਉਜਰਤਾਂ, ਨਿੱਤ ਦਿਨ ਵਧਦੀ ਮਹਿੰਗਾਈ, ਘਰਾਂ ਦੀਆਂ ਕੀਮਤਾਂ ਆਸਮਾਨੀਂ ਚੜ੍ਹਨ, ਵੱਡੇ ਪੱਧਰ 'ਤੇ ਲੋਕਾਂ ਨੂੰ ਹੱਡ-ਚੀਰਵੀਂ ਸਰਦੀ 'ਚ ਅਸਥਾਈ ਤੰਬੂਆਂ ਜਾਂ ਜਨਤਕ ਥਾਵਾਂ 'ਤੇ ਰਹਿਣ ਲਈ ਮਜਬੂਰ ਹੋਣ ਕਰਕੇ ਇਸ ਦੇਸ਼ ਦੇ ਪ੍ਰਸ਼ਾਸਨ ਅਤੇ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਫੈਡਰਲ ਸਰਕਾਰ ਅਤੇ ਵੱਖ-ਵੱਖ ਪਾਰਟੀਆਂ ਜਾਂ ਗਠਜੋੜਾਂ ਆਧਾਰਤ ਸੂਬਾਈ ਸਰਕਾਰਾਂ ਅਤੇ ਸਥਾਨਕ ਸਰਕਾਰਾਂ ਦਾ ਦੀਵਾਲਾ ਨਿਕਲਿਆ ਪਿਆ ਹੈ। ਮਿਸਾਲ ਵਜੋਂ ਮੇਰਾ ਪਰਿਵਾਰ ਮਾਰਚ, 2023 'ਚ ਕੈਂਬਲਫੋਰਡ ਤੋਂ ਕਿੰਗਸਟਨ ਸ਼ਿਫਟ ਹੋਇਆ। ਅਜੇ ਤੱਕ ਕੋਈ ਡਾਕਟਰ ਅਲਾਟ ਨਹੀਂ ਕੀਤਾ। ਅਠਾਰਾਂ ਮਈ ਨੂੰ ਮੈਂ ਅਚਾਨਕ ਬਿਮਾਰ ਹੋ ਗਿਆ। ਸ਼ਾਮ 7 ਵਜੇ ਦੇ ਕਰੀਬ ਕਿੰਗਸਟਨ ਜਨਰਲ ਹਸਪਤਾਲ ਲਿਜਾਇਆ ਗਿਆ। ਸ਼ਾਮ 7 ਵਜੇ ਤੋਂ ਰਾਤ 1 ਵਜੇ ਤੱਕ ਸਿਰਫ਼ ਖ਼ੂਨ ਟੈਸਟ ਲਈ ਲਿਆ। ਕਿਸੇ ਡਾਕਟਰ ਨੇ ਬਾਤ ਨਹੀਂ ਪੁੱਛੀ, ਬਸ ਕੁਰਸੀ 'ਤੇ ਬਿਠਾਈ ਰੱਖਿਆ। ਬਾਅਦ 'ਚ ਐਮਰਜੈਂਸੀ ਬੈੱਡ ਤੇ ਲਿਜਾਇਆ ਗਿਆ। ਕੀ ਪੰਜਾਬ ਜਾਂ ਭਾਰਤ 'ਚ ਇੰਝ ਹੁੰਦਾ? ਦੁਨੀਆ ਅੰਦਰ ਸਭ ਤੋਂ ਨਿਕੰਮੀਆਂ ਸਿਹਤ ਸੇਵਾਵਾਂ ਹਨ ਕੈਨੇਡਾ 'ਚ। ਲੱਖਾਂ ਲੋਕ ਸਾਲਾਂਬੱਧੀ ਸਹੀ ਇਲਾਜ ਤੇ ਸਰਜਰੀਆਂ ਨੂੰ ਤਰਸ ਰਹੇ ਹਨ। ਟੈਕਸ ਠੋਕ ਰਹੇ ਹੋ ਤਾਂ ਸੇਵਾਵਾਂ ਕਿਸ ਨੇ ਦੇਣੀਆਂ ਹਨ?

ਦੇਸ਼ ਟੁੱਟ ਰਿਹਾ ਹੈ। ਫਰੇਜ਼ਰ ਸੰਸਥਾ ਪੋਲ ਅਨੁਸਾਰ 74 ਫ਼ੀਸਦੀ ਕੈਨੇਡੀਅਨ ਸਮਝਦੇ ਹਨ ਕਿ ਔਸਤਨ ਪਰਿਵਾਰ ਵੱਧ ਟੈਕਸ ਦਾ ਸ਼ਿਕਾਰ ਹਨ। ਸਥਾਨਕ, ਸੂਬਾਈ ਤੇ ਫੈਡਰਲ ਸਰਕਾਰਾਂ ਟੈਕਸਾਂ ਰਾਹੀਂ ਪਰਿਵਾਰਾਂ ਦਾ ਕਚੂਮਰ ਕੱਢ ਰਹੀਆਂ ਹਨ। ਮਨੀਟੋਬਾ ਤੇ ਸਸਕੈਚਵਨ ਦੇ 79 ਫ਼ੀਸਦੀ, ਅਟਲਾਂਟਿਕ ਸੂਬਿਆਂ ਦੇ 77 ਫ਼ੀਸਦੀ, ਕਿਊਬੈੱਕ ਦੇ 74 ਫ਼ੀਸਦੀ, ਓਂਟਾਰੀਓ ਤੇ ਬਿ ?ਰਟਿਸ਼ ਕੋਲੰਬੀਆਂ ਦੇ 73, ਅਲਬਰਟਾ ਦੇ 71 ਫ਼ੀਸਦੀ ਲੋਕ ਆਪਣੇ ਆਪ ਨੂੰ ਵਾਧੂ ਟੈਕਸਾਂ ਦਾ ਸ਼ਿਕਾਰ ਹੋਏ ਸਮਝਦੇ ਹਨ ਪਰ ਬਦਲੇ 'ਚ ਸੇਵਾਵਾਂ ਅਤਿ ਨਾਕਸ ਪ੍ਰਾਪਤ ਹੁੰਦੀਆਂ ਹਨ। ਸੰਨ 2022 'ਚ ਔਸਤ ਪਰਿਵਾਰ ਫੈਡਰਲ, ਸੂਬਾਈ, ਸਥਾਨਕ ਸਰਕਾਰਾਂ ਨੂੰ 45.2 ਫ਼ੀਸਦੀ ਟੈਕਸ ਦੇ ਰਿਹਾ ਹੈ। ਇਵਜ਼ 'ਚ ਸੇਵਾਵਾਂ ਰੱਦੀ। ਸੰਨ 1981 'ਚ 40.8 ਫ਼ੀਸਦੀ ਟੈਕਸ ਸੀ ਪਰ ਸੇਵਾਵਾਂ ਬਹੁਤ ਹੀ ਉਮਦਾ ਸਨ।

ਇਸ ਸਦੀ ਦੇ ਅੰਤ ਤੱਕ ਕੈਨੇਡਾ ਨੂੰ ਮਜ਼ਬੂਤ ਮਾਰਕੀਟ ਅਤੇ ਆਰਥਿਕਤਾ ਲਈ ਮੌਜੂਦਾ 39.5 ਮਿਲੀਅਨ ਆਬਾਦੀ ਤੋਂ 100 ਮਿਲੀਅਨ ਲੁੜੀਂਦੀ ਹੈ। ਵਧੀਆ ਹੁਨਰਮੰਦ, ਉੱਤਮ ਤਕਨੀਕ ਨਾਲ ਲੈਸ ਕਾਮੇ ਅਤੇ ਆਲਮੀ ਪੱਧਰੀ ਸਰਵੋਤਮ ਤਕਨੀਕੀ, ਕਾਰੋਬਾਰੀ, ਵਿਗਿਆਨੀ, ਖੋਜੀ ਆਗੂ ਚਾਹੀਦੇ ਹਨ। ਸੰਨ 2030 ਤੱਕ 5.8 ਮਿਲੀਅਨ ਘਰ ਚਾਹੀਦੇ ਹਨ। ਢਾਈ ਲੱਖ ਡਾਲਰ ਦਾ ਘਰ ਅੱਜ 15 ਤੋਂ 20 ਲੱਖ ਡਾਲਰ ਦਾ ਕਿਉਂ? ਕੀ 40 ਸਾਲ ਲੋਕ ਮਾਰਗੇਜ ਉਤਾਰਦੇ ਮਰ ਜਾਣਗੇ ਭਾਵ ਦੋ ਪੀੜ੍ਹੀਆਂ। ਜ਼ਰਾ ਹੋਸ਼ ਕਰਨ ਕੈਨੇਡੀਅਨ ਫੈਡਰਲ, ਸੂਬਾਈ ਅਤੇ ਸਥਾਨਕ ਸਰਕਾਰਾਂ। ਖੋਜਾਂ ਦਰਸਾ ਰਹੀਆਂ ਹਨ ਕਿ ਕਿਉਂ ਨੌਜਵਾਨ ਪੀੜ੍ਹੀ ਬੇਰੁਜ਼ਗਾਰੀ, ਘੱਟ ਉਜਰਤਾਂ, ਸ਼ੋਸ਼ਣ ਕਰਕੇ ਮਾਨਸਿਕ ਤੌਰ 'ਤੇ ਬਿਮਾਰ ਹੋ ਰਹੀ ਹੈ।

ਕੁਝ ਵੀ ਹੋਵੇ, ਨਿੱਜੀ ਅਤੇ ਸਮਾਜਿਕ ਲਾਭਾਂ ਅਤੇ ਵਧੀਆ ਸੇਵਾਵਾਂ ਲਈ ਕੈਨੇਡਾ ਨੂੰ ਵਧੀਆ ਰਾਜਨੀਤਕ ਤੇ ਆਰਥਿਕ ਲੀਡਰਸ਼ਿਪ ਨੂੰ ਲੰਬੀ ਮਿਆਦ ਵਾਲੀਆਂ ਲਾਹੇਵੰਦ ਅਤੇ ਵਧੀਆ ਨੀਤੀਆਂ ਦਾ ਨਿਰਮਾਣ ਅਤੇ ਅਮਲ ਜ਼ਰੂਰੀ ਹੈ। ਮਹਾਨ, ਗਤੀਸ਼ੀਲ, ਸਰਵੋਤਮ ਕੈਨੇਡਾ ਦੀ ਉਸਾਰੀ ਲਈ ਗਤੀਸ਼ੀਲ, ਦਲੇਰਾਨਾ, ਧੜੱਲੇਦਾਰ ਨੀਤੀਆਂ ਘੜ ਕੇ ਤੁਰੰਤ ਅਮਲ ਦੀ ਲੋੜ ਹੈ।

# ਅਮਰੀਕਾ ਦੇ ਅੰਤਰਰਾਸ਼ਟਰੀ ਗੀਤਕਾਰ ਸ੍ਰ. ਮੱਖਣ ਲੁਹਾਰ ਦੀ ਨਵੀਂ ਐਲਬਮ 'ਸਕੇ ਭਰਾਵਾਂ ਵਰਗਾ' Mtrack Beat ਵਲੋਂ ਰਿਲੀਜ਼, ਕੁਝ ਦਿਨਾ 'ਚ ਦੇਖਣ ਵਾਲਿਆਂ ਦੀ ਗਿਣਤੀ ਲੱਖਾਂ 'ਚ ਪਹੁੰਚੀ

## ਕੈਲੀਫੋਰਨੀਆ ਦੀ ਪ੍ਰਸਿੱਧ ਗਾਇਕ ਜੋੜੀ ਸ. ਮੰਗਜੀਤ ਮੰਗਾ ਅਤੇ ਸ. ਤਰਸੇਮ ਅਟਵਾਲ ਵਲੋਂ ਗਾਇਆ ਗੀਤ ਘਰ-ਘਰ ਵੱਜਣ ਲੱਗਾ


ਸ੍ਰ. ਮੱਖਣ ਲੁਹਾਰ


ਗਾਇਕ ਜੋੜੀ ਸ. ਮੰਗਜੀਤ ਮੰਗਾ ਅਤੇ ਸ. ਤਰਸੇਮ ਅਟਵਾਲ

ਸੈਕਰਾਮੈਂਟੋ/ਕੈਲੀਫੋਰਨੀਆ : ਅਮਰੀਕਾ ਦੇ ਅੰਤਰਰਾਸ਼ਟਰੀ ਪੰਜਾਬੀ ਦੇ ਮਹਾਨ ਸ਼ਾਇਰ ਜਿਨ੍ਹਾਂ ਦੇ ਗੀਤ ਦੁਨੀਆਂ ਭਰ ਵਿਚ ਵਸਦੇ ਪੰਜਾਬੀਆਂ ਦੇ ਘਰਾਂ 'ਚ ਰੋਜ਼ਾਨਾ ਵੱਜਦੇ ਹਨ ਅਤੇ ਜਿਨ੍ਹਾਂ ਦੇ ਗੀਤ ਤਕਰੀਬਨ ਪੰਜਾਬੀ ਦੇ ਹਰ ਨਾਮਵਰ ਗਾਇਕ ਨੇ ਗਾਏ ਹਨ, ਉਨ੍ਹਾਂ ਦਾ ਗੀਤ 'ਨਾਗ ਸਾਂਭ ਲੈ ਜ਼ੁਲਮਾਂ ਦੇ ਕੋਈ ਕੀਲ ਸਪੇਰਾ ਲੈ ਜਾਓਗਾ ਅਤੇ ਸ਼ਾਹਾਂ ਦੀ ਕੁੜੀਏ ਗਰੀਬ ਦਿੱਤਾ ਮਾਰ ਨੀ ਅਤੇ ਉਨ੍ਹਾਂ ਦੇ ਬਹੁਤ ਸਾਰੇ ਧਾਰਮਿਕ ਗੀਤ ਬੋਲੀਆਂ ਉਹ ਕਿਹੜਾ ਵਿਸ਼ਾ ਹੈ ਜਿਸਨੂੰ ਉਨ੍ਹਾਂ ਨੇ ਨਹੀਂ ਛੂਹਿਆ। ਸ੍ਰ. ਮੱਖਣ ਲੁਹਾਰ ਕਵੀਆਂ ਦੀਆਂ ਸਟੇਜਾਂ ਉਪਰ ਇਕ ਪ੍ਰਸਿੱਧ ਨਾਮਵਰ ਸ਼ਾਇਰ ਵਜੋਂ ਹੁੰਦੇ ਹਨ। ਉਨ੍ਹਾਂ ਦੀ ਇਹ ਨਵੀਂ ਐਲਬਮ 'ਸਕੇ ਭਰਾਵਾਂ ਵਰਗਾ' ਵਿਚ ਉਨ੍ਹਾਂ ਨੇ ਇੱਜ਼ਤ ਮਾਣ ਅਣਖ ਉਪਰ ਇਹ ਗੀਤ ਲਿਖਿਆ ਫਿਲਮਾਇਆ ਤੇ ਗਾਇਆ ਹੈ। ਇਸ ਗੀਤ ਨੂੰ ਕੈਲੀਫੋਰਨੀਆ ਦੀ ਪ੍ਰਸਿੱਧ ਲੋਕ ਗਾਇਕ ਜੋੜੀ ਸ੍ਰ. ਮੰਗਜੀਤ ਸਿੰਘ ਮੰਗਾ ਅਤੇ ਸ੍ਰ. ਤਰਸੇਮ ਸਿੰਘ ਅਟਵਾਲ ਵਲੋਂ ਗਾਇਆ ਗਿਆ ਹੈ। ਇਸ 'ਚ ਮਿਊਜ਼ਕ Bunty Sahota ਵਲੋਂ ਦਿੱਤਾ ਗਿਆ Video RK Bansel ਵਲੋਂ ਫਿਲਮਾਈ ਗਈ ਹੈ। ਇਸ ਗੀਤ ਨੂੰ ਭਰਵਾਂ ਹੁਗਾਰਾਂ ਮਿਲ ਰਿਹਾ ਹੈ।

# ਬਿਪਰਜੁਆਏ: ਗੁਜਰਾਤ 'ਚ 21 ਹਜ਼ਾਰ ਲੋਕ ਸੁਰੱਖਿਅਤ ਥਾਵਾਂ 'ਤੇ ਪਹੁੰਚਾਏ



ਜਖਾਊ/ਅਹਿਮਦਾਬਾਦ : ਗੁਜਰਾਤ ਦੇ ਕੱਛ ਜ਼ਿਲ੍ਹੇ 'ਚ ਜਖਾਊ ਬੰਦਰਗਾਹ ਨੇੜੇ ਚੱਕਰਵਾਤੀ ਤੂਫਾਨ ਬਿਪਰਜੁਆਏ ਦੇ ਪਹੁੰਚਣ ਤੋਂ ਦੋ ਦਿਨ ਪਹਿਲਾਂ ਅਧਿਕਾਰੀਆਂ ਨੇ ਅੱਜ ਸਾਹਿਲੀ ਇਲਾਕਿਆਂ ਤੋਂ 21 ਹਜ਼ਾਰ ਦੇ ਕਰੀਬ ਲੋਕਾਂ ਨੂੰ ਆਰਜ਼ੀ ਰਾਹਤ ਕੈਂਪਾਂ 'ਚ ਪਹੁੰਚਾ ਦਿੱਤਾ ਹੈ। ਇਸੇ ਦੌਰਾਨ ਤੱਟ ਰੱਖਿਆ ਕਰਮੀਆਂ ਨੇ ਦਵਾਰਕਾ ਨੇੜੇ ਸਮੁੰਦਰ ਅੰਦਰ 40 ਕਿਲੋਮੀਟਰ ਦੂਰ ਸਥਿਤ ਆਇਲ ਰਿਗ ਤੋਂ 50 ਮੁਲਾਜ਼ਮਾਂ ਨੂੰ ਸੁਰੱਖਿਅਤ ਕੱਢਿਆ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਕੌਮੀ ਆਫਤ ਬਚਾਅ ਬਲ ਤੇ ਸੂਬਾਈ ਰਾਹਤ ਬਚਾਅ ਬਲ ਦੀਆਂ ਟੀਮਾਂ ਨੂੰ ਹਰ ਸਥਿਤੀ ਲਈ ਤਿਆਰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸੁਰੱਖਿਅਤ ਕੱਢਣ ਦੀ ਪ੍ਰਕਿਰਿਆ ਅਜੇ ਵੀ ਜਾਰੀ ਹੈ ਅਤੇ ਮਿੱਥੀ ਗਈ ਸਾਰੀ ਅਬਾਦੀ ਛੇਤੀ ਹੀ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤੀ ਜਾਵੇਗੀ। ਮੌਸਮ ਵਿਗਿਆਨ ਵਿਭਾਗ ਅਨੁਸਾਰ ਚੱਕਰਵਾਤੀ ਤੂਫਾਨ ਕਾਰਨ ਵੱਡੇ ਪੱਧਰ 'ਤੇ ਨੁਕਸਾਨ ਹੋਣ ਦਾ ਖਦਸ਼ਾ ਹੈ ਅਤੇ ਗੁਜਰਾਤ ਦੇ ਕੱਛ, ਦੇਵਭੂਮੀ ਦਵਾਰਕਾ ਅਤੇ ਜਾਮਨਗਰ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹੋ ਸਕਦੇ ਹਨ। ਅਧਿਕਾਰੀ ਨੇ ਦੱਸਿਆ ਕਿ ਸੂਬਾ ਸਰਕਾਰ ਦਾ ਟੀਚਾ ਤੱਟ ਤੋਂ 10 ਕਿਲੋਮੀਟਰ ਦੇ ਇਲਾਕੇ 'ਚ ਰਹਿ ਰਹੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ ਹੈ ਤੇ ਹੁਣ ਤੱਕ ਚੱਕਰਵਾਤੀ ਤੂਫਾਨ ਕਾਰਨ ਇੱਕ ਮੌਤ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਸੂਬਾਈ ਰਾਹਤ ਕਮਿਸ਼ਨਰ ਆਲੋਕ ਪਾਂਡੇ ਨੇ ਕਿਹਾ, 'ਅਸੀਂ ਉਨ੍ਹਾਂ ਸਾਹਿਲੀ ਇਲਾਕਿਆਂ ਨੇੜੇ ਰਹਿ ਰਹੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਹੈ ਜਿਹੜੇ ਇਲਾਕਿਆਂ ਦੇ ਚੱਕਰਵਾਤੀ ਤੂਫਾਨ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ। ਹੁਣ ਤੱਕ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਸ਼ਾਸਨਾਂ ਨੇ ਤਕਰੀਬਨ 21 ਹਜ਼ਾਰ ਲੋਕਾਂ ਨੂੰ ਆਰਜ਼ੀ ਰਾਹਤ ਕੈਂਪਾਂ 'ਚ ਪਹੁੰਚਾਇਆ ਹੈ।' ਅਹਿਮਦਾਬਾਦ ਮੌਸਮ ਵਿਭਾਗ ਦੇ ਨਿਰਦੇਸ਼ਕ ਮਨੋਰਮਾ ਮੋਹੰਤੀ ਨੇ ਕਿਹਾ ਕਿ ਚੱਕਰਵਾਤੀ ਤੂਫਾਨ ਦੇ 15 ਜੂਨ ਦੀ ਸ਼ਾਮ ਨੂੰ 125-135 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਤੋਂ ਲੈ ਕੇ 150 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਜਖਾਊ ਬੰਦਰਗਾਹ ਨੇੜੇ ਕੱਛ 'ਚ ਮਾਂਡਵੀ ਤੇ ਪਾਕਿਸਤਾਨ ਦੇ ਕਰਾਚੀ ਨੂੰ ਪਾਰ ਕਰਨ ਦੀ ਸੰਭਾਵਨਾ ਹੈ। ਇਸੇ ਦੌਰਾਨ ਮੌਸਮ ਵਿਭਾਗ ਨੇ ਦੱਸਿਆ ਕਿ ਇਸ ਚੱਕਰਵਾਤੀ ਤੂਫਾਨ ਦਾ ਮਾਨਸੂਨ 'ਤੇ ਕੋਈ ਅਸਰ ਨਹੀਂ ਪਵੇਗਾ।

# ਹਿਮਾਚਲ ਨੂੰ ਪਾਣੀ ਦੇਣ ਦੇ ਕੇਂਦਰੀ ਫ਼ੈਸਲੇ ਦਾ ਵਿਰੋਧ

## ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ

ਚੰਡੀਗੜ੍ਹ - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਿੰਜਾਈ ਸਕੀਮਾਂ ਵਾਸਤੇ ਹਿਮਾਚਲ ਪ੍ਰਦੇਸ਼ ਨੂੰ ਪਾਣੀ ਦੇਣ ਲਈ ਕੋਈ ਇਤਰਾਜ਼ ਨਹੀਂ ਸਰਟੀਫਿਕੇਟ (ਐਨਓਸੀ) ਦੀਆਂ ਸ਼ਰਤਾਂ ਵਿੱਚ ਦਿੱਤੀ ਛੋਟ ਦੇ ਕੇਂਦਰ ਸਰਕਾਰ ਦੇ 'ਇਕਤਰਫਾ ਫੈਸਲੇ' ਦਾ ਵਿਰੋਧ ਕੀਤਾ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਬੀਬੀਐੱਮਬੀ ਵੱਲੋਂ ਹਿਮਾਚਲ ਨੂੰ ਪਾਣੀ ਦੇਣ ਦੇ ਫ਼ੈਸਲੇ ਦਾ ਵਿਰੋਧ ਕੀਤਾ ਹੈ। ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਬੀਬੀਐੱਮਬੀ ਦੇ ਚੇਅਰਮੈਨ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕੀਤੇ ਜਾਣਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਵੰਡ ਦਾ ਮਸਲਾ ਅੰਤਰਰਾਜੀ ਵਿਵਾਦ ਹੈ ਅਤੇ ਸੂਬੇ ਪਾਣੀਆਂ ਦੀ ਵੰਡ ਬਾਰੇ ਇਕਪਾਸੜ ਹਦਾਇਤਾਂ ਜਾਰੀ ਨਹੀਂ ਕਰ ਸਕਦੇ। ਮੁੱਖ ਮੰਤਰੀ ਮੁਤਾਬਕ ਹਿਮਾਚਲ ਨੂੰ ਪਾਣੀ ਦੇਣ ਦਾ ਫੈਸਲਾ ਗੈਰਵਾਜਬ, ਅਧਾਰਹੀਣ ਤੇ ਪੰਜਾਬ ਨਾਲ ਵੱਡਾ ਧੱਕਾ ਹੈ ਕਿਉਂਕਿ ਪਾਣੀਆਂ ਬਾਰੇ ਸਮਝੌਤੇ ਅਨੁਸਾਰ ਹਿਮਾਚਲ ਨੂੰ ਸਤਲੁਜ ਤੇ ਬਿਆਸ ਦਰਿਆਵਾਂ 'ਚੋਂ ਪਾਣੀ ਦੇਣ ਦੀ ਕੋਈ ਲੋੜ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ 15 ਮਈ ਨੂੰ ਜਾਰੀ ਇਨ੍ਹਾਂ ਹੁਕਮਾਂ ਵਿੱਚ ਕੇਂਦਰ ਸਰਕਾਰ ਨੇ ਬੀਬੀਐੱਮਬੀ ਦੇ ਚੇਅਰਮੈਨ ਨੂੰ ਆਦੇਸ਼ ਦਿੱਤਾ ਸੀ ਕਿ ਐੱਨਓਸੀ ਦੇਣ ਦੀ ਮੌਜੂਦਾ ਵਿਵਸਥਾ ਨੂੰ ਇਸ ਸ਼ਰਤ 'ਤੇ ਖਤਮ ਕਰ ਦਿੱਤਾ ਜਾਵੇ ਕਿ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸੁਪਰੀਮ ਕੋਰਟ ਵੱਲੋਂ ਬਿਜਲੀ ਲਈ ਤੈਅ ਕੀਤੇ 7.19 ਫੀਸਦੀ ਹਿੱਸੇ ਤੋਂ ਘੱਟ ਕੁੱਲ ਪਾਣੀ ਲੈਣਾ ਹੋਵੇਗਾ। ਸ੍ਰੀ ਮਾਨ ਨੇ ਕਿਹਾ ਕਿ ਬੀਬੀਐੱਮਬੀ ਪਾਣੀ ਦੀ ਸਪਲਾਈ, ਸਿੰਜਾਈ ਪ੍ਰੋਜੈਕਟਾਂ ਲਈ ਹਿਮਾਚਲ ਪ੍ਰਦੇਸ਼ ਵੱਲੋਂ ਪਾਣੀ ਲੈਣ ਵਾਸਤੇ ਸਿਰਫ਼ ਤਕਨੀਕੀ ਸੰਭਾਵਨਾ ਦਾ ਅਧਿਐਨ



ਕਰੇਗਾ। ਇਸ ਵਿੱਚ ਬੀਬੀਐੱਮਬੀ ਦਾ ਇੰਜਨੀਅਰਿੰਗ ਢਾਂਚਾ ਸ਼ਾਮਲ ਹੈ ਤੇ ਇਸ ਦੇ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ ਲੋੜੀਂਦੀਆਂ ਤਕਨੀਕੀ ਲੋੜਾਂ ਹਿਮਾਚਲ ਪ੍ਰਦੇਸ਼ ਨੂੰ ਦੱਸੀਆਂ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਬੀਬੀਐੱਮਬੀ ਦਾ ਗਠਨ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 79(1) ਤਹਿਤ ਕੀਤਾ ਗਿਆ ਹੈ। ਇਹ ਬੋਰਡ ਸਿਰਫ ਡੈਮ ਅਤੇ ਨੰਗਲ ਹਾਈਡਲ ਚੈਨਲ ਤੇ ਰੋਪੜ, ਹਰੀਕੇ ਤੇ ਫਿਰੋਜ਼ਪੁਰ ਵਿੱਚ ਇਰੀਗੇਸ਼ਨ ਹੈੱਡਵਰਕਸ ਦੇ ਪ੍ਰਸ਼ਾਸਕੀ ਕਾਰਜ, ਸਾਂਭ-ਸੰਭਾਲ ਤੇ ਸੰਚਾਲਨ ਕਰ ਸਕਦਾ ਹੈ। ਬੋਰਡ ਭਾਈਵਾਲ ਸੂਬਿਆਂ ਤੋਂ ਇਲਾਵਾ ਕਿਸੇ ਵੀ ਹੋਰ ਸੂਬੇ ਨੂੰ ਪਾਣੀ ਦੇਣ ਲਈ ਅਧਿਕਾਰਤ ਨਹੀਂ ਹੈ। ਹਿਮਾਚਲ ਪ੍ਰਦੇਸ਼ ਭਾਈਵਾਲ ਸੂਬਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਤਲੁਜ, ਰਾਵੀ ਤੇ ਬਿਆਸ ਦਰਿਆਵਾਂ ਦੇ ਪਾਣੀਆਂ 'ਚੋਂ ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ ਤੇ ਰਾਜਸਥਾਨ ਨੂੰ ਵੱਖ-ਵੱਖ ਸਮਝੌਤਿਆਂ ਰਾਹੀਂ ਵੰਡ ਨਿਰਧਾਰਤ ਕੀਤੀ ਗਈ ਹੈ। ਹਿਮਾਚਲ ਪ੍ਰਦੇਸ਼ ਇਨ੍ਹਾਂ ਦਰਿਆਵਾਂ ਦੇ ਪਾਣੀ 'ਤੇ ਕੋਈ ਦਾਅਵਾ ਨਹੀਂ ਕਰ ਸਕਦਾ। ਮੁੱਖ ਮੰਤਰੀ ਨੇ ਕਿਹਾ ਕਿ ਸੰਵਿਧਾਨ ਦੀ ਸੂਬਾਈ ਸੂਚੀ-2 ਦੇ ਇੰਦਰਾਜ 17 ਅਧੀਨ ਪਾਣੀ ਸੂਬਿਆਂ ਦਾ ਮਸਲਾ ਹੈ ਤੇ ਦਰਿਆਈ ਪਾਣੀਆਂ ਦੇ ਅਧਿਕਾਰ ਨਿਰਧਾਰਿਤ ਜਾਂ ਫੈਸਲਾ ਕਰਨ ਦਾ ਹੱਕ ਸੰਵਿਧਾਨ ਦੀ ਧਾਰਾ 262 ਅਧੀਨ ਬਣੇ ਦਰਿਆਈ ਪਾਣੀਆਂ ਬਾਰੇ ਅੰਤਰਰਾਜੀ ਵਿਵਾਦਾਂ ਬਾਰੇ ਐਕਟ 1956 ਦੀ ਤਜਵੀਜ਼ ਮੁਤਾਬਕ ਕੇਂਦਰ ਸਰਕਾਰ ਵੱਲੋਂ ਸੂਬਾ ਸਰਕਾਰ ਦੀ ਸ਼ਿਕਾਇਤ 'ਤੇ ਬਣਾਏ ਜਾਣ ਵਾਲੇ ਟ੍ਰਿਬਿਊਨਲ ਦੇ ਅਧਿਕਾਰ ਖੇਤਰ 'ਚ ਹੋਵੇਗਾ। ਮੁੱਖ ਮੰਤਰੀ ਨੇ ਅਫ਼ਸੋਸ ਜਤਾਇਆ ਕਿ ਕੇਂਦਰ ਸਰਕਾਰ ਨੇ ਹਦਾਇਤਾਂ ਵਿਚ ਸਿੰਜਾਈ ਸਕੀਮਾਂ ਨੂੰ ਵੀ ਸ਼ਾਮਲ ਕਰ ਲਿਆ ਹੈ। ਸ੍ਰੀ ਮਾਨ ਨੇ ਯਾਦ ਦਿਵਾਇਆ ਕਿ ਪਿਛਲੇ ਸਾਲਾਂ ਦੌਰਾਨ ਬੀਬੀਐੱਮਬੀ ਨੇ 16 ਮੌਕਿਆਂ 'ਤੇ ਹਿਮਾਚਲ ਪ੍ਰਦੇਸ਼ ਨੂੰ ਪਾਣੀ ਛੱਡਣ ਦੀ ਪ੍ਰਵਾਨਗੀ ਦਿੱਤੀ। ਉਨ੍ਹਾਂ ਕਿਹਾ ਕਿ ਜਦੋਂ ਦਰਿਆਵਾਂ ਵਿੱਚੋਂ ਪਾਣੀ ਘਟ ਰਿਹਾ ਹੈ ਤੇ ਪੰਜਾਬ, ਹਰਿਆਣਾ ਤੇ ਰਾਜਸਥਾਨ ਵਰਗੇ ਭਾਈਵਾਲ ਸੂਬੇ ਪਾਣੀ ਵਧਾਉਣ ਦੀ ਲਗਾਤਾਰ ਮੰਗ ਕਰ ਰਹੇ ਹਨ ਤਾਂ ਅਜਿਹੇ 'ਚ ਭਾਰਤ ਸਰਕਾਰ ਨੂੰ ਇਸ ਇਕਤਰਫ਼ਾ ਫੈਸਲੇ 'ਤੇ ਮੁੜ ਵਿਚਾਰ ਕਰਨ ਅਤੇ ਇਸ ਨੂੰ ਵਾਪਸ ਲੈਣਾ ਚਾਹੀਦਾ ਹੈ।

### ਬੀਬੀਐੱਮਬੀ ਬਾਰੇ ਲੰਮੇ ਸਮੇਂ ਤੋਂ ਚੱਲ ਰਿਹੈ ਵਿਵਾਦ

ਗੌਰਤਲਬ ਹੈ ਕਿ ਬੀਬੀਐੱਮਬੀ ਸਬੰਧੀ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵਿਚਕਾਰ ਪਿਛਲੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਕੇਂਦਰ 'ਤੇ ਬੀਬੀਐੱਮਬੀ ਵਿੱਚੋਂ ਪੰਜਾਬ ਦੀ ਹਿੱਸੇਦਾਰੀ ਖਤਮ ਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਪਿਛਲੇ ਦਿਨੀਂ ਬੀਬੀਐੱਮਬੀ 'ਚ ਪੰਜਾਬ ਦੇ ਅਧਿਕਾਰੀਆਂ ਦੀ ਤਾਇਨਾਤੀ ਵੀ ਬੰਦ ਕਰ ਦਿੱਤੀ ਸੀ।

# ਪਹਿਲਵਾਨਾਂ ਦੇ ਹੱਕ ਵਿੱਚ ਪਹਿਲੀ ਕੌਮੀ ਮਹਿਲਾ ਪੰਚਾਇਤ



ਨਵੀਂ ਦਿੱਲੀ: ਇੱਥੇ ਪ੍ਰਦਰਸ਼ਨਕਾਰੀ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਪਹਿਲੀ ਕੌਮੀ ਮਹਿਲਾ ਪੰਚਾਇਤ ਹੋਈ ਜਿਸ ਵਿੱਚ ਸੈਂਕੜੇ ਮਹਿਲਾਵਾਂ ਸ਼ਾਮਲ ਹੋਈਆਂ। ਇਸ ਮੌਕੇ ਪਹਿਲਵਾਨ ਸਾਕਸ਼ੀ ਮਲਿਕ ਦੀ ਮਾਤਾ ਸੁਦੇਸ਼ ਮਲਿਕ ਸਣੇ ਹਰਿਆਣਾ ਦੀਆਂ ਕਈ ਮਹਿਲਾ ਖਿਡਾਰੀਆਂ ਤੇ ਕਾਰਕੁਨਾਂ ਨੇ ਸ਼ਿਰਕਤ ਕੀਤੀ। ਪੰਚਾਇਤ ਵਿੱਚ ਦਿੱਲੀ ਤੇ ਰਾਜਸਥਾਨ ਦੀਆਂ ਮਹਿਲਾ ਕਾਰਕੁਨਾਂ ਨੇ ਪਹਿਲਵਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਅਤੇ ਉਨ੍ਹਾਂ ਲਈ ਇਨਸਾਫ਼ ਦੀ ਮੰਗ ਕੀਤੀ। ਪੰਚਾਇਤ ਵਿੱਚ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਫੌਰੀ ਗ੍ਰਿਫ਼ਤਾਰੀ, ਜਿਨਸੀ ਸ਼ੋਸ਼ਣ ਦੇ ਗੰਭੀਰ ਮਾਮਲਿਆਂ ਵਿੱਚ ਕਾਰਵਾਈ ਕਰਨ ਵਿੱਚ ਨਾਕਾਮੀ ਲਈ ਖੇਡ ਮੰਤਰੀ ਅਨੁਰਾਗ ਠਾਕੁਰ ਦੇ ਅਸਤੀਫ਼ੇ, ਐਫਆਈਆਰ ਦਰਜ ਕਰਨ ਤੇ ਪੋਕਸੋ ਦੀਆਂ ਧਾਰਾਵਾਂ ਦਾ ਪਾਲਣ ਕਰਨ ਵਿੱਚ ਫੇਲ੍ਹ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ, ਗਵਾਹਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਧਮਕਾਉਣ ਦੇ ਮੱਦੇਨਜ਼ਰ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ 'ਚ ਕੀਤੇ ਜਾਣ, ਜਿਨਸੀ ਸ਼ੋਸ਼ਣ ਖ਼ਿਲਾਫ਼ ਇਨਸਾਫ਼ ਲਈ ਸੰਘਰਸ਼ ਕਰ ਰਹੀਆਂ ਮਹਿਲਾ ਖਿਡਾਰੀਆਂ ਦੇ ਸਾਰੇ ਮਾਮਲਿਆਂ ਵਿੱਚ ਕਾਰਵਾਈ ਅਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੀ ਪ੍ਰਧਾਨ ਮਹਿਲਾ ਬਣਾਉਣ ਆਦਿ ਮੰਗਾਂ ਚੁੱਕੀਆਂ ਗਈਆਂ ਹਨ। ਅਖੀਰ ਵਿੱਚ ਪੰਚਾਇਤ ਵਿੱਚ ਫ਼ੈਸਲਾ ਕੀਤਾ ਗਿਆ ਕਿ ਜੇ ਸਰਕਾਰ ਮਹਿਲਾ ਪਹਿਲਵਾਨਾਂ ਨਾਲ ਕੀਤੇ ਵਾਅਦੇ ਨਹੀਂ ਨਿਭਾਉਂਦੀ ਤਾਂ 16 ਜੂਨ ਨੂੰ ਕੌਮੀ ਪੱਧਰ 'ਤੇ ਵਿਰੋਧ ਦਿਵਸ ਮਨਾਇਆ ਜਾਵੇਗਾ।

### ਸਿੱਖ ਇਤਿਹਾਸ ਵਿੱਚ ਧਰੂ ਤਾਰੇ ਵਰਗੀ ਚਮਕ ਵਾਲਾ ਜਰਨੈਲ

# ਬਾਬਾ ਬੰਦਾ ਸਿੰਘ ਬਹਾਦੁਰ



ਬਲਵਿੰਦਰ 'ਬਾਲਮ'
ਓਂਕਾਰ ਨਗਰ,
ਗੁਰਦਾਸਪੁਰ (ਪੰਜਾਬ)
ਮੋ: 98156-25409



ਬਾਬਾ ਬੰਦਾ ਸਿੰਘ ਬਹਾਦੁਰ ਸਿੱਖ ਇਤਿਹਾਸ ਵਿੱਚ ਤੇ ਭਾਰਤੀ ਇਤਾਹਾਸ ਦੇ ਗਗਨ ਵਿੱਚ ਉਨਾਂ ਬਹਾਦੁਰ ਯੋਧਿਆਂ ਦੀਆਂ ਸ਼ਹੀਦੀਆਂ ਦੇ ਸਿਤਾਰਿਆਂ ਅੰਦਰ ਧਰੂ ਤਾਰੇ ਦੇ ਵਾਂਗੂ ਚਮਕਦਾ ਰਵੇਗਾ ਜੋ ਕੌਮ ਨੂੰ ਕੁਰਬਾਨੀ ਤੇ ਬਹਾਦੁਰੀ ਦੇ ਅਸ਼ੀਰਵਾਦ ਦੀ ਗੁੜਤੀ ਦੇ ਗਏ ਹਨ। ਸਿੱਖ ਇਤਿਹਾਸ ਦੇ ਗੁਲਸ਼ਨ ਵਿੱਚ ਬਾਬਾ ਬੰਦਾ ਬਹਾਦੁਰ ਦੀ ਕੁਰਬਾਨੀ ਤੇ ਸ਼ਹੀਦੀ ਦੀਆਂ ਜੜਾਂ ਚੋਂ ਫਿਰ ਪੁੰਗਰੇ ਖੂਬਸੂਰਤ ਸਿੱਖ ਮਰਿਆਦਾ ਦੇ ਫੁੱਲ ਆਪਣੀ ਖੁਸ਼ਬੂ ਨਾਲ ਪਰੰਪਰਾਵਾਂ ਨੂੰ ਹਮੇਸ਼ਾ ਲਈ ਰਹਿੰਦੀ ਦੁਨੀਆ ਤੱਕ ਕਾਇਮ ਰੱਖਣਗੇ। ਜਿਸ ਨਾਲ ਇਤਿਹਾਸ ਦੇ ਰਾਹਾਂ ਵਿੱਚ ਬਾਬਾ ਬੰਦਾ ਬਹਾਦੁਰ ਦੀ ਯਾਦ ਨਵੀਆਂ ਪੈੜਾਂ ਲਈ ਇੱਕ ਸੁਨੇਹਾ ਇੱਕ ਸੰਦੇਸ਼ ਦਿੰਦਾ ਰਵੇਗੀ।

ਬਾਬਾ ਬੰਦਾ ਸਿੰਘ ਬਹਾਦੁਰ ਸੱਚਾਈ ਦਾ ਤੂਫਾਨ, ਕ੍ਰਾਂਤੀਕਾਰੀ ਯੋਧਾ ਤੇ ਬੇਸਹਾਰਿਆਂ ਦੇ ਨੇਰਾਂ ਲਈ ਚਮਕਦੇ ਸੂਰਜ ਦਾ ਪ੍ਰਤੀਕ ਸੀ। ਉਹ ਜ਼ਾਲਿਮਾਂ ਦੀ ਹਿੱਕ ਤੇ ਲਟਕਦੀ ਤਲਵਾਰ ਸੀ। ਦੁਸ਼ਮਣ ਲਈ ਕਿਤੇ ਖੌਫ ਦਾ ਬੁੱਲਾ, ਗ਼ਰੀਬਾਂ ਦਾ ਹਮਦਰਦ, ਪਰਬਤ ਵਰਗੀ ਤਾਕਤ ਦਾ ਸਵਾਮੀ, ਪਿਆਰ ਦਯਾ ਤੇ ਕੋਮਲ ਹਿਰਦੇ ਦਾ ਭਗਤੀ ਪੂਰਵਕ ਰਾਹਗੀਰ, ਭਾਣਾ ਮੰਨਣ ਦੀ ਭਾਵਨਾ, ਸਿਰੜੀ, ਮਿਹਨਤੀ ਤੇ ਗੁਰੂ ਗੋਬਿੰਦ ਸਿੰਘ ਨੂੰ ਦਿੱਤੇ ਵਚਨਾਂ ਦਾ ਰਖਵਾਲਾ ਅਤੇ ਜਿਸ ਨੇ ਪਣੇ ਜਿਸਮ ਦਾ ਤਿਲ-ਤਿਲ ਸਿੱਖ ਕੌਮ ਦੇ ਲੇਖੇ ਲਾ ਦਿੱਤਾ। ਬਾਬਾ ਬੰਦਾ ਸਿੰਘ ਬਹਾਦੁਰ ਦੀ ਸਮੁੱਚੀ ਸ਼ੈਲੀ ਦੇ ਅਤੀਤ ਚੋਂ ਝਾਕ ਕੇ ਵੇਖਿਆ ਜਾਵੇ ਤਾਂ ਉਸ ਦੀ ਜੀਵਨ ਸ਼ੈਲੀ, ਯੋਧਾ ਸ਼ੈਲੀ ਇਤਿਹਾਸ ਵਿੱਚ ਦੁਰਲਭ ਤੇ ਵਿਸ਼ੇਸ਼ ਕਿਸਮ ਦੀ ਹੈ। ਜਿਸ ਨੇ ਕੌਮਾਂ ਲਈ ਨਵਾਂ ਇਤਿਹਾਸ ਰਚ ਕੇ, ਉਨਾਂ ਵਿੱਚ ਦਲੇਰੀ, ਦਯਾ, ਈਮਾਨਦਾਰੀ, ਸੱਚਾਈ ਤੇ ਕੁਰਬਾਨੀ ਆਦਿ ਦੀਆਂ ਨੀਹਾਂ ਰੱਖੀਆਂ। ਜਿਸ ਨਾਲ ਭਵਿੱਖ ਦੇ ਮਹੱਲਾ ਨੂੰ ਮਜ਼ਬੂਤੀ ਮਿਲੀ।

ਬੰਦਾ ਸਿੰਘ ਬਹਾਦੁਰ ਦਾ ਜਨਮ 18 ਅਕਤੂਬਰ 1670 ਈ. ਨੂੰ ਪੁਣਛ ਜਿਲੇ ਦੇ ਇੱਕ ਪਿੰਡ ਰਜੌਰੀ(ਜੰਮੂ) ਵਿਖੇ ਹੋਇਆ। ਉਸ ਦੇ ਪਿਤਾ ਜੀ ਦਾ ਨਾਂ ਰਾਮਦੇਵ ਸੀ। ਜੋ ਰਾਜਪੂਤ ਘਰਾਣੇ ਦੇ ਨਾਲ ਸਬੰਧ ਰੱਖਦੇ ਸਨ ਅਤੇ ਕਿਸਾਨ ਪਰਿਵਾਰ ਦੇ ਅਨੁਯਾਈ ਸਨ। ਇਤਿਹਾਸ ਦੱਸਦਾ ਹੈ ਕਿ ਉਨਾਂ ਦੇ ਬਚਪਨ ਦਾ ਨਾਂ ਰਾਮਦੇਵ ਜਾਂ ਲਛਮਣ ਦਾਸ, ਜਾਂ ਨਰਾਇਣ ਦਾਸ ਸੀ। ਉਨਾਂ ਦੇ ਨਾਂ ਬਾਰੇ ਕਈ ਮੱਤਭੇਦ ਸਨ। ਬਾਬਾ ਬੰਦਾ ਬਹਾਦੁਰ ਦਾ ਪਿੰਡ ਰਜੌਰੀ ਪਠਾਨਕੋਟ ਤੋਂ ਲਗਪਗ 172 ਕਿਲੋਮੀਟਰ ਅਤੇ ਜੰਮੂ ਤੋਂ 102 ਕਿ.ਮੀ. ਦੀ ਦੂਰੀ ਤੇ ਸਥਿਤ ਹੈ।

ਬਾਬਾ ਬੰਦਾ ਬਹਾਦੁਰ ਨੇ ਕਿਸ਼ੋਰ ਅਵਸਥਾ ਵਿੱਚ ਹੀ ਘੋੜ ਸਵਾਰੀ, ਨਿਸ਼ਾਨੇਬਾਜੀ, ਸ਼ਿਕਾਰ ਕਰਨਾ, ਤਲਵਾਰ ਚਲਾਉਣਾ, ਫੁਰਤੀਲੇ ਹੁਨਰ ਅਤੇ ਚੁਸਤੀਲੀ ਸ਼ੈਲੀ ਵਾਲੀਆਂ ਵਿਧੀਆਂ ਵਿੱਚ ਪਰਪੱਕਤਾ ਹਾਸਿਲ ਕਰ ਲਈ ਸੀ। ਉਨ੍ਹਾਂ ਦੇ ਜਿਸਮ ਵਿੱਚ ਸੰਜਮ ਤੇ ਉੱਦਮ ਦੀ ਬਿਜਲੀ ਚਮਕਦੀ ਸੀ। ਜਿਸ ਕਰਕੇ ਉਹ ਭਵਿੱਖ ਵਿੱਚ ਦੁਸ਼ਮਣਾਂ ਦੀ ਹਿੱਕ ਤੇ ਖੇਡੇ।

ਇਤਿਹਾਸ ਦੱਸਦਾ ਹੈ ਕਿ ਉਹ 15 ਸਾਲ ਦੀ ਉਮਰ ਵਿੱਚ ਇੱਕ ਬੈਰਾਗੀ ਸਾਧੂ ਜਾਨਕੀ ਪ੍ਰਸਾਦ ਦੇ ਸੰਪਰਕ ਵਿੱਚ ਆਏ ਤੇ ਬਾਬਾ ਬੰਦਾ ਬਹਾਦੁਰ ਜੀ ਨੇ ਉਨਾਂ ਨੂੰ ਗੁਰੂ ਧਾਰ ਲਿਆ। ਉਨਾਂ ਦੇ ਗੁਰੂ ਨੇ ਉਨਾਂ ਦਾ ਨਾਂਅ ਮਾਧੋ ਦਾਸ ਰੱਖ ਦਿੱਤਾ। ਬੈਰਾਗੀ ਮਾਧੋਦਾਸ ਨੇ ਨਦੇੜ ਦੇ ਨੇੜੇ, ਗੋਦਾਵਰੀ ਨਦੀ ਦੇ ਪਵਿੱਤਰ ਕੰਢੇ ਉੱਤੇ ਯੋਗ ਸਾਧਨਾ, ਇਕਾਗਰਤਾ ਲਈ ਇੱਕ ਸ਼ਾਂਤ ਤੇ ਅਧਿਆਤਮਿਕ ਸਥਾਨ ਬਣਾਇਆ। ਇਸ ਜਗ ?ਹਾ ਤੇ ਉਨਾਂ ਨੇ ਆਪਣੇ ਜਿਸਮ ਦੀਆਂ ਸਾਰੀਆਂ ਅੰਦਰੂਨੀ ਸ਼ਕਤੀਆਂ ਨੂੰ ਸੰਜਮ ਵਿੱਚ ਢਾਲਿਆ। ਇੱਕ ਜੋਗੀ ਦਾ ਰੂਪ ਲਿਆ। ਦਿਲ ਤੇ ਦਿਮਾਗ਼ ਨੂੰ ਇਕਾਗਰਤਾ ਵਿੱਚ ਪਿਰੋ ਕੇ ਆਤਮਿਕ ਬਲ ਵਿੱਚ ਰਹਿਣਾ ਸਿੱਖਿਆ। ਉਸ ਸਮੇਂ ਦੇ ਵਿਗਿਆਨ ਨੂੰ ਜਾਣਿਆ, ਪਖਿਆ, ਖੋਜਿਆ ਤੇ ਕਈ ਗੁਣਾਂ ਨੂੰ ਹਾਸਲ ਕੀਤਾ।

3 ਸਤੰਬਰ 1708 ਨੂੰ ਡੇਰੇ ਨਦੇੜ ਵਿਖੇ ਮਾਧੋ ਦਾਸ ਦੀ ਮੁਲਾਕਾਤ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਈ। ਗੁਰੂ ਜੀ ਮਾਧੋ ਦਾਸ ਦੀ ਸਰੀਰਕ ਤਾਕਤ, ਇਕਾਗਰ ਬੱਲ ਤੇ ਹੋਰ ਸ਼ਕਤੀਆਂ ਵੇਖ ਕੇ ਪ੍ਰਸੰਨ ਹੋਏ ਤੇ ਉਸ ਸਮੇਂ ਉਨਾਂ ਨੂੰ ਇਸ ਤਰ੍ਹਾਂ ਦੇ ਬਹਾਦੁਰ, ਨਿਡਰ, ਦਲੇਰ, ਤੇ ਸੰਜਮੀ ਵਿਅਕਤੀ ਦੀ ਜ਼ਰੂਰਤ ਸੀ। ਜਿਸ ਵਿੱਚ ਅਗਵਾਈ ਕਰਨ ਦੇ ਵੀ ਸਾਰੇ ਗੁਣ ਹੋਣ। ਬੰਦਾ ਸਿੰਘ ਬਹਾਦੁਰ ਗੁਰੂ ਜੀ ਦੇ ਸੱਚੇ ਮਿੱਤਰ ਬਣ ਗਏ ਤੇ ਗੁਰੂ ਜੀ ਦੀ ਫਿਲਾਸਫੀ, ਸਿਧਾਂਤਾ ਨਾਲ ਸਹਿਮਤ ਹੋ ਗਏ। ਗੁਰੂ ਜੀ ਨੇ ਮਾਧੋ ਦਾਸ ਦਾ ਨਾਂ ਬੰਦਾ ਸਿੰਘ ਬਹਾਦੁਰ ਰੱਖ ਦਿੱਤਾ, ਕਿਉਂਕੀ ਬਾਬਾ ਬੰਦਾ ਸਿੰਘ ਬਹਾਦੁਰ ਸਰਵਗੁਣ ਸਪੰਨ ਸੀ ਜਿਸ ਦੀ ਗੁਰੂ ਜੀ ਨੂੰ ਲੋੜ ਸੀ ਅਤੇ ਬਿਨਾਂ ਟਰੇਨਿੰਗ ਦੇ ਉਹ ਦੁਸ਼ਮਣ ਦੇ ਨਾਲ ਲੋਹਾ ਲੈ ਸਕਦਾ ਸੀ। ਗੁਰੂ ਜੀ ਨੇ ਉਨਾਂ ਨੂੰ ਇੱਕ ਜਥੇਦਾਰ, ਇੱਕ ਜਰਨੈਲ ਥਾਪ ਕੇ ਪੰਜਾਬ ਵੱਲ ਤੋਰਿਆ ਸੀ। ਉਨ੍ਹਾਂ ਦੀ ਮਦਦ ਲਈ ਕੁੱਝ ਤੀਰ, ਹਥਿਆਰ ਤੇ ਹੋਰ ਸਮੱਗਰੀ ਚਿੰਨ ਆਦਿ ਵੀ ਦਿੱਤੇ। ਬਾਬਾ ਬੰਦਾ ਬਹਾਦੁਰ ਦੇ ਨਾਲ ਪੰਜ ਸਿੰਘ ਸਾਹਿਬਾਨ, ਖਾਲਸਾ ਬਾਬਾ ਵਿਨੋਦ ਸਿੰਘ, ਬਾਬਾ ਕਾਹਨ ਸਿੰਘ ਜੀ, ਬਾਬਾ ਬਾਜ ਸਿੰਘ, ਭਈ ਦਇਆ ਸਿੰਘ, ਭਾਈ ਰਣ ਸਿੰਘ ਵੀ ਪੰਜਾਬ ਲਈ ਰਵਾਨਾ ਹੋਏ। ਇਹ ਅਕਤੂਬਰ 1708 ਦੇ ਕਰੀਬ ਦੀ ਗੱਲ ਹੈ। ਦੱਸਿਆ ਜਾਂਦਾ ਹੈ ਕਿ ਕਿ ਦੁਸ਼ਮਣਾ ਨੇ ਗੁਰੂ ਗੋਬਿੰਦ ਸਿੰਘ ਨੂੰ ਧੋਖਾ ਦੇ ਕੇ ਛੁਰੇ ਨਾਲ ਜਖਮੀ ਕਰ ਦਿੱਤਾ ਸੀ। ਜਦੋਂ ਉਹ ਤੀਰ ਚੜਾਉਣ ਲੱਗੇ ਤਾਂ ਜ਼ਖ਼ਮ ਖਿੱਲਰ ਗਿਆ ਜਿਸ ਕਰਕੇ ਉਹ ਜੋਤੀ ਜੋਤ ਸਮਾ ਗਏ।

ਬਾਬਾ ਬੰਦਾ ਸਿੰਘ ਬਹਾਦੁਰ ਵਿੱਚ ਗੁਰੂ ਜੀ ਦੇ ਪਰਿਵਾਰ ਦੀ ਸ਼ਹੀਦੀ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਗੁੱਸਾ, ਦੁਸ਼ਮਣ ਨੂੰ ਸਬਕ ਸਿਖਾਉਣ ਲਈ ਹੁਣ ਕਾਫੀ ਸੀ। ਰੋਹ ਦੇ ਬੱਦਲ ਉਨਾਂ ਦੇ ਦਿਮਾਗ਼ ਵਿੱਚ ਗਰਜਣ ਲੱਗੇ। ਜੋਸ਼ ਦੇ ਜਵਾਲਾਮੁੱਖੀ ਫੱਟਣ ਲੱਗੇ। ਬਾਬਾ ਬੰਦਾ ਸਿੰਘ ਬਹਾਦੁਰ ਦੁਸ਼ਮਣਾ ਦੇ ਆਹੂ ਲਾਉਂਦਾ ਚਲਾ ਗਿਆ। ਉਨਾਂ ਨਾਲ ਕਾਫੀ ਫੌਜ ਸੀ।

ਬਾਬਾ ਬੰਦਾ ਸਿੰਘ ਬਹਾਦੁਰ ਨੇ ਸੋਨੀਪਤ, ਕੈਥਲ, ਸਮਾਣਾ, ਘੁੜਾਮ, ਨਸਕਾ, ਸ਼ਾਹਬਾਦ, ਮੁਸਤਾਫਾਬਾਦ, ਕਪੂਰੀ, ਸਢੋਰਾ, ਛੱਤ ਬੰਨੜ ਉੱਤੇ ਕਬਜਾ ਕੀਤਾ। 12 ਮਈ 1710 ਨੂੰ ਆਹੁ ਲਾਉਣ ਵਾਲੀ ਲੜਾਈ ਵਿੱਚ ਸੂਬੇਦਾਰ ਵਜੀਰ ਖਾਂ ਮਾਰਿਆ ਗਿਆ।14 ਮਈ 1710 ਨੂੰ ਸਿੱਖ ਜੈਤੂ ਬਣਕੇ ਸਰਹਿੰਦ ਵਿੱਚ ਦਾਖਿਲ ਹੋਏ। ਬੰਦੇ ਨੇ ਸਢੋਰਾ ਤੇ ਨਾਹਨਗੜ ਵਿੱਚਕਾਰ ਮੁੱਖਲਿਸਗੜ ਨੂੰ ਆਪਣੀ ਰਾਜਧਾਨੀ ਬਣਾਇਆ ਜਿਸ ਦਾ ਨਾਂ ਉਨਾਂ ਲੋਹਗੜ ਰੱਖਿਆ। ਇੱਥੇ ਰਹਿ ਕੇ ਉਨ੍ਹਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਕੇ ਜਾਰੀ ਕੀਤੇ। ਸਹਾਰਨਪੁਰ, ਜਲਾਲਾਬਾਦ ਤੋ ਠਠੱਤਾ ਫਤਿਹ ਕਰਨ ਤੋਂ ਬਾਅਦ ਇਸੇ ਤਰਾਂ ਬਾਬਾ ਬੰਦਾ ਸਿੰਘ ਬਹਾਦੁਰ ਦੇ ਜੌਹਰ ਵਿਖਾਉਂਦੇ ਹੋਏ ਤੇ ਦੁਸ਼ਮਣਾ ਦੇ ਦੰਦ ਖੱਟੇ ਕਰਦੇ ਹੋਏ ਅੱਗੇ ਵੱਧਦੇ ਗਏ। ਹੁਣ ਸਿੱਖ ਪੰਜਾਬ ਦੇ ਮਾਲਿਕ ਅਖਵਾਉਣ ਲੱਗੇ। ਉਸ ਸਮੇਂ ਦਾ ਬਾਦਸ਼ਾਹ ਬਹਾਦੁਰ ਸ਼ਾਹ ਖੁਦ ਪੰਜਾਬ ਵਿੱਚ ਦਾਖਿਲ ਹੋਇਆ ਤੇ ਹਲਾਤਾਂ ਮੁਤਾਬਿਕ ਸਿੱਖ ਪਿੱਛੇ ਹਟ ਗਏ। ਬਾਬਾ ਬੰਦਾ ਸਿੰਘ ਬਹਾਦੁਰ ਸਮੇਤ ਸਿੱਖ ਫਿਰ ਲੋਹਗੜ ਦੇ ਕਿਲੇ ਵਿੱਚ ਆ ਗਏ। ਮੁਗਲ ਸੈਨਾ ਨੇ ਇਹ ਕਿਲਾ ਘੇਰ ਲਿਆ। ਹਲਾਤਾਂ ਦਾ ਜਾਇਜ਼ਾ ਲੈਂਦੇ ਹੋਏ ਬਾਬਾ ਬੰਦਾ ਬਹਾਦੁਰ ਨੇ ਇੱਕ ਯੋਜਨਾ ਤਹਿਤ ਕਿਲਾ ਛੱਡ ਦਿੱਤਾ ਤੇ ਪਹਾੜਾਂ ਵੱਲ ਚਲੇ ਗਏ। ਇੱਥੇ ਉਨਾਂ ਨੇ ਇਰਖਾਲੂ ਰਾਜੇ ਭੀਮ ਚੰਦ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਚੰਬੇ ਦੇ ਰਾਜੇ ਦੀ ਪੁੱਤਰੀ ਸਾਹਿਬ ਕੌਰ ਨਾਲ ਵਿਆਹ ਕਰਵਾ ਲਿਆ। ਸਾਹਿਬ ਕੌਰ ਦੀ ਕੁੱਖ 'ਚੋਂ ਇੱਕ ਪੁੱਤਰ ਰਣਜੀਤ ਸਿੰਘ ਪੈਦਾ ਹੋਇਆ।

18 ਫਰਵਰੀ 1712 ਨੂੰ ਬਾਦਸ਼ਾਹ ਬਹਾਦੁਰ ਸ਼ਾਹ ਦੀ ਮੌਤ ਹੋ ਗਈ। ਬਾਬਾ ਬੰਦਾ ਸਿੰਘ ਬਹਾਦੁਰ ਨੇ ਫਿਰ ਚੰਬੇ ਦੇ ਇਲਾਕੇ ਵਿੱਚੋਂ ਨਿਕਲ ਕੇ ਮਾਰਚ 1715 ਨੂੰ ਕਲਾਨੌਰ ਤੇ ਬਟਾਲੇ ਤੇ ਕਬਜ਼ਾ ਕੀਤਾ। ਪਰ ਮੁਗਲ ਫੌਜ ਉਨਾਂ ਦੇ ਪਿੱਛੇ ਲੱਗੀ ਹੋਈ ਸੀ।

ਆਖਿਰ 7 ਦਿਸੰਬਰ 1715 ਈ. ਨੂੰ ਮੁਗਲ ਫੋਜਾਂ ਨੇ ਬਾਬਾ ਬੰਦਾ ਸਿੰਘ ਬਹਾਦੁਰ ਤੇ ਸਿੱਖਾਂ ਨੂੰ ਦੂਨੀ ਚੰਦ ਦੀ ਉੱਚੀ ਵਿਸ਼ਾਲ ਹਵੇਲੀ ਵਿੱਚ ਗੁਰਦਾਸ ਨੰਗਲ ਵਿਖੇ ਘੇਰ ਲਿਆ, ਜਿਸ ਨੂੰ ਗੁਰਦਾਸ ਨੰਗਲ ਦੀ ਕੱਚੀ ਗੜੀ ਜਾਂ ਗੁਰਦਾਸ ਨੰਗਲ ਦਾ ਥੇਹ ਵੀ ਕਿਹਾ ਜਾਂਦਾ ਹੈ। ਇਹ ਗੜੀ ਗੁਰਦਾਸਪੁਰ ਤੋਂ 5 ਕਿਲੋਮੀਟਰ ਦੂਰ ਹੈ। ਸ਼ਾਹੀ ਫੋਜਾਂ ਦਾ ਸਿੱਖਾਂ ਨੇ ਡੱਕ ਕੇ ਮੁਕਾਬਲਾ ਕੀਤਾ। ਸਿੱਖਾਂ ਦਾ ਬਾਹਰ ਆਉਣਾ-ਜਾਣਾ, ਰਾਸ਼ਨ ਅਤੇ ਹਰ ਤਰਾਂ ਦੀ ਬਾਹਰੀ ਸਮੱਗਰੀ ਬੰਦ ਸੀ। ਆਖਿਰ 7 ਦਿਸੰਬਰ 1715 ਨੂੰ ਸ਼ਾਹੀ ਫੋਜ ਨੇ ਗੁਰਦਾਸ ਨੰਗਲ ਦੀ ਗੜੀ ਤੇ ਕਬਜ਼ਾ ਕਰ ਲਿਆ।

ਇਤਿਹਾਸ ਗਵਾਹ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਨੂੰ ਸ਼ਾਹੀ ਫੋਜ ਕਦੇ ਵੀ ਕੈਦ ਨਹੀਂ ਬਣਾ ਸਕਦੀ ਅਤੇ ਨਾ ਹੀ ਉਸ ਨੂੰ ਜ਼ਿੰਦਾ ਫੜ ਸਕਦੀ। ਉਸਦੇ ਆਪਣੇ ਹੀ ਸਾਥੀ ਸ਼ਾਹੀ ਫੋਜ ਨਾਲ ਜਾ ਮਿਲੇ, ਸ਼ਾਹੀ ਫੌਜ ਨੇ ਬੰਦੇ ਦੇ ਸਾਥੀਆਂ ਨੂੰ ਅਨੇਕਾਂ ਹੀ ਲਾਲਚ ਦੇ ਕੇ ਖਰੀਦ ਲਿਆ। ਜਿਸ ਕਰਕੇ ਉਨਾਂ ਬਾਬਾ ਬੰਦਾ ਸਿੰਘ ਬਹਾਦੁਰ ਦੇ ਸਾਰੇ ਭੇਦ ਸ਼ਾਹੀ ਫੌਜ ਨੂੰ ਦੇ ਦਿੱਤੇ। ਜਿਸ ਕਰਕੇ ਬਾਬਾ ਬੰਦਾ ਸਿੰਘ ਬਹਾਦੁਰ ਸ਼ਾਹੀ ਫੋਜ ਦੇ ਕੈਦੀ ਬਣੇ। ਸ਼ਾਹੀ ਫੌਜ ਨੇ ਬਾਬਾ ਬੰਦਾ ਸਿੰਘ ਬਹਾਦੁਰ ਤੇ ਅੰਨਾ ਤਸੱਦਦ ਕੀਤਾ। ਉਨਾਂ ਦੇ ਨਾਲ ਅਨੇਕਾਂ ਹੀ ਸਿੱਖਾਂ ਦਾ ਕਤਲ ਕੀਤਾ ਗਿਆ। ਇੱਕ ਭਿਆਨਕ ਤਰਾਂ ਦੇ ਤਸੀਹੇ ਦਿੱਤੇ ਗਏ। ਬਾਬਾ ਬੰਦਾ ਸਿੰਘ ਬਹਾਦੁਰ ਨੂੰ ਇੱਕ ਵੱਡੇ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਗਿਆ। ਇਹ ਪਿੰਜਰਾ ਹਾਥੀ ਉੱਤੇ ਰੱਖ ਕੇ ਜਲੂਸ ਦੀ ਸ਼ਕਲ ਵਿੱਚ ਲਾਹੌਰ ਲਿਜਾਇਆ ਗਿਆ। ਪਿੰਜਰੇ ਦੇ ਅੱਗੇ-ਅੱਗੇ ਸਿੱਖਾਂ ਦੇ ਸਿਰ ਨੇਜਿਆਂ ਉਤੇ ਟੰਗੇ ਗਏ। ਇਹ ਜਲੂਸ 27 ਫਰਵਰੀ 1716 ਨੂੰ ਦਿੱਲੀ ਵਿੱਚ ਦਾਖਲ ਹੋਇਆ। ਬਾਬਾ ਬੰਦਾ ਸਿੰਘ ਬਹਾਦੁਰ ਦੀ ਪਤਨੀ ਅਤੇ ਉਨ੍ਹਾਂ ਦੇ 4 ਸਾਲ ਦੇ ਬੱਚਾ ਅਜੇ ਸਿੰਘ ਤੇ ਵੀ ਤਸੱਦਦ ਕੀਤਾ ਗਿਆ। 9 ਜੂਨ 1716 ਨੂੰ ਜਲੂਸ ਦੀ ਸ਼ਕਲ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਅਤੇ ਉਸਦੇ 4 ਸਾਲ ਦੇ ਬੱਚੇ ਨੂੰ ਅਨੇਕਾਂ ਸਿੱਖਾਂ ਨਾਲ ਕੁਤਬ ਮਿਨਾਰ ਦੇ ਨੇੜੇ ਖੋਆਜਾ ਕੁਤਬਦੀਨ, ਬਖਤਿਆਰ ਕਾਕੀ ਦੇ ਰੋਜੇ ਪਾਸ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦੁਰ ਦੇ ਪੁੱਤਰ ਅਜੇ ਸਿੰਘ ਦਾ ਦਿਲ ਕੱਢ ਕੇ ਉਨਾਂ ਦੇ ਮੂੰਹ ਵਿੱਚ ਪਾਇਆ। 9 ਜੂਨ 1716 ਨੂੰ ਦਿੱਲੀ ਵਿੱਖੇ ਅਨੇਕਾਂ ਤਸੱਦਦ ਸਹਿੰਦੇ ਹੋਏ ਬਾਬਾ ਬੰਦਾ ਸਿੰਘ ਬਹਾਦੁਰ ਸ਼ਹੀਦ ਹੋ ਗਏ। ਉਨਾਂ ਨੂੰ ਮੁਸਲਮਾਨ ਬਨਣ ਦੀ ਜਾਂ ਮੌਤ ਸਵੀਕਾਰ ਕਰਨ ਲਈ ਕਿਹਾ ਗਿਆ। ਪਰ ਉਹ ਹੱਸ-ਹੱਸ ਕੇ ਆਪਣੀ ਮੌਤ ਕੌਮ ਤੋਂ ਜਾਨ ਨਿਸ਼ਾਵਰ ਕਰ ਗਏ। ਇਤਿਹਾਸ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਦਾ ਨਾਂਅ ਸੁਨਹਿਰੀ ਅੱਖਰਾਂ ਦੇ ਨਾਲ ਹਮੇਸ਼ਾ-ਹਮੇਸ਼ਾ ਅੰਕਿਤ ਰਹੇਗਾ।

# ਸਭਿਆਚਾਰ ਤੇ ਵਿਰਸਾ : ਅਲੋਪ ਹੋ ਜਾਣਗੇ ਸਾਡੀ ਪੀੜ੍ਹੀ ਦੇ ਲੋਕ



ਗੁਰਮੀਤ ਸਿੰਘ ਵੇਰਕਾ

ਮੈਂ ਉਸ ਪੀੜ੍ਹੀ ਦੀ ਗੱਲ ਕਰ ਰਿਹਾ ਹਾਂ ਜਦੋਂ ਆਵਾਜਾਈ, ਢੋਆ ਢੁਆਈ, ਮਨੋਰੰਜਨ ਦਾ ਅੱਜ ਵਾਲਾ ਕੋਈ ਸਾਧਨ ਨਹੀਂ ਸੀ। ਟਾਂਵੇ ਟਾਂਵੇ ਮੇਨ ਅੱਡਿਆਂ ਤੋਂ ਟਾਂਗੇ ਚਲਦੇ ਸੀ। ਅਕਸਰ ਲੋਕ ਪੈਦਲ ਹੀ ਜਾਂਦੇ ਸੀ। ਮੱਸਿਆ ਨੂੰ ਲੋਕ ਟਾਂਗੇ ਤੇ ਸ਼ਹਿਰ ਜਾਂਦੇ ਸੀ। ਸਾਈਕਲ ਕਿਸੇ ਤਿੜ੍ਹੇ ਬੰਦੇ ਕੋਲ ਹੁੰਦਾ ਸੀ। ਢੋਆ ਢੁਆਈ ਲਈ ਗੱਡੇ ਹੁੰਦੇ ਸੀ ਜਿਸ ਰਾਹੀਂ ਜਿਨਸ ਵੇਚੀ ਜਾਂਦੀ ਸੀ। ਤੂੜੀ ਇਕੱਠੀ ਕਰ ਮੂਸਲਾਂ ਦੇ ਵਿਚ ਸਾਂਭੀ ਜਾਂਦੀ ਸੀ। ਮਨੋਰੰਜਨ ਲਈ ਲੋਕ ਸੰਪਰਕ ਵਿਭਾਗ ਡਾਕੂਮੈਂਟਰੀ ਫ਼ਿਲਮ ਦਿਖਾਉਂਦਾ ਸੀ ਜਾਂ ਗੁਰਚਰਨ ਭਾਅ ਦੇ ਨਾਟਕ ਦੇਖੇ ਜਾਂਦੇ ਸੀ। ਇਹ ਲੋਕ ਜਲਦੀ ਤੇ ਜਲਦੀ ਉਠਦੇ ਤੇ ਸੌਂਦੇ ਸਨ। ਬਿਜਲੀ ਅਜੇ ਆਈ ਨਹੀਂ ਸੀ, ਲਾਲਟੈਨ ਜਾਂ ਦੀਵੇ ਦੀ ਰੋਸ਼ਨੀ ਹੁੰਦੀ ਸੀ। ਪਹਿਲਾ ਰੇਡੀਉ ਆਇਆ, ਲੋਕ ਕਹਿੰਦੇ ਸੀ ਇਸ ਵਿਚ ਬੰਦੇ ਬੋਲਣਗੇ, ਫਿਰ ਬਿਜਲੀ ਤੇ ਟੈਲੀਵੀਜ਼ਨ ਆਇਆ। ਲਾਲਟੈਨ ਨਾਲ ਪੜ੍ਹੇ ਬੱਚੇ ਆਈਪੀਐਸ,ਆਈਏਐਸ ਅਫ਼ਸਰ ਤੇ ਹੋਰ ਅਹੁਦਿਆਂ 'ਤੇ ਪਹੁੰਚੇ ਹਨ।

65 ਤੋਂ ਲੈ ਕੇ 70 ਸਾਲ ਦੇ ਏੜ ਗੇੜ ਦੇ ਲੋਕਾਂ ਨੇ ਅਪਣੀ ਜ਼ਿੰਦਗੀ ਵਿਚ ਬਹੁਤ ਉਤਾਰਅ ਚੜ੍ਹਾਅ ਦੇਖੇ ਹਨ। ਗੁਰਦਵਾਰੇ ਜਾਣਾ ਰੱਬ ਦਾ ਨਾਮ ਲੈਣਾ, ਇਕ ਦੂਜੇ ਦਾ ਹਾਲ-ਚਾਲ ਪੁਛਣਾ, ਦਿਨ ਤਿਉਹਾਰ ਮਨਾਉਣੇ, ਰੀਤੀ ਰਿਵਾਜ ਨਿਭਾਉਣੇ, ਜਨਮ ਮਰਨ ਵਿਚ ਸ਼ਰੀਕ ਹੋਣਾ, ਰੱਬ ਦਾ ਡਰ ਸੀ। ਵਰਤ ਰਖਣਾ, ਲੰਘਦੇ ਜਾਂਦੇ ਬੰਦੇ ਨੂੰ ਸਲਾਮ, ਸਤਿ ਸ੍ਰੀ ਅਕਾਲ ਕਰਨ, ਸਵੇਰੇ ਜਲਦੀ ਉਠ ਖੇਤਾਂ ਵਿਚ ਹੱਲ ਚਲਾਉਣੇ, ਵਖਰੀ ਵਖਰੀ ਹਾੜੀ ਸਾਉਣੀ ਦੀਆਂ ਫ਼ਸਲਾਂ ਬੀਜਣੀਆਂ। ਖੂਹ ਗੇੜਨੇ, ਨਹਿਰਾਂ ਦੀ ਪਾਣੀ ਦੀ ਵਾਰੀ ਲਾਉਣੀ, ਕੱਦੂ ਕਰਨੇ, ਨਿੰਦਨ ਕਢਣਾ, ਕਿਸੇ ਵੇਲੇ ਜੋਕਾਂ ਵੀ ਲੱਗ ਜਾਣੀਆਂ, ਸਿਆਲੀ ਰਾਤਾਂ ਵਿਚ ਸੱਪਾਂ ਦੀਆਂ ਸਿਰੀਆਂ ਮਿਧਣੀਆਂ, ਫੱਲੇ ਵਾਹੁਣੇ, ਝੋਨਾ ਝਾੜਨਾ, ਮੰਗਾਂ ਪਾਉਣੀਆਂ, ਲਾਲਟੈਨ ਨਾਲ ਪੜ੍ਹਨਾ, ਪੰਚਾਇਤੀ ਲਾਊਡ ਸਪੀਕਰ ਵਿਚ ਰੇਡੀਉ ਦੇ ਮਾਧਿਅਮ ਰਾਹੀਂ ਦਿਹਾਤੀ ਪ੍ਰੋਗਰਾਮ ਠੰਡੂ ਰਾਮ ਹੋਰਾਂ ਦਾ ਸੁਣਨਾ। ਸਵੇਰੇ ਬੈਠ ਅਖ਼ਬਾਰਾਂ ਪੜ੍ਹਨਾ, ਗੱਪਾਂ ਸ਼ੱਪਾਂ ਮਾਰਨੀਆਂ, ਭੱਠੀ ਤੋਂ ਦਾਣੇ ਭੁਨਾ ਕੇ ਖਾਣੇ, ਅੱਧੀ-ਅੱਧੀ ਰਾਤ ਤਕ ਛੜਿਆਂ ਨੇ ਭੱਠੀ ਦੀ ਅੱਗ ਸੇਕਣੀ, ਸਵੇਰੇ-ਸਵੇਰੇ ਸੁਆਣੀਆਂ ਨੇ ਕਾੜ੍ਹਨੇ ਵਿਚ ਦੁੱਧ ਜਮਾਉਣਾ, ਦੁੱਧ ਰਿੜਕਣਾ, ਲੱਸੀ ਬਣਾਉਣੀ, ਚਰਖੇ ਕੱਤਣੇ, ਦੁੱਧ, ਘਿਉ, ਮੱਖਣ, ਦਹੀਂ ਨਰੋਈ ਖ਼ੁਰਾਕ ਖਾਣੀ, ਲੁੱਕਣ ਮੀਚੀ, ਖਿੱਦੋ ਖੂੰਡੀ, ਆਦਿ ਦੇਸੀ ਖੇਡਾਂ ਖੇਡਣੀਆਂ, ਪਿੰਡਾਂ ਵਿਚ ਬਾਜ਼ੀ ਤੇ ਰਾਸਾਂ ਪੈਣੀਆਂ। ਕਿੰਨੇ ਕਿੰਨੇ ਦਿਨ ਬਰਾਤਾਂ ਠਹਿਰਨੀਆਂ, ਸਾਰਾ ਪਿੰਡ ਉਸ ਵਿਚ ਸ਼ਰੀਕ ਹੋਣਾ। ਸਾਡੇ ਦੇਖਦੇ-ਦੇਖਦੇ ਨਵੀਂ ਕ੍ਰਾਂਤੀ ਆਈ ਸੱਭ ਕੁੱਝ ਬਦਲ ਗਿਆ, ਹਰ ਪੱਖੋਂ ਸਾਡੇ ਵੇਖਦੇ ਤਰੱਕੀ ਹੋਈ। ਪਰ ਇਸ ਤਰੱਕੀ ਤੇ ਨਾਲ-ਨਾਲ ਸਾਡੀ ਨਵੀਂ ਪੀੜ੍ਹੀ ਸਾਡੇ ਪੁਰਖਾਂ ਦੀ ਮਿਹਨਤ ਤੇ ਪੰਜਾਬ ਦੇ ਸਭਿਆਚਾਰ, ਕਲਚਰ ਤੋਂ ਅਣਜਾਣ ਪਛਮੀ ਸਭਿਅਤਾ ਵਿਚ ਗਵਾਚ ਮਨੋਰੋਗੀ ਹੋ ਗਈ ਹੈ। ਉਸ ਨੂੰ ਨਾ ਹੀ ਅਪਣੇ ਬਜ਼ੁਰਗਾਂ ਦੇ ਵਾਹੇ ਹੱਲ ਦੇ ਖੇਤੀ ਸੰਦਾਂ ਦੇ ਨਾਂ ਦਾ ਪਤਾ ਹੈ, ਨਾ ਹੀ ਠੇਠ ਪੰਜਾਬੀ ਦੇ ਲਫ਼ਜ਼ਾਂ ਬਾਰੇ ਜਾਣਕਾਰੀ ਹੈ। ਪੰਜਾਬੀ ਦੇ ਸ਼ਬਦਾਂ, ਪਹਾੜਿਆਂ, ਹਿੰਦਸਿਆਂ ਬਾਰੇ ਮੁਹਾਰਤ ਹਾਸਲ ਹੈ। ਨਾ ਹੀ ਅਪਣੇ ਇਤਿਹਾਸ ਬਾਰੇ ਜਾਣਕਾਰੀ ਹੈ ਤੇ ਪੰਜਾਬੀ ਵਿਚ ਸੱਭ ਤੋਂ ਵੱਧ ਬੱਚੇ ਫ਼ੇਲ੍ਹ ਹੋਏ ਹਨ। ਲੋੜ ਹੈ ਨਵੀਂ ਪੀੜ੍ਹੀ ਨੂੰ, ਜੋ ਇਹ ਬਜ਼ੁਰਗ ਹਨ ਇਨ੍ਹਾਂ ਦਾ ਮਾਣ ਸਤਿਕਾਰ ਲੈ ਅਸੀਂ ਇਨ੍ਹਾਂ ਤੋਂ ਕੁੱਝ ਗ੍ਰਹਿਣ ਕਰੀਏ ਜੋ ਹੌਲੀ-ਹੌਲੀ ਤੁਹਾਡਾ ਸਾਥ ਛੱਡ ਰਹੇ ਹਨ। ਜਿਨ੍ਹਾਂ ਨੇ ਅਪਣੇ ਬਜ਼ੁਰਗਾਂ ਦਾ ਵੀ ਕਹਿਣਾ ਮੰਨਿਆ ਤੇ ਹੁਣ ਅਪਣੇ ਬੱਚਿਆਂ ਦਾ ਕਹਿਣਾ ਮਨ ਉਨ੍ਹਾਂ ਦੀ ਹਰ ਮੰਗ ਪੂਰੀ ਕਰ ਰਹੇ ਹਨ। ਇਕੱਲੇ-ਇਕੱਲੇ ਬੱਚੇ ਹੋਣ ਕਾਰਨ ਉਹ ਇਸ ਦਾ ਫ਼ਾਇਦਾ ਉਠਾ ਰਹੇ ਹਨ। ਲੋੜ ਹੈ ਅਸੀ ਪੁਰਾਣੇ ਸਭਿਆਚਾਰ ਨੂੰ ਪ੍ਰਫੁੱਲਤ ਕਰ ਪੰਜਾਬ ਨੂੰ ਫਿਰ ਰੰਗਲਾ ਪੰਜਾਬ ਬਣਾਈਏ ਤੇ ਅਪਣੇ ਬਜ਼ੁਰਗਾਂ ਦਾ ਕਹਿਣਾ ਮੰਨੀਏ ਜੋ ਅਲੋਪ ਹੋ ਰਹੇ ਹਨ।

ਡਾ. ਅਮਨਪ੍ਰੀਤ ਸਿੰਘ ਬਰਾੜ

# ਪੰਜਾਬੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਲੋੜ

*ਫ਼ੌਜ ਵਿਚ ਭਰਤੀ ਨੂੰ ਦੇਸ਼ ਦੇ ਰਾਖਿਆਂ ਵਜੋਂ ਨਹੀਂ ਗਿਣਿਆ ਜਾਂਦਾ, ਬਲਕਿ ਦੇਸ਼ ਪੰਜਾਬੀਆਂ ਨੂੰ ਰੁਜ਼ਗਾਰ ਅਤੇ ਪੈਨਸ਼ਨਾਂ ਦੇ ਰਿਹਾ ਹੈ। ਭਾਖੜਾ ਡੈਮ ਸਮੇਤ ਕਈ ਉਦਾਹਰਨਾਂ ਦਿੱਤੀਆਂ ਹਨ, ਇਹ ਸਾਰੇ ਵਿਸ਼ਿਆਂ 'ਤੇ ਅਲੱਗ-ਅਲੱਗ ਲੰਬੀ ਬਹਿਸ ਹੋ ਸਕਦੀ ਹੈ ਅਤੇ ਧਾਰਨਾ ਨੂੰ ਝੁਠਲਾਇਆ ਵੀ ਜਾ ਸਕਦਾ ਹੈ। ਮੈਂ ਉਸ ਬਹਿਸ ਨੂੰ ਅਲੱਗ ਰੱਖ ਕੇ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਕ ਪਰਿਵਾਰ ਵਿਚ ਪਰਿਵਾਰ ਦੇ ਹਰ ਮੈਂਬਰ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਲੋੜ ਹੈ। ਇਸੇ ਤਰ੍ਹਾਂ ਪੰਜਾਬ ਦੀ ਸਰਕਾਰ ਅਤੇ ਲੋਕਾਂ ਨੂੰ ਪੁਰਜ਼ੋਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਬਿਨਾਂ ਕਿਸੇ ਬਾਹਰੀ ਮਦਦ ਦੇ ਆਪਣੀਆਂ ਲੋੜਾਂ ਪੂਰੀਆਂ ਕਰੋ।*

ਪਿਛਲੇ ਦਿਨੀਂ ਇਕ ਅੰਗਰੇਜ਼ੀ ਅਖ਼ਬਾਰ ਵਿਚ ਛਪਿਆ ਲੇਖ ਪੜ੍ਹਨ ਨੂੰ ਮਿਲਿਆ, ਜਿਸ ਦਾ ਸਿਰਲੇਖ ਸੀ 'ਪੰਜਾਬ ਦੀ ਗਿਰਾਵਟ ਅਤੇ ਬਾਕੀ ਦਾ ਭਾਰਤ'। ਇਸ ਲੇਖ 'ਚ ਮੋਟੇ ਅੱਖਰਾਂ ਵਿਚ ਜੋ ਲਿਖਿਆ ਸੀ ਉਸ ਦਾ ਪੰਜਾਬੀ ਤਰਜਮਾ ਕੁਝ ਇਸ ਤਰ੍ਹਾਂ ਬਣਦਾ ਹੈ 'ਪੰਜਾਬ ਕਦੇ ਦੇਸ਼ ਲਈ ਰੋਲ ਮਾਡਲ ਸੀ ਹੁਣ ਇਹ ਆਫ਼ਤ ਦਾ ਖਿੱਤਾ ਬਣ ਗਿਆ। ਇਸ (ਪੰਜਾਬ) 'ਤੇ ਕਈ ਦਹਾਕਿਆਂ ਦੀ ਭ੍ਰਿਸ਼ਟ ਸਰਕਾਰਾਂ ਦੀ ਕਾਠੀ ਪਈ ਹੋਈ ਹੈ'। ਏਨਾ ਹੀ ਨਹੀਂ ਲੇਖ ਵਿਚ ਸਰਕਾਰਾਂ ਚਲਾਉਣ ਵਾਲਿਆਂ ਦੇ ਨਾਂਅ ਵੀ ਲਿਖੇ ਹੋਏ ਹਨ, ਜਿਹੜੇ ਨਾਂਅ ਲਿਖੇ ਹਨ ਉਨ੍ਹਾਂ ਵਿਚੋਂ ਕੁਝ ਆਪ ਜ਼ਿੰਦਾ ਹਨ, ਕੁਝ ਦੇ ਵਾਰਸ ਆਪ ਰਾਜਨੀਤੀ ਵਿਚ ਹਨ, ਪਰ ਕਿਸੇ ਵਲੋਂ ਕੋਈ ਪ੍ਰਤੀਕਿਰਿਆ ਨਾ ਆਉਣ ਦਾ ਕੀ ਮਤਲਬ ਸਮਝਿਆ ਜਾਵੇ?

ਪਰ ਜਿਹੜੀ ਪੰਜਾਬ ਦੇ ਸੰਬੰਧ 'ਚ ਵੱਡੀ ਗੱਲ ਲਿਖੀ ਗਈ ਹੈ ਉਹ ਹੈ ਕਿ 'ਪੰਜਾਬੀਆਂ ਨੂੰ ਬੜਾ ਵੱਡਾ ਭੁਲੇਖਾ ਹੈ ਕਿ ਪੰਜਾਬ ਦੇਸ਼ ਨੂੰ ਪਾਲਦਾ ਹੈ, ਬਲਕਿ ਅਸਲੀਅਤ ਇਸ ਦੇ ਉਲਟ ਹੈ'। ਇਸ ਨੂੰ ਸਾਬਤ ਕਰਨ ਲਈ ਅਨਾਜ ਦੀ ਖ਼ਰੀਦ ਦਾ ਅਹਿਸਾਸ ਜਤਾਇਆ ਜਾ ਰਿਹਾ ਹੈ। ਫ਼ੌਜ ਵਿਚ ਭਰਤੀ ਨੂੰ ਦੇਸ਼ ਦੇ ਰਾਖਿਆਂ ਵਜੋਂ ਨਹੀਂ ਗਿਣਿਆ ਜਾਂਦਾ, ਬਲਕਿ ਦੇਸ਼ ਪੰਜਾਬੀਆਂ ਨੂੰ ਰੁਜ਼ਗਾਰ ਅਤੇ ਪੈਨਸ਼ਨਾਂ ਦੇ ਰਿਹਾ ਹੈ। ਭਾਖੜਾ ਡੈਮ ਸਮੇਤ ਕਈ ਉਦਾਹਰਨਾਂ ਦਿੱਤੀਆਂ ਹਨ, ਇਹ ਸਾਰੇ ਵਿਸ਼ਿਆਂ 'ਤੇ ਅਲੱਗ-ਅਲੱਗ ਲੰਬੀ ਬਹਿਸ ਹੋ ਸਕਦੀ ਹੈ ਅਤੇ ਧਾਰਨਾ ਨੂੰ ਝੁਠਲਾਇਆ ਵੀ ਜਾ ਸਕਦਾ ਹੈ। ਮੈਂ ਉਸ ਬਹਿਸ ਨੂੰ ਅਲੱਗ ਰੱਖ ਕੇ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਕ ਪਰਿਵਾਰ ਵਿਚ ਪਰਿਵਾਰ ਦੇ ਹਰ ਮੈਂਬਰ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਲੋੜ ਹੈ। ਇਸੇ ਤਰ੍ਹਾਂ ਪੰਜਾਬ ਦੀ ਸਰਕਾਰ ਅਤੇ ਲੋਕਾਂ ਨੂੰ ਪੁਰਜ਼ੋਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਬਿਨਾਂ ਕਿਸੇ ਬਾਹਰੀ ਮਦਦ ਦੇ ਆਪਣੀਆਂ ਲੋੜਾਂ ਪੂਰੀਆਂ ਕਰੋ। ਜਿੰਨਾਂ ਚਿਰ ਤੁਹਾਡੇ ਕੋਲ ਆਪਣੇ ਪੂਰੇ ਸਾਧਨ ਨਹੀਂ ਬਣਦੇ, ਆਪਣੀਆਂ ਲੋੜਾਂ ਜਿੰਨੀਆਂ ਘਟਾ ਸਕਦੇ ਹੋ ਘਟਾ ਲਵੋ ਨਹੀਂ ਤਾਂ ਕਾਰਪੋਰੇਟ ਪੱਖੀ ਬੁੱਧੀਜੀਵੀਆਂ ਅਤੇ ਉਨ੍ਹਾਂ ਦੇ ਅਸਰ ਹੇਠ ਕੰਮ ਕਰਦੀਆਂ ਸਰਕਾਰਾਂ ਤੁਹਾਨੂੰ ਡੁਬੋ ਦੇਣਗੀਆਂ।

**ਆਰ.ਡੀ.ਐੱਫ਼. ਅਤੇ ਮੰਡੀ ਫ਼ੀਸ :** ਭਾਵੇਂ ਕਿ ਮੰਡੀ ਫ਼ੀਸ ਲਗਾਉਣੀ ਅਤੇ ਦਿਹਾਤੀ ਵਿਕਾਸ ਲਈ ਟੈਕਸ ਲਗਾਉਣਾ ਸੂਬੇ ਦੇ ਅਧਿਕਾਰ ਖੇਤਰ ਹੇਠ ਆਉਂਦਾ ਹੈ, ਪਰ ਕੇਂਦਰ ਨੇ ਆਪਣੇ ਵਲੋਂ ਹੁਕਮ ਕੱਢ ਕੇ ਆਰ.ਡੀ.ਐੱਫ਼. ਬੰਦ ਕਰ ਦਿੱਤਾ ਅਤੇ ਮੰਡੀ ਫ਼ੀਸ 3 ਪ੍ਰਤੀਸ਼ਤ ਤੋਂ 2 ਪ੍ਰਤੀਸ਼ਤ ਕਰ ਦਿੱਤੀ। ਆਰ.ਡੀ.ਐੱਫ਼. ਬੰਦ ਕਰਨ ਦਾ ਸਿੱਧਾ ਅਸਰ ਪੇਂਡੂ ਵਿਕਾਸ 'ਤੇ ਪਵੇਗਾ, ਭਾਵ ਪੇਂਡੂ ਵਿਕਾਸ ਬੰਦ। ਇੱਥੋਂ ਤੱਕ ਕਿ ਲਿੰਕ ਸੜਕਾਂ ਦੀ ਮੁਰੰਮਤ ਤੋਂ ਵੀ ਵਾਂਝੇ। ਮੰਡੀ ਫ਼ੀਸ ਘਟਾਉਣ ਦਾ ਮਤਲਬ ਸਰਕਾਰੀ ਮੰਡੀਆਂ ਦਾ ਵਿਕਾਸ ਖ਼ਤਮ, ਮਤਲਬ ਮੰਡੀ ਢਾਂਚਾ ਖ਼ਤਮ ਫਿਰ ਪ੍ਰਾਈਵੇਟ ਸਕੂਲਾਂ ਵਾਂਗੂ ਪ੍ਰਾਈਵੇਟ ਮੰਡੀਆਂ ਖੁੱਲ੍ਹਣਗੀਆਂ, ਜਿੱਥੇ ਕਾਰਪੋਰੇਟ ਆਪਣੀ ਮਨਮਰਜ਼ੀ ਕਰਨਗੇ।

**ਖ਼ੁਰਾਕ ਦੀ ਸਮੱਸਿਆ :** ਦੇਸ਼ ਬੜੇ ਸਾਲਾਂ ਤੋਂ ਖ਼ੁਰਾਕ ਦੇ ਮਾਮਲੇ ਵਿਚ ਆਤਮ-ਨਿਰਭਰ ਹੈ ਅਤੇ ਕਣਕ, ਆਟਾ, ਚਾਵਲ, ਮੀਟ ਸਮੇਤ ਅਨੇਕਾਂ ਵਸਤੂਆਂ ਬਰਾਮਦ ਵੀ ਕਰਦਾ ਹੈ। ਅਸਲੀਅਤ ਇਹ ਹੈ ਕਿ ਜੋ ਖ਼ੁਰਾਕ ਦੀ ਕੁੱਲ ਪੈਦਾਵਾਰ ਦੇਸ਼ ਵਿਚ ਹੁੰਦੀ ਹੈ ਅਨਾਜ, ਦੁੱਧ, ਤੇਲ ਬੀਜ, ਮੀਟ, ਮੱਛੀ, ਆਂਡੇ ਆਦਿ ਦੀ ਉਸ ਤੋਂ ਪ੍ਰਤੀ ਜੀਅ ਸਿਰਫ਼ 1850 ਕੈਲੋਰੀਜ਼ ਹੀ ਹਾਸਿਲ ਹੁੰਦੀਆਂ ਹਨ, ਜਦ ਕਿ ਔਸਤ ਪ੍ਰਤੀ ਜੀਅ 2250 ਕੈਲੋਰੀਜ਼ ਚਾਹੀਦੀਆਂ ਹਨ। ਏਨਾ ਹੀ ਨਹੀਂ ਨੈਸ਼ਨਲ ਹੈਲਥ ਸਰਵੇ ਦੀ ਰਿਪੋਰਟ ਮੁਤਾਬਿਕ 190 ਲੱਖ ਲੋਕ ਰਾਤ ਨੂੰ ਭੁੱਖੇ ਸੌਂਦੇ ਹਨ। ਇਸੇ ਤਰ੍ਹਾਂ ਹੰਗਰ (ਭੁੱਖਮਰੀ) ਇੰਡੈਕਸ ਵਿਚ 122 ਦੇਸ਼ਾਂ ਵਿਚੋਂ ਭਾਰਤ 107ਵੇਂ ਨੰਬਰ 'ਤੇ ਹੈ। ਭਾਵ ਖ਼ੁਰਾਕ ਦੀ ਬਰਾਮਦ ਗਰੀਬਾਂ ਦੇ ਮੂੰਹਾਂ ਵਿਚੋਂ ਕੱਢ ਕੇ ਹੁੰਦੀ ਹੈ। ਇਸ ਦੀ ਵਿਆਖਿਆ ਮੈਂ ਇਸ ਤਰ੍ਹਾਂ ਕਰਦਾ ਹਾਂ, ਪੰਜਾਬ ਵਿਚ ਦੁੱਧ ਦੀ ਪੈਦਾਵਾਰ ਪ੍ਰਤੀ ਜੀਅ ਇਕ ਲੀਟਰ ਤੋਂ ਵੱਧ ਹੈ, ਪਰ ਅਸਲੀਅਤ ਵਿਚ ਬਹੁਤੇ ਘਰਾਂ ਵਿਚ ਇਕ ਲੀਟਰ ਚਾਹ ਜੋਗਾ ਰੱਖ ਕੇ ਬਾਕੀ ਡੇਅਰੀ ਪਾ ਦਿੱਤਾ ਜਾਂਦਾ ਹੈ। ਇਸ ਸਥਿਤੀ ਦੇ ਬਾਵਜੂਦ ਵੀ ਸਾਡੇ ਬੁੱਧੀਜੀਵੀਆਂ ਅਤੇ ਕਾਰਪੋਰੇਟ ਪੱਖੀ ਸਲਾਹਕਾਰਾਂ ਦੀ ਸਲਾਹ ਨਾਲ ਸਰਕਾਰ ਕੁਝ ਅਜਿਹੀਆਂ ਨੀਤੀਆਂ ਅੱਗੇ ਲਿਆ ਰਹੀ ਹੈ, ਜਿਸ ਨਾਲ ਆਉਣ ਵਾਲੇ ਸਮੇਂ 'ਚ ਪੈਦਾਵਾਰ ਘਟ ਸਕਦੀ ਹੈ ਅਤੇ ਸਾਡੀ ਖ਼ੁਰਾਕੀ ਹਾਲਤ ਹੋਰ ਕਮਜ਼ੋਰ ਹੋ ਸਕਦੀ ਹੈ ਕਿਉਂਕਿ ਸਾਡੇ ਵਾਧੂ ਅਤੇ ਥੋੜ ਵਿਚ ਅੰਤਰ ਬਹੁਤ ਥੋੜ੍ਹਾ ਹੈ। ਪਿਛਲੇ ਸਾਲ ਪੰਜਾਬ ਵਿਚ ਹੀ ਕਣਕ ਦਾ ਝਾੜ ਘਟਣ ਨਾਲ ਬਰਾਮਦ 'ਤੇ ਰੋਕ ਲਗਾ ਕੇ ਵੀ ਕਣਕ ਦੇ ਭਾਅ



2700-2800/- ਰੁਪਏ ਪ੍ਰਤੀ ਕੁਇੰਟਲ ਤੋਂ ਵੱਧ ਹੋ ਗਏ ਸਨ। ਜਿਹੜੀਆਂ ਨੀਤੀਆਂ ਅੱਗੇ ਲਿਆਂਦੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚ ਪ੍ਰਮੁੱਖ ਹਨ ਆਰਗੇਨਿਕ ਫਾਰਮਿੰਗ ਜਾਂ ਕੁਦਰਤੀ ਖੇਤੀ ਅਤੇ ਮੋਟੇ ਅਨਾਜ ਦੀ ਪੈਦਾਵਾਰ ਨੂੰ ਉਤਸ਼ਾਹ ਦੇਣਾ। ਇਹ ਸਾਰੇ ਢੰਗ-ਤਰੀਕੇ ਖ਼ੁਰਾਕ ਦੀ ਪੈਦਾਵਾਰ ਘਟਾਉਣਗੇ। 1965-66 ਤੋਂ ਪਹਿਲਾਂ ਇਹੋ ਤਰੀਕੇ ਅਪਣਾਏ ਜਾਂਦੇ ਸਨ ਅਤੇ ਸਾਨੂੰ ♦*-480 ਵਰਗੇ ਕਾਨੂੰਨਾਂ ਤਹਿਤ ਮਜਬੂਰਨ ਬਾਹਰੋਂ ਅਨਾਜ ਮੰਗਵਾਉਣਾ ਪੈਂਦਾ ਸੀ। ਪਤਾ ਨਹੀਂ ਕਿਉਂ ਅਸੀਂ ਤਕਨੀਕੀ ਖੇਤੀ ਜਿਸ ਨਾਲ ਅਸੀਂ ਰੱਜ ਕੇ ਰੋਟੀ ਖਾਣ ਲੱਗੇ ਹਾਂ ਉਸ ਦਾ ਬਦਲ ਲੱਭ ਰਹੇ ਹਾਂ? ਜੇ ਤਕਨੀਕੀ ਖੇਤੀ ਅਪਣਾਉਣ ਵਿਚ ਕੋਈ ਤਰੁਟੀ ਹੈ ਤਾਂ ਉਸ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿੰਨੇ ਰਕਬੇ ਵਿਚ ਵੀ ਤਕਨੀਕੀ ਖੇਤੀ ਛੱਡ ਕੇ ਨਵੀਆਂ ਨੀਤੀਆਂ (ਕੁਦਰਤੀ ਜਾਂ ਮੋਟੇ ਅਨਾਜ ਵਗੈਰਾ) ਅਪਣਾਉਗੇ ਓਨੇ ਰਕਬੇ 'ਚ ਪੈਦਾਵਾਰ ਅੱਧੀ ਤੋਂ ਹੇਠਾਂ ਆ ਜਾਵੇਗੀ। ਤਕਨੀਕੀ ਖੇਤੀ ਕਰਦੇ ਹੋਏ ਵੀ ਜੇ ਕਦੇ ਕੁਦਰਤੀ ਆਫ਼ਤ ਆ ਜਾਵੇ ਤਾਂ ਬਾਜ਼ਾਰ ਵਿਚ ਖ਼ੁਰਾਕ ਦੀਆਂ ਕੀਮਤਾਂ ਸਥਿਰ ਰੱਖਣੀਆਂ ਮੁਸ਼ਕਿਲ ਹੋ ਜਾਂਦੀਆਂ ਹਨ।

**ਰਸਾਇਣਕ ਖਾਦਾਂ :** ਰਸਾਇਣਕ ਖਾਦਾਂ ਦੀ ਖਪਤ ਹਰੀ ਕ੍ਰਾਂਤੀ ਦੇ ਦੌਰ ਦੌਰਾਨ ਵੱਧ ਝਾੜ ਵਾਲੀਆਂ ਕਿਸਮਾਂ ਦੇ ਪ੍ਰਚੱਲਿਤ ਹੋਣ ਨਾਲ ਵਧੀ, ਕਿਉਂਕਿ ਜਿਸ ਫ਼ਸਲ ਨੇ ਝਾੜ ਵੱਧ ਦੇਣਾ ਹੈ, ਉਸ ਦੀ ਖ਼ੁਰਾਕੀ ਲੋੜ ਵੀ ਵੱਧ ਹੋਵੇਗੀ ਜੋ ਜ਼ਮੀਨ ਅਤੇ ਦੇਸੀ ਖਾਦਾਂ ਰੂੜੀ ਆਦਿ ਤੋਂ ਪੂਰੀ ਨਹੀਂ ਹੋ ਸਕਦੀ। ਇਹ ਕਦੇ ਵੀ ਨਹੀਂ ਹੋ ਸਕਦਾ ਕਿ ਕੋਈ ਆਦਮੀ, ਪਸ਼ੂ ਜਾਂ ਫ਼ਸਲ ਮਾਈਕ੍ਰੋ ਜਾਂ ਨੈਨੋ ਖਾ ਕੇ ਵੱਧ ਕੰਮ ਕਰੇ। ਨਿਸਚਿਤ ਖ਼ੁਰਾਕ ਨਾਲ ਕੰਮ ਕਰਨ ਵਿਚ 19-21 ਦਾ ਅੰਤਰ ਹੋ ਸਕਦਾ ਹੈ। ਮੈਂ ਇਹ ਗੱਲ ਇਸ ਕਰਕੇ ਕੀਤੀ ਹੈ ਕਿ ਇੱਫ਼ਕੋ ਵਲੋਂ ਨੈਨੋ ਯੂਰੀਆ ਅਤੇ ਨੈਨੋ ਡੀ.ਏ.ਪੀ. ਬੜੇ ਜ਼ੋਰ-ਸ਼ੋਰ ਨਾਲ ਬਾਜ਼ਾਰ ਵਿਚ ਉਤਾਰੇ ਜਾ ਰਹੇ ਹਨ ਅਤੇ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਕ ਬੋਤਲ ਨੈਨੋ ਯੂਰੀਏ ਦੀ ਇਕ ਬੋਰੀ ਯੂਰੀਏ ਦੇ ਬਰਾਬਰ ਹੈ। ਇਸ ਤਰ੍ਹਾਂ ਇਕ ਬੋਰੀ ਡੀ.ਏ.ਪੀ. ਦੇ ਬਰਾਬਰ ਇਕ ਬੋਤਲ ਡੀ.ਏ.ਪੀ. ਦਾ ਘੋਲ ਕੰਮ ਕਰਦਾ ਹੈ। ਪਿਛਲੇ ਸਾਲਾਂ ਦੇ ਭੂਮੀ ਵਿਭਾਗ ਦੇ ਤਜਰਬੇ ਅਤੇ ਯੂਰੀਏ ਦੇ ਕਿਸਾਨਾਂ ਦੇ ਖੇਤਾਂ ਵਿਚ ਤਜਰਬੇ ਦੱਸਦੇ ਹਨ ਕਿ ਇਹ ਬਰਾਬਰ ਨਹੀਂ ਸਿੱਧ ਹੁੰਦੇ ਅਤੇ ਝਾੜ ਘਟਦਾ ਹੈ। ਸਰਕਾਰ ਨੇ ਜੋ ਸਬਸਿਡੀ ਘਟਾਉਣ ਦੇ ਚੱਕਰ 'ਚ ਇਨ੍ਹਾਂ ਤਰਲ (ਨੈਨੋ) ਖਾਦਾਂ ਦੀ ਖਪਤ ਵਧਾਉਣ ਲਈ ਯੂਰੀਏ ਅਤੇ ਡੀ.ਏ.ਪੀ. ਦੀ ਦਰਾਮਦ ਘਟਾ ਦਿੱਤੀ ਤਾਂ ਪੰਜਾਬ 'ਚ ਪਹਿਲਾਂ ਤਾਂ ਇਨ੍ਹਾਂ ਖਾਦਾਂ ਦੀ ਬਲੈਕ ਦਾ ਸੰਕਟ ਆਵੇਗਾ ਅਤੇ ਉਸ ਤੋਂ ਬਾਅਦ ਦੇਸ਼ 'ਚ ਖ਼ੁਰਾਕੀ ਸੰਕਟ ਵੀ ਪੈਦਾ ਹੋਵੇਗਾ।

**ਪੰਜਾਬ ਸਰਕਾਰ ਕੀ ਕਰੇ :** ਸਭ ਤੋਂ ਪਹਿਲਾ ਕੰਮ, ਜੋ ਆਰ.ਡੀ.ਐੱਫ਼. ਬੰਦ ਹੋਣ ਨਾਲ ਘਾਟਾ ਪੈਣਾ ਹੈ, ਉਸ ਲਈ ਬਦਲਵੇਂ ਆਮਦਨ ਦੇ ਸਰੋਤ ਲੱਭਣੇ ਚਾਹੀਦੇ ਹਨ ਤਾਂ ਕਿ ਪਿੰਡਾਂ ਦੇ ਵਿਕਾਸ ਦਾ ਕੰਮ ਚਲਦਾ ਰਹੇ। ਇਸੇ ਤਰ੍ਹਾਂ ਮੰਡੀ ਫ਼ੀਸ 'ਚ ਕਟੌਤੀ ਦੀ ਭਰਪਾਈ ਦਾ ਵੀ ਇੰਤਜ਼ਾਮ ਕੀਤਾ ਜਾਵੇ ਤਾਂ ਕਿ ਭਾਰਤ ਦਾ ਸਭ ਤੋਂ ਸੁਚੱਜਾ ਮੰਡੀ ਸਿਸਟਮ ਚਲਦਾ ਰਹੇ। ਕਾਰਪੋਰੇਟ ਇਸ ਮੰਡੀ ਸਿਸਟਮ ਨੂੰ ਖ਼ਤਮ ਕਰਨਾ ਚਾਹੁੰਦੇ ਹਨ, ਉਸੇ ਏਜੰਡੇ ਤਹਿਤ ਮੰਡੀ ਫ਼ੀਸ ਘਟਾਈ ਗਈ ਹੈ, ਜੇ ਮੰਡੀ ਦੀ ਆਮਦਨ ਘਟ ਗਈ ਸਿਸਟਮ ਆਪਣੀ ਮੌਤ ਆਪ ਮਰ ਜਾਵੇਗਾ।

ਬੁੱਧੀਜੀਵੀ ਕੰਪੀਟੀਟਿਵ ਮਾਰਕੀਟਿੰਗ ਦੀ ਦੁਹਾਈ ਦਿੰਦੇ ਹਨ, ਜਿਸ ਤਹਿਤ ਬਹੁਤੀਆਂ ਜਿਣਸਾਂ ਸੀਜ਼ਨ ਵੇਲੇ ਕੌਡੀਆਂ ਦੇ ਭਾਅ ਵਿਕਦੀਆਂ ਹਨ ਅਤੇ ਕਿਸਾਨਾਂ ਦੇ ਖ਼ਰਚੇ ਵੀ ਪੂਰੇ ਨਹੀਂ ਹੁੰਦੇ। ਇਸੇ ਸੰਦਰਭ 'ਚ ਕਣਕ-ਝੋਨੇ ਦੀ ਫ਼ਸਲ ਦੀ ਜੋ ਸਰਕਾਰੀ ਖਰੀਦ ਹੁੰਦੀ ਹੈ, ਹੋ ਸਕਦਾ ਕੱਲ੍ਹ ਨੂੰ ਬੰਦ ਕਰ ਦਿੱਤੀ ਜਾਵੇ ਜਾਂ ਘਟਾ ਦਿੱਤੀ ਜਾਵੇ। ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂਕਰੇਨ, ਥਾਈਲੈਂਡ ਵਰਗੇ ਦੇਸ਼ ਇਹ ਬਿਰਤਾਂਤ ਸਿਰਜ ਰਹੇ ਹਨ ਕਿ ਭਾਰਤ ਝੋਨੇ ਅਤੇ ਕਣਕ ਦੀ ਪੈਦਾਵਾਰ ਲਈ ਕ੍ਰਮਵਾਰ 94 ਫ਼ੀਸਦੀ ਅਤੇ 81 ਫ਼ੀਸਦੀ ਸਬਸਿਡੀ ਦੇ ਰਿਹਾ ਹੈ, ਜੋ ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ.) ਦੇ ਨਿਯਮਾਂ (10 ਫ਼ੀਸਦੀ) ਤੋਂ ਵੱਧ ਹੈ। ਭਾਰਤ ਉਪਰੋਕਤ ਅੰਕੜੇ ਕ੍ਰਮਵਾਰ 15 ਅਤੇ 0.28 ਫ਼ੀਸਦੀ ਦੱਸ ਰਿਹਾ ਹੈ। ਜਿਵੇਂ-ਜਿਵੇਂ ਦੇਸ਼ ਅਤੇ ਸੂਬੇ ਸਿਰ ਕਰਜ਼ਾ ਵਧਦਾ ਹੈ ਉਵੇਂ-ਉਵੇਂ ਇਹ ਦਬਾਅ ਵੱਧਣਾ ਹੈ। ਪੰਜਾਬ ਸਰਕਾਰ ਨੂੰ ਬਦਲਵੇਂ ਪ੍ਰਬੰਧਾਂ ਲਈ ਸੋਚਣਾ ਚਾਹੀਦਾ ਹੈ ਤਾਂ ਕਿ ਮੰਡੀ ਫ਼ੀਸ ਜਾਂ ਆਰ.ਡੀ.ਐੱਫ਼. ਵਾਂਗੂ ਇਕਦਮ ਬਿਜਲੀ ਨਾ ਗਿਰੇ। ਭਾਵੇਂ ਕਿ ਇਸ ਸਾਲ ਵੀ ਹੁਣ ਤੱਕ ਜਿੰਨੀ ਕਣਕ ਖ਼ਰੀਦੀ ਹੈ, ਉਸ ਵਿਚੋਂ ਤਕਰੀਬਨ ਅੱਧੀ ਪੰਜਾਬ 'ਚੋਂ ਖ਼ਰੀਦੀ ਹੈ।

ਇਨ੍ਹਾਂ ਫ਼ਸਲਾਂ ਦੇ ਬਦਲ ਲਈ ਸੂਬੇ ਦੇ ਮਾਰਕੀਟਿੰਗ ਇੰਟੈਲੀਜੈਂਸ ਸੈੱਲ ਨੂੰ ਮਜ਼ਬੂਤ ਕਰਕੇ ਬਦਲਵੀਆਂ ਫ਼ਸਲਾਂ ਅੱਗੇ ਲਿਆਂਦੀਆਂ ਜਾਣ, ਜਿਨ੍ਹਾਂ ਦੀ ਬਾਹਰਲੇ ਦੇਸ਼ਾਂ 'ਚ ਮੰਗ ਹੋਵੇ। ਬਿਨਾਂ ਕਿਸੇ ਵਿਉਂਤ ਤੋਂ ਪਾਣੀ ਦੀ ਖ਼ਪਤ ਵਧੀ ਜਾਂਦੀ ਹੈ ਬਦਨਾਮ ਝੋਨਾ ਹੋਈ ਜਾਂਦਾ ਹੈ, ਸੱਠੀ ਮੂੰਗੀ ਅਤੇ ਗਰਮੀ ਰੁੱਤ ਦੀ ਮੱਕੀ ਦੋਨੋਂ ਹੀ ਪਾਣੀ ਦੇ ਦੁਸ਼ਮਣ ਹਨ। ਪੰਡਾਂ ਵਿਚ ਮੱਧਮ ਅਤੇ ਛੋਟੇ ਕਾਰਖਾਨੇ ਲਗਵਾਏ ਜਾਣ ਜਿਹੜੇ ਖ਼ੁਰਾਕ ਦੀ ਪ੍ਰੋਸੈਸਿੰਗ ਕਰਨ। ਮਾਰਕਫੈੱਡ ਅਤੇ ਪੰਜਾਬ ਐਗਰੋ ਵਰਗੀਆਂ ਸੰਸਥਾਵਾਂ ਸਾਮਾਨ ਬਣਵਾ ਕੇ ਬਰਾਮਦ ਕਰਨ। ਪੰਜਾਬ ਐਗਰੋ ਦਾ ਇਕ ਟੈਂਡਰ ਪੜ੍ਹਿਆ, ਜਿਸ 'ਚ ਪੰਜਾਬ ਐਗਰੋ ਨੇ ਟਮਾਟਰ 6 ਰੁਪਏ ਕਿੱਲੋ ਖ਼ਰੀਦਣੇ ਹਨ। ਅੱਗੋਂ ਜਿਹੜੀ ਕੰਪਨੀ ਨੇ ਟੈਂਡਰ ਲੈਣਾ ਹੈ, ਉਸ ਨੇ ਕਿਸਾਨ ਨੂੰ ਕੀ ਦੇਣਾ ਹੈ, ਤੁਸੀਂ ਆਪ ਅੰਦਾਜ਼ਾ ਲਗਾ ਲਉ। ਨੈਨੋ ਯੂਰੀਆ ਅਤੇ ਨੈਨੋ ਡੀ.ਏ.ਪੀ. ਆਉਣ ਨਾਲ ਜੇ ਪੰਜਾਬ ਦਾ ਇਨ੍ਹਾਂ ਖਾਦਾਂ ਦਾ ਕੋਟਾ ਘਟਦਾ ਹੈ ਤਾਂ ਉਸ ਦੀ ਵੰਡ ਦੇ ਪ੍ਰਬੰਧ ਸੋਚੇ ਜਾਣ ਤਾਂ ਕਿ ਇਨ੍ਹਾਂ ਖਾਦਾਂ ਦੀ ਸੂਬੇ ਵਿਚ ਬਲੈਕ ਨਾ ਹੋਵੇ ਅਤੇ ਕਿਸਾਨ ਸੜਕਾਂ 'ਤੇ ਨਾ ਆਉਣ।

# ਔਰਤ ਦੇ ਅਧਿਕਾਰ ਅਤੇ ਸਨਮਾਨ ਦਾ ਪ੍ਰਸ਼ਨ ਅਤੇ ਮੇਰਾ ਸਮਕਾਲ

ਦਿਲਜੋਤ ਧਵਨ

ਇਸ ਸੰਸਾਰ ਦੀ ਰਚਨਾ ਤੋਂ ਲੈ ਮੇਰੇ ਸਮਕਾਲ ਤੱਕ 'ਔਰਤ ਦੇ ਅਧਿਕਾਰ ਅਤੇ ਸਨਮਾਨ' ਦਾ ਪ੍ਰਸ਼ਨ ਕਿੰਤੂਆਂ, ਪ੍ਰੰਤੂਆਂ ਦਾ ਸ਼ਿਕਾਰ ਹੈ ਅਤੇ ਜਿਸ ਤਰ੍ਹਾਂ ਦੇ ਬਿਰਤਾਂਤ ਸਿਰਜੇ ਜਾ ਰਹੇ ਹਨ ਨੇੜੇ ਭਵਿੱਖ ਵਿੱਚ ਵੀ ਕੁਝ ਸੁਧਰਦਾ ਨਜ਼ਰ ਨਹੀਂ ਆਉਂਦਾ ਜਦ ਸਮਾਧਾਨ ਨਜ਼ਰ ਨਾਂ ਆਵੇ, ਬੇਵਸੀ ਦਾ ਆਲਮ ਹੈ ਤੇ ਬੇਵਸੀ ਦੇ ਆਲਮ ਵਿੱਚ ਮਨੁੱਖ ਕੋਲ ਫਿਰ ਹੱਥ ਮੱਲਣ ਦੇ ਸਿਵਾਏ ਬਚਦਾ ਕੁਝ ਨਹੀਂ ਹੈ। ਆਪਣੇ ਇਸ ਵਿਸ਼ੇ ਨੂੰ ਲੈ ਕੇ ਮੈਂ ਧਾਰਮਿਕ ਗ੍ਰੰਥ, ਇਤਿਹਾਸਿਕ ਪੁਸਤਕਾਂ ਅਤੇ ਹੋਏ ਕੰਮਾਂ ਦੇ ਸਰਵੇਖਣ ਉਪਰੰਤ ਜੋ ਨਤੀਜੇ ਕੱਢਣ ਦਾ ਸੁਪਨਾ ਲਿਆ ਸੀ ਉਹ ਪੂਰਾ ਹੁੰਦਾ ਨਜ਼ਰ ਨਹੀਂ ਆ ਰਿਹਾ। ਜਿਵੇਂ ਪਹਿਲਾਂ ਕਿਹਾ ਗਿਆ ਹੈ ਰਸਤਾ ਬਿਖਮ ਹੈ, ਸਮੱਸਿਆਵਾਂ ਦੇ ਜੰਗਲ ਹਨ ਤੇ ਕਦੇ-ਕਦੇ ਮੈਨੂੰ ਲੱਗਦਾ ਹੈ ਕਿ ਸਮੱਸਿਆ ਦੇ ਇਹਨਾਂ ਜੰਗਲਾਂ ਵਿੱਚ ਮੈਂ ਕਿਤੇ ਖ਼ੁਦ ਹੀ ਗੁਆਚਕੇ ਨਾ ਰਹਿ ਜਾਵਾਂ।

ਦੁਨੀਆਂ ਦੇ ਪ੍ਰਮੁੱਖ ਧਰਮਾਂ ਅਤੇ ਉਨਾਂ ਧਰਮਾਂ ਦੇ ਧਰਮ ਗ੍ਰੰਥਾਂ ਦੁਨੀਆਂ ਦੇ ਦਰਸ਼ਨ, (ਕਨਫਿਊਸਿਸ ਅਤੇ ਤਾਓਵਾਦ) ਅਤੇ ਦਰਸ਼ਨ ਨਾਲ ਸੰਬੰਧਤ ਗ੍ਰੰਥਾਂ ਦੇ ਪਾਠ-ਪਠਨ ਉਪਰੰਤ ਬੇਸ਼ਕ ਆਸ ਦੀ ਕੋਈ ਨਾ ਕੋਈ ਕਿਰਨ ਨਜ਼ਰ ਆਉਂਦੀ ਹੈ ਜੋ ਔਰਤ ਲਈ ਠੰਢਕ ਭਰੇ ਛਰਾਟੇ ਵਾਂਗ ਲੱਗਦੀ ਤਾਂ ਜਰੂਰ ਹੈ ਪਰ ਜਦ ਧਾਰਮਿਕ ਅਸਥਾਨਾਂ ਤੇ ਸਮਾਜ ਵਿੱਚ ਉਪਰੋਕਤ ਦਾ ਅਮਲ ਵੇਖਦੀ ਹਾਂ ਤੇ ਹੈਰਾਨੀ ਨਾਲ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਜਾਂਦਾ ਹੈ। ਫਿਰ ਆਪ ਮੁਹਾਰੇ ਆਪਣੇ ਆਪ ਨੂੰ ਹੀ ਪ੍ਰਸ਼ਨ ਕਰਨ ਲਈ ਮਜ਼ਬੂਰ ਹੋ ਜਾਂਦੀ ਹਾਂ ਕਿ ਇਹ ਕਿਉਂ ? ਪਰ ਉੱਤਰ ਮੀਲਾਂ ਦੂਰ ਭਾਸਦੇ ਹਨ ਤੇ ਲੱਗਦਾ ਇਹ ਹੈ ਕਿ ਜਿਵੇਂ ਮੈਂ ਖੁਦ ਮਿਰਗ ਤ੍ਰਿਸ਼ਨਾਂ ਦੇ ਜਾਲ ਵਿੱਚ ਫਸਕੇ ਰਹਿ ਗਈ ਹੋਵਾਂ। ਸਮੱਸਿਆ ਹੈ ਕਿੱਥੇ, ਪਹਿਲਾਂ ਪ੍ਰਸ਼ਨ ਤੇ ਇਹ ਹੈ। ਸਮੱਸਿਆ ਹੈ ਕੀ ਦੂਜਾ ਪ੍ਰਸ਼ਨ ਹੈ। ਔਰਤ ਉੱਤੇ ਹੀ ਇਹ ਸਵਾਲੀਆਂ ਨਿਸ਼ਾਨ ਕਿਉਂ, ਜਦਕਿ ਸਮੁੱਚੀ ਰਚਨਾ ਇੱਕ ਵਿੱਚੋਂ ਉਪਜੀ ਦਰਸਾਈ ਹੈ। ਜੇ ਇੱਕ ਵਿੱਚੋਂ ਉਪਜੀ ਹੈ ਤੇ ਫਿਰ ਤੇ ਸਭ ਹੀ ਬਰਾਬਰ ਹਨ। ਫਿਰ ਔਰਤ ਲਈ ਇਹ ਬਰੀਕ ਬੁਨਤੀ ਵਾਲਾ ਜੰਗਲ ਕਿਉਂ ਬੁਣ ਦਿੱਤਾ ਜਿਸ ਵਿੱਚ ਉਹ ਰਚਨਾ ਕਾਲ ਤੋਂ ਲੈ ਹੁਣ ਤੱਕ ਨਿਰੰਤਰ ਉਲਝਦੀ ਤੁਰੀ ਆ ਰਹੀ ਹੈ ਅਤੇ ਨਿਕਟ ਭਵਿੱਖ ਵੀ ਬਾਹਲਾ ਚੰਗਾ ਨਜ਼ਰ ਨਹੀਂ ਆ ਰਿਹਾ। ਕੀ ਇਹ ਸਾਰਾ ਕੁਝ ਰਬ ਦੇ ਹੁਕਮ ਵਿਚੋਂ ਹੋਇਆ ਜਾਂ ਉਸੇ ਦੀ ਇਕ ਰਚਨਾ ਆਦਮ ਦੇ ਹੁਕਮ ਵਿੱਚ। ਇਸ ਦੀ ਪੁਸ਼ਟੀ ਡਾ. ਸਰਬਜਿੰਦਰ ਸਿੰਘ ਦੀ ਇਕ ਪੁਸਤਕ ਦਾ ਹਵਾਲਾ ਦੇਣਾ ਜਰੂਰੀ ਸਮਝਦੀ ਹਾਂ:

"ਦੇਵ ਭੂਮੀ ਦੇ ਸ਼ਾਂਤ ਵਾਤਾਵਰਣ ਵਿੱਚ ਇਕ ਭਿਅੰਕਰ ਸ਼ੋਰ ਗੂੰਜਿਆ, ਜਿਸ ਨੇ ਇਸ ਧਰਤਿ ਦੀ ਅੱਧੀ ਮਾਨਵ ਜਾਤਿ ਦੇ ਧੁਰ ਅੰਦਰ ਤੱਕ ਕਾਂਬਾ ਛੇੜ ਦਿੱਤਾ। ਸੁਣੋ ਸੁਣੋ ਭੱਦਰ-ਪੁਰਸ਼ੋ! ਔਰਤ ਮੋਕਸ਼ ਦੇ ਰਸਤੇ ਦਾ ਸਭ ਤੋਂ ਵੱਡਾ ਰੋੜਾ ਜੇ, ਬਚ ਕੇ ਰਹਿਓ ਇਸ ਤੋਂ! ਬਚ ਕੇ ਭਈ ਓਏ!! ਇਹ ਬੁਰਿਆਈ ਦੀ ਬਹੁਤ ਵੱਡੀ ਜੜ੍ਹ ਜੇ!!! ਇਹ ਸੁਣ ਔਰਤ ਦਾ ਸਰੀਰ ਬੇਜਾਨ ਹੋ ਗਿਆ। ਦਿਲ ਤੇ ਦਿਮਾਗ ਪਥਰਾ ਗਿਆ। ਹੈਰਾਨੀ ਨਾਲ ਅੱਖਾਂ ਅੱਡੀ ਉਸ ਆਦਮ ਜਾਤ ਵੱਲ ਵੇਖਿਆ ਤੇ ਕੁਰਲਾਈ, ਤੂੰ ਇਹ ਕੀ ਕਹਿ ਰਿਹਾ ਹੈਂ ਆਦਮ! ਤੇਰੀ ਹੋਸ਼ ਟਿਕਾਣੇ ਹੈ, ਪਾਗਲ ਤੇ ਨਹੀਂ ਹੋ ਗਿਆ ਤੂੰ ? ਮੇਰੇ ਬਿਨਾਂ ਤਾਂ ਤੂੰ ਬਿਲਕੁਲ ਹੀ ਮਿੱਟੀ ਤੇ ਅਧੂਰਾ ਵੀ। ਇਹ ਸੰਸਾਰ ਵੀ ਉਜਾੜ ਬੀਆਬਾਨ ਤੇ ਸੁੰਨਸਾਨ। ਹੋਸ਼ ਕਰ ਨਹੀਂ ਤੇ ਰੱਬ ਦੀ ਮਾਰ ਪਵੇਗੀ ਤੇਰੇ 'ਤੇ। ਰੋਕ ਇਨ੍ਹਾਂ ਸ਼ੈਤਾਨ ਬਦਜਾਤਾਂ ਨੂੰ। ਕੁਦਰਤ ਦੇ ਪਵਿੱਤਰ ਵਰਤਾਰੇ ਵਿੱਚ ਖਲਲ ਪਾਉਣ ਦਾ ਇਨ੍ਹਾਂ ਨੂੰ ਕੋਈ ਅਧਿਕਾਰ ਨਹੀਂ। ਆਦਮ ਖਚਰੀ ਹਾਸੀ ਹੱਸਿਆ ਤੇ ਤਰਲੇ ਲੈਂਦੀ, ਫੜਫੜਾਉਂਦੀ ਰੂਹ ਨੂੰ ਅੰਦਰ ਧੱਕਦਾ ਬੋਲਿਆ, "ਸ਼ੱਕ ਨਾ ਕਰ! ਸਾਰਾ ਕੁਝ ਤੇਰੇ ਭਲੇ ਲਈ ਹੀ ਤੇ ਹੋ ਰਿਹਾ ਹੈ।" ਹੈਰਾਨ ਹੋਈ ਔਰਤ ਦੀਆਂ ਸਿਸਕੀਆਂ ਤੇ ਵਗਦੇ ਹੰਝੂਆਂ ਨੇ ਸੈਲਾਬ ਲੈ ਆਂਦਾ। ਅੱਥਰੂਆਂ ਵਿੱਚ ਡੁੱਬ-ਡੁਬਾਈ ਨੇ ਨੀਝ ਨਾਲ ਆਦਮ ਵੱਲ ਵੇਖਿਆ ਤੇ ਸੋਚਿਆ, ਇਹ ਐਨਾ ਬੇਕਿਰਕ ਤੇ ਬੇਰਹਿਮ ਸੀ! ਪਹਿਲੀ ਵਾਰ ਔਰਤ ਨੂੰ ਆਦਮ ਦੇ ਆਦਮ ਹੋਣ 'ਤੇ ਸ਼ੱਕ ਹੋਇਆ। ਆਦਮ ਤਵਾਰੀਖ ਨੂੰ ਕਲੰਕਤ ਕਰ ਇਸਨੂੰ ਆਪਣੀ ਪਹਿਲੀ ਜਿੱਤ ਸਮਝ ਬੈਠਾ।

ਔਰਤ ਨੇ ਦੂਰ ਉਪਰ ਅਸਮਾਨ ਵੱਲ ਵੇਖਿਆ, ਹੱਥ ਜੋੜੇ ਤੇ ਕਿਹਾ, "ਹੇ ਰੱਬਾ! ਇਸਨੂੰ ਮੁਆਫ਼ ਕਰੀਂ, ਇਸਦੇ ਇਸ ਬਜਰ ਗੁਨਾਹ ਦੀ ਇਸਨੂੰ ਸਜ਼ਾ ਨਾ ਦੇਵੀਂ। ਬਾਵਜੂਦ ਇਸਦੇ ਕੀਤੇ ਸਾਰੇ ਪਾਪਾਂ ਦੇ ਇਸ ਦੀ ਪੀੜ ਮੇਰੇ ਕੋਲੋਂ ਸਹੀ ਨਹੀਂ ਜਾਣੀ। ਭਾਰਤੀ ਭੂ-ਖੰਡ 'ਤੇ ਜੋ ਦੁਰਵਿਹਾਰ ਔਰਤ ਨਾਲ ਹੋਇਆ ਤੇ ਹੁੰਦਾ ਆ ਰਿਹਾ ਹੈ, ਉਸ ਲਈ ਕੁਲ ਆਦਮਜਾਤ ਦਾ ਸਿਰ ਸ਼ਰਮ ਨਾਲ ਝੁਕਿਆ ਰਹੇਗਾ। ਯਾਦ ਰੱਖਿਓ! ਜਦ ਵੀ ਕਦੇ ਰੱਬ ਕ੍ਰੋਧਿਤ ਹੋ ਉਠਿਆ, ਪਰਲੋ ਆਵੇਗੀ, ਭਿਆਨਕ ਪਰਲੋ ਤੇ ਆਪਣੇ ਨਾਲ ਵਹਾ ਕੇ ਲੈ ਜਾਵੇਗੀ, ਉਸ ਆਦਮ ਨੂੰ ਵੀ ਤੇ ਉਸ ਪਰੰਪਰਾ ਨੂੰ ਵੀ ਜੋ ਔਰਤ ਦੇ ਪੈਰਾਂ ਦੀਆਂ ਜ਼ੰਜੀਰਾਂ ਬਣੀ ਤੇ ਬਣ ਰਹੀ ਹੈ।

ਸੰਸਾਰ ਦੇ ਧਰਮਾਂ ਵਿੱਚੋਂ ਸਾਮੀ ਧਰਮ ਲੜੀ ਦਾ ਸਭ ਤੋਂ ਪ੍ਰਾਚੀਨ ਗ੍ਰੰਥ 'ਬਾਈਬਲ' ਨੂੰ ਮੰਨਿਆ ਜਾਂਦਾ ਹੈ ਅਤੇ ਲਗਭਗ ਇਹ ਤੱਥ ਸਾਹਿਤ ਸੱਚ ਵੀ ਹੈ ਬੇਸ਼ਕ ਕੁਝ ਇਤਿਹਾਸਕਾਰ ਅਤੇ ਧਰਮ ਚਿੰਤਕ ਜਰਤੁਸਤ ਪੈਗੰਬਰ ਦੇ ਧਰਮ ਗ੍ਰੰਥ ਜੇਂਦ ਅਵੈਸਤਾ ਨੂੰ ਬਾਈਬਲ ਤੋਂ ਪਹਿਲਾਂ ਇਲਹਾਮ ਹੋਇਆ ਮੰਨਦੇ ਹਨ। ਇਸ ਬਿਰਤਾਂਤ ਦਾ ਇਸ ਨਾਲ ਬਹੁਤਾ ਸਬੰਧ ਨਹੀਂ ਹੈ ਪਰ ਔਰਤ ਬਾਰੇ ਦੋਵੇਂ ਕੀ ਅੰਕਿਤ ਕਰਦੇ ਹਨ ਉਸ ਤੋਂ ਬਿਨਾਂ ਅਧਿਐਨ ਅਧੂਰਾ ਹੈ। ਦੋਵਾਂ ਧਰਮ ਗ੍ਰੰਥਾਂ ਵਿੱਚ ਅਨੇਕਾਂ ਸਾਂਝਾ ਹੋਣ ਦੇ ਨਾਲ-ਨਾਲ ਔਰਤ ਬਾਰੇ ਦਰਜ਼ ਪ੍ਰਵਚਨਾਂ ਵਿੱਚ ਵੀ ਸਪੱਸ਼ਟ ਜੋ ਬਹੁਤੀ ਹਾਂ-ਪੱਖੀ ਨਹੀਂ ਹੈ। ਪ੍ਰਸ਼ਨਾਂ ਵਿੱਚ ਸਾਂਝ ਨਜ਼ਰ ਆਉਂਦੀ ਹੈ। ਉਦਾਹਰਨ ਲਈ ਬਾਈਬਲ ਦਾ ਪਹਿਲਾ ਭਾਗ 'ਉਤਪਤ' ਇਹ ਦਰਸਾਉਂਦਾ ਹੈ ਕਿ ਔਰਤ (ਈਵ) ਦੇ ਮਨੁੱਖ (ਆਦਮ) ਨੂੰ ਗਲਤ ਸਿੱਖਿਆ ਦੇਣ ਕਾਰਨ ਹੀ ਉਸਨੂੰ ਸਵਰਗ ਤੋਂ ਨਿਕਾਲਾ ਮਿਲਿਆ ਸੀ। ਹੂਬਹੂ ਅਜਿਹਾ ਵਰਨਣ ਹੀ ਜੇਂਦ ਅਵੈਸਤਾ ਵਿੱਚ ਨਜ਼ਰ ਆਉਂਦਾ ਹੈ। ਜਿਸ ਵਿੱਚ ਅੰਕਿਤ ਹੈ, "ਔਰਤ ਦੀ ਸਲਾਹ ਤੋਂ ਦੂਰ ਰਹੋ। ਜੋਰਾਸ਼ਟਰ ਧਰਮ ਦੇ ਧਾਰਮਿਕ ਨਿਸ਼ਾਨ "ਫਰਵਾਹਰ" ਵੀ ਇਸ ਗੱਲ ਦਾ ਸੂਚਕ ਹੈ। ਇਸ ਵਿੱਚ ਮਰਦ ਤੋਂ ਔਰਤ ਨੂੰ ਇੱਕ ਨਿਸ਼ਚਿਤ ਦੂਰੀ ਤੇ ਦਿਖਾਇਆ ਗਿਆ ਹੈ ਜਿਸ ਤੋਂ ਬਾਈਬਲ ਦੇ ਉਤਪਤ ਵਾਲੇ ਭਾਗ ਦੀ ਹੀ ਪੁਸ਼ਟੀ ਹੁੰਦੀ ਦਿਸਦੀ ਹੈ। ਪੂਰਬੀ ਧਰਮ ਗ੍ਰੰਥਾਂ ਵਿੱਚ ਜੋ ਹੈ ਉਸ ਬਾਰੇ ਆਪਾਂ ਸਾਰੇ ਭਲੀ-ਭਾਂਤ ਵਾਕਫ਼ ਹਾਂ। ਇਹਨਾਂ ਸਾਰਿਆਂ ਦਾ ਵਿਸਤਾਰਪੂਰਵਕ ਜ਼ਿਕਰ ਮੇਰੇ ਖੋਜ ਪ੍ਰਬੰਧ ਦਾ ਹਿੱਸਾ ਹੋਏਗਾ ਪਰ ਇੱਥੇ ਇਸ਼ਾਰੇ ਮਾਤਰ ਗੱਲ ਕਰਨੀ ਮੈਨੂੰ ਠੀਕ ਲੱਗ ਰਹੀ ਹੈ।

ਜਿਵੇਂ ਪੇਪਰ ਦੇ ਆਰੰਭ ਵਿੱਚ ਅੰਕਿਤ ਕੀਤਾ ਹੈ ਕਿ ਸੰਸਾਰ ਦੀ ਰਚਨਾ ਵੇਲੇ ਤੋਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਔਰਤ ਦੇ ਹੀਣੇ ਹੋਣ ਦੇ ਪ੍ਰਸ਼ਨ ਨੂੰ ਉਸਦੇ ਮੱਥੇ ਤੇ ਖੁਣ, ਇਸ ਦੰਭ ਨੂੰ ਸਮਾਜਕ ਪ੍ਰਵਾਨਤਾ ਦਿੱਤੀ ਸੀ। ਜੋ ਸਾਡੇ ਸਮਕਾਲ ਵਿੱਚ ਨਿਰੰਤਰਾਂ ਵਿੱਚ ਜਾਰੀ ਹੈ। ਹਾਲਾਂਕਿ ਸਾਡਾ ਸਮਕਾਲ ਔਰਤ ਲਈ ਤਬਦੀਲੀ ਦਾ ਯੁੱਗ ਮੰਨਿਆ ਜਾਣ ਲੱਗ ਗਿਆ ਹੈ ਅਤੇ ਹੋਰ ਵੀ ਹੈਰਾਨੀ ਵਾਲੀ ਮੰਜਰ ਇਹ ਹੈ ਕਿ ਔਰਤ ਖੁਦ ਇਸ ਝੂਠ ਨੂੰ ਪ੍ਰਵਾਨ ਕਰਨ ਲੱਗ ਗਈ ਹੈ। ਮਰਦ ਵਾਂਗ ਕੱਪੜੇ ਪਾਉਣੇ, ਬੁਵਾਏ ਕੱਟ ਰੱਖਣ, ਹਾਈਵੇਸਟ ਪੈਂਟਾਂ, ਮਰਦਾਵਨੀ ਗਾਲਾਂ ਅਤੇ ਯਾਰਾ ਸ਼ਬਦ ਦੀ ਵਰਤੋਂ ਹੀ ਜੇਕਰ ਔਰਤ ਦੀ ਤਰੱਕੀ ਦਾ ਆਧਾਰ ਹੈ ਤਾਂ ਘੱਟੋ-ਘੱਟ ਮੈਂ ਇਸਨੂੰ ਮੰਨਣ ਤੋਂ ਇਨਕਾਰੀ ਹਾਂ। ਘਰ ਦੇ ਪਵਿੱਤਰ ਚੌਗਿਰਦੇ ਵਿੱਚ ਥੋੜੇ ਬਹੁਤ ਫਰਕ ਤੋਂ ਬਿਨ੍ਹਾਂ ਔਰਤ ਦੀ ਹਾਲਤ ਲਗਭਗ ਉਹੋ ਜਹੀ ਹੀ ਹੈ ਜੋ ਪਹਿਲਾਂ ਸੀ। ਆਦਮ ਦੀ ਅੱਖ ਵਿੱਚ ਘੂਰੀ ਵੀ ਓਹੀ ਹੈ ਤੇ ਬੋਲਾਂ ਵਿੱਚ ਕੜਵਾਹਟ ਵੀ ਉਹੀ ਹੈ। ਰੁਤਬੇ ਆਸੀਨ ਹੁੰਦੇ ਹੋਇਆਂ ਵੀ ਉਸਦੀ ਗੱਲ ਨੂੰ ਕਿੰਨ੍ਹੀ ਕੁ ਅਹਿਮੀਅਤ ਦਿੱਤੀ ਜਾਂਦੀ ਹੈ, ਇਸ ਤੋਂ ਭਲੀਭਾਂਤ ਆਪਾਂ ਸਾਰੇ ਵਾਕਫ ਹਾਂ।

ਨਾਰੀ ਦੀ ਇੱਕ ਆਪਣੀ ਅਹਿਮੀਅਤ ਹੈ ਤੇ ਇੱਕ ਆਪਣਾ ਰੁਤਬਾ ਅਤੇ ਉਸ ਰੁਤਬੇ ਦਾ ਸਥਾਨ ਵੀ ਪਰ ਨਾਰੀ ਨੂੰ ਪੁਰਸ਼ ਬਣਾਉਣ ਦੀ ਚੇਸ਼ਟਾ ਨੂੰ ਸੰਕਲਪ ਰੂਪ ਵਿੱਚ ਉਸਦੇ ਜ਼ਿਹਨ ਵਿੱਚ ਇਸ ਤਰ੍ਹਾਂ ਉਤਾਰਿਆ ਜਾ ਰਿਹਾ ਕਿ ਉਹ ਆਪਣੀ ਹੋਂਦ ਗੁਆ ਬੰਦਾ ਬਣਨਾ ਲੋਚਦੀ ਹੈ। ਸ਼ਬਦ ਕੌੜੇ ਜ਼ਰੂਰ ਹਨ ਪਰ ਸੱਚ ਹਨ ਕਿ ਕੀ ਜੇ ਬੰਦਾ ਵਿਭਚਾਰੀ ਹੈ ਤਾਂ ਕੀ ਔਰਤ ਵੀ ਇਸ ਰਸਤੇ ਤੁਰ ਪਵੇ ਪ੍ਰਸ਼ਨ ਨਜ਼ਰਮਾਨੀ ਦੀ ਮੰਗ ਕਰਦਾ ਹੈ ?

ਕੀ ਔਰਤ ਦੇ ਅਧਿਕਾਰ ਅਤੇ ਸਨਮਾਨ ਹੱਕ ਦੇ ਪ੍ਰਸ਼ਨ ਦੀ ਗੱਲ ਮਹਿਜ ਕਿਤਾਬੀ ਹੈ ਜਾਂ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਤਾੜੀਆਂ ਦੀ ਗੜਗੜਾਹਟ ਵਿੱਚ ਇਹ ਸਿੱਧ ਕਰਨਾ ਕਿ ਸਫਲਤਾ ਛੂਹ ਸਿਖਰ ਗ੍ਰਹਿਣ ਕਰ ਗਈ ਹੈ। ਉਸ ਲਈ ਸੰਵਿਧਾਨ ਵਿੱਚ ਇਹੋ-ਇਹੋ ਜਿਹੇ ਹੱਕ ਰਾਖਵੇਂ ਕਰ ਦਿੱਤੇ ਹਨ ਕਿ ਜਿਸਦਾ ਸ਼ੋਸ਼ਣ ਕਿਸੇ ਤਰ੍ਹਾਂ ਸੰਭਵ ਨਹੀਂ ਹੈ ਜੇ ਇਹ ਵਾਕਿਆ ਹੀ ਸੱਚ ਹੈ ਤੇ ਗੁਜਰਾਤ ਵਿੱਚ ਹੋਏ ਦੰਗਿਆਂ ਦਰਮਿਆਨ ਨਾਲ 'ਬਿਲਕੀਸ' ਨਾਲ ਹੋਏ ਸਮੂਹਿਕ ਬਲਾਤਕਾਰ ਦੇ ਦੋਸ਼ੀਆਂ ਨੂੰ ਪਿਛਲੇ ਦਿਨੀਂ ਰਿਹਾ ਕਰਕੇ ਜਿਸ ਢੰਗ ਨਾਲ ਫੁੱਲਾਂ ਦੀਆਂ ਗੱਡੀਆਂ ਵਿੱਚ ਬਿਠਾ ਉਹਨਾਂ ਨੂੰ ਘਰੋਂ-ਘਰੀ ਪਹੁੰਚਾਇਆ ਤੇ ਸਟੇਟ ਵਲੋਂ ਉਨਾਂ ਦੀ ਰਿਹਾਈ ਉਨ੍ਹਾਂ ਦੇ ਚੰਗੇ ਚਾਲ-ਚਲਨ ਕਹਿ ਸਮੁੱਚੇ ਹਿੰਦੁਸਤਾਨ ਨੂੰ ਹੈਰਾਨ ਕਰ ਦਿੰਦਾ ਹੈ। ਫਿਰ ਉਪਰੋਕਤ 'ਔਰਤ ਦੇ ਅਧਿਕਾਰ ਅਤੇ ਸਨਮਾਨ' ਦੀ ਨਜ਼ਰਸਾਨੀ ਤੁਸੀਂ ਖੁਦ ਹੀ ਕਰ ਸਕਦੇ ਹੋ। ਇਹੋ ਜਿਹੀਆਂ ਉਦਾਹਰਣਾਂ ਨਾਲ ਮੇਰੇ ਦੇਸ਼ ਦਾ ਇਤਿਹਾਸ ਭਰਿਆ ਪਿਆ ਹੈ। ਉੱਤਰ ਪ੍ਰਦੇਸ਼ ਰਾਜ ਦੇ 'ਹਾਥਰਸ' ਜਿਲੇ ਦੇ ਇੱਕ ਪਿੰਡ ਦੀ 19 ਸਾਲਾ ਕੁੜੀ ਨੂੰ ਉੱਚੀ ਜਾਤ ਦੇ ਚਾਰ ਮਰਦਾਂ ਦੇ ਖੇਤਾਂ ਵਿੱਚ ਲਿਤਾੜਿਆ ਤੇ ਜ਼ਬਰ-ਜਨਾਹ ਕੀਤਾ। ਕੁੜੀ ਆਪਣੀ ਹੋਂਦ ਲਈ ਲੜੀ ਪਰ ਚਾਰ ਮਰਦਾਂ ਅੱਗੇ ਬੇਵੱਸ ਸੀ। ਉਸਦਾ ਮੂੰਹ ਜ਼ਬਰਦਸਤੀ ਬੰਦ ਕੀਤਾ, ਬਲਾਤਕਾਰ ਹੋਇਆ ਤੇ ਬਲਾਤਕਾਰੀਆਂ ਨੇ ਗੁੱਸੇ ਵਿੱਚ ਉਸਦੀ ਗੀੜ ਦੀ ਹੱਡੀ ਤੋੜ ਦਿੱਤੀ ਕਿ ਉਹ ਉੱਚੀ ਜਾਤੀ ਦੇ ਮਰਦਾਂ ਦਾ ਵਿਰੋਧ ਕਰ ਰਹੀ ਹੈ। ਪੀੜਤ ਪਰਿਵਾਰ ਕੁੜੀ ਨੂੰ ਥਾਣੇ ਲੈ ਗਿਆ ਥਾਣੇ ਤੋਂ ਝਿੜਕਾਂ ਪਈਆਂ। ਬੇਵੱਸੀ ਸੀ ਘਰ ਲੈ ਆਏ ਤੇ ਫਿਰ 20 ਸਤੰਬਰ 2020 ਵਿੱਚ ਅਲੀਗੜ੍ਹ ਹਸਪਤਾਲ ਵਿੱਚ ਦਾਖਲ ਕਰਵਾਇਆ ਤੇ 29 ਸਤੰਬਰ ਨੂੰ ਕੁੜੀ ਦੀ ਮੌਤ ਹੋ ਗਈ। ਸਮੇਂ ਦੀ ਸਰਕਾਰ ਦੇ ਕਰਿੰਦਿਆਂ, ਪਰਿਵਾਰ ਨੂੰ ਜ਼ਬਰੀ ਘਰ ਵਿੱਚ ਬੰਦ ਕਰ ਦਿੱਤਾ ਤੇ ਕੁੜੀ ਦਾ ਸੰਸਕਾਰ ਆਪ ਹੀ ਕਰ ਦਿੱਤਾ ਅਤੇ ਕੇਸ ਖੁਰਦ ਬੁਰਦ ਕਰਨ ਦਾ ਯਤਨ ਕੀਤਾ ਗਿਆ। ਹਾਥਰਸ ਦੇ ਡਿਪਟੀ ਕਮਿਸ਼ਨਰ ਨੇ ਖਬਰ ਆਉਣ ਤੇ ਕਿਹਾ ਤੇ ਕੁੜੀ ਨਾਲ ਕੋਈ ਜ਼ਬਰ-ਜਨਾਹ ਹੋਈ ਹੀ ਨਹੀਂ। ਉਸਦੇ ਸਰੀਰ ਵਿੱਚੋਂ ਕੋਈ ਵੀ ਸੈਂਪਲ ਨਹੀਂ ਮਿਲਿਆ ਜਿੱਥੋਂ ਸਾਬਿਤ ਹੋਵੇ ਕਿ ਰੇਪ ਹੋਇਆ। ਲਾਮਬੰਦੀ ਹੋਣ ਤੇ ਸਰਕਾਰ ਨੇ ਜਿਲ੍ਹੇ ਦਾ ਮੁੱਖੀ ਤੇ ਚਾਰ ਅਧਿਕਾਰੀ ਸਸਪੈਂਡ ਕਰ ਦਿੱਤੇ। ਇੱਥੋਂ ਤੱਕ ਕਿ ਹਾਈਕੋਰਟ ਨੇ ਵੀ ਕਿਹਾ ਕਿ ਅਸੀਂ ਸ਼ਰਮਸਾਰ ਹਾਂ ਪਰ ਇਸਦੇ ਬਾਵਜੂਦ ਦੋਸ਼ੀ ਇੱਕ ਨੂੰ ਹੀ ਮੰਨਿਆ ਗਿਆ ਤੇ ਤਿੰਨਾਂ ਨੂੰ ਬਰੀ ਕਰ ਦਿੱਤਾ। ਪਰਚਾ ਵੀ 302 ਦਾ ਨਹੀਂ 304 ਦਾ ਦਰਜ਼ ਕੀਤਾ ਜਿਹੜਾ ਮਹਿਜ ਸੱਟ-ਫੇਟ ਲਾਉਣ ਦਾ ਹੈ ਤੇ ਜਿਸ ਵਿੱਚ ਦੋਸ਼ੀ ਨੂੰ ਦਿਨ-ਰਾਤ ਮਿਲਾ ਕੇ 5 ਸਾਲ ਦੀ ਸਜ਼ਾ ਬਣਦੀ ਹੈ।

ਤਾਮਿਲਨਾਡੂ ਵਿੱਚ ਇੱਕ ਹੋਰ ਘਟਨਾ ਪੁਸ਼ਟੀ ਵਜੋਂ ਇੱਥੇ ਮੈਂ ਅੰਕਿਤ ਕਰਨਾ ਚਾਹੁੰਦੀ ਹਾ। ਤਾਮਿਲਨਾਡੂ ਦੀ ਇੱਕ ਸੁੰਦਰ ਲੜਕੀ ਪੀ.ਕੇ.ਰੋਜ਼ੀ ਅੱਤ ਸੁੰਦਰ, ਸਿਆਣੀ, ਪੜੀ-ਲਿਖੀ। ਉਸਦੀ ਆਭਾ ਫਿਲਮ ਡਾਇਰੈਕਟਰ ਦੀ ਨਜ਼ਰ ਚੜੀ ਅਭਿਨੇਤਰੀ ਚੁਣੀ ਗਈ ਤੇ ਵੇਖਦੇ-ਵੇਖਦੇ ਉਸਦੇ ਨਾਮ ਦੀ ਤੂਤੀ ਵਜਣੀ ਸ਼ੁਰੂ ਹੋ ਗਈ ਪਰ ਛੋਟੀ ਜਾਤੀ ਨਾਲ ਸੰਬੰਧਿਤ ਸੀ, ਫਿਲਮ ਆਈ ਤਾਂ ਉੱਚੀ ਜਾਤੀ ਦੇ ਲੋਕਾਂ ਦੀਆਂ ਭਾਵਨਾਵਾਂ ਭੜਕ ਉੱਠੀਆਂ ਸਿਨੇਮੇ ਸਾੜ ਦਿੱਤੇ ਪੀ.ਕੇ.ਰੋਜ਼ੀ ਨੂੰ ਰਾਤੋ-ਰਾਤ ਘਰ ਛੱਡ ਤਾਮਿਲਨਾਡੂ ਤੋਂ ਕੂਚ ਕਰਨਾ ਪਿਆ ਤੇ ਜੋ ਹੁਣ ਕਿਸੇ ਮਹਾਂ ਨਗਰ ਵਿੱਚ ਲੋਕਾਂ ਦੇ ਘਰ ਕੰਮ ਕਰਕੇ ਆਪਣਾ ਗੁਜ਼ਾਰਾ ਬਸਰ ਕਰ ਰਹੀ ਹੈ।

ਇਹ ਸਾਰੇ ਪ੍ਰਸ਼ਨ ਮੇਰੇ ਅੰਦਰ ਖਲਲ ਪਾਉਂਦੇ ਹਨ, ਮੇਰੇ ਅੰਦਰਲੇ ਸਹਿਜ ਨੂੰ ਅਸਹਿਜ ਕਰਦੇ ਹਨ, ਮੇਰੀ ਆਤਮਾ ਕੁਰਲਾ ਉੱਠਦੀ ਹੈ, ਉਹ ਤੜਪ ਮੈਨੂੰ ਸੌਣ ਨਹੀਂ ਦਿੰਦੀ। ਮੈਂ ਆਪਣੇ ਸਹਿਜ ਨੂੰ ਪ੍ਰਾਪਤ ਕਰ ਤੇ ਆਪਣੀ ਤੜਪ ਨੂੰ ਖ਼ਤਮ ਕਰਕੇ ਚੈਨ ਦੀ ਨੀਂਦ ਸੌਣਾ ਚਾਹੁੰਦੀ ਸਾਂ ਤੇ ਇਸੇ ਸੋਚ ਵਿਚੋਂ ਇਸ ਸੱਚ ਨੂੰ ਸਮਾਜ ਨੂੰ ਸਮਾਜ ਨੂੰ ਹਕੀਕਤ ਦੇ ਰੂ-ਬ-ਰੂ ਕਰ ਸੀਸ਼ੇ ਦੇ ਸਾਹਮਣੇ ਖੜ੍ਹਾ ਕਰਨਾ ਚਾਹੁੰਦੀ ਹਾਂ। ਧਿਆਨ ਰਹੇ ਕਿ ਮੇਰੇ ਮਨ ਵਿੱਚ ਮਰਦ ਪ੍ਰਧਾਨ ਸਮਾਜ ਜਾਂ ਮਰਦ ਪ੍ਰਤੀ ਕੋਈ ਦਵੇਸ਼ ਨਹੀਂ ਹੈ ਪਰ ਹਰੇਕ ਨੂੰ ਜਿਊਣ ਦਾ ਹੱਕ ਤੇ ਮਿਲਣਾ ਚਾਹੀਦਾ ਹੈ ਨਾ।





# ਸਮਾਜ ਦੀ ਬਿਹਤਰੀ ਲਈ ਆਪਣੀ ਖ਼ਾਮੋਸ਼ੀ ਤੋੜੀਏ

ਗੁਰਬਿੰਦਰ ਸਿੰਘ ਮਾਣਕ

*ਪੰਜਾਬ ਦੀ ਜਵਾਨੀ ਸ਼ਰਾਬ ਤੇ ਹੋਰ ਨਸ਼ਿਆਂ ਵਿਚ ਗਲਤਾਨ ਹੋ ਰਹੀ ਹੈ। ਇਸ ਰੁਝਾਨ ਤੋਂ ਸਹੀ ਸੋਚ ਵਾਲਾ ਹਰ ਵਿਅਕਤੀ ਦੁਖੀ ਹੈ। ਹਰ ਚੋਣ ਸਮੇਂ ਸਿਆਸੀ ਪਾਰਟੀਆਂ ਹਰ ਪ੍ਰਕਾਰ ਦੇ ਨਸ਼ੇ ਵੰਡਦੀਆਂ ਹਨ। ਇਸ ਬਰਬਾਦੀ ਵਿਰੁੱਧ ਵੀ ਸਮਾਜ ਨੂੰ ਆਪਣੀ ਖ਼ਾਮੋਸ਼ੀ ਤੋੜਨ ਦੀ ਫੌਰੀ ਲੋੜ ਹੈ। ਉਨ੍ਹਾਂ ਸ਼ਕਤੀਆਂ ਦੀ ਨਿਸ਼ਾਨਦੇਹੀ ਕੀਤੀ ਜਾਣੀ ਚਾਹੀਦੀ ਹੈ, ਜਿਹੜੀਆਂ ਨਸ਼ਿਆਂ ਦੇ ਵਪਾਰ ਵਿਚ ਹੱਥ ਰੰਗ ਰਹੀਆਂ ਰਹੀਆਂ ਹਨ ਤੇ ਪੰਜਾਬ ਨੂੰ ਤਬਾਹ ਕਰਨ 'ਤੇ ਤੁਲੀਆਂ ਹੋਈਆਂ ਹਨ।*



ਸਮਾਜ ਦੇ ਸਮੁੱਚੇ ਵਰਤਾਰੇ ਵੱਲ ਗਹੁ ਨਾਲ ਨਜ਼ਰ ਮਾਰੀਏ ਤਾਂ ਇਹ ਗੱਲ ਅਕਸਰ ਹੀ ਮਹਿਸੂਸ ਹੁੰਦੀ ਹੈ ਕਿ ਸਮਾਜ ਵਿਚ ਜਿਹੜੀ ਵੀ ਘਟਨਾ ਵਾਪਰਦੀ ਹੈ, ਉਸ ਬਾਰੇ ਬਹੁਤ ਘੱਟ ਲੋਕ ਆਪਣਾ ਪ੍ਰਤੀਕਰਮ ਪ੍ਰਗਟ ਕਰਦੇ ਹਨ। ਜ਼ਿੰਦਗੀ ਜਿਊਣ ਦੀਆਂ ਦੁਸ਼ਵਾਰੀਆਂ ਵਿਚ ਉਲਝੇ ਬਹੁਤੇ ਲੋਕ ਤਾਂ ਕਿਸੇ ਵੀ ਵਾਪਰੀ ਘਟਨਾ ਤੋਂ ਇਕ ਤਰ੍ਹਾਂ ਨਿਰਲੇਪ ਹੀ ਰਹਿੰਦੇ ਹਨ। ਕੁਝ ਲੋਕ ਕਿਸੇ ਘਟਨਾ ਨੂੰ ਬਹੁਤ ਸਹਿਜ ਰੂਪ ਵਿਚ ਲੈਂਦੇ ਹਨ। ਕਿਸੇ ਵੀ ਘਟਨਾ ਦੇ ਵਾਪਰਨ ਤੋਂ ਬਾਅਦ ਸਮਾਜ ਦੀ ਬਹੁ-ਗਿਣਤੀ ਦਾ ਵਤੀਰਾ ਤਾਂ 'ਸਾਨੂੰ ਕੀ', 'ਹੋਊ ਪਰ੍ਹੇ', 'ਜਿਹੜਾ ਕਰੇ ਉਹੀ ਭੁਗਤੇ' ਆਦਿ ਜਿਹਾ ਹੁੰਦਾ ਹੈ। ਹਾਲਾਂਕਿ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ, ਜਿਹੜਾ ਸਮੁੱਚੇ ਸਮਾਜ ਲਈ ਬਹੁਤ ਮਾੜਾ ਹੈ ਅਤੇ ਇਸ ਵਿਰੁੱਧ ਸਭ ਨੂੰ ਇਕੱਠੇ ਹੋ ਕੇ ਆਵਾਜ਼ ਉਠਾਉਣੀ ਚਾਹੀਦੀ ਹੈ। ਲੋਕ ਇਹ ਨਹੀਂ ਸੋਚਦੇ ਕਿ ਜੇ ਅੱਜ ਕੋਈ ਘਟਨਾ ਕਿਸੇ ਹੋਰ ਨਾਲ ਵਾਪਰੀ ਹੈ ਤਾਂ ਕੱਲ੍ਹ ਮੇਰੇ ਨਾਲ ਵੀ ਵਾਪਰ ਸਕਦੀ ਹੈ। ਬਹੁਤ ਕੁਝ ਸਹਿ ਕੇ ਵੀ ਲੋਕ ਖ਼ਾਮੋਸ਼ ਰਹਿਣ ਨੂੰ ਤਰਜੀਹ ਦਿੰਦੇ ਹਨ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਸੱਤਾ ਦੇ ਨਸ਼ੇ ਵਿਚ ਚੂਰ ਹੋਏ ਲੋਕ ਆਪਹੁਦਰੀਆਂ ਕਰਨ ਲਈ ਆਜ਼ਾਦ ਹੋ ਜਾਂਦੇ ਹਨ।

ਪੁਲਿਸ, ਪ੍ਰਸ਼ਾਸਨ ਤੇ ਕਾਨੂੰਨ ਵੀ ਇਨ੍ਹਾਂ ਦੀ ਮੁੱਠੀ ਵਿਚ ਹੋਣ ਕਾਰਨ ਇਹ ਜਿਵੇਂ ਚਾਹੁਣ ਉਵੇਂ ਹੀ ਹੁੰਦਾ ਹੈ। ਪੁਲਿਸ ਤੇ ਪ੍ਰਸ਼ਾਸਨ ਵੀ ਦੋਸ਼ੀਆਂ ਦੀ ਹੀ ਪੁਸ਼ਤ-ਪਨਾਹੀ ਕਰਦੇ ਹਨ। ਰਸੂਖਵਾਨ ਧਿਰਾਂ ਸੱਤਾ ਦੀ ਸ਼ਕਤੀ ਤੇ ਪੈਸੇ ਦੇ ਜ਼ੋਰ ਨਾਲ ਸੰਗੀਨ ਜੁਰਮਾਂ 'ਚੋਂ ਵੀ ਅਕਸਰ ਬਚ ਨਿਕਲਣ ਦਾ ਰਾਹ ਤਲਾਸ਼ ਲੈਂਦੇ ਹਨ। ਸਾਡੇ ਦੇਸ਼ ਵਿਚ ਪੈਸੇ ਤੇ ਸ਼ਕਤੀ ਦੀ ਬਦੌਲਤ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਬਣਾਉਣਾ ਆਮ ਵਰਤਾਰਾ ਹੋ ਗਿਆ ਹੈ। ਅਸਲ ਹਕੀਕਤ ਇਹ ਹੈ ਕਿ ਬਹੁਤੇ ਮਾਮਲਿਆ ਵਿਚ ਪੈਸੇ ਤੇ ਰਸੂਖ ਦੀ ਬਦੌਲਤ ਸਭ ਕੁਝ ਘੱਟੇ-ਕੌਡੀਆਂ ਰੁਲ ਜਾਂਦਾ ਹੈ। ਅਦਾਲਤਾਂ ਵਿਚ ਗਵਾਹ ਮੁੱਕਰ ਜਾਂਦੇ ਹਨ। ਇਹ ਕੇਵਲ ਕਹਿਣ ਦੀ ਹੀ ਗੱਲ ਹੈ ਕਿ ਕਾਨੂੰਨ ਦੀ ਨਜ਼ਰ ਵਿਚ ਸਭ ਬਰਾਬਰ ਹਨ, ਵਿਹਾਰਕ ਰੂਪ ਵਿਚ ਕਾਨੂੰਨ ਵੀ ਬੰਦੇ ਦੀ ਹੈਸੀਅਤ ਦੇ ਮੁਤਾਬਿਕ ਹੀ ਚਲਦਾ ਹੈ।

ਅਕਸਰ ਦੇਖਣ ਵਿਚ ਆਇਆ ਹੈ ਕਿ ਕਈ ਵਾਰ ਘਟਨਾ ਸਥਾਨ 'ਤੇ ਹਾਜ਼ਰ ਹੋਣ ਦੇ ਬਾਵਜੂਦ ਸਾਡੀ ਖ਼ਾਮੋਸ਼ੀ ਘਟਨਾ ਨੂੰ ਹੋਰ ਦੁਖਦਾਈ ਬਣਾ ਦਿੰਦੀ ਹੈ। ਅਕਸਰ ਹੀ ਦੇਖਣ ਵਿਚ ਆਇਆ ਹੈ ਕਿ ਕਈ ਵਾਰ ਲੋਕਾਂ ਦੇ ਸਾਹਮਣੇ ਹੀ ਕਿਸੇ ਲੜਕੀ/ਔਰਤ ਨਾਲ ਕੋਈ ਦੁਰ-ਵਿਵਹਾਰ ਕਰ ਰਿਹਾ ਹੋਵੇ ਤਾਂ ਲੋਕ ਸਾਨੂੰ ਕੀ ਕਹਿ ਕੇ ਖ਼ਾਮੋਸ਼ੀ ਧਾਰ ਲੈਂਦੇ ਹਨ। ਕੁੜੀਆਂ ਨੂੰ ਅਗਵਾ ਕਰਨ ਦੀਆਂ ਕਈ ਘਟਨਾਵਾਂ ਕਈ ਵਾਰ ਲੋਕਾਂ ਦੀ ਮੌਜੂਦਗੀ ਵਿਚ ਹੀ ਵਾਪਰਦੀਆਂ ਹਨ, ਪਰ ਕੋਈ ਆਵਾਜ਼ ਉਠਾਉਣ ਦਾ ਜੋਖ਼ਮ ਨਹੀਂ ਲੈਂਦਾ। ਸਮਾਜ ਪ੍ਰਤੀ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਕੱਲ੍ਹ ਨੂੰ ਸਾਡੀ ਆਪਣੀ ਧੀ-ਭੈਣ ਵੀ ਇਸ ਤਰ੍ਹਾਂ ਦੇ ਜਬਰ ਦਾ ਸ਼ਿਕਾਰ ਹੋ ਸਕਦੀ ਹੈ। ਇਸੇ ਖ਼ਾਮੋਸ਼ੀ ਦੀ ਬਦੌਲਤ ਹੀ ਨਿੱਤ ਦਿਨ ਗੁੰਡਾਗਰਦੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਨਿੱਤ ਦਿਨ ਕੁੜੀਆਂ ਨੂੰ ਅਗਵਾ ਕਰਕੇ ਜਬਰਜਨਾਹ ਹੋ ਰਹੇ ਹਨ। ਤੇਜ਼ਾਬ ਪਾ ਕੇ ਕੁੜੀਆਂ ਦੇ ਚਿਹਰੇ ਕਰੂਪ ਕੀਤੇ ਜਾ ਰਹੇ ਹਨ ਤੇ ਉਨ੍ਹਾਂ ਦੇ ਮਨਾਂ ਨੂੰ ਸਦੀਵੀ ਜ਼ਖ਼ਮ ਦੇਣ ਦਾ ਕੋਝਾ ਵਰਤਾਰਾ ਭਾਰੂ ਹੈ। ਆਮ ਸਧਾਰਨ ਵਿਅਕਤੀ ਤਾਂ ਏਨਾ ਲਾਚਾਰ ਹੈ ਕਿ ਉਸ ਦੇ ਕਹਿਣ 'ਤੇ ਤਾਂ ਪੁਲਿਸ ਵਾਲੇ ਦੋਸ਼ੀਆਂ ਖ਼ਿਲਾਫ਼ ਮੁਢਲੀ ਰਿਪੋਰਟ ਵੀ ਦਰਜ ਨਹੀਂ ਕਰਦੇ। ਸਗੋਂ ਉਸ ਨੂੰ ਜ਼ਲੀਲ ਕੀਤਾ ਜਾਂਦਾ ਹੈ। ਉਲਟਾ ਉਸ ਨੂੰ ਹੀ ਦੋਸ਼ੀ ਗਰਦਾਨ ਦਿੱਤਾ ਜਾਂਦਾ ਹੈ। ਅਸੀਂ ਸਾਰੇ ਹੀ ਥੋੜ੍ਹੇ-ਬਹੁਤੇ ਫ਼ਰਕ ਨਾਲ ਇਹ ਜ਼ੁਲਮ ਖ਼ਾਮੋਸ਼ ਰਹਿ ਕੇ ਜਰੀ ਜਾ ਰਹੇ ਹਾਂ। ਕੁੜੀਆਂ/ਔਰਤਾਂ ਦੀ ਮੌਜੂਦਗੀ ਵਿਚ ਗੰਦੀਆਂ ਗਾਲਾਂ, ਭੱਦੇ ਮਜ਼ਾਕ ਤੇ ਬੱਸਾਂ ਵਿਚ ਗੂੰਜਦੇ ਅਸ਼ਲੀਲ ਗੀਤਾਂ ਵਿਰੁੱਧ ਕੋਈ ਵੀ ਆਪਣੀ ਜ਼ੁਬਾਨ ਖੋਲ੍ਹਣ ਲਈ ਤਿਆਰ ਨਹੀਂ ਹੁੰਦਾ। ਬਹੁਗਿਣਤੀ ਦੀ ਇਸ ਖ਼ਾਮੋਸ਼ੀ ਕਾਰਨ ਅਜਿਹੀ ਬਿਮਾਰ ਮਾਨਸਿਕਤਾ ਵਾਲੇ ਲੋਕਾਂ ਨੂੰ ਸ਼ਹਿ ਮਿਲਦੀ ਹੈ। ਰਿਸ਼ਵਤ 'ਤੇ ਭ੍ਰਿਸ਼ਟਾਚਾਰ ਨੇ ਪੂਰੇ ਸਮਾਜ ਨੂੰ ਜ਼ੰਜੀਰਾਂ ਦੀ ਤਰ੍ਹਾਂ ਜਕੜਿਆ ਪਿਆ ਹੈ। ਭ੍ਰਿਸ਼ਟਾਚਾਰੀਆਂ ਨੇ ਇਸ ਤਰ੍ਹਾਂ ਦਾ ਤਾਣਾ-ਬਾਣਾ ਬੁਣਿਆ ਹੋਇਆ ਹੈ ਕਿ ਕੋਈ ਥਾਂ ਵੀ ਉਨ੍ਹਾਂ ਤੋਂ ਮਹਿਫੂਜ਼ ਨਹੀਂ ਹੈ। ਕਈ ਵਾਰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਪਿੰਡ ਦੀ ਪੰਚਾਇਤ ਤੋਂ ਲੈ ਕੇ ਸੰਸਦ ਭਵਨ ਤੱਕ ਸਭ ਕੁਝ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਖੁੱਭਿਆ ਪਿਆ ਹੈ। ਭ੍ਰਿਸ਼ਟਾਚਾਰ ਰੂਪੀ ਕੋਹੜ ਤੋਂ ਦੇਸ਼ ਦਾ ਹਰ ਵਿਅਕਤੀ ਪੀੜਤ ਹੈ ਪਰ ਇਸ ਦਰਦ ਨੂੰ ਹਰ ਕੋਈ ਇਕੱਲਾ-ਇਕੱਲਾ ਸਹਿ ਕੇ ਜੀਵਨ ਰੂਪੀ ਗੱਡੀ ਨੂੰ ਤੋਰੀ ਜਾ ਰਿਹਾ ਹੈ। ਸਿਆਸੀ ਭ੍ਰਿਸ਼ਟਾਚਾਰ ਨੇ ਤਾਂ ਸਭ ਹੱਦਾਂ-ਬੰਨੇ ਪਾਰ ਕਰ ਦਿੱਤੇ ਹਨ। ਲੋਕ ਆਪਣੇ ਕੰਮ ਕਰਾਉਣ ਲਈ ਦਫ਼ਤਰ ਵਿਚ ਗਈ ਫਾਈਲ ਨੂੰ ਨੋਟਾਂ ਦੇ ਪਹੀਏ ਲਾ ਕੇ ਅੱਗੇ ਤੋਰਦੇ ਹਨ ਤੇ ਕੰਮ ਹੋਣ 'ਤੇ ਖ਼ੁਸ਼ੀ ਮਨਾਉਂਦੇ ਹਨ, ਪਰ ਭ੍ਰਿਸ਼ਟ ਸਿਸਟਮ ਦੇ ਵਿਰੁੱਧ ਕੋਈ ਵੀ ਆਵਾਜ਼ ਉਠਾਉਣ ਲਈ ਤਿਆਰ ਨਹੀਂ ਹੈ। ਭ੍ਰਿਸ਼ਟਤੰਤਰ ਤੋਂ ਹਰ ਕੋਈ ਦੁਖੀ ਹੈ ਪਰ ਇਸ ਵਿਰੁੱਧ ਇਕੱਠੇ ਹੋ ਕੇ ਸੰਘਰਸ਼ ਲੜਨ ਲਈ ਬਹੁਤੇ ਲੋਕ ਤਿਆਰ ਨਹੀਂ ਹੁੰਦੇ। ਲੋਕ ਹਰ ਵਾਰ ਹੀ ਚੋਣਾਂ ਵਿਚ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਗਲ-ਗਲ ਤੱਕ ਗਰਕੀਆਂ ਸਿਆਸੀ ਪਾਰਟੀਆਂ ਨੂੰ ਜਿਤਾ ਕੇ ਉਨ੍ਹਾਂ ਨੂੰ ਰਾਜ-ਭਾਗ ਸੌਂਪ ਦਿੰਦੇ ਹਨ। ਹੈਰਾਨੀਜਨਕ ਗੱਲ ਹੈ ਕਿ ਚੋਣਾਂ ਸਮੇਂ ਭ੍ਰਿਸ਼ਟਾਚਾਰ ਨੂੰ ਕਦੇ ਵੀ ਮੁੱਦਾ ਨਹੀਂ ਬਣਾਇਆ ਜਾਂਦਾ। ਅਫ਼ਸਰਸ਼ਾਹੀ ਦੀਆਂ ਮਨਮਾਨੀਆਂ ਦੇ ਖ਼ਿਲਾਫ਼ ਵੀ ਕੋਈ ਆਵਾਜ਼ ਨਹੀਂ ਉਠਾਈ ਜਾਂਦੀ। ਜੇ ਇਕੱਲੀ ਕਹਿਰੀ ਆਵਾਜ਼ ਉੱਠਦੀ ਵੀ ਹੈ ਤਾਂ ਇਸ ਨਗਾਰਖਾਨੇ 'ਚ ਤੂਤੀ ਦੀ ਆਵਾਜ਼ ਦੀ ਤਰ੍ਹਾਂ ਗਵਾਚ ਜਾਂਦੀ ਹੈ।

ਦਾਜ ਰੂਪੀ ਦੈਂਤ ਹਰ ਰੋਜ਼ ਹੀ ਧੀਆਂ ਦੀ ਬਲੀ ਲੈ ਰਿਹਾ ਹੈ। ਨਿੱਤ ਦਿਨ ਅਖ਼ਬਾਰਾਂ ਵਿਚ ਅਜਿਹੀਆਂ ਖ਼ਬਰਾਂ ਛਪਦੀਆਂ ਹਨ, ਜਿਨ੍ਹਾਂ ਵਿਚ ਦਾਜ ਦੀ ਅੰਨ੍ਹੀ ਲਾਲਸਾ ਕਾਰਨ ਸਹੁਰੇ ਘਰ ਵਲੋਂ ਨੂੰਹਾਂ ਨੂੰ ਸਰੀਰਕ ਤੇ ਮਾਨਸਿਕ ਰੂਪ ਵਿਚ ਏਨਾ ਪ੍ਰੇਸ਼ਾਨ ਕੀਤਾ ਜਾਂਦਾ ਹੈ ਕਿ ਉਹ ਉਸ ਰਾਹ ਤੁਰ ਜਾਂਦੀਆਂ ਹਨ, ਜਿੱਥੋਂ ਕਦੇ ਕੋਈ ਵਾਪਸ ਨਹੀਂ ਪਰਤਿਆ। ਆਪਣੇ-ਆਪਣੇ ਪੱਧਰ 'ਤੇ ਹਰ ਕੋਈ ਦੁਖੀ ਹੈ। ਧੀਆਂ ਦੇ ਮਾਪੇ ਪਹਿਲਾਂ ਪੜ੍ਹਾਈ 'ਤੇ ਲੱਖਾਂ ਰੁਪਏ ਖ਼ਰਚਦੇ ਹਨ, ਫਿਰ ਅਜੋਕੇ ਸਮੇਂ ਵਿਚ ਲੜਕੀ ਦਾ ਵਿਆਹ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਲੱਖਾਂ ਰੁਪਏ ਖ਼ਰਚ ਕੇ ਵੀ ਕਈ ਮਾਪੇ ਧੀਆਂ ਵਲੋਂ ਮਾਨਸਿਕ ਰੂਪ ਵਿਚ ਦੁਖੀ ਹੀ ਨਜ਼ਰ ਆਉਂਦੇ ਹਨ। ਇਹੋ ਜਿਹੇ ਲੋਕਾਂ ਵਿਰੁੱਧ ਸਮਾਜ ਨੂੰ ਇਕ ਮੁੱਠ ਹੋ ਕੇ ਆਵਾਜ਼ ਉਠਾਉਣੀ ਚਾਹੀਦੀ ਹੈ ਤਾਂ ਕਿ ਅਜਿਹੇ ਲੋਕ ਅਲੱਗ-ਥਲੱਗ ਪੈ ਜਾਣ। ਬਾਲੜੀਆਂ, ਲੜਕੀਆਂ ਤੇ ਔਰਤਾਂ ਹਰ ਰੋਜ਼ ਛੇੜ-ਛਾੜ ਤੇ ਜਬਰ ਜਨਾਹ ਦੀਆਂ ਸ਼ਿਕਾਰ ਹੋ ਰਹੀਆਂ ਹਨ। ਕੌਣ ਲੋਕ ਨੇ ਇਹੋ ਜਿਹੇ ਘਿਣਾਉਣੇ ਕਾਰੇ ਕਰਨ ਵਾਲੇ?

ਬਿਨਾਂ ਸ਼ੱਕ ਇਹ ਸਾਡੇ ਆਲੇ-ਦੁਆਲੇ ਵਿਚ ਹੀ ਵਿਚਰਦੇ ਹਨ। ਅਜਿਹੇ ਲੋਕਾਂ ਪ੍ਰਤੀ ਸਾਡੀ ਖ਼ਾਮੋਸ਼ੀ ਨੇ ਸਥਿਤੀ ਨੂੰ ਹੋਰ ਬਦਤਰ ਬਣਾਉਣ ਵਿਚ ਆਪਣਾ ਹਿੱਸਾ ਪਾਇਆ ਹੈ। ਇਹੋ ਜਿਹੀਆਂ ਘਟਨਾਵਾਂ ਵਿਚ ਸ਼ਾਮਿਲ ਲੋਕਾਂ ਦਾ ਸਮਾਜਿਕ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ।

ਪੰਜਾਬ ਦੀ ਜਵਾਨੀ ਸ਼ਰਾਬ ਤੇ ਹੋਰ ਨਸ਼ਿਆਂ ਵਿਚ ਗਲਤਾਨ ਹੋ ਰਹੀ ਹੈ। ਇਸ ਰੁਝਾਨ ਤੋਂ ਸਹੀ ਸੋਚ ਵਾਲਾ ਹਰ ਵਿਅਕਤੀ ਦੁਖੀ ਹੈ। ਹਰ ਚੋਣ ਸਮੇਂ ਸਿਆਸੀ ਪਾਰਟੀਆਂ ਹਰ ਪ੍ਰਕਾਰ ਦੇ ਨਸ਼ੇ ਵੰਡਦੀਆਂ ਹਨ। ਇਸ ਬਰਬਾਦੀ ਵਿਰੁੱਧ ਵੀ ਸਮਾਜ ਨੂੰ ਆਪਣੀ ਖ਼ਾਮੋਸ਼ੀ ਤੋੜਨ ਦੀ ਫੌਰੀ ਲੋੜ ਹੈ। ਉਨ੍ਹਾਂ ਸ਼ਕਤੀਆਂ ਦੀ ਨਿਸ਼ਾਨਦੇਹੀ ਕੀਤੀ ਜਾਣੀ ਚਾਹੀਦੀ ਹੈ, ਜਿਹੜੀਆਂ ਨਸ਼ਿਆਂ ਦੇ ਵਪਾਰ ਵਿਚ ਹੱਥ ਰੰਗ ਰਹੀਆਂ ਰਹੀਆਂ ਹਨ ਤੇ ਪੰਜਾਬ ਨੂੰ ਤਬਾਹ ਕਰਨ 'ਤੇ ਤੁਲੀਆਂ ਹੋਈਆਂ ਹਨ। ਘਰਾਂ ਦੇ ਘਰ ਬਰਬਾਦ ਹੋ ਰਹੇ ਹਨ ਪਰ ਅਸੀਂ ਇਸ ਵਰਤਾਰੇ ਤੋਂ ਅੱਖਾਂ ਮੀਟੀਆਂ ਹੋਈਆਂ ਹਨ। ਜੇ ਅਸੀਂ ਨਾ ਜਾਗੇ ਤਾਂ ਇਹ ਅੱਗ ਇਕ ਦਿਨ ਸਾਡੇ ਘਰ ਨੂੰ ਵੀ ਆਪਣੀ ਲਪੇਟ ਵਿਚ ਲੈਣ ਤੋਂ ਗੁਰੇਜ਼ ਨਹੀਂ ਕਰੇਗੀ। ਸਿਆਸੀ ਪਾਰਟੀਆ ਅਜਿਹੇ ਮੁੱਦਿਆਂ ਪ੍ਰਤੀ ਗੰਭੀਰ ਨਹੀਂ ਹਨ ਤੇ ਹਰ ਮਸਲੇ 'ਤੇ ਸਿਆਸਤ ਕੀਤੀ ਜਾ ਰਹੀ ਹੈ।

ਪੰਜਾਬ ਦਾ ਪਾਣੀ, ਹਵਾ ਗੰਧਲੇ ਹੋ ਚੁੱਕੇ ਹਨ। ਫ਼ਸਲਾਂ 'ਤੇ ਵਰਤੀਆਂ ਜਾ ਰਹੀਆਂ ਜ਼ਹਿਰਾਂ ਨਾਲ ਪੰਜਾਬ ਭਿਆਨਕ ਬਿਮਾਰੀਆਂ ਦੀ ਲਪੇਟ ਵਿਚ ਆ ਚੁੱਕਾ ਹੈ। ਧਰਤੀ ਹੇਠਲਾ ਪਾਣੀ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ, ਪਰ ਕੋਈ ਗੰਭੀਰ ਚਿੰਤਾ ਦਿਖਾਈ ਨਹੀਂ ਦਿੰਦੀ। ਹਰ ਸਾਲ ਹੀ ਹੱਥੀਂ ਲਾਈਆਂ ਅੱਗ ਦੀਆਂ ਲਾਟਾਂ ਨਾਲ ਅਸੀਂ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਰਹੇ ਹਾਂ। ਦਰਦਨਾਕ ਹਾਦਸੇ ਤਾਂ ਵਾਪਰਦੇ ਹੀ ਹਨ, ਅਸੀਂ ਰੁੱਖਾਂ-ਬੂਟਿਆਂ ਤੇ ਪਰਿੰਦਿਆਂ ਲਈ ਵੀ ਕਾਲ ਬਣੇ ਹੋਏ ਹਾਂ। ਇਕ ਪਾਸੇ ਸਰਕਾਰਾਂ ਕਈ ਤਰ੍ਹਾਂ ਦੇ ਰੰਗੀਨ ਸੁਪਨੇ ਲੋਕਾਂ ਨੂੰ ਦਿਖਾ ਕੇ ਆਚੰਭਿਤ ਕਰ ਰਹੀਆਂ ਹਨ, ਦੂਜੇ ਪਾਸੇ ਸਰਕਾਰੀ ਸਕੂਲਾਂ ਵਿਚ ਅਧਿਆਪਕ ਨਹੀਂ ਹਨ, ਸਿਹਤ ਕੇਂਦਰਾਂ ਵਿਚ ਡਾਕਟਰ ਤੇ ਦਵਾਈਆਂ ਨਹੀਂ ਹਨ, ਦਫ਼ਤਰਾਂ ਦੇ ਕੁਝ ਕਰਮਚਾਰੀ ਰਿਸ਼ਵਤਖੋਰ ਤੇ ਕੰਮਚੋਰ ਹੋ ਗਏ ਹਨ। ਇਸ ਵਰਤਾਰੇ ਤੋਂ ਹਰ ਕੋਈ ਦੁਖੀ ਹੈ, ਪਰ ਖ਼ਾਮੋਸ਼ੀ ਨਾਲ ਹਰ ਕੋਈ ਸਭ ਕੁਝ ਸਹਿਣ ਕਰੀ ਜਾ ਰਿਹਾ ਹੈ। ਅਸੀਂ ਇਕੱਲੇ-ਇਕੱਲੇ ਮਾਰ ਖਾਈ ਜਾ ਰਹੇ ਹਾਂ ਪਰ ਇਸ ਸਥਿਤੀ ਵਿਰੁੱਧ ਆਵਾਜ਼ ਉਠਾਉਣ ਲਈ ਤਿਆਰ ਨਹੀਂ ਹਾਂ। ਜੇਕਰ ਅਸੀਂ ਅਜੇ ਵੀ ਚੁੱਪ ਧਾਰੀ ਰੱਖੀ ਤਾਂ ਸਥਿਤੀ ਹੋਰ ਭਿਆਨਕ ਹੋਣ ਤੋਂ ਰੋਕੀ ਨਹੀਂ ਜਾ ਸਕਣੀ।


Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

# ਕਈ ਤਰ੍ਹਾਂ ਦੀਆਂ ਚੁਣੌਤੀਆਂ ਨਾਲ ਜੂਝ ਰਿਹਾ ਅਰਥਚਾਰਾ

**-ਧਰਮਕੀਰਤੀ ਜੋਸ਼ੀ**

ਭਾਰਤੀ ਰਿਜ਼ਰਵ ਬੈਂਕ ਦੀ ਮੁਦਰਾ ਨੀਤੀ ਕਮੇਟੀ ਯਾਨੀ ਐਮਪੀਸੀ ਦੀ ਦੋ ਦਿਨ ਤੱਕ ਚੱਲੀ ਬੈਠਕ ਤੋਂ ਬਾਅਦ ਵੀਰਵਾਰ ਨੂੰ ਕੇਂਦਰੀ ਬੈਂਕ ਨੇ ਨੀਤੀਗਤ ਵਿਆਜ ਦਰਾਂ ਨੂੰ 6.5 ਫ਼ੀਸਦੀ 'ਤੇ ਕਾਇਮ ਰੱਖਣ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਈਐੱਮਆਈ ਘਟਣ ਦੀਆਂ ਉਮੀਦਾਂ ਫ਼ਿਲਹਾਲ ਭਾਵੇਂ ਹੀ ਟੁੱਟ ਗਈਆਂ ਹੋਣ ਪਰ ਮੌਜੂਦਾ ਹਾਲਾਤ 'ਚ ਲੋਕਾਂ ਲਈ ਇਹ ਬਹੁਤ ਵੱਡੀ ਰਾਹਤ ਕਹੀ ਜਾ ਸਕਦੀ ਹੈ ਕਿ ਮਹੀਨਾਵਾਰ ਕਿਸ਼ਤਾਂ ਹਾਲੇ ਹੋਰ ਨਹੀਂ ਵਧਣ ਵਾਲੀਆਂ।

ਪਿਛਲੇ ਕੁਝ ਸਮੇਂ ਦੌਰਾਨ ਮਹਿੰਗਾਈ ਦੇ ਮੋਰਚੇ 'ਤੇ ਮਿਲੀ ਰਾਹਤ ਨਾਲ ਆਰਬੀਆਈ ਨੇ ਵਿਆਜ ਦਰਾਂ 'ਚ ਵਾਧਾ ਨਾ ਕਰਨਾ ਹੀ ਉੱਚਿਤ ਸਮਝਿਆ। ਇਸ ਲਿਹਾਜ਼ ਨਾਲ ਉਸ ਦਾ ਇਹ ਰੁਖ਼ ਉਮੀਦ ਦੇ ਅਨੁਸਾਰ ਹੀ ਰਿਹਾ। ਹਾਲਾਂਕਿ ਮਹਿੰਗਾਈ ਨੂੰ ਲੈ ਕੇ ਜੋਖ਼ਮ ਹਾਲੇ ਵੀ ਬਣੇ ਹੋਏ ਹਨ ਅਤੇ ਰਿਜ਼ਰਵ ਬੈਂਕ ਵੀ ਇਨ੍ਹਾਂ ਤੋਂ ਭਲੀਭਾਂਤ ਜਾਣੂ ਹੈ। ਫਿਰ ਵੀ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਜਿੱਥੇ ਦੁਨੀਆ ਭਰ 'ਚ ਵਿਆਜ ਦਰਾਂ 'ਚ ਵਾਧੇ ਦਾ ਸਿਲਸਿਲਾ ਜਾਰੀ ਹੈ, ਉੱਥੇ ਹੀ ਭਾਰਤ 'ਚ ਇਸ ਰੁਝਾਨ 'ਚ ਕੁਝ ਸਥਾਈਪਣ ਆਇਆ ਹੈ। ਹਾਲ ਦੇ ਦੌਰ 'ਚ ਆਰਥਿਕ ਹਾਲਾਤ 'ਤੇ ਹੋਰ ਵੀ ਕਈ ਹਾਂ-ਪੱਖੀ ਸੰਕੇਤ ਸਕੂਨ ਦੇਣ ਵਾਲੇ ਹਨ। ਵਿੱਤੀ ਵਰ੍ਹੇ 2022-23 'ਚ ਕੁੱਲ ਘਰੇਲੂ ਉਤਪਾਦ ਯਾਨੀ ਜੀਡੀਪੀ ਦੇ ਅੰਕੜਿਆਂ ਨੇ ਉਮੀਦ ਤੋਂ ਕਿਤੇ ਬਿਹਤਰ ਤਸਵੀਰ ਦਿਖਾਈ। ਇਸ ਦੌਰਾਨ ਜੀਡੀਪੀ ਵਿਕਾਸ ਦਰ 7.2 ਫ਼ੀਸਦੀ ਰਹੀ ਜਦਕਿ ਐਨਐਸਓ ਨੇ ਇਸ ਸਮੇਂ 'ਚ ਸੱਤ ਫ਼ੀਸਦੀ ਵਾਧੇ ਦਾ ਅਨੁਮਾਨ ਲਾਇਆ ਸੀ। ਤਿਮਾਹੀ ਆਧਾਰ 'ਤੇ ਵੀ ਜੀਡੀਪੀ ਦੇ ਅੰਕੜੇ ਤੇਜ਼ੀ ਦਰਸਾਉਂਦੇ ਹਨ।

ਆਰਥਿਕ ਗਤੀਵਿਧੀਆਂ ਦੇ ਇਕ ਪ੍ਰਮੁੱਖ ਮਾਪਕ ਪਰਚੇਜ਼ਿੰਗ ਮੈਨੇਜਰਜ਼ ਇੰਡੈਕਸ ਯਾਨੀ ਪੀਐੱਮਆਈ ਦਾ ਪੱਧਰ ਵੀ ਤੇਜ਼ ਵਿਕਾਸ ਦੇ ਰੁਝਾਨ ਦਿਖਾਉਂਦਾ ਹੈ। ਸੇਵਾ ਖੇਤਰ 'ਚ ਪੀਐੱਮਆਈ ਦਾ ਅਪਡੇਟ ਅੰਕੜਾ 60 ਤੋਂ ਉੱਪਰ ਤਾਂ ਮਨੂੰਫੈਕਚਰਿੰਗ 'ਚ 58 ਦਾ ਰਿਹਾ। ਪੀਐੱਮਆਈ ਦਾ 50 ਤੋਂ ਉੱਪਰ ਦਾ ਅੰਕੜਾ ਬਹੁਤ ਚੰਗਾ ਮੰਨਿਆ ਜਾਂਦਾ ਹੈ। ਇਨ੍ਹਾਂ ਸਾਰੇ ਪਹਿਲੂਆਂ ਦੇ ਆਧਾਰ 'ਤੇ ਹੀ ਭਾਰਤ ਦੁਨੀਆ ਦੇ ਵੱਡੇ ਅਰਥਚਾਰਿਆਂ 'ਚੋਂ ਸਭ ਤੋਂ ਤੇਜ਼ ਵਿਕਾਸ ਦਰ ਦਰਜ ਕਰਨ 'ਚ ਸਫਲ ਰਿਹਾ ਹੈ।

ਚਾਲੂ ਵਿੱਤੀ ਵਰ੍ਹੇ ਦੀ ਸ਼ੁਰੂਆਤ ਵੀ ਭਾਰਤੀ ਅਰਥਚਾਰੇ ਲਈ ਉਮੀਦ ਮੁਤਾਬਕ ਬਿਹਤਰ ਰਹੀ ਹੈ। ਇਸ ਦਰਮਿਆਨ ਕਈ ਮੁਸ਼ਕਲਾਂ ਦੂਰ ਹੁੰਦੀਆਂ ਦਿਸੀਆਂ ਹਨ। ਰੂਸ-ਯੂਕਰੇਨ ਯੁੱਧ ਤੋਂ ਬਾਅਦ ਆਲਮੀ ਬਾਜ਼ਾਰ 'ਚ ਕੁਝ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਵਧ ਗਈਆਂ ਸਨ। ਯੁੱਧ ਦੇ ਅਨਿਸ਼ਚਿਤ ਦੌਰ 'ਚ ਦਾਖ਼ਲ ਹੋਣ ਨਾਲ ਇਨ੍ਹਾਂ ਚੀਜ਼ਾਂ ਦੇ ਸੰਦਰਭ 'ਚ ਆਰਥਿਕ ਸਮੀਕਰਨ ਵਿਗੜਦੇ ਦਿਸ ਰਹੇ ਸਨ ਪਰ ਚੰਗੀ ਗੱਲ ਇਹ ਹੈ ਕਿ ਦੁਨੀਆ ਨੇ ਇਸ ਸਥਿਤੀ ਨਾਲ ਤਾਲਮੇਲ ਬਿਠਾ ਲਿਆ ਹੈ। ਊਰਜਾ ਵਸੀਲਿਆਂ ਤੋਂ ਲੈ ਕੇ ਖ਼ੁਰਾਕੀ ਵਸਤੂਆਂ ਦੀਆਂ ਕੀਮਤਾਂ 'ਚ ਆਇਆ ਸਥਾਈਪਣ ਇਸ ਵੱਲ ਸੰਕੇਤ ਕਰ ਰਿਹਾ ਹੈ। ਭਾਰਤ ਲਈ ਵੀ ਆਯਾਤ ਬਿੱਲ 'ਤੇ ਇਸ ਦੇ ਹਾਂ-ਪੱਖੀ ਨਤੀਜੇ ਹੋਣਗੇ, ਜਿਸ ਨਾਲ ਚਾਲੂ ਖਾਤਾ ਘਾਟੇ ਦੀ ਸਮੱਸਿਆ ਦਾ ਕੁਝ ਹੱਦ ਤੱਕ ਹੱਲ ਨਿਕਲੇਗਾ। ਪਿਛਲੇ ਵਿੱਤੀ ਵਰ੍ਹੇ ਕੋਵਿਡ ਤੋਂ ਬਾਅਦ ਪਹਿਲੀ ਵਾਰ ਕਈ ਖੇਤਰਾਂ 'ਚ ਸੁਧਾਰ ਵੀ ਦੇਖਣ ਨੂੰ ਮਿਲਿਆ। ਕੋਵਿਡ ਪਾਬੰਦੀ ਹਟਣ ਤੋਂ ਬਾਅਦ ਵਿਸ਼ੇਸ਼ ਤੌਰ 'ਤੇ ਹੋਟਲ, ਰੈਸਟੋਰੈਂਟ ਅਤੇ ਜਹਾਜ਼ਰਾਨੀ ਖੇਤਰ 'ਚ ਜਬਰਦਸਤ ਤੇਜ਼ੀ ਦੇਖਣ ਨੂੰ ਮਿਲੀ। ਖੇਤੀ ਤੋਂ ਲੈ ਕੇ ਉਸਾਰੀ ਜਿਹੇ ਵੱਡੇ ਰੁਜ਼ਗਾਰ ਦੇਣ ਵਾਲੇ ਖੇਤਰਾਂ ਦਾ ਵੀ ਵਧੀਆ ਪ੍ਰਦਰਸ਼ਨ ਦੇਖਣ ਨੂੰ ਮਿਲਿਆ। ਘਰੇਲੂ ਮੰਗ ਖ਼ਾਸ ਕਰਕੇ ਸ਼ਹਿਰੀ ਖੇਤਰ 'ਚ ਖਪਤ ਦਾ ਪੱਧਰ ਸੁਧਰਿਆ ਹੈ।

ਜੀਐੱਸਟੀ, ਆਈਬੀਸੀ, ਰੇਰਾ ਅਤੇ ਕਿਰਤ ਕਾਨੂੰਨਾਂ ਨੂੰ ਨਿਯਮਬੱਧ ਕਰਨ ਜਿਹੇ ਕਈ ਢਾਂਚਾਗਤ ਸੁਧਾਰ ਦੇ ਕਦਮ ਚੁੱਕੇ ਗਏ ਹਨ। ਵਰਲਡ ਬੈਂਕ ਦੇ ਈਜ਼ ਆਫ ਡੂਇੰਗ ਬਿਜ਼ਨੈੱਸ ਇੰਡੈਕਸ 'ਚ ਭਾਰਤ ਦੀ ਰੈਂਕਿੰਗ 'ਚ 79 ਥਾਵਾਂ ਦਾ ਸੁਧਾਰ ਆਇਆ ਹੈ। ਮਨੂੰਫੈਕਚਰਿੰਗ ਨੂੰ ਬੜ੍ਹਾਵਾ ਦੇਣ ਲਈ ਪੀਐੱਲਆਈ ਸਕੀਮ ਲਾਂਚ ਕੀਤੀ ਗਈ ਹੈ। ਅਨੁਮਾਨ ਹੈ ਕਿ ਅਗਲੇ ਕੁਝ ਸਾਲਾਂ 'ਚ ਦੁਨੀਆ 'ਚ ਵਿਕਣ ਵਾਲੇ ਅੱਧੇ ਆਈਫੋਨ ਭਾਰਤ 'ਚ ਬਣਨਗੇ। ਐੱਮਐੱਸਐੱਮਈ ਦੀ ਪਰਿਭਾਸ਼ਾ 'ਚ ਤਬਦੀਲੀ ਅਤੇ ਕਾਰਪੋਰੇਟ ਟੈਕਸ 'ਚ ਕਮੀ ਨਾਲ ਨਿਵੇਸ਼ ਦਾ ਮਾਹੌਲ ਸੁਧਰਿਆ ਹੈ। ਸਟਾਰਟਅਪ ਇੰਡੀਆ ਦੇ ਦਮ 'ਤੇ ਅੱਜ 100 ਤੋਂ ਜ਼ਿਆਦਾ ਯੂਨੀਕਾਰਨ ਨਾਲ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟਅਪ ਈਕੋਸਿਸਟਮ ਹੈ। ਐਗਰੀ-ਟੈਕ ਨਾਲ ਖੇਤੀ ਜਿਹੇ ਰਵਾਇਤੀ ਖੇਤਰ 'ਚ ਵਿਆਪਕ ਤਬਦੀਲੀ ਹੋ ਰਹੀ ਹੈ।

ਅਜਿਹੇ ਅਨੁਕੂਲ ਹਾਲਾਤ ਦੇ ਬਾਵਜੂਦ ਕੁਝ ਸਖ਼ਤ ਚੁਣੌਤੀਆਂ ਹਾਲੇ ਵੀ ਬਣੀਆਂ ਹੋਈਆਂ ਹਨ, ਜਿਨ੍ਹਾਂ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਅਮਰੀਕਾ ਤੇ ਯੂਰਪ 'ਚ ਇਸ ਸਮੇਂ ਆਰਥਿਕਤਾ ਭਾਵੇਂ ਹੀ ਠੀਕ-ਠਾਕ ਪ੍ਰਦਰਸ਼ਨ ਕਰ ਰਹੀ ਹੋਵੇ ਪਰ ਆਉਣ ਵਾਲੇ ਸਮੇਂ 'ਚ ਇੱਥੇ ਆਰਥਿਕ ਮੰਦੀ ਦੀ ਸਥਿਤੀ ਨੂੰ ਨਕਾਰਿਆ ਨਹੀਂ ਜਾ ਸਕਦਾ। ਜੇ ਇਨ੍ਹਾਂ ਬਾਜ਼ਾਰਾਂ 'ਚ ਮੰਦੀ ਨੇ ਦਸਤਕ ਦਿੱਤੀ ਤਾਂ ਦੇਸ਼ 'ਚ ਹੋਣ ਵਾਲੇ ਨਿਰਯਾਤ 'ਤੇ ਵੀ ਇਸ ਦਾ ਬੁਰਾ ਅਸਰ ਪਵੇਗਾ ਕਿਉਂਕਿ ਭਾਰਤ 'ਚ ਤਿਆਰ ਵਸਤੂ ਨਿਰਯਾਤ ਦਾ ਤਕਰੀਬਨ 35 ਫ਼ੀਸਦੀ ਇਨ੍ਹਾਂ ਹੀ ਦੇਸ਼ਾਂ ਨੂੰ ਹੁੰਦਾ ਹੈ। ਪੱਛਮੀ ਦੇਸ਼ਾਂ 'ਚ ਮੰਦੀ ਦਾ ਕੇਵਲ ਨਿਰਯਾਤ ਹੀ ਨਹੀਂ ਸਗੋਂ ਦੇਸ਼ 'ਚ ਹੋਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਯਾਨੀ ਐੱਫਡੀਆਈ 'ਤੇ ਵੀ ਨਾਂਹ-ਪੱਖੀ ਅਸਰ ਪਵੇਗਾ। ਪਿਛਲੇ ਵਿੱਤੀ ਵਰ੍ਹੇ ਐੱਫਡੀਆਈ 'ਚ ਕਮੀ ਇਸ ਵੱਲ ਸੰਕੇਤ ਕਰਦੀ ਹੈ ਅਤੇ ਜੇ ਇਹ ਕਮੀ ਚਾਲੂ ਵਿੱਤੀ ਵਰ੍ਹੇ ਵੀ ਜਾਰੀ ਰਹਿੰਦੀ ਹੈ ਤਾਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਅੰਕਟਾਡ ਤੋਂ ਲੈ ਕੇ ਓਈਸੀਡੀ ਦੀ ਰਿਪੋਰਟ ਇਸ ਦਿਸ਼ਾ 'ਚ ਕਾਫ਼ੀ ਕੁਝ ਕਹਿੰਦੀ ਹੈ। ਇਸ ਦੇ ਬਾਵਜੂਦ ਭਾਰਤ ਜੀ-20 ਅਰਥਚਾਰਿਆਂ 'ਚ ਠੀਕ-ਠਾਕ ਸਿੱਧਾ ਵਿਦੇਸ਼ੀ ਨਿਵੇਸ਼ ਪ੍ਰਾਪਤ ਕਰਨ ਵਾਲੇ ਦੇਸ਼ਾਂ 'ਚ ਉੱਪਰਲੇ ਸਥਾਨ 'ਤੇ ਬਣਿਆ ਰਹੇਗਾ।

ਇਸ ਸਮੇਂ ਦੁਨੀਆ ਦੀਆਂ ਵੱਡੀਆਂ ਕੰਪਨੀਆਂ ਚੀਨ ਨੂੰ ਛੱਡ ਕੇ ਹੋਰ ਕਿਸੇ ਦੇਸ਼ 'ਚ ਆਪਣੀਆਂ ਬਦਲਵੀਆਂ ਮਨੂੰਫੈਕਚਰਿੰਗ ਗਤੀਵਿਧੀਆਂ ਨੂੰ ਚਲਾਉਣ ਦੀ ਰਣਨੀਤੀ 'ਤੇ ਕੰਮ ਕਰ ਰਹੀਆਂ ਹਨ। ਇਸ 'ਚ ਭਾਰਤ ਵੀ ਇਕ ਪ੍ਰਮੁੱਖ ਦਾਅਵੇਦਾਰ ਹੈ ਪਰ ਇਸ ਮਾਮਲੇ 'ਚ ਇਕ ਆਕਰਸ਼ਕ ਨਿਵੇਸ਼ ਮੰਜ਼ਿਲ ਬਣਨ ਲਈ ਭਾਰਤ ਨੂੰ ਕਈ ਪਹਿਲੂਆਂ ਨੂੰ ਦਰੁਸਤ ਕਰਨਾ ਹੋਵੇਗਾ। ਇਸ ਨਾਲ ਨਾ ਕੇਵਲ ਦੇਸ਼ 'ਚ ਵਿਦੇਸ਼ੀ ਨਿਵੇਸ਼ ਦਾ ਰਾਹ ਖੁੱਲ੍ਹੇਗਾ ਸਗੋਂ ਮਨੂੰਫੈਕਚਰਿੰਗ ਗਤੀਵਿਧੀਆਂ ਨੂੰ ਬੜ੍ਹਾਵਾ ਮਿਲਣ ਦੇ ਨਾਲ ਹੀ ਰੁਜ਼ਗਾਰ ਸਿਰਜਣ ਅਤੇ ਨਿਰਯਾਤ 'ਚ ਵੀ ਤੇਜ਼ੀ ਆਵੇਗੀ। ਮੋਬਾਈਲ ਹੈਂਡਸੈਟ ਤਿਆਰ ਕਰਨਾ ਇਸ ਦੀ ਇਕ ਵੱਡੀ ਉਦਾਹਰਨ ਹੈ, ਜਿੱਥੇ ਵੱਡੇ ਪੱਧਰ 'ਤੇ ਦੇਸ਼ ਤੋਂ ਨਿਰਯਾਤ ਹੋਣਾ ਸ਼ੁਰੂ ਹੋਇਆ ਹੈ। ਹਾਲਾਂਕਿ ਇਸ 'ਚ ਮੁੱਖ ਤੌਰ 'ਤੇ ਹੁਣ ਤੱਕ ਅਸੈਂਬਲਿੰਗ ਹੀ ਹੁੰਦੀ ਹੈ, ਜਿਸ ਲਈ ਵੱਡੀ ਗਿਣਤੀ 'ਚ ਕਲਪੁਰਜ਼ੇ ਕਈ ਦੇਸ਼ਾਂ ਤੋਂ ਆਯਾਤ ਕੀਤੇ ਜਾਂਦੇ ਹਨ ਤਾਂ ਨਿਰਯਾਤ ਦਾ ਲਾਭ ਲਗਭਗ ਬਰਾਬਰ ਹੋ ਜਾਂਦਾ ਹੈ। ਇਸ ਲਈ 'ਚੀਨ ਪਲੱਸ ਵਨ' ਦੀ ਆਲਮੀ ਰਣਨੀਤੀ 'ਚ ਭਾਰਤ ਨੂੰ ਇਕ ਪ੍ਰਮੁੱਖ ਖਿਡਾਰੀ ਦੇ ਰੂਪ 'ਚ ਉਭਾਰਨ ਦੀ ਰਾਹ 'ਚ ਆਉਣ ਵਾਲੇ ਅੜਿੱਕਿਆਂ ਨੂੰ ਬਿਨਾਂ ਦੇਰੀ ਕੀਤਿਆਂ ਦੂਰ ਕਰਨਾ ਜ਼ਰੂਰੀ ਹੈ।

ਪਿਛਲੇ ਦੋ ਮਹੀਨਿਆਂ ਦੌਰਾਨ ਮਹਿੰਗਾਈ ਤੋਂ ਕੁਝ ਰਾਹਤ ਜ਼ਰੂਰ ਮਿਲੀ ਹੈ ਪਰ ਇਸ ਨਾਲ ਜੁੜੇ ਹੋਏ ਜੋਖ਼ਮ ਹਾਲੇ ਵੀ ਕਾਇਮ ਹਨ। ਮੌਨਸੂਨ ਆਮ ਰਹਿਣ ਦੇ ਪੂਰਵ ਅਨੁਮਾਨ ਦੇ ਬਾਵਜੂਦ ਅਲ ਨੀਨੋ ਦਾ ਖ਼ਦਸ਼ਾ ਬਣਿਆ ਹੋਇਆ ਹੈ, ਜਿਸ ਨਾਲ ਮੀਂਹ ਦੀ ਪ੍ਰਕਿਰਤੀ ਅਤੇ ਵੰਡ ਦੇ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਹੈ। ਚਿੰਤਾ ਕੇਵਲ ਮੌਨਸੂਨ ਤੱਕ ਹੀ ਸੀਮਤ ਨਹੀਂ ਹੈ ਸਗੋਂ ਜਲਵਾਯੂ ਤਬਦੀਲੀ ਤੋਂ ਪੈਦਾ ਹੋਣ ਵਾਲੀਆਂ ਮੌਸਮੀ ਘਟਨਾਵਾਂ ਨਾਲ ਵੀ ਮੌਸਮ ਬਾਰੇ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਲ ਅਤੇ ਅਨਿਸ਼ਚਿਤ ਹੋ ਗਿਆ ਹੈ। ਇਸ ਸੂਰਤ 'ਚ ਜੇ ਅਲ ਨੀਨੋ ਅਤੇ ਹੋਰ ਮੌਸਮੀ ਘਟਨਾਵਾਂ ਦਾ ਅਸਰ ਕੁਝ ਜ਼ਿਆਦਾ ਹੀ ਦਿਸਿਆ ਤਾਂ ਖੇਤੀ ਪੈਦਾਵਾਰ 'ਤੇ ਪ੍ਰਭਾਵ ਪੈਣਾ ਸੁਭਾਵਿਕ ਹੈ। ਪਿਛਲੇ ਕੁਝ ਸਮੇਂ ਤੋਂ ਲਗਾਤਾਰ ਮਿਹਰਬਾਨ ਰਹੇ ਮੌਨਸੂਨ ਅਤੇ ਖੇਤੀ ਖੇਤਰ ਦੇ ਬਿਹਤਰ ਪ੍ਰਦਰਸ਼ਨ ਦੇ ਬਾਵਜੂਦ ਅਨਾਜ ਭੰਡਾਰਾਂ 'ਤੇ ਦਬਾਅ ਪਹਿਲਾਂ ਤੋਂ ਹੀ ਚਿੰਤਾ ਦੀ ਘੰਟੀ ਵਜਾ ਰਿਹਾ ਹੈ। ਜੇ ਇਨ੍ਹਾਂ ਸਾਰੇ ਪਹਿਲੂਆਂ ਦਾ ਧਿਆਨ ਰੱਖਦਿਆਂ ਇਸ ਸਮੇਂ ਨਿਵੇਸ਼ ਅਤੇ ਖਪਤ ਵਧਾਉਣ ਦੀ ਦਿਸ਼ਾ 'ਚ ਕੁਝ ਕੋਸ਼ਿਸ਼ਾਂ ਕੀਤੀਆਂ ਜਾਣ ਤਾਂ ਤੇਜ਼ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਹੋਰ ਮਜ਼ਬੂਤ ਹੋ ਸਕਦੀਆਂ ਹਨ।

# ਕਬਾਇਲੀ ਸਿੱਖਿਆ ਦਾ ਬਦਲ ਰਿਹਾ ਸੁਭਾਅ





**ਵਿਜੈ ਗਰਗ ਸਾਬਕਾ ਪੀ.ਈ..ਐਸ. - 1 ਸੇਵਾਮੁਕਤ ਪ੍ਰਿੰਸਪਲ**

ਕਬਾਇਲੀ ਲੋਕਾਂ ਨੇ ਮੌਸਮ ਨੂੰ ਬਚਾਉਣ ਅਤੇ ਜੰਗਲਾਂ ਨੂੰ ਬਚਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਜੇਕਰ ਪੇਸਾ ਕਾਨੂੰਨ ਨੇ ਕਈ ਸਾਲ ਪਹਿਲਾਂ ਗ੍ਰਾਮ ਸਭਾ ਨੂੰ ਸਮਾਜ ਦੇ ਸਰੋਤਾਂ ਦੀ ਰਾਖੀ ਅਤੇ ਸੰਭਾਲ ਦਾ ਅਧਿਕਾਰ ਦਿੱਤਾ ਸੀ, ਤਾਂ ਫਿਰ ਇਨ੍ਹਾਂ ਨਾਗਰਿਕ ਫੈਕਲਟੀ ਨੂੰ ਸਿੱਖਿਆ ਨਾਲ ਜੋੜਨ ਦੀ ਗੱਲ ਕਿਉਂ ਨਹੀਂ ਕੀਤੀ ਗਈ? ਆਜ਼ਾਦੀ ਦੇ ਅੰਮ੍ਰਿਤ ਮਹੋਤਸਵ ਦੇ ਸਾਲ ਵਿੱਚ ਕਬਾਇਲੀ ਖੇਤਰਾਂ ਵਿੱਚ ਇੱਕ ਨੋਸਟਾਲਜਿਕ ਲੋਕ ਤਿਉਹਾਰ ਮਨਾਇਆ ਜਾ ਰਿਹਾ ਹੈ, ਕਿਉਂਕਿ ਹੁਣ ਕਬਾਇਲੀ ਸਕੂਲਾਂ ਦੀ ਧੁਨ ਅਤੇ ਸਥਿਤੀ ਬਦਲਣ ਦੇ ਦਿਨ ਆ ਗਏ ਹਨ। ਬੰਗਲਾਦੇਸ਼, ਪਾਕਿਸਤਾਨ ਅਤੇ ਦੱਖਣੀ ਅਫਰੀਕਾਇਸੇ ਤਰ੍ਹਾਂ, ਮੱਧ ਪ੍ਰਦੇਸ਼ ਸਰਕਾਰ ਨੇ ਵੀ ਰਾਜ ਦੇ ਕਬਾਇਲੀ ਬਹੁ-ਗਿਣਤੀ ਵਾਲੇ ਖੇਤਰਾਂ ਵਿੱਚ 59 ਸਰਕਾਰੀ ਸਕੂਲਾਂ ਨੂੰ ਜਨਤਕ-ਨਿੱਜੀ ਭਾਈਵਾਲੀ (ਪੀਪੀਪੀ) ਮੋਡ ਵਿੱਚ ਚਲਾਉਣ ਲਈ ਨਿੱਜੀ ਹੱਥਾਂ ਵਿੱਚ ਸੌਂਪਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਕਈ ਪੱਖਾਂ ਤੋਂ ਅਹਿਮ ਹੈ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਮੱਧ ਪ੍ਰਦੇਸ਼ ਵਾਂਗ ਜਲਦੀ ਜਾਂ ਦੇਰ ਬਾਅਦ ਆਦਿਵਾਸੀਆਂ ਦੀ ਸਿੱਖਿਆ ਦਾ ਰੂਪ ਦੇਸ਼ ਭਰ ਵਿੱਚ ਪੀਪੀਪੀ ਦੇ ਰੂਪ ਵਿੱਚ ਸਾਹਮਣੇ ਆਵੇਗਾ। ਸਵਾਲ ਇਹ ਹੈ ਕਿ ਕੀ ਇਹ ਫੈਸਲਾ ਭਾਰਤ ਦੀ ਨਵੀਂ ਸਿੱਖਿਆ ਨੀਤੀ ਦਾ ਪ੍ਰਤੀਬਿੰਬ ਹੈ, ਯਾਨੀ ਕਿ ਕੀ ਕੋਈ ਭਵਿੱਖੀ ਕਬਾਇਲੀ ਸਿੱਖਿਆ ਨੀਤੀ ਹੈ? ਜ਼ਿਕਰਯੋਗ ਹੈ ਕਿ ਗੁਜਰਾਤ ਅਤੇ ਉੜੀਸਾ 'ਚ ਪੀ.ਪੀ.ਪੀਫਾਰਮੈਟ ਬਹੁਤ ਪਹਿਲਾਂ ਅਪਣਾਇਆ ਗਿਆ ਹੈ. ਤਾਂ ਫਿਰ ਪੀਪੀਪੀ ਆਧਾਰਿਤ ਕਬਾਇਲੀ ਸਿੱਖਿਆ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀ ਹੈ? ਪੀਪੀਪੀ ਫਾਰਮੈਟ ਦਾ ਇਹ ਮਤਲਬ ਨਹੀਂ ਹੈ ਕਿ ਨਿੱਜੀ ਸੰਸਥਾਵਾਂ ਨੂੰ ਸਕੂਲ ਦੀ ਜ਼ਮੀਨ, ਮਕਾਨ ਜਾਂ ਹੋਰ ਸਰੋਤਾਂ ਦੇ ਮਾਲਕੀ ਅਧਿਕਾਰ ਸੌਂਪੇ ਜਾਣ। ਮਸਲਾ ਸਿਰਫ਼ ਪ੍ਰਬੰਧਨ ਦਾ ਨਹੀਂ, ਸੇਵਾਵਾਂ ਦੀ ਕਾਰਗੁਜ਼ਾਰੀ ਦਾ ਵੀ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਪੀਪੀਪੀ ਫਾਰਮੈਟ ਦੀ ਆੜ ਵਿੱਚ ਸਰਕਾਰ ਦੀਆਂ ਅਸਫਲਤਾਵਾਂ ਪਰਦੇ ਪਿੱਛੇ ਚਲੀਆਂ ਜਾਂਦੀਆਂ ਹਨ। ਓਡੀਸ਼ਾ ਵਿੱਚ ਵੀ ਅਜਿਹਾ ਹੀ ਦੇਖਣ ਨੂੰ ਮਿਲਿਆ ਹੈ। ਅਸਲ ਵਿੱਚ, ਇਹ ਰੂਪ ਇੱਕ ਵਿਚਾਰ ਨਹੀਂ ਹੈ, ਪਰ ਏਇੱਕ ਵਿਚਾਰਧਾਰਾ ਹੈ ਜੋ ਜ਼ਿੰਮੇਵਾਰੀਆਂ ਨੂੰ ਘਟਾਉਣ ਦੇ ਨਾਲ-ਨਾਲ ਨਿੱਜੀਕਰਨ ਨੂੰ ਇੱਕ ਸਾਧਨ ਵਜੋਂ ਉਤਸ਼ਾਹਿਤ ਕਰਦੀ ਹੈ। ਉਮੀਦ ਕੀਤੀ ਜਾਂਦੀ ਹੈ ਕਿ ਸਕੂਲਾਂ ਦੀ ਗਿਣਤੀ ਵਧਾ ਕੇ ਸਿੱਖਿਆ ਦੇ ਅਧਿਕਾਰ ਦੀ ਸ਼ਤ-ਪ੍ਰਤੀ ਪੂਰਤੀ ਕੀਤੀ ਜਾ ਸਕਦੀ ਹੈ। ਮੱਧ ਪ੍ਰਦੇਸ਼ ਦੇ ਪੇਂਡੂ ਅਤੇ ਜੰਗਲੀ ਖੇਤਰਾਂ ਵਿੱਚ ਸਿੱਖਿਆ ਨੂੰ ਲੈ ਕੇ ਵਿਆਪਕ ਨਿਰਾਸ਼ਾ ਹੈ। ਜ਼ਿਕਰਯੋਗ ਹੈ ਕਿ ਸੂਬੇ ਦੇ ਝਾਬੂਆ ਜ਼ਿਲੇ 'ਚ ਹਾਲ ਹੀ 'ਚ ਲੜਕੀਆਂ ਦੀ ਪੜ੍ਹਾਈ ਛੱਡ ਕੇ ਕੰਮ ਦੀ ਭਾਲ 'ਚ ਜਾਣ ਦੀਆਂ ਖਬਰਾਂ ਸੁਰਖੀਆਂ 'ਚ ਆਈਆਂ ਸਨ। ਇਸ਼ਤਿਹਾਰਬਾਜ਼ੀ ਦੇ ਦਾਅਵਿਆਂ ਵਿੱਚ, ਕਬੀਲਿਆਂ ਦੇ ਵਿਕਾਸ ਨੂੰ ਦਰਸਾਉਣ ਦੀ ਵਾਰ-ਵਾਰ ਕੋਸ਼ਿਸ਼ ਕੀਤੀ ਜਾਂਦੀ ਹੈਮੱਧ ਪ੍ਰਦੇਸ਼ ਸਰਕਾਰ ਪੂਰੀ ਤਰ੍ਹਾਂ ਇਮਾਨਦਾਰ ਹੈ, ਹਰ ਸਾਲ ਭਲਾਈ ਦੇ ਉਪਾਵਾਂ 'ਤੇ ਵੱਡੀ ਰਕਮ ਖਰਚ ਕੀਤੀ ਜਾਂਦੀ ਹੈ। ਪਰ ਨਤੀਜਿਆਂ ਦੀ ਸਥਿਤੀ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ. ਸਰਕਾਰ ਦਾ ਸਿਸਟਮ ਕਿਤੇ ਨਾ ਕਿਤੇ ਡਾਵਾਂਡੋਲ ਹੋ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀ ਤਰੱਕੀ ਨੂੰ ਮਾਪਣ ਲਈ ਸ਼ੁਰੂਆਤੀ ਇਕਰਾਰਨਾਮਾ ਸੱਤ ਸਾਲਾਂ ਲਈ ਹੋਵੇਗਾ। ਇਹ ਸਕੂਲ ਸਰਕਾਰ ਨੂੰ ਮਿਆਰੀ ਅਧਿਆਪਕਾਂ ਦੀ ਘਾਟ ਦੀ ਸਮੱਸਿਆ ਨੂੰ ਹੱਲ ਕਰਨ ਦੇ ਯੋਗ ਬਣਾਉਣਗੇ। ਪਰ ਰਾਜ ਵਿੱਚ ਇੱਕ ਵੱਡੀ ਸਮੱਸਿਆ ਜਿੱਥੇ ਨਵਾਸੀ ਆਦਿਵਾਸੀ ਵਿਕਾਸ ਬਲਾਕਾਂ ਦੇ ਸਕੂਲਾਂ ਵਿੱਚ ਬਹੁਤ ਸਾਰੀਆਂ ਅਸਾਮੀਆਂ ਖਾਲੀ ਹਨ। ਹੁਣ ਨਿੱਜੀਸਾਥੀ ਜਾਂ ਸਹਿਯੋਗੀ ਫੈਕਲਟੀ ਅਤੇ ਸਟਾਫ ਦੀ ਚੋਣ ਕਰੇਗਾ। ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਸਰਕਾਰੀ ਅਧਿਆਪਕ ਵੀ ਉੱਥੇ ਕੰਮ ਕਰਨ ਲਈ ਅਪਲਾਈ ਕਰ ਸਕਦੇ ਹਨ। ਪਿੱਛੇ ਹਟਦਿਆਂ, ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਨਿੱਜੀ ਭਾਈਵਾਲਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਚੋਣ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਦੇ ਗਿਆਨ ਪੱਧਰ ਵਿੱਚ ਵਾਧਾ ਕਰੇ। ਪਰ ਸਵਾਲ ਇਹ ਹੈ ਕਿ ਸਕੂਲਾਂ ਵਿੱਚ ਅਸਾਮੀਆਂ ਖਾਲੀ ਹੋਣ ਦੇ ਕਾਰਨ ਕੀ ਹਨ? ਸਰਕਾਰ ਦੇ ਸਿੱਖਿਆ ਵਿਭਾਗ ਨੇ ਹੁਣ ਤੱਕ ਕੀ ਕੀਤਾ ਹੈ? ਪੇਂਡੂ ਖੇਤਰਾਂ ਨਾਲੋਂ ਵਧੇਰੇ ਮੁਸ਼ਕਲ ਖੇਤਰਾਂ ਵਿੱਚ ਸਥਿਤ ਹੈਸਕੂਲਾਂ ਦੀ ਹਾਲਤ ਇੰਨੀ ਮਾੜੀ ਕਿਉਂ ਹੈ? ਸਰਕਾਰ ਦੀ ਜਵਾਬਦੇਹੀ ਕਿਸ ਨੂੰ? ਕੀ ਸਰਕਾਰ ਨੇ ਕਦੇ ਰੂੜ੍ਹੀਵਾਦੀ ਸੋਚ ਤੋਂ ਦੂਰ ਹੋ ਕੇ ਨਵੀਨਤਮ ਤਰੀਕੇ ਅਪਣਾਉਣ ਦੀ ਪਹਿਲ ਕੀਤੀ ਹੈ? ਜਿੰਨੀ ਇਮਾਨਦਾਰੀ ਬੀੜੀ ਦੇ ਪੱਤਿਆਂ ਦੇ ਮਸਲੇ ਨੂੰ ਹੱਲ ਕਰਨ ਵਿੱਚ ਦਿਖਾਈ ਗਈ ਸੀ, ਓਨੀ ਤਤਪਰਤਾ ਉਨ੍ਹਾਂ ਕਬਾਇਲੀ ਸਕੂਲਾਂ ਬਾਰੇ ਕਿਉਂ ਨਹੀਂ ਦਿਖਾਈ ਦਿੱਤੀ? ਅੱਜ ਕਬਾਇਲੀ ਸਕੂਲ ਦਾ ਉਦਾਸ-ਬੇਜਾਨ ਮਾਹੌਲ, ਆਦਿਵਾਸੀਆਂ ਦੀ ਸਿੱਖਿਆ ਦਾ ਮਾਧਿਅਮ ਅਤੇ ਇਸ ਨੂੰ ਸਵੀਕਾਰ ਕਰਨ ਦੀ ਦੁਚਿੱਤੀ, ਉਨ੍ਹਾਂ ਦੀ ਮਾਂ-ਬੋਲੀ ਵਿੱਚ ਸਿੱਖਿਆ ਨਾ ਮਿਲਣ ਦੀ ਸਥਿਤੀ ਕਈ ਸਵਾਲ ਖੜ੍ਹੇ ਕਰਦੀ ਹੈ। ਕਬਾਇਲੀ ਸਕੂਲਾਂ ਦਾ ਸੰਚਾਲਨ ਜਾਂ ਪ੍ਰਬੰਧਨ ਕਿਸੇ ਨੂੰ ਸੌਂਪਣਾ ਸੀ, ਫਿਰ ਨਮੂਨੇ ਵਜੋਂ ਪੜਾਅਵਾਰ ਤਬਾਦਲਾ ਕਰਨ ਵਿੱਚ ਕੀ ਮੁਸ਼ਕਲ ਸੀ? ਪੇਸਾ ਲਾਗੂ ਕਰਨ ਦਾ ਜਸ਼ਨ ਮਨਾਉਣ ਵਾਲੀ ਸੂਬਾ ਸਰਕਾਰ ਅਜਿਹੇ ਤਬਾਦਲਿਆਂ ਨੂੰ ਗ੍ਰਾਮ ਸਭਾਵਾਂ ਵਿਚ ਸ਼ਾਮਲ ਕਰਨ ਤੋਂ ਕਿਉਂ ਪਰਹੇਜ਼ ਕਰ ਰਹੀ ਹੈ? ਕਬਾਇਲੀ ਭਾਵ ਅਨੁਸੂਚਿਤ ਕਬੀਲੇ ਦੀ ਸਮਝ ਦਾ ਦਾਇਰਾ ਵਿਸ਼ਾਲ ਹੈ। ਕਬਾਇਲੀ ਲੋਕਾਂ ਨੇ ਸੂਬੇ ਦੇ ਜਲਵਾਯੂ ਅਤੇ ਜੰਗਲਾਂ ਦੀ ਰਾਖੀ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਜੇਕਰ ਪੇਸਾ ਕਾਨੂੰਨ ਨੇ ਗ੍ਰਾਮ ਸਭਾ ਨੂੰ ਕਈ ਸਾਲ ਪਹਿਲਾਂ ਭਾਈਚਾਰਕ ਸਰੋਤਾਂ ਦੀ ਰੱਖਿਆ ਅਤੇ ਸੰਭਾਲ ਦਾ ਅਧਿਕਾਰ ਦਿੱਤਾ ਹੈ, ਤਾਂ ਸਿੱਖਿਆ ਨੇ ਇਨ੍ਹਾਂ ਨਾਗਰਿਕ ਫੈਕਲਟੀਜ਼ ਨੂੰ ਸ਼ਕਤੀ ਪ੍ਰਦਾਨ ਕੀਤੀ ਹੈ ਉਨ੍ਹਾਂ ਨੂੰ ਜੋੜਨ ਦੀ ਗੱਲ ਕਿਉਂ ਨਹੀਂ ਕੀਤੀ ਗਈ? ਕੀ ਸਰਕਾਰ ਨੂੰ ਗ੍ਰਾਮ ਸਭਾ 'ਤੇ ਭਰੋਸਾ ਨਹੀਂ ਹੈ? ਫਿਰ ਪੇਸਾ ਕਾਨੂੰਨ ਵਿਚ ਗ੍ਰਾਮ ਸਭਾ ਨੂੰ ਜੰਗਲਾਂ ਦੀ ਰਾਖੀ ਅਤੇ ਸੰਭਾਲ ਦਾ ਅਧਿਕਾਰ ਦੇਣ ਦੀ ਗੱਲ ਕਿਉਂ ਕੀਤੀ ਗਈ? ਜੇਕਰ ਰਾਜ ਸਰਕਾਰ ਨੇ ਗ੍ਰਾਮ ਸਭਾ ਨੂੰ ਕਮਿਊਨਿਟੀ ਫੋਰੈਸਟ ਮੈਨੇਜਮੈਂਟ ਕਮੇਟੀਆਂ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ ਹੈ ਤਾਂ ਉਨ੍ਹਾਂ ਲਈ ਸਕੂਲ ਚਲਾਉਣਾ ਕਿਹੜੀ ਵੱਡੀ ਗੱਲ ਹੈ? ਜਦੋਂ ਕਬਾਇਲੀ ਖੇਤਰਾਂ ਵਿੱਚ ਗ੍ਰਾਮ ਸਭਾਵਾਂ ਆਪਣੇ ਸਥਾਨਕ ਵਿਕਾਸ ਲਈ ਖੁਦ ਯੋਜਨਾਵਾਂ ਬਣਾ ਰਹੀਆਂ ਹਨ, ਤਾਂ ਸਕੂਲਾਂ ਦਾ ਪ੍ਰਬੰਧਨ ਕਿਉਂ ਨਹੀਂ ਕੀਤਾ ਜਾ ਸਕਦਾ? ਫਿਰ ਸਿੱਖਿਆ ਨਾਲ ਜੁੜੇ ਇਸ ਫੈਸਲੇ ਦੇ ਆਪਣੇ ਹੀ ਪ੍ਰਭਾਵ ਹੋਣਗੇ। ਇਨਕਾਰ ਕਰ ਸਕਦਾ ਹੈ? ਮੱਧ ਪ੍ਰਦੇਸ਼ ਵਿੱਚ ਆਦਿਵਾਸੀਆਂ ਨੂੰ ਲੈ ਕੇ ਚੰਗਾ ਮਾਹੌਲ ਦੱਸਿਆ ਜਾ ਰਿਹਾ ਹੈ। ਰਾਜ ਭਰ ਵਿੱਚ ਆਦਿਵਾਸੀ ਵਿਦਿਆਰਥੀਆਂ ਲਈ ਆਸ਼ਰਮ, ਹੋਸਟਲ, ਸਕੂਲ, ਲੜਕੀਆਂ ਦੇ ਸਿੱਖਿਆ ਕੰਪਲੈਕਸ ਚਲਾਏ ਜਾ ਰਹੇ ਹਨ। ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਸਿਖਲਾਈ ਲਈ ਕਈ ਤਰ੍ਹਾਂ ਦੀਆਂ ਪ੍ਰੋਤਸਾਹਨ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਸਵੈ-ਰੁਜ਼ਗਾਰ ਲਈ ਹੁਨਰ ਵਿਕਾਸ ਕੇਂਦਰ ਵੀ ਚਲਾਏ ਜਾ ਰਹੇ ਹਨ। ਰਾਜ ਸਰਕਾਰ ਵੱਲੋਂ ਆਦਿਵਾਸੀ ਵਿਦਿਆਰਥੀਆਂ ਨੂੰ ਸਿੱਖਿਆ ਹਾਸਲ ਕਰਨ ਲਈ ਵਜ਼ੀਫ਼ਾ ਵੀ ਦਿੱਤਾ ਜਾਂਦਾ ਹੈ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਲੜਕੇ ਅਤੇ ਲੜਕੀਆਂ ਲਈ ਖੇਡ ਕੰਪਲੈਕਸਆਰ ਵੀ ਬਣਾਇਆ ਗਿਆ ਹੈ। ਸ਼ਾਹੂਕਾਰਾਂ ਵੱਲੋਂ ਵਸੂਲੇ ਜਾਣ ਵਾਲੇ ਵਿਆਜ ਦਰਾਂ ਨੂੰ ਵੀ ਹੁਣ ਕਾਬੂ ਕਰ ਲਿਆ ਗਿਆ ਹੈ। ਜੇਕਰ ਸਰਕਾਰ ਆਦਿਵਾਸੀਆਂ ਦੇ ਹਿੱਤਾਂ ਲਈ ਇੰਨੀ ਤਿਆਰ ਹੈ ਤਾਂ ਪੀਪੀਪੀ ਫਾਰਮੈਟ ਦੀ ਕੀ ਲੋੜ ਸੀ? ਕੀ ਇਹ ਮੰਨ ਲਿਆ ਜਾਵੇ ਕਿ ਮੱਧ ਪ੍ਰਦੇਸ਼ ਵਿਚ ਵੀ ਦੇਸ਼ ਦੀ ਤਰਜ਼ 'ਤੇ ਕਬਾਇਲੀ ਵਿਕਾਸ ਦੇ ਉਮੀਦ ਅਨੁਸਾਰ ਨਤੀਜੇ ਨਹੀਂ ਮਿਲ ਰਹੇ? ਸੂਬੇ ਵਿੱਚ ਜੋ ਸਕਾਰਾਤਮਕ ਤਬਦੀਲੀਆਂ ਦਾ ਦਾਅਵਾ ਕੀਤਾ ਗਿਆ ਹੈ, ਕੀ ਉਹ ਇਸ ਗੱਲ ਦਾ ਸੰਕੇਤ ਨਹੀਂ ਹਨ ਕਿ ਭਾਵੇਂ ਕਬਾਇਲੀ ਸਮਾਜ ਵਿੱਚ ਗਤੀਸ਼ੀਲਤਾ ਆਈ ਹੈ ਪਰ ਇਸ ਨੇ ਅਜੇ ਤੱਕ ਪ੍ਰਾਪਤੀਆਂ ਦੀ ਕੋਈ ਮਿਸਾਲ ਪੇਸ਼ ਨਹੀਂ ਕੀਤੀ ਹੈ। ਤੁਹਾਡੇ ਸਫਲਜਮਹੂਰੀਅਤ ਵਿੱਚ ਜਦੋਂ ਕਬਾਇਲੀ ਵਰਗ ਗਰੀਬੀ ਰੇਖਾ ਤੋਂ ਹੇਠਾਂ ਹੈ ਤਾਂ ਕਿਉਂ ਨਾ ਸਰਕਾਰ ਦੀਆਂ ਸਾਰੀਆਂ ਪ੍ਰਾਪਤੀਆਂ ਨੂੰ ਅਧੂਰਾ ਅਤੇ ਅੱਧ-ਪੱਕ ਸਮਝਿਆ ਜਾਵੇ। ਸਿੱਖਿਆ ਦਾ ਪੀਪੀਪੀ ਮਾਡਲ ਬੰਗਲਾਦੇਸ਼, ਪਾਕਿਸਤਾਨ ਅਤੇ ਦੱਖਣੀ ਅਫ਼ਰੀਕਾ ਵਿੱਚ ਕਬਾਇਲੀ ਅਤੇ ਸ਼ਹਿਰੀ ਆਬਾਦੀ ਵਿੱਚ ਸਫਲ ਹੋਣ ਦੀ ਰਿਪੋਰਟ ਕੀਤੀ ਗਈ ਹੈ। ਵੈਸਟਰਨ ਕੇਪ ਦੀ ਵੀ ਉਦਾਹਰਨ ਹੈ ਜਿੱਥੇ ਸਕੂਲ ਅਤੇ ਅਕੈਡਮੀਆਂ ਦੋਵੇਂ ਹੀ ਰਾਜ ਦੁਆਰਾ ਫੰਡ ਕੀਤੇ ਜਾਂਦੇ ਹਨ ਪਰ ਨਿੱਜੀ ਖੇਤਰ ਦੁਆਰਾ ਪ੍ਰਬੰਧਿਤ ਹੁੰਦੇ ਹਨ ਅਤੇ ਉਹ ਅਕਸਰ ਪਛੜੇ ਭਾਈਚਾਰਿਆਂ ਦੇ ਵਿਦਿਆਰਥੀਆਂ ਦੀ ਸੇਵਾ ਕਰਦੇ ਹਨ। ਇਹਨਾਂ ਪੀਪੀਪੀ ਸਮਝੌਤਿਆਂ ਦੇ ਤਹਿਤ, ਸਰਕਾਰ ਸਕੂਲ ਲਈ ਸਮੁੱਚੀ ਜ਼ਿੰਮੇਵਾਰੀ ਬਰਕਰਾਰ ਰੱਖਦੀ ਹੈ।, ਪਰ ਸਕੂਲ ਦੇ ਰੋਜ਼ਾਨਾ ਸੰਚਾਲਨ ਅਤੇ ਪ੍ਰਬੰਧਨ ਨੂੰ ਨਿੱਜੀ ਖੇਤਰ ਦੀਆਂ ਕੰਪਨੀਆਂ, ਦਾਨੀਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਸਮੇਤ ਕਈ ਭਾਈਵਾਲਾਂ ਨੂੰ ਸੌਂਪਦਾ ਹੈ। ਉੱਥੇ ਪ੍ਰੋਜੈਕਟ ਦਾ ਉਦੇਸ਼ ਗੈਰ-ਮੁਨਾਫ਼ਾ ਭਾਈਵਾਲੀ ਰਾਹੀਂ ਪਬਲਿਕ ਸਕੂਲ ਪ੍ਰਣਾਲੀ ਵਿੱਚ ਵਾਧੂ ਪ੍ਰਬੰਧਨ ਹੁਨਰ ਅਤੇ ਨਵੀਨਤਾ ਲਿਆਉਣਾ ਹੈ, ਤਾਂ ਜੋ ਬਿਨਾਂ ਫੀਸ ਵਾਲੇ ਸਕੂਲਾਂ ਵਿੱਚ ਪੜ੍ਹਾਉਣ ਅਤੇ ਸਿੱਖਣ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾ ਸਕੇ। ਆਦਿਵਾਸੀ ਲੋਕ ਹਨ ਜੋ ਸਰਕਾਰ ਅਤੇ ਵਿਵਸਥਾ ਵਿੱਚ ਵਿਸ਼ਵਾਸ ਰੱਖਦੇ ਹਨ। ਮੱਧ ਪ੍ਰਦੇਸ਼ ਦੇ ਕਬੀਲਿਆਂ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੀ ਹਰ ਸਮੱਸਿਆ ਨੂੰ ਰਾਸ਼ਟਰੀ ਪੱਧਰ 'ਤੇ ਉਠਾਇਆ ਜਾਵੇ।ਦਾ ਮੁਲਾਂਕਣ ਇੱਕ ਸਮੱਸਿਆ ਵਜੋਂ ਕੀਤਾ ਜਾਣਾ ਚਾਹੀਦਾ ਹੈ ਅਤੇ ਸਥਾਨਕ ਸਥਿਤੀਆਂ ਨੂੰ ਧਿਆਨ ਵਿੱਚ ਰੱਖ ਕੇ ਨੀਤੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਇਹ ਧਿਆਨ ਵਿੱਚ ਰੱਖਣਾ ਹੋਵੇਗਾ ਕਿ ਕੋਈ ਵੀ ਨੀਤੀ ਉਦੋਂ ਤੱਕ ਸਾਰੇ ਕਬੀਲਿਆਂ ਲਈ ਲਾਹੇਵੰਦ ਨਹੀਂ ਹੋ ਸਕਦੀ ਜਦੋਂ ਤੱਕ ਇਸਦਾ ਉਦੇਸ਼ ਸਥਾਨਕ ਸਮੱਸਿਆਵਾਂ ਨੂੰ ਹੱਲ ਕਰਨਾ ਨਾ ਹੋਵੇ। ਪਿੰਡਾਂ ਵਿੱਚ ਸਵੈ-ਸਹਾਇਤਾ ਗਰੁੱਪ ਬਣਾ ਕੇ ਜਾਂ ਪ੍ਰਬੰਧਕੀ ਪਿਛੋਕੜ ਵਾਲੇ ਨੌਜਵਾਨਾਂ ਨੂੰ ਇਨ੍ਹਾਂ ਸਕੂਲਾਂ ਨਾਲ ਜੋੜ ਕੇ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਸਮੱਸਿਆ ਇਹ ਹੈ ਕਿ ਆਦਿਵਾਸੀਆਂ ਦੇ ਕਲਿਆਣ ਅਤੇ ਉੱਨਤੀ ਦੀ ਜ਼ਿੰਮੇਵਾਰੀ ਉਨ੍ਹਾਂ ਲੋਕਾਂ ਨੂੰ ਦਿੱਤੀ ਗਈ ਹੈ ਜਿਨ੍ਹਾਂ ਨੇ ਕਦੇ ਵੀ ਆਦਿਵਾਸੀਆਂ ਨਾਲ ਗੱਲਬਾਤ ਕੀਤੀ ਹੈ। ਸਾਲ-ਛੇ ਮਹੀਨੇ ਇਕੱਠੇ ਗੁਜ਼ਾਰੇ। ਸਵਾਲ ਇਹ ਹੈ ਕਿ ਕੀ ਪੀਪੀਪੀ ਫਾਰਮੈਟ ਆਦਿਵਾਸੀ ਭਾਵਨਾਵਾਂ-ਵਿਸ਼ਵਾਸਾਂ ਅਤੇ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਲਾਗੂ ਕੀਤਾ ਜਾ ਰਿਹਾ ਹੈ?

# ਬਜ਼ੁਰਗਾਂ ਨਾਲ ਵੱਧ ਰਿਹਾ ਦੁਰਵਿਵਹਾਰ - ਬਣਿਆ ਚੈਲੇਂਜ





*''ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ 2023 ਦਾ ਥੀਮ ਹੈ- ਸਰਕਲ ਨੂੰ ਬੰਦ ਕਰਕੇ, ਵੱਡੀ ਉਮਰ ਸੰਬੰਧੀ ਕਾਨੂਨ 'ਤੇ ਸਬੂਤ-ਆਧਾਰਿਤ ਜਵਾਬਾਂ 'ਚ ਲਿੰਗ-ਅਧਾਰਤ ਹਿੰਸਾ ਬਾਰੇ ਗੱਲ ਕਰਨਾ ਹੈ। ਅੱਜ ਵਿਸ਼ਵ ਪੱਧਰ 'ਤੇ ਬਜ਼ੁਰਗਾਂ ਪ੍ਰਤੀ ਘੱਟ ਰਹੀ ਇੱਜਤ ਅਤੇ ਵੱਧ ਰਿਹਾ ਮਾੜਾ ਵਿਵਹਾਰ ਸ਼ਮਾਜ ਲਈ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ। ਸਰੀਰਕ-ਮਾਨਸਿਕ ਤੌਰ 'ਤੇ ਕਮਜੋਰ ਹੋ ਰਹੇ ਬਜ਼ੁਰਗਾਂ ਦੀ ਕੇਅਰ ਦੇ ਨਾਲ-ਨਾਲ ਵੱਧ ਰਹੀ ਹਿੰਸਾ ਨੂੰ ਹਰ ਪੱਧਰ'ਤੇ ਰੋਕਣਾ ਵੀ ਜਰੂਰੀ ਹੋ ਗਿਆ ਹੈ''- ਅਨਿਲ ਧੀਰ, ਥੈਰਾਪਿਸਟ, ਕਾਲਮਨਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ*

ਦੁਨੀਆ ਭਰ ਵਿਚ 15 ਜੂਨ 2023 ਵਾਲੇ ਦਿਨ ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਲਈ ਹਰ ਪੱਧਰ 'ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦਿਨ ਦੁਰਵਿਵਹਾਰ ਦੁਆਰਾ ਦੁਖੀ ਬਜ਼ੁਰਗਾਂ ਲਈ ਹਰ ਪੱਧਰ 'ਤੇ ਜਾਗਰੁਕਤਾ ਨਾਲ ਆਵਾਜ਼ ਬੁਲੰਦ ਕੀਤੀ ਜਾਂਦੀ ਹੈ। ਅਧਿਕਾਰਤ ਤੌਰ 'ਤੇ ਸੰਯੁਕਤ ਰਾਸ਼ਟਰ ਮਹਾਂਸਭਾ ਨੇ 27 ਦਸੰਬਰ, 2011 ਮਾਨਤਾ ਦਿੱਤੀ ਸੀ, ਜਿਸਨੇ 1 ਜੂਨ, 2006 ਵਿਚ ਇਸ ਸਮਾਰੋਹ ਦੀ ਸਥਾਪਨਾ ਕੀਤੀ ਸੀ। ਹਰ ਸਾਲ ਦੇ ਇਸ ਦਿਨ ਜਦੋਂ ਸਾਡੀ ਪੁਰਾਣੀ ਜਨਰੇਸ਼ਨ ਨੂੰ ਦੁਰਵਿਵਹਾਰ ਅਤੇ ਦੁੱਖ ਝੱਲਣ ਲਈ ਪੂਰੀ ਦੁਨੀਆ ਵਿਰੋਧ ਕਰਦੀ ਹੈ। ਯੂ ਐਨ ਮੁਤਾਬਿਕ ਲਗਭਗ ਹਰ 6 ਵਿੱਚੋਂ 1 ਬਜ਼ੁਰਗ ਕਿਸੇ ਨਾ ਕਿਸੇ ਕਿਸਮ ਦੇ ਦੁਰਵਿਵਹਾਰ ਦਾ ਸ਼ਿਕਾਰ ਹੈ। ਕੋਵਿਡ-19 ਦੇ ਲਾਕਡਾਉਨ ਨੇ ਘਰਾਂ ਅੰਦਰ ਇੱਕਲੇ ਰਹਿਣ ਲਈ ਮਜਬੂਰ ਕਰ ਦਿੱਤਾ ਸੀ। ਮਹਾਂਮਾਰੀ ਕਾਰਣ ਭਾਈਚਾਰੇ ਦੀ ਸ਼ਮੂਲੀਅਤ ਘਟਣ ਨਾਲ ਸੁਰੱਖਿਆ ਘੱਟ ਅਤੇ ਇਕੱਲਾਪਣ ਵਧਿਆ ਹੈ।

ਬਜ਼ੁਰਗਾਂ ਦੀ ਦੁਰਵਰਤੋਂ ਤੋਂ ਭਾਵ ਹਮੇਸ਼ਾ ਟੈਨਸ਼ਨ ਦੇਣਾ, ਲੜਾਈ-ਝਗੜਾ, ਕੱਟ-ਮਾਰ, ਘਰੇਲੂ ਹਿੰਸਾ ਦਾ ਮਾਹੌਲ ਅਤੇ ਬਿਮਾਰੀ ਵੇਲੇ ਦੇਖਭਾਲ ਨਾ ਕਰਨਾ, ਵਿੱਤੀ ਸ਼ੋਸ਼ਣ, ਸਤਿਕਾਰ ਨਾਂ ਦੀ ਚੀਜ਼ ਖਤਮ ਕਰ ਦੇਣਾ ਹੈ। ਅੱਜ ਦੇ ਟੈਨਸ਼ਨ ਵਾਲੇ ਹਾਲਾਤ ਬਿਮਾਰ ਕਰਕੇ ਇਨਸਾਨ ਦੀ ਉਮਰ ਘਟਾ ਰਹੇ ਹਨ।

- ਯਾਦ ਕਰੋ ਆਪਣੇ ਬਚਪਨ ਵਿਚ ਦਾਦ-ਦਾਦੀ, ਨਾਨਾ-ਨਾਨੀ 'ਤੇ ਬਜ਼ੁਰਗਾਂ ਦੇ ਨਾਲ ਰਹਿ ਕੇ ਉਨਾਂ ਦੇ ਜੀਵਨ ਦੇ ਤਜ਼ਰਬਿਆਂ ਤੋਂ ਬਹੁਤ ਕੁੱਝ ਸਿੱਖਿਆ ਹੈ, ਜੋ ਅੱਜ ਵੀ ਸਾਡੀ ਜ਼ਿੰਦਗੀ ਵਿਚ ਹੈ। ਵਕਤ ਦੇ ਨਾਲ-ਨਾਲ ਅਸੀਂ ਜ਼ਿੰਦਗੀ ਦੇ ਰੁਝੇਵਿਆਂ ਵਿਚ ਵਿਅਸਤ ਹੋਣ ਕਰਕੇ ਬਜ਼ੁਰਗਾਂ ਨੂੰ ਨਜ਼ਰ ਅੰਦਾਜ਼ ਕਰਕੇ ਦੁਰਵਿਵਹਾਰ ਵੀ ਸ਼ੁਰੂ ਕਰ ਦਿੰਦੇ ਹਾਂ। ਸਾਡੇ ਬਜ਼ੁਰਗ ਮਾਨਸਿਕ 'ਤੇ ਸਰੀਰਕ ਤੌਰ ਤੇ ਬਿਮਾਰ ਹੋ ਕੇ ਇੱਕ ਦਿਨ ਦੁਨੀਆ ਨੂੰ ਅਲਵਿਦਾ ਕਹਿ ਜਾਂਦੇ ਹਨ।

ਦੁਰਵਿਵਹਾਰ ਅਕਸਰ ਘਰ ਅੰਦਰ ਜਾਂ ਉਨਾਂ ਦੇ ਭਰੇਸੇ ਵਾਲੇ ਵਿਅਕਤੀ ਹੱਥੋਂ ਹੁੰਦਾ ਹੈ। ਬਜ਼ੁਰਗਾਂ ਨਾਲ ਬਦਸਲੂਕੀ ਕਈ ਕਿਸਮ ਦੀ ਜਿਵੇਂ:

- ਸਰੀਰਕ ਸ਼ੋਸ਼ਣ ਵਿਚ ਕੁੱਟਮਾਰ, ਲੱਤ ਮਾਰਨਾ, ਧੱਕਾ ਦੇਣਾ, ਥੱਪੜ ਮਾਰਨ ਨਾਲ ਸੱਟਾਂ ਦੇਣਾ ਹੈ।
- ਜਿਨਸੀ ਸ਼ੋਸ਼ਣ ਵਿਚ ਕਿਸੇ ਵੱਡੀ ਉਮਰ ਦੇ ਬਾਲਗ ਨਾਲ ਜ਼ਬਰਦਸਤੀ ਜਾਂ ਅਣਚਾਹੇ ਜ਼ਿਨਸੀ ਪਰੇਸ਼ਾਨੀ 'ਤੇ ਸੰਬੰਧ ਦੇਖੇ ਜਾ ਰਹੇ ਹਨ।
- ਭਾਵਨਾਤਮਕ ਜਾਂ ਮਨੋਵਿਗਿਆਨਕ ਦੁਰਵਿਵਹਾਰ ਵਿਚ ਬਿਨਾ ਕਾਰਨ ਡਰਾਉਣਾ, ਪਰੇਸ਼ਾਨ ਕਰਨਾ, ਅਪਮਾਨ ਕਰਨਾ, ਧਮਕੀ ਦੇਣ ਦੀਆਂ ਘਟਨਾਵਾਂ ਵੱਧ ਰਹੀਆਂ ਹਨ।
- ਆਮ ਜ਼ਿੰਦਗੀ ਵਿਚ ਜ਼ਰੂਰਤਾਂ ਸੰਬੰਧੀ ਅਣਗਹਿਲੀ, ਭੋਜਨ, ਸਫਾਈ, ਆਸਰਾ, ਕਪੜੇ, ਅਤੇ ਜ਼ਰੂਰੀ ਡਾਕਟਰੀ ਦੇਖਭਾਲ ਸ਼ਾਮਲ ਹਨ।
- ਪੈਸੇ ਵੱਜੋਂ ਦੁਰਵਿਵਹਾਰ, ਜਾਇਦਾਦ- ਪੈਸਿਆਂ



ਅਨਿਲ ਧੀਰ
ਕਾਲਮਨਿਸਟ
healthmedia1@hotmail.com

'ਤੇ ਕਬਜ਼ਾ, ਕਰਕੇ ਪਰੇਸ਼ਾਨੀ ਵਧਾ ਦੇਣਾ ਹੈ।

- ਇਸ ਸਮੱਸਿਆ ਨੂੰ ਘੱਟ ਕਰਨ ਅਤੇ ਬਚਾਅ ਲਈ ਸ਼ਰੀਰਕ, ਮਾਨਸਿਕ, ਤੌਰ ਤੇ ਸਾਮਾਜਿਕ ਬਦਲਾਅ ਦੀ ਲੋੜ ਹੈ।
- ਪਰਿਵਾਰਕ ਪਿਆਰ, ਸਕਾਰਾਤਮਕ ਭਾਵਨਾਵਾਂ ਤੇ ਮਜਬੂਤ ਮਾਨਸਿਕ ਰਿਸ਼ਤੇ ਦੁਆਰਾ ਬਜ਼ੁਰਗਾਂ ਦੀ ਪੂਰੀ ਕੇਅਰ ਹੋਣੀ ਚਾਹੀਦੀ ਹੈ।
- ਅਨਰਜ਼ੀ ਲਈ ਸੁਪਰ ਇਮੀਉਨ ਸਿਸਟਮ ਦਾ ਮੌਜੂਦ ਹੋਣਾ ਜਰੂਰੀ ਹੈ।
- ਵਿਅਸਤ ਜ਼ਿੰਦਗੀ ਵਿਚ ਦਿਮਾਗੀ ਤੌਰ ਤੇ ਹਮੇਸ਼ਾ ਐਕਟਿਵ ਰਹਿਣਾ ਚਾਹੀਦਾ ਹੈ।
- ਸੀਨੀਆਰਜ਼ ਨੂੰ ਆਪਣੀ ਸਮਰਥਾ ਮੁਤਾਬਿਕ ਨਿਯਮਿਤ ਐਰੋਬਿਕ ਐਕਸਰਸਾਈਜ਼, ਯੋਗਾ, ਸਾਈਕਲਿੰਗ ਤੇ ਸੈਰ ਕਰਨੀ ਚਾਹੀਦੀ ਹੈ। ਇਸ ਨਾਲ ਭੁੱਲ ਜਾਣ ਦੀ ਬਿਮਾਰੀ ਦੇਰ ਨਾਲ ਆਓਂਦੀ ਹੈ।
- ਵੱਧ ਉਮਰ ਦੇ ਵਿਅਕਤੀ ਨੂੰ ਤੰਦਰੁਸਤੀ ਲਈ ਜੰਕ ਫੂਡ ਤੋਂ ਦੂਰ ਰੱਖ ਕੇ ਹਮੇਸ਼ਾ ਪੌਸ਼ਿਕ ਭੋਜਨ ਦਿਓ ਰੋਜ਼ਾਨਾ 8-10 ਘੰਟੇ ਦੀ ਨੀਂਦ ਲੈਣ ਦਵੋ। ਨਸ਼ੇ ਦੀ ਆਦਤ ਤੋਂ ਦੂਰ ਰੱਖੋ।
- ਬਜ਼ਬਰਗਾਂ ਨਾਲ ਮਾੜਾ ਵਿਹਾਰ ਨਾ ਕਰਕੇ ਹਮੇਸ਼ਾ ਪਿਆਰ ਤੇ ਇੱਜਤ ਨਾਲ ਪੇਸ਼ ਆਵੋ। ਯਾਦ ਰੱਖੋ ਤੁਸੀਂ ਵੀ ਇੱਕ ਦਿਨ ਇਸ ਦੌਰ ਵਿੱਚੋਂ ਲੰਗਣਾ ਹੈ।

ਨੋਟ: ਵਿਸ਼ਵ ਭਰ 'ਚ ਪ੍ਰਾਪਰ ਦੇਖਭਾਲ ਲਈ ਸੀਨੀਆਰਜ਼ ਨੂੰ ਸਮੇਂ-ਸਮੇਂ 'ਤੇ ਫੈਮਿਲੀ ਡਾਕਟਰ ਨਾਲ ਸੰਪਰਕ ਬਣਾ ਕੇ ਰੱਖਣਾ ਚਾਹੀਦਾ ਹੈ। ਆਪਣਿਆਂ ਦੇ ਲਗਾਤਾਰ ਦੁਰਵਿਵਹਾਰ ਕਾਰਨ ਬਜ਼ੁਰਗ, ਦੋਸਤ-ਮਿੱਤਰਾਂ ਦੀ ਸਲਾਹ ਨਾਲ ਆਪਣੇ ਹੱਕਾਂ ਦਾ ਇਸਤੇਮਾਲ ਵੀ ਕੀਤਾ ਜਾ ਰਿਹਾ ਹੈ।



# ਜਿਆਦਾ ਮਾਤਰਾ ਵਿਚ ਭਿੰਡੀ ਖਾਣ ਨਾਲ ਸਰੀਰ ਵਿਚ ਹੋ ਸਕਦੀ ਗਰਮੀ

ਭਿੰਡੀ ਦੇ ਅਨੇਕਾਂ ਲਾਭ ਹਨ ਇਹ ਪਾਚਨ ਤੰਤਰ ਨੂੰ ਮਜਬੂਤ ਕਰਦੀ ਹੈ। ਅੱਖਾਂ ਲਈ ਬਹੁਤ ਹੀ ਫਾਇਦੇਮੰਦ ਹੋ ਸਕਦੀ ਹੈ। ਕਿਉਂਕਿ ਇਸ ਵਿਚ ਬੇਟਾਕੇਰੋਟੀਂਨ ਦੇ ਨਾਲ-ਨਾਲ ਵਿਟਾਮਿਨ ਏ ਵੀ ਪਾਇਆ ਜਾਂਦਾ ਹੈ। ਇਸ ਦੇ ਨਾਲ-ਨਾਲ ਇਸ ਦਾ ਮੁਖ ਗੁਣ ਇਹ ਹੈ ਕਿ ਇਹ ਤੁਹਾਡੀ ਚਮੜੀ ਦੇ ਲਈ ਵੀ ਉਪਯੋਗੀ ਸਿੱਧ ਹੋ ਸਕਦੀ ਹੈ। ਕਿਉਂਕਿ ਇਸ ਵਿਚ ਵਿਟਾਮੀ ਸੀ ਵੀ ਪਾਇਆ ਜਾਂਦਾ ਹੈ। ਇਸ ਦੇ ਨਾਲ ਨਾਲ ਹੀ ਇਹ ਰੋਗ ਪ੍ਰਤੀ ਰੋਧਕ ਸ਼ਕਤੀ ਵਿਚ ਵੀ ਵਾਧਾ ਕਰਦੀ ਹੈ। ਹਾਈ ਬਲੱਡ ਪ੍ਰੈਸ਼ਰ ਨੂੰ ਘੱਟ ਕਰਦੀ ਹੈ ਖੂਨ ਵਿਚ ਸੂਗਰ ਦੀ ਮਾਤਰਾ ਨੂੰ ਘੱਟ ਕਰਦੀ ਹੈ ਅਸਥਮਾ ਵਿਚ ਵੀ ਫਾਇਦੇਮੰਦ ਹੈ ਨਾਲ ਹੀ ਇਹ ਕਬਜ ਤੋਂ ਵੀ ਰਾਹਤ ਦਿੰਦੀ ਹੈ। ਮੋਟਾਪਾ ਘੱਟ ਕਰਨ ਦੇ ਲਈ ਵੀ ਤੁਸੀਂ ਇਸ ਦੀ ਵਰਤੋਂ ਕਰ ਸਕਦੇ ਹੋ ਇਸ ਵਿਚ ਬਹੁਤ ਜਿਆਦਾ ਗੁਣ ਹਨ ਜਿਸ ਦੇ ਕਾਰਨ ਤੁਸੀਂ ਕੈਂਸਰ ਤੋਂ ਵੀ ਬਚ ਸਕਦੇ ਹੋ। ਇਸ ਵਿਚ ਪਾਏ ਜਾਣ ਵਾਲੇ ਤੱਤ ਦੇ ਕਾਰਨ ਅੰਤੜੀਆਂ ਨੂੰ ਸਾਫ ਰੱਖਦੀ ਹੈ ਜਿਸ ਨਾਲ ਤੁਸੀਂ ਕੈਂਸਰ ਵਰਗੀ ਸਮੱਸਿਆ ਤੋਂ ਵੀ ਬਚ ਸਕਦੇ ਹੋ। ਇਸ ਦੇ ਬਿਨਾ ਇਹ ਤੁਹਾਡੇ ਵਾਲਾ ਨੂੰ ਸੰਘਣਾ ਬਣਾਉਂਦੀ ਹੈ। ਪਰ ਇਸਦੇ ਨਾਲ ਨਾਲ ਏਨੇ ਗੁਣ ਹੋਣ ਦੇ ਬਾਵਜੂਦ ਵੀ ਕਈ ਕੇਸਾ ਵਿਚ ਇਹ ਹਾਨੀਕਾਰਕ ਹੁੰਦੀ ਹੈ ਇਹ ਜਾਨਣਾ ਤੁਹਾਡੇ ਲਈ ਬੇਹੱਦ ਜਰੂਰੀ ਹੈ। ਵੈਸੇ ਤਾਂ ਹਰੀਆਂ ਸਬਜ਼ੀਆਂ ਸਾਡੇ ਲਈ ਇੱਕ ਪੌਸ਼ਟਿਕ ਆਹਾਰ ਤੋਂ ਘੱਟ ਨਹੀਂ ਹਨ ਪਰ ਕਈ ਵਾਰ ਇਹ ਸਬਜ਼ੀਆਂ ਸਾਡੇ ਸਰੀਰ ਵਿਚ ਜ਼ਹਿਰ ਦਾ ਕੰਮ ਵੀ ਕਰਦੀਆਂ ਹਨ। ਅਤੇ ਇਨਫੈਕਸ਼ਨ ਦਾ ਕਾਰਨ ਵੀ ਬਣ ਸਕਦੀਆਂ ਹਨ। ਇਸੇ ਤਰ੍ਹਾਂ ਹਰੀਆਂ ਸਬਜ਼ੀਆਂ ਵਿੱਚੋ ਲੋਕ ਭਿੰਡੀ ਖਾਣਾ ਬਹੁਤ ਪੰਸਦ ਕਰਦੇ ਹਨ। ਇਸ ਲਈ ਭਿੰਡੀ ਖਾਂਦੇ ਸਮੇ ਕੁਝ ਸਾਵਧਾਨੀਆਂ ਰੱਖਣੀਆਂ ਚਾਹੀਦੀਆਂ ਹਨ। ਜਿਆਦਾ ਮਾਤਰਾ ਵਿਚ ਭਿੰਡੀ ਖਾਣ ਨਾਲ ਸਾਡੇ ਸਰੀਰ ਵਿਚ ਪਿੱਤ ਦੀ ਸ਼ਕਾਇਤ (ਸਰੀਰ ਦੇ ਅੰਦਰ ਗਰਮੀ ਦਾ ਹੋਣਾ )ਹੋ ਸਕਦੀ ਹੈ। ਇਸ ਲਈ ਭਿੰਡੀ ਖਾਣ ਦੇ ਬਾਅਦ ਕਦੇ ਵੀ ਮੂਲੀ ਦਾ ਸੇਵਨ ਨਾ ਕਰੋ। ਜੇਕਰ ਤੁਸੀਂ ਭਿੰਡੀ ਖਾਣ ਦੇ ਮੂਲੀ ਦਾ ਸੇਵਨ ਕਰਦੇ ਹੋ ਤਾ ਤੁਹਾਨੂੰ ਚਮੜੀ ਦੇ ਸਬੰਧੀ ਰੋਗ ਹੋ ਸਕਦੇ ਹਨ। ਜਿਵੇ ਕਿ ਚਮੜੀ ਦੇ ਰੋਗ,ਇਸ ਨਾਲ ਚਿਹਰੇ ਤੇ ਦਾਗ ਧੱਬੇ ਹੋ ਸਕਦੇ ਹਨ ਨਾਲ ਹੀ ਚਿਹਰੇ ਤੇ ਅਜੀਬ ਦਾਣੇ ਹੋ ਸਕਦੇ ਹਨ ਇਸ ਲਈ ਭਿੰਡੀ ਦੇ ਬਾਅਦ ਭੁੱਲ ਕੇ ਮੂਲੀ ਦਾ ਸੇਵਨ ਨਾ ਕਰੋ। ਭਿੰਡੀ ਨੂੰ ਭੁੰਨ ਕੇ ਖਾਣ ਦੇ ਸ਼ੌਕੀਨ ਹੋ ਤਾ ਇਹ ਸ਼ੌਕ ਤੁਹਾਡੇ ਤੇ ਕਾਫੀ ਭਾਰੀ ਪੈ ਸਕਦਾ ਹੈ। ਭੁੰਨ ਕੇ ਭਿੰਡੀ ਖਾਣ ਨਾਲ ਕੈਲੋਸਟਰੋਲ ਲੈਵਲ ਵਧਦਾ ਹੈ। ਇਸ ਨਾਲ ਤੁਹਾਨੂੰ ਮੋਟਾਪਾ ਅਤੇ ਹੋਰ ਵੀ ਸਮੱਸਿਆਵਾ ਹੋ ਸਕਦੀਆਂ ਹਨ। ਦੱਸ ਦੇਈਏ ਕਿ ਅਕਸਰ ਲੋਕ ਲੋਕ ਵੱਖਰਾ ਕੁਝ ਕਰਨ ਦੇ ਲਈ ਭਿੰਡੀ ਅਤੇ ਕਰੇਲਾ ਦੋਨੋ ਹੀ ਬਣਾ ਲੈਂਦੇ ਹਨ। ਬਸ ਇਥੇ ਹੀ ਸਾਵਧਾਨੀ ਵਰਤਣ ਦੀ ਲੋੜ ਹੈ। ਧਿਆਨ ਰੱਖਣਾ ਕਿ ਭਿੰਡੀ ਖਾਣ ਬਾਅਦ ਕਰੇਲੇ ਦੀ ਸਬਜ਼ੀ ਕਦੇ ਨਹੀਂ ਖਾਣੀ ਚਾਹੀਦੀ ਇੰਜ ਕਰਨ ਨਾਲ ਪੇਟ ਵਿੱਚ ਜ਼ਹਿਰ ਬਣ ਜਾਂਦਾ ਹੈ, ਜਿਸ ਨਾਲ ਮੌਤ ਤੱਕ ਹੋ ਸਕਦੀ ਹੈ





## ਵਾਰਦਾਤੀ ਜ਼ਜਬਾਤ ਲਿਖਾਂ ..

ਹਕੂਮਤ ਦੇ ਤਾਨਾਸ਼ਾਹੀ ਦਾਇਰੇ 'ਚ ਵੜਕੇ, ਕਿਓਂ ਮੈਂ ਵਿਲਕਦੀਆਂ ਹਕੀਕੀ ਧਾਰਨਾਵਾਂ ਸ਼ਾਂਤ ਲਿਖਾਂ!
ਉਮਰਾਂ ਭਰ ਲਈ ਰੱਦਿਆ ਜਿਸ ਅਧਿਆਏ, ਨੂੰ ਹੁਣ ਪ੍ਰਗਟ ਹੋ ਰਹੀ ਕੀ ਅਜੀਬ ਕਰਾਮਾਤ ਲਿਖਾਂ!

ਘਰੇ ਨਾ ਮੁੜਦੇ ਉਹ ਸਾਜ਼ੀ ਪਰਿੰਦੇ, ਜੋ ਸਚਾਈਆਂ ਲਿਖਣ ਬੋਲਣ ਬਾਰੇ ਅਪਰਾਧੀ ਸਮਝੇ ਜਾਂਦੇ ਨੇ,
ਮੈਂ ਤਾਂ ਉਨ੍ਹਾਂ ਬੰਦੀ ਹੋਏ ਜੇਲ੍ਹਾਂ ਵਿੱਚੋਂ ਦਰਦ ਉੱਗਲਦੀ ਉਨ੍ਹਾਂ ਦੀ ਦੁੱਖੜੇ ਬਿਆਨਦੀ ਹੀ ਬਾਤ ਲਿਖਾਂ।

ਰਾਜ ਦਾ ਲਹਿਜ਼ਾ ਅਨਿਆਂ ਦੀ ਸਿਰਜਣਾ ਵਡਿਆਈ ਪ੍ਰਦਰਸ਼ਨੀ ਹੋ ਰਹੀ ਸ਼ਰਮ ਵਫ਼ਾ ਵੱਲੋਂ ਭੱਜਕੇ,
ਸੰਸਾਰੀ ਪੱਧਰ ਦੀ ਫੈਲ ਰਹੀ ਹੈ ਖੋਹ ਖੋਹ ਖੇਡ, ਮਨੁੱਖਤਾ ਦੇ ਕਿਸ ਕਿਸ ਤਰਾਂ ਰੁੜ੍ਹਦੇ ਹਾਲਾਤ ਲਿਖਾਂ।

ਕੀ ਜ਼ਾਰਾਇਮ-ਪੇਸ਼ਾ ਹੀ ਬਣ ਗਿਆ ਹਕੂਮਤਾਂ ਲਈ, ਦਿਖਾਵੇ ਭਰੀ ਵਫ਼ਾਦਾਰੀ ਰਹੇ ਕੇਵਲ ਸ਼ਬਦੀਂ
ਕਾਨੂੰਨ ਦੇ ਗੁਜਰ ਚੁੱਕੇ ਬੇਸ਼ਰਮੀ ਲਹਿਜ਼ੇ ਦਾ ਸ਼ਰਮਸਾਰ 'ਚ ਕਿਓਂ ਨਾ ਉੱਸਰਿਆ ਬਿਰਤਾਂਤ ਲਿਖਾਂ।

ਰੋਜ਼ਗਾਰ ਦੇ ਨਾਂਵੇਂ, ਕਿਸਾਨੀ ਦੀ ਬੱਲੇ ਬੱਲੇ, ਔਰਤ ਹੈਸੀਅਤ ਦੀ ਰਾਖੀ, ਬੇਟੀ ਪੜ੍ਹਾਉਣ ਦੇ ਦਮਗਜ਼ੇ,
ਸਾਰਾ ਕੁੱਝ ਮਨਫ਼ੀ ਹੈ,ਜੀਭਾਂ ਬੰਦ ਖ਼ਾਮੋਸ਼ ਨੇ, ਮਨੂੰ-ਸਿਮਰਤੀ ਰੱਦਕੇ ਕਿਹੜੀ ਪ੍ਰਜਾਤੀ ਜਾਤ ਲਿਖਾਂ।

ਅਜੀਬ ਕਰਤੱਬਾਂ ਦੇ ਮੁਹਰੈਲ ਨੇਤਾ, ਲੋਕਾਂ ਦੀਆਂ ਜਿੰਦਗੀ ਜਜਬਾਤਾਂ ਵਿੱਚ ਤੰਗੀਆਂ ਅੜਾ ਰਹੇ ਨੇ,
ਲੁਕ ਲੁਕਕੇ ਲਿਖਣਾ ਮੇਰਾ ਤਜ਼ਰਬਾ ਜਿਹਾ ਹੋ ਗਿਆ ਕਿ ਭਾਂਵੇਂ ਕਦੇ ਦਿਨੇਂ ਲਿਖਾਂ ਕਦੇ ਰਾਤ ਲਿਖਾਂ।

ਗਰੀਬਾਂ ਦੀਆਂ ਸੁੰਗੜੀਆਂ ਜੇਬਾਂ ਵਿੱਚ ਮੰਡੀ ਲਈ ਦਸ ਵੀਹ ਹਨ ਜਾਂ ਭਾਨ ਦੇ ਸਿੱਕੇ ਹੀ ਖੜਕ ਰਹੇ,
ਉਨ੍ਹਾਂ ਬੇਬੱਸੇ ਅੱਖਰਾਂ ਤਾਈਂ ਕਲਮ ਵਿੱਚੋਂ ਵਾਪਰ ਰਹੀ ਇਹ ਪੂਰੀ ਦੀ ਪੂਰੀ ਦਰਦਨਾਕ ਝਾਤ ਲਿਖਾਂ!

ਜਿੰਦਗੀ ਦੇ ਆਦਰਸ਼ ਨਹੀਂ ਚਾਹੁੰਦੇ ਕਿ ਜਿੰਦਗੀ ਜਿੰਦਾਬਾਦ ਹੋਣਾ ਮੰਗਦੀ ਹੀ ਨਾ ਮਰ ਮੁੱਕ ਜਾਵੇ,
ਗੁੰਮ ਸੁੰਮ ਹੋ ਰਹੀਆਂ ਸਧਰਾਂ ਨੂੰ ਸਿਰ ਉੱਚਾ ਚੁੱਕਣ ਲਈ ਵਾਹਵਾ ਸਾਰੇ ਵਾਰਦਾਤੀ ਜ਼ਜਬਾਤ ਲਿਖਾਂ।

ਅਨੇਕਾਂ ਹੀ ਮਾਨਵੀ ਹਾਦਸੇ,ਦਰਦੀਲੇ ਮਾਤਮੀ ਸੋਗ ਕਤਲਾਂ, ਅਣਹੋਣੀਆਂ ਖੋਹਾਂ ਦੇ ਗ੍ਰਾਫ ਵਧ ਰਹੇ,
ਅਖਬਾਰਾਂ, ਚੈਨਲ ਸ਼ਬਦ ਨੂੜਕੇ ਸ਼ਾਨ ਵਿੱਚ ਮਟਕ ਰਹਿਆਂ ਵਿੱਚ ਕਿੱਥੋਂ ਮੈਂ ਸੱਚੀਂ ਵਾਰਦਾਤ ਲਿਖਾਂ!

**ਸੁਖਦੇਵ ਸਿੱਧੂ**

## ਮਿਰਜ਼ਾ

ਮਾਂ ਮਿਰਜ਼ੇ ਦੀ ਬੋਲਦੀ, ਮੈਂ ਇੱਕ ਸੁਪਨੇ ਲਈ ਸਤਾ।
ਵੇਖੀ ਖੁਲ੍ਹੇ ਝਾਟੇ ਡੂਮਣੀ, ਵਿਹੜੇ ਵਿੱਚ ਰਹੀ ਕੁਰਲਾ?

ਵੇ ਕਿਤੇ ਕੱਠੀਆਂ ਕਰ ਕੇ ਲੱਕੜਾਂ, ਲੋਕੀ ਰਹੇ ਢੇਰੀਆਂ ਲਾ।
ਸਾਡੇ ਘਰ ਵਿੱਚ ਆਵਣ ਤੀਵੀਂਆਂ, ਪੁੱਤਾ ਸਿਰ ਦੇ ਵਾਲ ਖਿੰਡਾ।

ਵੇ ਕੋਈ ਬਹਿ ਕੇ ਥਲੇ ਬ੍ਰਿਛ ਦੇ, ਉੱਚੀ ਰਹੀ ਕੀਰਨੇਂ ਪਾ।
ਵੇ ਤੂੰ ਛੱਡ ਦੇ ਅੜੀਆਂ ਮਿਰਜ਼ਿਆ, ਮੇਰਾ ਚਿੱਤ ਰਿਹਾ ਘਬਰਾ।

ਬੁਰੀ ਸਿਆਲਾਂ ਦੀਆਂ ਨਾਰੀਆਂ, ਦਿੰਦਿਆਂ ਆਸ਼ਕਾਂ ਨੂੰ ਮਰਵਾ।
ਵੇ ਨਾ ਕਰਕੇ ਕੌਲ ਨਿਭਾਉਂਦੀਆਂ, ਜਾਵਣ ਮੁਕਰ ਕਸਮਾਂ ਖਾ।

ਓਧਰ ਜੰਞ ਚੰਧੜਾਂ ਦੀ ਆਵਣੀ, ਪੜ੍ਹਨਾਂ ਸਹਿਬਾਂ ਕੱਲ੍ਹ ਨਿਕਾਹ।
ਤੇਰੇ ਮੂਹਰੇ ਕਟਕ ਜੇ ਚੜ੍ਹ ਗਿਆ,ਜੱਟਾ ਇੱਕ ਨਹੀਂ ਚੱਲਣੀ ਵਾਹ।

ਪਿੱਛੇ ਮੁੜਜਾ ਮੰਨ ਲੈ ਮੇਰੀਆਂ, ਨਾ ਪੈ ਸਿਆਲਾਂ ਦੇ ਰਾਹ।
ਜਿਹੜਾ ਗੱਲ ਮਾਵਾਂ ਦੀ ਮੋੜਦਾ, ਲੈਂਦਾ ਰੱਬ ਵੀ ਮੁੱਖ ਘੁਮਾ।

ਯਾਰੋ ਅੱਗਿਓਂ ਮਿਰਜ਼ਾ ਬੋਲਦਾ, ਮਾਏ ਸੁਪਨੇ ਸੱਚ ਨਾ ਹੋਣ।
ਸੁਪਨੇ ਵਿੱਚ ਜੇ ਕੋਈ ਮਰ ਜਾਵੇ, ਓਥੇ ਕਦੋਂ ਮਕਾਣਾਂ ਆਉਣ।

ਸੁਪਨੇ ਵਿੱਚ ਰੋਟੀਆਂ ਖਾਧੀਆਂ, ਨਾਹੀਂ ਭੁੱਖਾਂ ਕਦੇ ਮਿਟਾਉਣ ।
ਮਾਏ ਸੁਪਨੇ ਵਾਲੀ ਸੇਜ ਤੇ, ਲੋਕੀ ਕਦ ਦਿਨ ਦੇ ਵਿੱਚ ਸੋਣ।

ਸੁਪਨੇ ਵਿੱਚ ਪੈਦਾ ਹੋਏ ਪੁੱਤ ਨੂੰ, ਦੱਸਦੇ ਗੋਦ ਖਲ੍ਹਾਵੇ ਕੌਣ।
ਵਹਿਮ ਮਨਾਂ ਵਿੱਚ ਪਾਲਦੇ, ਸੀਸਾ ਸੱਚ ਨਹੀਂ ਦਿਖਾਉਣ।



ਮਾਏ ਰੋਕ ਨਾ ਮਿਰਜ਼ੇ ਜੱਟ ਨੂੰ, ਜਾਊ ਕਿਸਮਤ ਨੂੰ ਅਜ਼ਮਾਉਣ।
'ਕਾਮੀ ਵਾਲਾ' ਪਿੱਛੇ ਨਾਂ ਮੁੜੇ, ਚੱਲਿਆ ਸਹਿਬਾਂ ਅੱਜ ਵਿਆਉਣ।

**ਸੁਕਰ ਦੀਨ**
9592384393

## ਠੇਕੇਦਾਰ

ਕਈ ਚੋਰਾਂ ਨੇ ਬਦਕਾਰਾਂ ਨੇ
ਕਈ ਧਰਮ ਦੇ ਠੇਕੇਦਾਰਾਂ ਨੇ
ਕਈ ਲੀਡਰ ਚਵਲ ਗੱਦਾਰਾਂ ਨੇ
ਦੁਸ਼ਮਣ ਦੀ ਹਿੰਮਤ ਨਾ ਪੈਂਦੀ
ਸਾਨੂੰ ਲੁੱਟਿਆ ਜੁੰਡੀਦੇ ਯਾਰਾਂ ਨੇ
ਸਾਡੇ ਹੱਕ ਤੇ ਡਾਕੇ ਮਾਰਨ ਜੋ
ਖਾ ਕੇ ਹੱਕ ਹਰਾਮ ਦੀਆਂ
ਰੌਲਾ ਪਲੇਸਮੈਂਟ ਦਾ ਪਾਵਣ ਜੋ
ਸਾਨੂੰ ਲੁੱਟਿਆ ਇਹ ਬਦਕਾਰਾਂ ਨੇ
ਸਾਡੇ ਵੇਤਨ ਚੋਂ ਕਮਾਈ ਕਰਦੇ
ਆਪਣੀਆਂ ਚੋਖੀਆਂ ਜੇਭਾਂ ਭਰਦੇ
ਕਰ ਦਲਾਲੀ ਗ਼ੈਰਾਂ ਦੀ ਓਹ
ਸਾਡੇ ਹੀ ਉੱਤੇ ਆ ਵਰ੍ਹਦੇ
ਸਾਨੂੰ ਲੁੱਟਿਆ ਇਹ ਫਟਕਾਰਾਂ ਨੇ
ਕਹਿ ਕੇ ਹਜਾਰ ਰੁਪਏ ਦਾ ਫਾਇਦਾ
ਕਿੱਦਾਂ ਲੁੱਟ ਮੱਚਾਵਣ ਜੋ
ਸਾਨੂੰ ਭਰਮ ਭੁਲੇਖੇ ਚ ਪਾਕੇ
ਕਿੱਦਾਂ ਕਹਿਰ ਗੁਜ਼ਾਰਨ ਜੋ
ਬੱਲੀ ਲੁੱਟਿਆ ਕਹਿਰਗੁਜ਼ਾਰਾਂ ਨੇ



**ਬੱਲੀ ਬਲਜਿੰਦਰ**
8054135302

## ਛੇ ਸਵਾਲ ?

ਸਾਰਾ ਲਾਣਾ ਹੀ ਵਿਗੜਿਆ ਹੋਏ ਜਿੱਥੇ
ਉੱਥੇ ਕਰੇਗੀ ਸਿਆਣੀ ਬਰਾਦਰੀ ਕੀ?

ਝੋਨੇ-ਕਣਕ ਦੇ ਚੱਕਰ ਵਿੱਚ ਫਸੇ ਐਸੇ
ਲੋਕੀ ਭੁੱਲ ਗਏ ਹੁੰਦੀ ਆ ਦਾਦਰੀ ਕੀ?

ਕਿਰਤ ਕਰਨ ਦਾ ਦੇਣ ਉਪਦੇਸ਼ ਕਿੱਦਾਂ
ਕਾਜ਼ੀ ਪੰਡਤ ਅਰ ਭਾਈ ਤੇ ਪਾਦਰੀ ਕੀ?



ਬੰਦਾ ਫਿਰੇ ਜੋ ਬਦ-ਇਖਲਾਕ ਹੋਇਆ
ਉਹ ਨਹੀਂ ਜਾਣਦਾ ਹੁੰਦੀ ਨਿਰਾਦਰੀ ਕੀ?

ਇਹ ਪਦਵੀਆਂ ਬਸ ਹੁਣ ਨਾਂ ਦੀਆਂ ਨੇ
'ਸੂਫੀ' 'ਸੰਤ' 'ਮਜੌਰ' ਜਾਂ 'ਕਾਦਰੀ' ਕੀ?

ਹੈਗੇ ਕੋਲ ਨਹੀਂ ਜੁੱਸੇ ਕਿਰਦਾਰ ਪਹਿਲੇ
ਪਈ ਇਤਿਹਾਸ ਵਿੱਚ ਕਰੂ ਬਹਾਦਰੀ ਕੀ?

**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## ਬਾਰਹਮਾਹ

ਚੇਤ ਮਹੀਨਾ ਕਣਕਾਂ ਉੱਤੇ ਸੋਨਾ ਮੜ੍ਹਿਆ ਦਿਸਦਾ ਹੈ,
ਕੁਦਰਤ ਦੀ ਦੇਵੀ ਦਾ ਜੋਬਨ ਜਾਂਦਾ ਪਲ-ਪਲ ਘਿਸਦਾ ਹੈ।

ਵੈਸਾਖ ਮਹੀਨਾ ਦਾਣਿਆਂ ਦੇ ਨਾਲ ਸਾਰਾ ਵਿਹੜਾ ਭਰ ਦਿੰਦਾ,
ਬਨਸਪਤੀ ਨੂੰ ਖੇਤਾਂ ਵਿੱਚੋਂ ਬਿਲਕੁਲ ਖਾਲੀ ਕਰ ਦਿੰਦਾ।

ਜੇਠ ਮਹੀਨੇ ਸਿਖਰ ਦੁਪਹਿਰੇ ਲੂੰਆਂ ਬਣ-ਬਣ ਚਲਦੀਆਂ ਨੇ,
ਅੰਦਰ-ਬਾਹਰ ਗਰਮ ਹਵਾਵਾਂ ਅੱਗ ਵਾਂਗਰਾਂ ਵਰਦੀਆਂ ਨੇ।

ਹਾੜ ਮਹੀਨਾ ਜੀਅ-ਜੰਤ ਸਭ ਘਰ ਦੇ ਅੰਦਰ ਤਾੜ ਦਿੰਦਾ,
ਤਪਦੀ ਹੋਈ ਰੇਤ ਨਾਲ ਇਹ ਪੈਰਾਂ ਨੂੰ ਵੀ ਸਾੜ ਦਿੰਦਾ।

ਸਾਵਣ ਮਹੀਨੇ ਸਾਰੀ ਧਰਤੀ ਜਲਥਲ ਜਲਥਲ ਹੋ ਜਾਂਦੀ,
ਵਰਖਾ ਦੇਵੀ ਰੂਪ ਧਾਰ ਕੇ ਹਰ ਇੱਕ ਸ਼ੈਅ ਨੂੰ ਛੋ ਜਾਂਦੀ।

ਭਾਦੋਂ ਜਲਥਲ ਹੋਈ ਧਰਤੀ, ਮਿੱਟੀ ਖੁਸ਼ਬੂ ਛੱਡਦੀ ਹੈ ,
ਤਿੱਖੀ ਧੁੱਪ ਦੁਪਹਿਰਾਂ ਵਾਲੀ, ਪਿੰਡੇ ਨੂੰ ਵੀ ਵੱਢਦੀ ਹੈ

ਅੱਸੂ ਦੇ ਵਿੱਚ ਗਰਮੀ ਜਾਂਦੀ ਸਰਦੀ ਦੀ ਸ਼ੁਰੂਆਤ ਹੁੰਦੀ,
ਅੰਮ੍ਰਿਤ ਵੇਲੇ ਸੋਹਣੀ ਸੱਜਰੀ ਖੁਸ਼ੀਆਂ ਦੀ ਪ੍ਰਭਾਤ ਹੁੰਦੀ।

ਤਿਉਹਾਰਾਂ ਦੇ ਨਾਲ ਭਰਿਆ ਕੱਤਕ ਖੁਸ਼ੀਆਂ ਲੈ ਕੇ ਆਉਂਦਾ ਹੈ,
ਬਿਨਾ ਤਿਉਹਾਰਾਂ ਤੋਂ ਹੀ ਆਸ਼ਕ ਤਾਰੇ ਦੇਖ ਕੇ ਗਾਉਂਦਾ ਹੈ।

ਮੱਘਰ ਦੇ ਵਿੱਚ ਸਰਦੀ ਕੋਟ ਸਵੈਟਰ ਪਾਉਂਦੇ ਹਾਂ,
ਸ੍ਰੀ ਗੁਰੂ ਤੇਗ ਬਹਾਦਰ ਦੇ ਚਰਨਾਂ ਨੂੰ ਧਿਆਉਂਦੇ ਹਾਂ।

ਪੋਹ ਦਾ ਪਾਲਾ ਕੋਰ੍ਹਾ ਅੱਤ ਦੀ ਠੰਡ ਵਰਤਾਉਂਦਾ ਹੈ,
ਸੱਥ 'ਚ ਲੱਗਿਆ ਧੂੰਣਾ ਪਿੰਡ ਦੀ ਠੰਡ ਭਜਾਉਂਦਾ ਹੈ।

ਮਾਘ 'ਚ ਪੱਤੇ ਝੜਦੇ ਧੁੱਪਾਂ ਸੋਹਣੀਆਂ ਪੈਂਦੀਆਂ ਨੇ,
ਮਿੱਠੀਆਂ ਮਿੱਠੀਆਂ ਧੁੱਪਾਂ ਸੇਕ ਕੇ ਠੰਡਾਂ ਲਹਿਦੀਆਂ ਨੇ।



ਫੱਗਣ ਲੁੱਟੀਆਂ ਬਹਾਰਾਂ ਲੈ ਕੇ ਵਾਪਸ ਆ ਜਾਂਦਾ,
ਬਾਗਾਂ ਅਤੇ ਕਿਆਰੀਆਂ ਉੱਤੇ ਜੋਬਨ ਛਾ ਜਾਂਦਾ।

ਬਾ ਕਮਾਲ ਸਮੇਂ ਦੀ ਇਹ ਵੰਡ, ਧੁਰੋਂ ਸੁਅਰਗਾਂ ਦੀ,
ਕਦੋਂ ਕਰਾਂਗੇ ਮਾਣ ਇਹ ਸਾਡੀ ਕਮਾਈ ਬਜ਼ੁਰਗਾਂ ਦੀ।

**ਮੰਗਤ ਸਿੰਘ ਲੌਂਗੋਵਾਲ ਬਾਬਾ**

## ਮਾਂ ਬੋਲੀ ਪੰਜਾਬੀ

ਮਾਂ ਬੋਲੀ ਸਭਨਾਂ ਦੀ ਪਿਆਰੀ, ਕਹਿੰਦੇ ਨੇ ਧੁਰ ਦਰਗਾਹੋਂ ਆਈ,
ਮਾਖਿਉਂ ਮਿੱਠੀ ਜੱਗੋਂ ਨਿਆਰੀ, ਦੁੱਖ-ਸੁੱਖ 'ਚ ਕਰਦੀ ਅਗਵਾਈ।

ਜੰਮਣੋਂ ਪਹਿਲਾਂ ਵੀ ਸੁਣਦਾ ਹੈ ਜੋ, ਦੁੱਧ ਸੰਗ ਮਾਂ ਲੋਰੀ ਹੈ ਗਾਈ,
ਆਪ ਮੁਹਾਰੇ ਇਹ ਆ ਜਾਂਦੀ ਹੈ, ਭੁੱਲਿਆਂ ਵੀ ਨ ਜਾਏ ਭੁਲਾਈ।

ਸੁਹਾਗ, ਘੋੜੀਆਂ ਤੇ ਸਿੱਠਣੀਆਂ, ਵਿਰਸੇ ਦੀ ਮਹਿਫ਼ਲ ਸਜਾਈ,
ਤੇ ਛੰਦ ਪਰਾਗੇ ਆਈਏ ਜਾਈਏ, ਵਿੱਚ ਵਿਆਹਾਂ ਰੌਣਕ ਲਾਈ।

11ਵੀਂ ਸਦੀ 'ਚ ਜੰਮੀ ਸੁਣਦੇ ਹਾਂ,ਸ਼ੇਖ ਫ਼ਰੀਦ ਜੀ ਸੰਗ ਪ੍ਰਨਾਈ,
ਸ਼ੌਰਸੇਨੀ, ਅਪਾਭਰਮਸ਼, ਪ੍ਰਾਕ੍ਰਿਤ, ਭਾਸ਼ਾਵਾਂ ਦੀ ਕੁੱਖ ਵਿੱਚੋਂ ਜਾਈ।

15ਵੀਂ ਸਦੀ ਤੱਕ ਸੀ ਲੜਕਪਨ, ਫਿਰ ਗੁਰਾਂ ਨੇ ਅੰਗ ਲਗਾਈ,
ਬੇਤਰਤੀਬੇ ਪੈਂਤੀ ਅੱਖਰਾਂ ਨੂੰ ਫੜ, ਧੁਨੀ ਮਾਫ਼ਕ ਕਤਾਰ ਬਣਾਈ।

ਮਾਤਰਾਵਾਂ ਨੇ ਦੇਹ ਦੇਹ ਅਵਾਜ਼ਾਂ,ਅਰਥਾਂ ਦੀ ਕਰ'ਤੀ ਭਰਪਾਈ,
ਬੈਂਤ, ਦੋਹਰੇ, ਚੌਪਈ, ਸਵੱਈਆਂ 'ਚ, ਬਾਣੀ ਗਾ ਗਾ ਹੈ ਮਹਿਕਾਈ।



ਬੁੱਲ੍ਹੇ ਸ਼ਾਹ, ਹੁਸੈਨ ਫ਼ਕੀਰ ਫਿਰ, ਕਾਫ਼ੀਆਂ ਸੰਗ ਹੈ ਪ੍ਰੀਤ ਨਿਭਾਈ,
ਸ਼ਾਹ ਮੁਹੰਮਦ ਲਿਖ ਲਿਖ ਵਾਰਾਂ, ਜੰਗ ਦੀ ਗਾਥਾ ਖ਼ਰੀ ਸੁਣਾਈ।

ਭੰਗੜੇ-ਗਿੱਧੇ ਬੋਲੀਆਂ ਪਾਉਂਦੀ, ਪਿੰਡ ਪਿੰਡ ਜਾਗੋ ਬਣਕੇ ਆਈ,
ਮਰਨੇ-ਪਰਨੇ ਅਤੇ ਜੰਮਣੇ ਮੌਕੇ, ਪਾਉਂਦੀ ਕੀਰਨੇ, ਦਿੰਦੀ ਵਧਾਈ।

**ਸੇਵਾ ਸਿੰਘ 'ਨੂਰਪੁਰੀ'**

## ਇੱਕ ਨਜ਼ਮ

ਇਹ ਕਿਸਮਤ ਸੀ ਜਾਂ ਵਧੀ ਮੇਰੀ ਜੋ ਬਚ ਨਿੱਕਲੇ
ਉਂਝ ਕਸਰ ਕੋਈ ਯਾਰਾਂ ਛੱਡੀ ਨਹੀਂ ਸੀ, ਮਾਰਨ ਦੀ

ਉਹ ਆਪਣੇ ਈ ਸਨ, ਪਰ ਮੈਂ ਕਿੰਝ ਆਪਣੇ ਸਮਝ ਲਵਾਂ
ਜੋ ਹੱਸ-ਹੱਸ ਖੁਸ਼ੀ ਮਨਾਉਂਦੇ ਰਹੇ, ਮੇਰੇ ਹਾਰਨ ਦੀ

ਅੱਜ-ਕੱਲ੍ਹ ਦੇ ਰਾਂਝੇ-ਹੀਰਾਂ ਚਾਰਨ ਮਾਪਿਆਂ ਨੂੰ
ਉਹ ਹੋਰ ਸੀ ਜੋ ਗੱਲ ਕਰਦੇ, ਮੱਝੀਆਂ ਚਾਰਨ ਦੀ

ਮੈਂ ਤਾਂ ਅੱਜ ਤੱਕ ਹਰ ਇੱਕ ਨਾਲ ਵਫ਼ਾ ਨਿਭਾਈ ਹੈ
ਕਿਉਂ ਮੋੜ ਗਏ ਮੁਖ ਸਮਝ ਨਾ ਆਈ ਕਾਰਨ ਦੀ

ਸਾਨੂੰ ਵਿੱਚ ਮੰਝਧਾਰ ਲੈਜਾ ਕੇ, 'ਕੱਲਿਆਂ ਛੱਡ ਆਏ
ਗੱਲ ਕਰਦੇ ਸੀ ਜੋ ਹਰਦਮ, ਪਾਰ ਉਤਾਰਨ ਦੀ

ਖੁਦ ਚੜ੍ਹਕੇ ਵਿੱਚ ਜਹਾਜ ਉਡਾਰੀ ਮਾਰ ਗਏ
ਸਾਨੂੰ ਦੇ ਕੇ ਗੁੜ੍ਹਤੀ, 'ਨਾਮ ਜਹਾਜ' ਉਚਾਰਨ ਦੀ



ਖੁਦ ਬਣਕੇ ਬਾਬੇ, ਘੁੰਮਦੇ ਲਗ਼ਜਰੀ ਕਾਰਾਂ 'ਚ
ਲੋਕਾਂ ਨੂੰ ਸਿੱਖਿਆ, ਸਾਦਾ ਜੀਵਨ ਗੁਜ਼ਾਰਨ ਦੀ

ਬੜਾ ਸੌਖਾ ਹੁੰਦਾ ਦੂਜਿਆਂ ਨੂੰ ਉਪਦੇਸ਼ ਦੇਣਾ
'ਖੁਸ਼ੀ' ਲੋੜ ਹੈ ਪਹਿਲਾਂ ਆਪਣਾ ਆਪ ਸੰਵਾਰਨ ਦੀ

**ਖੁਸ਼ੀ ਮੁਹੰਮਦ 'ਚੱਠਾ'**
9779025356

## ਵਿਚਾਰ ਆਪੋ-ਆਪਣਾ

ਕਦੇ ਮੈਂ ਆਪਣੇ ਆਪ ਨੂੰ ਵਿਦਵਾਨ ਸਮਝਦਾ,
ਅਗਲੇ ਪਲ ਹੀ ਲਗਦਾ ਅਗਿਆਨੀ।
ਕਿਵੇਂ ਕਹਾ ਸਕਦਾ ਗਿਆਨਵਾਨ,
ਪੰਜਾਬੀ ਤਾਂ ਭਾਵੇਂ ਪੜ੍ਹੀ, ਪਾਸ ਨਾ ਕੀਤੀ ਗਿਆਨੀ।

ਕਦੇ ਕੱਦਾਵਰ ਬੰਦਿਆਂ ਵਿੱਚ ਖੜ੍ਹਾ ਲੱਗਾਂ ਛੋਟਾ
ਬ੍ਰਿਟਿਸ਼ ਪੀਐਮ ਚਰਚਿਲ ਮੁਕਾਬਲੇ ਹਾਂ ਉੱਚਾ
ਮੋਟਾਪੇ ਦੇ ਹਿਸਾਬ ਆਵਾਜ਼ ਪੰਜਾਬ ਵਾਲਾ ਆਹੂਜਾ ਹੈ ਮੋਟਾ,
ਇੰਨਾ ਪਤਲਾ ਵੀ ਨ੍ਹੀਂ ਹਾਂ, ਦੇਖਣ ਵਾਲੇ ਕਹਿੰਦੇ ਵਧੀਆ ਜੁੱਸਾ।

ਕਦੇ ਮੈਨੂੰ ਲੱਗੇ ਦੁਨੀਆਂ ਮੇਰੇ ਦੁਆਲੇ ਘੁੰਮਦੀ,
ਜਦੋਂ ਮੈਨੂੰ ਗੇੜੇ ਕੱਢਣੇ ਪੈਂਦੇ, ਦੁਨੀਆਂ ਪੈਰ ਚੁੰਮਦੀ।
ਪਤਾ ਨਹੀਂ ਇਹ ਵੀ ਭੁਲੇਖਾ ਹੋਵੇ ਮੇਰਾ,
ਲੋਕਾਈ ਤਾਂ ਭਾਂਤ-ਭਾਂਤ ਦੀਆਂ ਸੁੰਘਾਂ ਰਹੇ ਸੁੰਘਦੀ।



ਮੈਂ ਸਿੱਧ-ਪੱਧਰਾ ਜਿਹਾ ਬੰਦਾ, ਵਿੰਗੇ-ਟੇਢੇ ਲੋਕਾਂ ਨਾਲ ਪੈਂਦਾ ਪੰਗਾ,
ਖਹਿੜਾ ਛੁਡਾਉਣਾ ਔਖਾ ਹੋ ਜਾਵੇ।
ਘਰਵਾਲੀ ਕਚੀਚੀਆਂ ਵੱਟੇ, ਕਹਿੰਦੀ ਬਣਜਾ ਬੰਦਾ,
ਸਾਰਾ ਟੈਮ ਘੁੱਗੂ-ਘਾਂਗੜੇ ਪਾਉਂਦੇ ਦਾ ਹੋ ਜਾਵੇ।

**ਅਮਰਜੀਤ ਸਿੰਘ ਤੂਰ**
9878469639

## ਜਿਨ੍ਹਾਂ ਲਈ ਮੈਂ ਲੜਿਆ

ਤਮਾਮ ਉਮਰ ਜਿੰਨ੍ਹਾਂ ਲਈ ਮੈਂ ਯੁੱਧ ਲੜੇ ਨੇ।
ਖਿੱਚ ਲਕੀਰ ਅੱਜ ਓਹੀ ਮੇਰੇ ਵਿਰੁੱਧ ਖੜ੍ਹੇ ਨੇ।

ਲਾਲਸਾ ਮਧੋਲ ਕੇ ਰੱਖ ਦਿੱਤਾ ਹੈ ਸਭ ਕੁੱਝ ਨੂੰ
ਹੋਰ ਤਾਂ ਹੋਰ ਉਹ ਭੁੱਲ ਕੇ ਮਾਂ ਦਾ ਦੁੱਧ ਖੜ੍ਹੇ ਨੇ।

ਸਮਿਆਂ ਦੀ ਵੀ ਅਜੀਬ ਜਿਹੀ ਹੋਣੀ ਹੁੰਦੀ ਐਂ
ਮੋਹ ਮੁਹੱਬਤ ਵਾਲੇ ਸਾਰੇ ਧਾਗੇ ਰੁੱਧ ਧਰੇ ਨੇ।

ਤਪਸ਼ ਲਾਲਸਾ ਦੀ ਸਭ ਹੱਦਾਂ ਬੰਨੇ ਹੈ ਟੱਪ ਗਈ
ਤਾਹੀਓਂ ਅੰਨ੍ਹੇ ਹੜ੍ਹ ਵਿੱਚ ਵੱਡੇ ਵੱਡੇ ਮੁੱਢ ਹੜ੍ਹੇ ਨੇ।

ਕਿਸ ਨੂੰ ਕਹਾਂ ਤੇ ਕਿਸ ਤਾਈਂ ਜਾ ਸਮਝਾਵਾਂ ਮੈਂ
ਟੰਗ ਕੇ ਸਿਰ ਬਰਛੇ 'ਤੇ ਧੜ ਲੈ ਉਹ ਖੁਦ ਖੜ੍ਹੇ ਨੇ।

ਬਲਦੀ ਅੱਗ 'ਚ ਖੁਦ ਨੂੰ ਹੀ ਨਿੱਤ ਸੇਕੀ ਦਾ
ਲੱਖਾਂ ਅਲਾਮਤਾਂ ਵਾਲੇ ਵਿੱਚ ਚੁਰਾਹੇ ਸ਼ੁੱਧ ਖੜ੍ਹੇ ਨੇ।

ਦਲੀਲ ਦੁੱਲੇ ਦੀ ਕਦੋਂ ਸਮਝ ਤਖ਼ਤ ਨੂੰ ਆਉਂਦੀ ਹੈ
ਕੀ ਕਰੀਏ ਹੱਥ ਵਕਤ ਨੇ ਅਜਿਹੇ ਕੁੱਝ ਨੜੇ ਨੇ।



ਬੇ ਵਸੀ ਦਾ ਆਲਮ ਖਾਹਿਸ਼ ਹੈ ਵੱਡੀ ਉਡਾਰੀ ਦੀ
ਕੋਈ ਪਰਵਾਹ ਨਹੀਂ ਜੇ ਬਰਛੇ ਪਰਾਂ 'ਚ ਖੁੱਭ ਖੜ੍ਹੇ ਨੇ।

ਕੋਈ ਗੱਲ ਨਹੀਂ ਕੋਈ ਬਾਤ ਮੁਹੱਬਤ ਦੀ ਪਾ ਜਾ ਤੂੰ
ਉਸ ਪਾਰ ਤਾਂ ਕੁੱਝ ਚੰਦਰੇ ਐਵੇਂ ਹੀ ਹੁੱਬ ਖੜ੍ਹੇ ਨੇ।

**- ਡਾ ਮੇਹਰ ਮਾਣਕ**

## ਨਵੀਂ ਹਵਾ

ਨਵੇਂ ਜ਼ਮਾਨੇ ਦੀ ਹਵਾ ਤੁਰੀ
ਅੰਧੇਰੀਆਂ ਰਾਹਵਾਂ ਨੂੰ।
ਭਾਈ ਜੋ ਬਾਂਹ ਅਖਵਾਉਂਦੇ,
ਉਹੀ ਭੰਨਣ ਬਾਹਵਾਂ ਨੂੰ।
ਬੁੱਢੇ ਮਾਪਿਆਂ ਦੀ ਵਹਿੰਗੀ ਨਾ
ਕੋਈ ਸਰਵਣ ਚੁੱਕਦਾ ਹੈ,
ਹੁਣ ਨਫ਼ਰਤ ਹੁੰਦੀ ਬਾਪੂ ਨੂੰ ਤੇ
ਗਾਲਾਂ ਮੂੰਹ ਤੇ ਮਾਵਾਂ ਨੂੰ।
ਲਾਲਚ ਦੇ ਫ਼ਨੀਅਰ ਕਾਲੇ
ਬੁੱਕਲਾਂ ਵਿੱਚ ਪਲ ਰਹੇ,
ਆਪਣੀ ਖ਼ੁਸ਼ੀ ਦੀ ਖ਼ਾਤਰ
ਕਤਲ ਕਰਨ ਦੂਜੇ ਦੇ ਚਾਵਾਂ ਨੂੰ।
ਕੋਇਲਾਂ ਦੀ ਮਿੱਠੀ ਕੂ ਕੂ ਨੂੰ
ਮਾਇਆ ਜ਼ਿੰਦਰੇ ਮਾਰ ਲਏ
ਖੁੱਲ੍ਹੀ ਛੁੱਟੀ ਕਰ ਦਿੱਤੀ
ਕੰਨ ਖਾਣ ਲਈ ਕਾਵਾਂ ਨੂੰ।
ਅੱਜ ਪਾਖੰਡੀ ਬਾਬਿਆਂ ਨੇ
ਥਾਂ ਥਾਂ ਡੇਰੇ ਮੱਲ ਲਏ
ਭੋਲੇ ਭਾਲੇ ਲੋਕਾਂ ਤੋਂ ਲੈਕੇ
ਕਈ ਕਈ ਏਕੜ ਥਾਵਾਂ ਨੂੰ।
ਇੱਕ ਦੂਜੇ ਨੂੰ ਚਿਤ ਕਰਨ
ਲਈ ਕਲਾਬਾਜ਼ੀਆਂ ਖੇਡ ਰਹੇ,
ਰਾਈ ਦਾ ਪਹਾੜ ਬਣਾਉਂਦੇ,
ਗੰਢਾਂ ਦੇਣ ਹਵਾਵਾਂ ਨੂੰ।
ਪ੍ਰਦੂਸ਼ਣ ਜੋ ਚਾਰੇ ਪਾਸੇ,
ਫੈਲਿਆ ਭ੍ਰਿਸ਼ਟਾਚਾਰੀ ਦਾ,
ਸਿਆਸਤ ਵਿੱਚੋਂ ਸਿੱਖ ਚਲਾਉਂਦੇ,
ਆਪਣੇ ਆਪਣੇ ਦਾਵਾਂ ਨੂੰ।
ਇੱਕੋ ਧਾਗੇ ਵਿੱਚ ਪਰੋਏ,
ਮਣਕੇ ਮਾਲਾ ਦੇ ਬਣੀਏ,
ਆਓ ਸਮਾਜ 'ਚੋਂ ਭਜਾਈਏ
ਇਨ੍ਹਾਂ ਚੰਦਰੀਆਂ ਬੁਲਾਵਾਂ ਨੂੰ।



ਪ੍ਰਸ਼ੋਤਮ ਪੱਤੋ, ਮੋਗਾ

## ਕਵਿਤਾ

ਜਦੋਂ ਕੁੱਝ ਟੁੱਟਦਾ ਹੈ

ਜਦੋਂ
ਆਪਾ ਵਾਰਨ ਤੇ ਵੀ
ਉਲਾਮਿਆਂ ਦੀ ਸੌਗਾਤ ਮਿਲੇ

ਜ਼ਿੰਦਗੀ ਭਰ ਦੇ
ਗੂੜ੍ਹ ਅਹਿਸਾਨਾਂ ਨੂੰ
ਇਲਜ਼ਾਮਾਂ ਨਾਲ
ਮੜ੍ਹ ਦਿੱਤਾ ਜਾਵੇ

ਜਿਨ੍ਹਾਂ ਲਈ
ਪਲ ਪਲ ਮਰਹਮ ਬਣੇ
ਉਹ ਦਰਦ ਦੇ ਜਾਣ

ਆਪਣੀ ਗੋਦੀ ਦਾ
ਅਹਿਸਾਸੀ ਨਿੱਘ ਦੇਣ ਤੇ ਵੀ
ਹਾਉਕੇ ਝੋਲੀ ਪੈਣ

ਜਿਨ੍ਹਾਂ ਨਾਲ
ਮੋਢਾ ਜੋੜ ਤੁਰੇ
ਉਹ ਉਂਗਲ ਫੜਨ
ਤੋਂ ਇਨਕਾਰੀ ਹੋ ਜਾਣ
ਮਾੜੇ ਸਮਿਆਂ 'ਚ

ਜਿਨ੍ਹਾਂ ਨੂੰ ਤੁਸੀਂ
ਰਾਹ ਰਸਤੇ
ਪਗਡੰਡੀਆਂ
ਬਖਸ਼ੀਆਂ
ਗਿਰਝ ਬਣ ਬੈਠ ਜਾਣ
ਤੁਹਾਡੀ ਹਿੱਕ ਉੱਤੇ

ਉਦੋਂ
ਆਵਾਜ਼ ਨਹੀਂ ਆਉਂਦੀ
ਕੁੱਝ
ਟੁੱਟਦਾ ਜ਼ਰੂਰ ਹੈ।



ਦਿਲਬਾਗ ਰਿਉਂਦ

## ਉਹ ਅਨਾਥ ਨੂੰ ਪੁੱਛੀ

ਚਿਰਾਂ 'ਤੋਂ ਖੜਿਆ ਹੋਵੇ ਪਾਣੀ
ਉਹ ਤਲਾਬ ਨੂੰ ਪੁੱਛੀਂ
ਕਿਸਾਨੀ ਚੜਿਆ ਲਾਹੇ ਕਰਜਾ
ਉਹ ਹਿਸਾਬ ਨੂੰ ਪੁੱਛੀਂ
ਖਿੜਿਆ ਕੰਡਿਆਂ 'ਚ ਫੁੱਲ
ਉਹ ਗੁਲਾਬ ਨੂੰ ਪੁੱਛੀਂ
ਕੰਧਾਂ, ਛੱਤਾਂ ਛੱਡੇ ਖਲੇਪੜ
ਉਹ ਸਲ੍ਹਾਬ ਨੂੰ ਪੁੱਛੀਂ
ਕਦੇ ਟੁੱਟਿਆ ਸੀ ਜਿਹੜਾ
ਉਸ ਖੁਆਬ ਨੂੰ ਪੁੱਛੀਂ
ਜਿਹਨੇ ਤੋੜਿਆ ਸੀ ਦਿਲ
ਉਹ ਜਨਾਬ ਨੂੰ ਪੁੱਛੀਂ
ਪੁੱਤ ਨਸ਼ਿਆਂ ਦੇ ਵਿੱਚ ਰੁੜ ਗਿਆ
ਉਹ ਦੁੱਖ ਬਾਪ ਨੂੰ ਪੁੱਛੀਂ
ਪਾਣੀ ਵਗਿਆ ਸੀ ਅੰਮ੍ਰਿਤ ਵਰਗਾ
ਉਹ ਪੰਜ-ਆਬ ਨੂੰ ਪੁੱਛੀਂ
ਮਾਪਿਆਂ ਬਾਝੋਂ ਰੁਲ ਗਿਆ ਬਚਪਨ
ਉਹ ਅਨਾਥ ਨੂੰ ਪੁੱਛੀਂ



- ਨਿਰਲੇਪ ਕੌਰ ਸੇਖੋਂ

## ਖ਼ੁਦਗਰਜ਼

'ਹਾਂ' ਮੈਂ ਖ਼ੁਦਗਰਜ਼ ਹਾਂ ,
ਮੈਂ ਸੋਚ ਦਾ ਹਾਂ 'ਖ਼ੁਦ' ਬਾਰੇ ...

ਮੈਂ ਸੋਚ ਦਾ ਹਾਂ,
ਆਪਣੇ ਦਿਮਾਗ ਬਾਰੇ ,
ਕਿ ਕਿਵੇਂ ਇਸਨੂੰ 'ਸਹੀ ਵਰਤਾਂ'...

ਮੈਂ ਸੋਚ ਦਾ ਹਾਂ,
ਆਪਣੇ ਮਨ ਬਾਰੇ,
ਕਿ ਕਿਵੇਂ ਇਸਨੂੰ 'ਸ਼ਾਂਤ' ਕਰਾਂ ...

ਮੈਂ ਸੋਚ ਦਾ ਹਾਂ ,
ਆਪਣੀਆਂ ਇੱਛਾਵਾਂ ਬਾਰੇ ,
ਕਿ ਕਿਵੇਂ ਇਨ੍ਹਾਂ ਨੂੰ 'ਘੱਟ' ਕਰਾਂ ...

ਮੈਂ ਸੋਚ ਦਾ ਹਾਂ ,
ਆਪਣੀਆਂ ਵਾਸਨਾਵਾਂ ਬਾਰੇ ,
ਕਿ ਕਿਵੇਂ ਇਨ੍ਹਾਂ ਦਾ 'ਮਾਲਕ' ਹੋਵਾਂ ...

'ਹਾਂ' ਮੈਂ ਖ਼ੁਦਗਰਜ਼ ਹਾਂ ,
ਮੈਂ ਸੋਚ ਦਾ ਹਾਂ 'ਖ਼ੁਦ' ਬਾਰੇ
'ਹਾਂ' ਮੈਂ ਖ਼ੁਦਗਰਜ਼ ਹਾਂ ...



ਜਿੰਮੀ ਅਹਿਮਦਗੜ੍ਹ
8195907681

## ਅਖਾੜਿਆਂ ਦੇ ਵਿੱਚ

ਜਦੋਂ ਓਵਰ ਵੇਟ
ਖਿਡਾਰੀ ਆ ਜਾਣ ,
ਰੈਫਰੀ ਜਦੋਂ ਧੱਕ ਨਾਲ ?
ਜੇਤੂ ਕਰਾਰ ਦੇਣ ਲੱਗੇ,
ਜਦੋਂ ਧੋਬੀ ਪਟਕੇ ਦੇ ਮਾਹਿਰ
ਮੈਲੀਆਂ ਨਜ਼ਰਾਂ ਤੋਂ ਹਾਰ ਜਾਣ,
ਅਤੇ ਲੰਬੀ ਸੀਟੀ ਚ
ਰੈਫਰੀ ਸਾਰੀਆਂ ਅਵਾਜਾਂ ਦੱਬ ਲਵੇ ਤਾਂ ਫਿਰ
ਸੀਟੀ ਚ ਰੋੜੀ ਫਸਾਉਣੀ
ਪੈਂਦੀ ਆ ,
ਸੀਟੀ ਚ ਵੱਜਣ ਵਾਲੀ ਫੂਕ ਦਾ
ਸਿਰਾ ਲੱਭ ਓਸ ਨੂੰ ਸੰਘ ਚ ਹੀ ਰੋਕਣਾ ਪੈਂਦਾ,
ਫਿਰ ਅਖਾੜਾ ਕਿਤੇ ਵੀ ਬਣ ਸਕਦਾ ਹੈ
ਤੇ ਟਰੈਫ਼ਿਕ ਸਿਗਨਲ ਕਾਲੀ
ਸੜਕ ਦੇ ਵਿਚਕਾਰ ਕਿਤੇ ਵੀ
ਲਾਲ ਹੋ ਸਕਦੇ ਨੇ
ਜਾਮ ਹੋਏ ਚੱਕਿਆਂ ਦੇ ਹੌਲ਼ਨ
ਕੰਨ ਵੀ ਪਾੜ ਸਕਦੇ ਨੇ
ਅਤੇ ਫਿਰ ਤੁਹਾਡੀ ਸੀਟੀ
ਗੁੰਗੀ ਵੀ ਹੋ ਸਕਦੀ ਆ,
ਅਤੇ ਫਿਰ ਓਵਰ ਵੇਟ ਨੂੰ ਚੁਫਾਲ
ਡੇਗਣਾ ਕੋਈ ਔਖਾ ਨਹੀਂ ਹੁੰਦਾ।



ਗੁਰਦੀਪ ਗਾਮੀਵਾਲਾ

## ਰੰਗਾਂ ਦੀ ਮਹਿਫ਼ਲ

ਰੰਗਾਂ ਦੀ ਏ ਮਹਿਫ਼ਲ ਸੱਜੀ,
ਆਲਮ ਕੁੱਝ ਰਮਣੀਕ ਜਿਹਾ ਏ।
ਢਲਦੀ ਸ਼ਾਮ, ਤਸਵੁੱਰ ਤੇਰਾ,
ਮੌਸਮ ਵੀ ਰੰਗੀਨ ਜਿਹਾ ਏ।
ਮਿੱਠਾ ਜਿਹਾ ਕੋਈ ਲੋਰ ਏ ਚੜ੍ਹਿਆ,
ਜੋਗੀਆਂ ਵਾਲੀ ਬੀਨ ਜਿਹਾ ਏ।
ਦਿਲ ਦੇ ਵਿੱਚ ਸ਼ਰਾਰੇ ਦੱਬੇ,
ਅੱਖੀ ਕੁੱਝ ਨਮਕੀਨ ਜਿਹਾ ਏ।
ਅੱਲੜ ਚਾਵਾਂ ਕਿੱਕਲੀ ਪਾਈ,
ਖ਼ਾਬ ਕੋਈ ਹੁਸੀਨ ਜਿਹਾ ਏ।
ਹਾਸਾ ਤੇਰਾ ਨਿਰਾ ਪਤਾਸਾ,
ਰੋਸਾ ਜਹਿਰ ਕੁਨੀਨ ਜਿਹਾ ਏ।
ਤੇਰੀਆਂ ਈ ਪੈੜਾਂ ਨੱਪਦਾ ਰਹਿੰਦਾ,
ਬਾਵਰਾ ਦਿਲ ਸ਼ੁਕੀਨ ਜਿਹਾ ਏ।
ਕੋਹਰੇ ਵਾਂਗ ਏ ਵਲਗਣ ਪਾਈ,
ਹਿਜਰ ਸਾਥੀ ਹਾਜ਼ਰੀਨ ਜਿਹਾ ਏ।
ਰਾਤਾਂ ਦਾ ਚੈਨ ਖੋਹ ਕੇ ਲੈ ਗਿਆ,
ਮਸਲਾ ਕੁੱਝ ਸੰਗੀਨ ਜਿਹਾ ਏ।
ਅੱਧ ਉਨੀਂਦਾ, ਜਾ ਏ ਜਾਗੋ ਮੀਟੀ,
ਅੰਦਰ ਕੀ ਗਮਗੀਨ ਜਿਹਾ ਏ।
ਉੱਡਦੇ ਪੰਛੀ,ਵਹਿੰਦਾ ਪਾਣੀ,
ਦਿਲ ਵਿੱਚ ਕੁੱਝ ਤਸਕੀਨ ਜਿਹਾ ਏ।



ਸਤਨਾਮ ਕੌਰ ਤੁਗਲਵਾਲਾ

## ਧਰਤੀ ਦੀ ਪੁਕਾਰ

ਧਰਤੀ ਮਾਂ ਦੁੱਖ ਅੱਜ ਦੱਸ ਦੀ
ਸਾਥੋਂ ਸੁਣ ਨਾਂ ਹੋਵਣ
ਧਰਮ ਦੇ ਨਾਂ ਤੇ ਜੋ ਲੜ ਰਹੇ
ਲੜਕੇ ਆਪਸ ਵਿੱਚ ਰੋਵਣ

ਏਹਨਾਂ ਕੁੱਖ ਮੇਰੀ 'ਚੋਂ ਪਾਣੀ ਕੱਢ
ਲਿਆ ਹੁਣ ਹੋ ਗਿਆ ਡੂੰਘਾਂ
ਮੈਂ ਕਿਵੇਂ ਪਾਲੂੰ ਬੱਚੇ ਆਪਣੇ
ਲੱਗਿਆ ਰਹਿੰਦਾ ਮਨ ਨੂੰ ਹੁੰਗਾਂ

ਇਹਨਾਂ ਖਾਦਾਂ ਜ਼ਹਿਰਾਂ ਪਾਕੇ
ਮੈਨੂੰ ਕੀਤਾ ਗੰਧਲਾ
ਲੱਗ ਗਈਆਂ ਬਿਮਾਰੀਆਂ ਮੇਰੇ
ਪੁੱਤਾਂ ਨੂੰ ਪੰਜਾਬ ਮੇਰਾ ਸੀ ਰੰਗਲਾ

ਧਰਤੀ ਆਖੇ ਮੇਰੇ ਉੱਤੋਂ ਰੁੱਖ
ਛਾਂ ਵਾਲੇ ਵੱਢ ਲਏ ਨੇ ਸਾਰੇ
ਵਾਤਾਵਰਣ ਕੀਤਾ ਸਭ ਗੰਧਲਾ
ਰੁੱਖ ਲਾਏ ਨਾਂ ਦੁਬਾਰੇ

ਧਰਤੀ ਮਾਂ ਪਈ ਰੋਵਦੀਂ ਤੇ
ਨਾਲੇ ਕੁਰਲਾਵੇ
ਪੰਛੀ ਜਾਨਵਰ ਕਈ ਅਲੋਪ ਹੋ ਗਏ
ਹੁਣ ਦਿਸਣ ਨਾਂ ਪਾਏ

ਧੰਜੂ ਕਹੇ ਦੁਨਿਓ ਵਾਲਿਓ ਗੱਲ
ਕਲਮ ਲਿਖੇ ਪਈ ਮੇਰੀ
ਧਰਤੀ ਮਾਂ ਦੀ ਗੱਲ ਸੁਣ ਲਵੋ
ਨਾਂ ਲਾਵੋ ਦੇਰੀ



ਗੁਰਚਰਨ ਸਿੰਘ ਧੰਜੂ
ਪਟਿਆਲਾ

## ਕੀੜੀ.....

ਕੀੜੀ ਤੁਰਦੀ ਆਪਣੀ ਹੌਲੀ ਚਾਲ
ਕੀੜੀ ਕਰਦੀ ਮਿਹਨਤ ਦਿਨ ਤੇ ਰਾਤ
ਕੀੜੀ ਵੇਖਣ ਨੂੰ ਭਾਵੇਂ ਲੱਗਦੀ ਛੋਟੀ
ਮਿਹਨਤ ਕਰਨ ਦਾ ਪੜ੍ਹਾਵੇ ਸਦਾ ਪਾਠ
ਇੱਕ ਥਾਂ ਤੋਂ ਜਦੋਂ ਦੂਜੀ ਥਾਂ ਹੈ ਜਾਉਂਦੀ
ਦਾਣਾ ਚੁੱਕ ਰੱਖ ਸਿਰ ਤੇ ਹੈ ਲਿਆਉਂਦੀ
ਬਦਲੇ ਰਸਤਾ ਭਾਵੇਂ ਬਦਲ ਜਾਵੇ ਚਾਲ
ਅਣਥੱਕ ਸਦਾ ਰਹਿੰਦੀ ਮਿਹਨਤ ਕਰਦੀ
ਹਾਰ ਕੇ ਵੀ ਜਿੱਤ ਦਾ ਅਹਿਸਾਸ ਕਰਾਉਂਦੀ

- ਗਗਨਪ੍ਰੀਤ ਸੱਪਲ
6280157535

## ਕਵਿਤਾ

ਜਦ ਮੈਨੂੰ ਨਵੀਂ ਨਵੇਲੀ ਨੂੰ
ਚੌਂਕੇ ਸੀ ਚੜ੍ਹਾਇਆ
ਮੈਂ ਡਰੀ ਨੇ ਰਸੋਈ 'ਚ
ਲੈਨਿਨ ਮਾਰਕਸ ਨੈਰੂਦਾ
ਏਂਗਲਜ਼ ਲੋਰਾ ਤੇ ਹੈਨਰੀ ਨੂੰ
ਡੱਬਿਆਂ ਪਿੱਛੇ ਲੁਕੋ ਹੀ ਪਾਇਆ

ਤੇ ਕੋਈ ਵੀ ਫਿਰ ਮੇਰੀ ਮਦਦ ਲਈ
ਨਹੀਂ ਸੀ ਆਇਆ
ਜਿਨ੍ਹਾਂ ਨੂੰ ਪੜ੍ਹ
ਮੈਂ ਡਿਗਰੀਆਂ ਵਾਲੀ ਦਾ
ਸਨਮਾਨ ਸੀ ਪਾਇਆ

ਇਸ ਲਈ ਮੇਰੇ ਹੱਥੋਂ ਬਣਾਏ
ਪਹਿਲੇ ਪ੍ਰਸ਼ਾਦ 'ਚ
ਘਰਦਿਆਂ ਨੂੰ ਸਾਲਟ ਥੋੜ੍ਹਾ
ਵੱਧ ਹੀ ਨਜ਼ਰ ਆਇਆ

ਫਿਰ ਸੱਸ ਨੇ ਮੈਨੂੰ ਇਹ ਕਹਿ ਕੇ ਸੁਣਾਇਆ
ਕਿ ਤੇਰੀ ਮਾਂ ਨੇ ਤੈਨੂੰ ਕੁਝ ਨਹੀਂ ਸਿਖਾਇਆ
ਇਹ ਸੁਣ ਕੇ
ਮਰਦਾ ਹੋਇਆ ਪਾਸ਼ ਸੀ ਬਾਹਰ ਆਇਆ
ਪਰ ਬਾਪੂ ਨੇ
ਪੱਗ ਦਾ ਵਾਸਤਾ ਦੇ ਕੇ
ਉਸੇ ਚੱਕੀ ਨੂੰ ਸੀ ਫਿਰ ਹੱਥ ਪਵਾਇਆ

ਨਿਊਟਨ ਨੂੰ ਵੀ ਸਦਾ
ਦੁਸ਼ਮਣਾਂ ਵਾਲੀ ਕੈਟੇਗਰੀ 'ਚ ਹੀ ਪਾਇਆ
ਜੋ ਸੇਬ ਨੂੰ ਥੱਲੇ ਸਿੱਟ
ਕੱਪਾਂ ਤੇ ਪਲੇਟਾਂ ਨੂੰ ਹੱਥੋਂ ਛੜਾਅ
ਵਾਧੂ ਦੇ ਝਮੇਲਿਆਂ 'ਚ
ਸੀ ਲਿਆਇਆ

ਐਰਿਸਟੋਟਲ ਜੋ ਕਹਿੰਦਾ ਸੀ
ਕਿ ਧਰਤੀ ਗੋਲ ਹੈ ਨੂੰ ਭੁੱਲ
ਰੋਟੀਆਂ ਗੋਲ ਦਾ ਅਭਿਆਸ ਹੀ ਕਰਦੀ ਰਹੀ
ਤੇ ਅੰਦਰੋ ਅੰਦਰੀ ਡਰਦੀ ਰਹੀ

ਹਿਸਾਬ ਵਾਲੇ ਮਾਸਟਰ ਨਾਲ
ਤਾਂ ਗਰਾਰੀ ਫਸਾ ਲੈਂਦੀ
ਜੋ ਖੱਬੇ ਪਾਸੇ ਤੇ ਸੱਜੇ ਪਾਸੇ ਨੂੰ
ਅਖ਼ੀਰ ਤੇ ਆ ਝੂਠਾ ਸਾਬਿਤ ਕਰ ਦਿੰਦਾ

ਪਰ ਇੱਥੇ ਉਹ ਗਰਾਰੀ ਵੀ ਨਾ ਫਸਦੀ
ਜੇ ਫਸਾਉਂਦੀ ਤਾਂ ਬਦਤਮੀਜ਼ ਕਹਾਉਂਦੀ
ਸੋ ਮਾਂ ਦੇ ਸਿਧਾਂਤਾਂ ਨੂੰ ਹੀ ਸੀ ਅਪਣਾਇਆ

ਅੰਦਰੋਂ ਅੰਦਰੇ ਵਹਿੰਦੇ
ਦਰਿਆਵਾਂ ਦੇ ਵੇਗ ਨੂੰ
ਗੰਢੇ ਕੱਟ
ਪਰੋਪਾਈਲ ਥਾਇਓ ਅਲਕੋਹਲ ਦਾ
ਬਹਾਨਾ ਲਾ ਲਾ ਰੋ
ਆਪੇ ਨੂੰ ਆਪੇ ਨੇ
ਹੀ ਸੀ ਚੁੱਪ ਕਰਾਇਆ

ਕਿਊਰੀ ਦਾ ਰੇਡੀਅਮ ਬਣ
ਗਿੱਧੇ ਨਾਲ
ਦਲੀਲਾਂ ਨਾਲ
ਕਬੱਡੀ ਨਾਲ
ਇਲਮ ਨਾਲ
ਮਿਸ ਪੰਜਾਬਣ ਦੇ ਖਿਤਾਬ ਨਾਲ
ਜਿੱਤੇ ਕੱਪਾਂ ਨੂੰ ਵੀ ਫਿਰ
ਘਰਦਿਆਂ ਦੇ
ਜੂਠੇ ਕੱਪਾਂ ਨਾਲ ਹੀ ਧੋਤਾ ਪਾਇਆ

ਤੇ ਅਖ਼ੀਰ
ਸ਼ੈਕਸਪੀਅਰ ਦੇ ਨਾਟਕਾਂ ਦੀ ਪਾਤਰ
ਬਣਦੀ ਬਣਦੀ ਨੂੰ
ਬਾਪੂ ਅਜਮੇਰ ਔਲਖ ਨੇ ਹੀ ਸੀ
ਗਲ ਨਾਲ ਲਾਇਆ !



ਵਿਰਕ ਪੁਸ਼ਪਿੰਦਰ

## ਭ੍ਰਿਸ਼ਟਾਚਾਰ

ਭ੍ਰਿਸ਼ਟਾਚਾਰ ਅਮਰ ਵੇਲ ਵਾਂਗ ਹੈ,
ਜੋ ਬਿਨਾਂ ਜੜ੍ਹਾਂ ਤੋਂ
ਸਾਰੇ ਪਾਸੇ ਫੈਲ ਕੇ
ਆਪਣਾ ਜਾਲ ਵਿਛਾਈ ਜਾਵੇ।
ਜਦ ਇਹ ਬਿਨਾਂ ਜੜ੍ਹਾਂ ਤੋਂ ਹੈ,
ਤਾਂ ਫਿਰ ਖਤਮ ਕਿੱਦਾਂ ਹੋਵੇ ?
ਇਸ ਨੂੰ ਖਤਮ ਕਰਨ ਦੇ
ਸਭ ਦਾਅਵੇ ਝੂਠ ਨੇ।
ਇਹ ਤਾਂ ਦਿਨ-ਬ-ਦਿਨ
ਸਗੋਂ ਹੋਰ ਵੱਧੀ ਜਾਵੇ
ਤੇ ਇਸ ਨੂੰ ਖਤਮ ਕਰਨ ਦੇ
ਦਾਅਵੇ ਕਰਨ ਵਾਲਿਆਂ ਤੇ
ਉੱਚੀ, ਉੱਚੀ ਹੱਸੀ ਜਾਵੇ।



ਮਹਿੰਦਰ ਸਿੰਘ ਮਾਨ
9915803554

## ਕਿੱਧਰ ਗਏ ?

ਟਾਹਲੀਆਂ, ਕਿੱਕਰਾਂ, ਤੂਤ, ਸਫ਼ੈਦੇ,
ਕਿੱਧਰ ਗਏ ਇਹ ਰੁੱਖ।
ਚਿੜੀਆਂ, ਕਾਂ, ਗਟਾਰਾਂ, ਘੁੱਗੀਆਂ,
ਮੋੜ ਗਈਆਂ ਕਿਉਂ ? ਮੁੱਖ।
ਹਰ ਪਾਸੇ ਜ਼ਹਿਰਾਂ ਹੀ ਜ਼ਹਿਰਾਂ,
ਬੀਜ ਕਿਉਂ ਰਿਹਾ ਮਨੁੱਖ।
ਰਹਿਣ ਨੂੰ ਇੱਥੇ ਜਗ ?ਹਾ ਬਚੀ ਨਾ,
ਤਪੀ ਧਰਤੀ ਦੀ ਕੁੱਖ।
ਘਰ ਕਿਹੜਾ ਛੱਡਣੇ ਸੌਖੇ ਹੁੰਦੇ,
ਜੋ ਗਏ ਉਹਨਾਂ ਤੋਂ ਪੁੱਛ।
ਪੱਤੋ, ਸਭ ਕੁਝ ਜ਼ਹਿਰੀ ਹੋ ਗਿਆ,
ਜਾਂ ਚੱਲਿਆ ਇੱਥੋਂ ਮੁੱਕ।

ਹਰਪ੍ਰੀਤ ਪੱਤੋ
94658-21417

## ਹਿਰਦਾ ਪਾਕ...

ਪੁੰਨਿਆਂ ਦਾ ਚੰਨ ਬਣਕੇ ਆਵੀਂ।
ਆ ਸੱਜਣਾਂ ਵੇ ਮੁੱਖ ਵਿਖਾਵੀਂ।

ਪੜ੍ਹ ਲਿਖ ਪਾਠ ਮੁਹੱਬਤਾਂ ਵਾਲਾ,
ਨਫ਼ਰਤ ਦੀ ਨਾ ਅੱਗ ਫੈਲਾਵੀਂ।

ਰਾਹ ਚੁਣੀ ਮੰਜ਼ਿਲ ਨੂੰ ਜਾਂਦਾ,
ਬਿਖੜੇ ਪੈਂਡਿਆ ਵੱਲ ਨਾ ਜਾਵੀਂ।

ਖੂਹ ਖਾਤੇ ਵਲ ਜਾਂਦਾ ਵੇਖ ਕੇ,
ਨਾਲ ਨਸੀਹਤਾਂ ਮੋੜ ਲਿਆਵੀਂ।

ਕੌੜਾ ਬੋਲ ਨਾ ਮੂੰਹੋਂ ਬੋਲੀਂ,
ਸਭ ਨੂੰ ਪਿਆਰ ਦੇ ਨਾਲ ਬੁਲਾਵੀਂ।

ਮੰਦਿਰ ਮਸਜਿਦ ਜਾਣ ਤੋਂ ਪਹਿਲਾਂ,
ਆਪਣਾ ਹਿਰਦਾ ਪਾਕ ਬਣਾਵੀਂ।

'ਬੁਜਰਕ' ਸਿਰ ਦੀ ਟਿੰਡ ਕਢਾ ਕੇ,
ਵੇਖੀਂ ! ਕਿਤੇ ਨਾ ਹੈਟ ਟਿਕਾਵੀਂ।



ਹਰਮੇਲ ਸਿੰਘ ਧੀਮਾਨ

## ਹਉਂਕੇ ਵੀ ਗਿਣ ਲੈਂਦਾ....

ਖੁਸ਼ੀਆਂ ਵਿੱਚ ਨਾਲ ਸਦਾ,
ਹਉਂਕੇ ਵੀ ਗਿਣ ਲੈਂਦਾ ਏ।
ਮੇਰਾ ਜੋ ਮਾਹੀਂ ਸੋਹਣਾ,
ਦੁੱਖਾਂ ਨੂੰ ਮਿਣ ਲੈਂਦਾ ਏ।
ਖੁਸ਼ੀਆਂ ਵਿੱਚ.....
ਔਖਾ ਹੈ ਜਿਉਣਾ ਜੇਕਰ,
ਹਮਸਾਇਆ ਹੋਵੇ ਨਾ।
ਹਾਸਿਆਂ ਵਿੱਚ ਹੱਸੇ ਤੇ,
ਰੋਣਿਆਂ ਵਿੱਚ ਰੋਵੇ ਨਾ।
ਮੇਰਾ ਕੱਦ ਉੱਚਾ ਕਰਨ ਲਈ,
ਉਹ ਹੱਥਾਂ ਨੂੰ ਚਿਣ ਲੈਂਦਾ ਏ।
ਖੁਸ਼ੀਆਂ ਵਿੱਚ.....
ਜੀਵਨ ਤਾਂ ਸਭਨੇ ਜੀਅ ਕੇ,
ਇੱਕ ਦਿਨ ਤੁਰ ਜਾਣਾ ਹੈ।
ਕਦੇ ਨਾ ਕਦੇ ਤਾਂ ਕਹਿੰਦੇ,
ਹਰ ਇੱਕ ਨੇ ਮਰ ਜਾਣਾ ਹੈ।
ਰੱਬ ਦਾ 'ਮਨਜੀਤ' ਸ਼ੁਕਰ ਕਰੇ ਜੋ,
'ਤਾਰ ਉਹ ਸਾਰੇ ਰਿਣ ਲੈਂਦਾ ਏ।
ਖੁਸ਼ੀਆਂ ਵਿੱਚ.....



ਮਨਜੀਤ ਕੌਰ ਧੀਮਾਨ
9464633059

Dosanjh Family
AUTO GROUP

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD